PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

22nd - 29th May 2025 • Issue No. 3081

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਅਜੀਤ ਸਿੰਘ ਅਟਵਾਲ ਨੂੰ ਡਰਬੀ ਦਾ ਮੇਅਰ ਬਣਨ 'ਤੇ ਵਧਾਈ

### ਨਵੰਬਰ 1984 'ਚ ਸਿੱਖਾਂ ਦੇ ਕਤਲੇਆਮ ਦਾ ਮਤਾ ਪਾਸ ਕਰਵਾਉਣ 'ਚ ਵੀ ਅਜੀਤ ਸਿੰਘ ਅਟਵਾਲ ਨੇ ਅਹਿਮ ਭੂਮਿਕਾ ਨਿਭਾਈ ਸੀ – ਜਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਨੂੰ ਵੀ ਸੌ ਸਾਲ ਤੋਂ ਉਪਰ ਸਮਾਂ ਹੋ ਗਿਆ ਹੈ, ਇਸ ਘਟਨਾ ਦੀ ਨਿਖੇਧੀ ਦਾ ਮਤਾ ਵੀ ਕੌਂਸਲ ਵਿੱਚ ਸਾਰਿਆਂ ਦੇ ਸਹਿਯੋਗ ਨਾਲ ਪਾਸ ਕੀਤਾ ਜਾਵੇ- ਪੁਰੇਵਾਲ



ਡਰਬੀ (ਪੰਜਾਬ ਟਾਈਮਜ਼) – ਸ: ਅਜੀਤ ਸਿੰਘ ਅਟਵਾਲ ਨੂੰ ਡਰਬੀ ਸਿਟੀ ਕੌਂਸਲ ਦੇ ਮੇਅਰ ਬਣਨ ਤੇ ਅਦਾਰਾ ਪੰਜਾਬ ਟਾਈਮਜ਼ ਵੱਲੋਂ ਉਹਨਾਂ ਨੂੰ ਬਹੁਤ ਸਾਰੀਆਂ ਵਧਾਈਆਂ ਦਿੰਦਾ ਹੈ। ਪਿਛਲੇ ਸਾਲ ਉਹ ਡਿਪਟੀ ਮੇਅਰ ਸਨ ਤੇ ਇਸ ਸਾਲ ਉਹ ਮੇਅਰ ਬਣੇ ਹਨ। ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ ਅਤੇ ਜਨਰਲ ਸਕੱਤਰ ਤੇ ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਵੀ ਉਹਨਾਂ ਨੂੰ ਵਧਾਈਆਂ ਦਿੱਤੀਆਂ ਹਨ। ਯਾਦ ਰਹੇ ਪਿਛਲੇ ਸਾਲ ਅਜੀਤ ਸਿੰਘ ਅਟਵਾਲ ਦੇ ਉਦਮ ਨਾਲ ਸੰਨ 1984 ਦੌਰਾਨ ਦਿੱਲੀ ਵਿੱਚ ਸਿੱਖ ਕਤਲੇਆਮ ਦਾ ਮਤਾ ਪਾਸ ਕਰਵਾਇਆ ਸੀ। ਡਰਬੀ ਦੇ ਸਾਰੇ ਕੌਂਸਲਰਾਂ ਨੇ ਸਰਬਸੰਮਤੀ ਨਾਲ ਦਿੱਲੀ ਅਤੇ ਭਾਰਤ ਦੇ ਦੂਜੇ ਹਿੱਸਿਆਂ ਵਿੱਚ ਸਿੱਖਾਂ ਦੇ ਹੋਏ ਕਤਲੇਆਮ ਦੀ ਨਿੰਦਾ ਕੀਤੀ ਸੀ। ਇਸ ਸਾਲ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਸਮਾਗਮਾਂ ਮੌਕੇ ਰਾਜਿੰਦਰ ਸਿੰਘ ਪੁਰੇਵਾਲ ਨੇ ਨੌਜਵਾਨਾਂ ਨੂੰ ਬੇਨਤੀ ਕੀਤੀ ਸੀ ਕਿ 1919 ਵਿੱਚ ਜਲ੍ਹਿਆਂ ਵਾਲਾ ਬਾਗ ਵਿੱਚ 1300 ਤੋਂ ਉਪਰ ਸ਼ਾਂਤਮਈ ਰੋਸ ਕਰ ਰਹੇ ਪੰਜਾਬੀਆਂ ਨੂੰ ਸਮੇਂ ਦੀ ਬਰਤਾਨਵੀ ਸਰਕਾਰ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਤੇ ਹਜ਼ਾਰਾਂ ਜਖਮੀ ਹੋਏ ਸਨ। ਉਹਨਾਂ ਕਿਹਾ ਡਰਬੀ ਦੇ ਕੌਂਸਲਰਾਂ ਨੂੰ ਇਸ ਬਾਰੇ ਵੀ ਮਤਾ ਪਾਸ ਕਰਨ ਕਿ ਉਸ ਸਮੇਂ ਜੋ ਹੋਇਆ ਉਹ ਸਮੇਂ ਦੇ ਆਗੂਆਂ ਦੀ ਵੱਡੀ ਗਲਤੀ ਸੀ। ਪਹਿਲਾਂ ਵਾਂਗ ਹੀ ਸਾਰੇ ਕੌਂਸਲਰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਮਨੁੱਖਤਾ ਦੇ ਕਤਲੇਆਮ ਨੂੰ ਗਲਤੀ ਸਵੀਕਾਰ ਕਰਨਾ ਚਾਹੀਦਾ ਹੈ।

## ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਵਿਸਾਖੀ ਸਮਾਗਮ ਮੌਕੇ ਸੁਰਜੀਤ ਸਿੰਘ ਬਾਗੜੀ ਵੱਲੋਂ ਮੇਅਰ ਦੀ ਚੈਰਟੀ ਲਈ £5000 ਦੇਣ 'ਤੇ ਡਾ. ਨਿਰਮਲ ਸਿੰਘ ਸੇਖੋਂ ਵੱਲੋਂ ਸ਼ਲਾਘਾ



**ਯੌਰਕਸ਼ਾਇਰ ਸਿੱਖ ਫੋਰਮ ਨੇ 8 ਮਈ 2025 ਨੂੰ ਹੋਟਲ ਸੀਡਰ ਕੋਰਟ, ਬ੍ਰੈਡਫੋਰਡ ਵਿੱਚ ਵੈਸਾਖੀ ਸਮਾਗਮ ਦਾ ਆਯੋਜਨ ਕੀਤਾ ਸੀ। ਇਸ ਸਮਾਗਮ ਵਿੱਚ ਫੋਰਮ ਦੇ ਮੈਂਬਰਾਂ ਅਤੇ ਸ਼ਾਮਿਲ ਮਹਿਮਾਨਾਂ ਨੇ ਮਿਲ ਕੇ ਕੁੱਲ £4,000 ਦੀ ਰਕਮ ਲਾਰਡ ਮੇਅਰ ਚੈਰੀਟੀ ਐਪੀਲ ਵਿੱਚ ਦਾਨ ਕੀਤੀ। ਇਸ ਤੋਂ ਇਲਾਵਾ, ਸਿੱਖ ਫੋਰਮ ਦੇ ਮੈਂਬਰ ਸ. ਸੁਰਜੀਤ ਸਿੰਘ ਬਾਗੜੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ £5,000 ਦਾ ਦਾਨ ਦਿੱਤਾ ਗਿਆ। ਡਾ. ਨਿਰਮਲ ਸਿੰਘ ਸੇਖੋਂ ਚੇਅਰਮੈਨ ਯੌਰਕਸ਼ਾਇਰ ਸਿੱਖ ਫੋਰਮ ਨੇ ਸੁਰਜੀਤ ਸਿੰਘ ਬਾਗੜੀ ਅਤੇ ਉਨ੍ਹਾਂ ਦੇ ਪਰਿਵਾਰ ਦਾ ਇਸ ਚੈਰਿਟੀ ਸੇਵਾ ਲਈ ਦਿਲੋਂ ਧੰਨਵਾਦ ਕੀਤਾ।**



ਵਿਸਾਖੀ ਸਮਾਗਮ ਦੀਆਂ ਹੋਰ ਤਸਵੀਰਾਂ ਅੰਦਰਲੇ ਰੰਗਦਾਰ ਪੰਨਿਆਂ 'ਤੇ:

## ਜੀ ਏ ਡੀ ਖਾਲਸਾ ਕਬੱਡੀ ਕਲੱਬ ਡਰਬੀ ਵੱਲੋਂ ਕਰਵਾਇਆ ਸ਼ਾਨਦਾਰ ਟੂਰਨਾਮੈਂਟ

### ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਨੇ ਜਿੱਤਿਆ ਅਤੇ ਈਰਥ ਵੂਲਿਚ-ਸਾਊਥਾਲ ਟੀਮ ਰਨਰ ਅੱਪ ਰਹੀ







ਪੂਰੀ ਖ਼ਬਰ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ:








# YORKSHIRE SIKH FORUM CELEBRATES VAISAKHI 2025



## ਯੌਰਕਸ਼ਾਇਰ ਸਿੱਖ ਫੋਰਮ ਦੇ ਸੰਸਥਾਪਕ ਚੇਅਰਮੈਨ ਡਾ. ਨਿਰਮਲ ਸਿੰਘ ਸੇਖੋਂ ਦੀ ਅਗਵਾਈ ਵਿੱਚ ਵਿਸਾਖੀ 2025 ਸਮਾਗਮ ਬੜੀ ਧੂਮ ਧਾਮ ਨਾਲ ਮਨਾਇਆ

## ਸ: ਨਿਰਮਲ ਸਿੰਘ ਸੇਖੋਂ (MBE) ਅਤੇ ਸਾਰੇ ਮੈਂਬਰਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ

## ਚਮਕਦਾਰ ਵਿਸਾਖੀ ਸਮਾਰੋਹ ਨੇ ਬ੍ਰੈਡਫੋਰਡ ਦੇ ਸੀਡਰ ਕੋਰਟ ਹੋਟਲ ਨੂੰ ਰੌਸ਼ਨ ਕਰ ਦਿੱਤਾ



ਬ੍ਰੈਡਫੋਰਡ, ਯੂ.ਕੇ - (8 ਮਈ, 2025) ਬ੍ਰੈਡਫੋਰਡ ਦੇ ਸੀਡਰ ਕੋਰਟ ਹੋਟਲ ਵਿੱਚ 8 ਮਈ ਨੂੰ ਯੌਰਕਸ਼ਾਇਰ ਸਿੱਖ ਫੋਰਮ (YSF) ਵੱਲੋਂ ਆਯੋਜਿਤ ਸਾਲਾਨਾ ਵਿਸਾਖੀ ਸਮਾਰੋਹ ਦੌਰਾਨ ਰੰਗ, ਸੰਸਕ੍ਰਿਤੀ ਅਤੇ ਏਕਤਾ ਦੀ ਸ਼ਾਨਦਾਰ ਛਵੀ ਵੇਖਣ ਨੂੰ ਮਿਲੀ। ਇਹ ਸਮਾਰੋਹ ਖੇਤਰ ਭਰ ਤੋਂ ਆਏ ਵਿਅਕਤੀਆਂ ਨੂੰ ਇੱਕੱਠਾ ਕਰਕੇ ਸਿੱਖ ਧਰਮ ਦੇ ਸਭ ਤੋਂ ਮਹੱਤਵਪੂਰਨ ਤਿਉਹਾਰਾਂ ਵਿਚੋਂ ਇੱਕ ਵਿਸਾਖੀ ਮਨਾਉਣ ਲਈ ਰੱਖਿਆ ਗਿਆ।

ਵਿਸਾਖੀ, ਜਿਸਨੂੰ ਬੈਸਾਖੀ ਵੀ ਆਖਿਆ ਜਾਂਦਾ ਹੈ, ਇਸ ਨਾਲ ਸਿੱਖ ਨਵੇਂ ਸਾਲ ਦੀ ਸ਼ੁਰੂਆਤ ਹੁੰਦੀ ਹੈ ਅਤੇ 1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸੇ ਦੀ ਸਾਜਨਾ ਨੂੰ ਯਾਦ ਕੀਤਾ ਜਾਂਦਾ ਹੈ। ਇਹ ਦਿਨ ਰੂਹਾਨੀ ਤੌਰ 'ਤੇ ਬਹੁਤ ਮਹੱਤਵਪੂਰਨ ਹੈ, ਜੋ ਸਿੱਖ ਪਛਾਣ ਅਤੇ ਸਮਰਪਣ ਦੇ ਮੂਲ ਸਿਧਾਂਤਾਂ — ਬਰਾਬਰੀ, ਸੇਵਾ, ਨਿਆਂ ਅਤੇ ਭਾਈਚਾਰੇ ਨੂੰ ਮਨਾਉਂਦਾ ਹੈ।

ਸਮਾਰੋਹ ਵਿੱਚ ਲਾਰਡ ਮੇਅਰ ਆਫ ਬ੍ਰੈਡਫੋਰਡ ਕਾਉਂਸਲਰ ਬੈਵਰਲੀ ਮੁੱਲਾਨੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਬ੍ਰੈਡਫੋਰਡ ਵਿੱਚ ਸਿੱਖ ਭਾਈਚਾਰੇ ਦੀ ਸਮਾਜਕ, ਸੱਭਿਆਚਾਰਕ ਅਤੇ ਆਰਥਿਕ ਭੂਮਿਕਾ ਦੀ ਬਹੁਤ ਸਰਾਹਨਾ ਕੀਤੀ। ਉਨ੍ਹਾਂ ਕਿਹਾ, "ਅੱਜ ਜੋ ਰੰਗਤਾ, ਮਹਿਮਾਨ-ਨਿਵਾਜ਼ੀ ਅਤੇ ਸੇਵਾ ਦੀ ਭਾਵਨਾ ਵੇਖੀ ਗਈ, ਉਹ ਬ੍ਰੈਡਫੋਰਡ ਦੇ ਬਹੁ-ਸੱਭਿਆਚਾਰਕ ਸਰੂਪ ਦੀ ਸੱਚੀ ਤਸਵੀਰ ਹੈ।" ਉਨ੍ਹਾਂ ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਏਨਾ ਵਿਭਿੰਨ ਸਮਾਰੋਹ ਕਰਨ ਲਈ ਵੀ ਧੰਨਵਾਦ ਕੀਤਾ।

ਇਸ ਸ਼ਾਮ ਨੂੰ ਰਵਾਇਤੀ ਗੀਤ-ਸੰਗੀਤ, ਰੰਗ ਬਰੰਗੇ ਸੱਭਿਆਚਾਰਕ ਪ੍ਰਦਰਸ਼ਨਾਂ ਅਤੇ ਸ਼ਾਮ ਦੇ ਭੋਜਨ ਨਾਲ ਸਜਾਇਆ ਗਿਆ ਸੀ, ਜੋ ਸਿੱਖ ਧਰਮ ਦੇ ਬਰਾਬਰੀ ਅਤੇ ਸੇਵਾ ਦੇ ਸਿਧਾਂਤਾਂ ਨੂੰ ਦਰਸਾਉਂਦਾ ਹੈ। ਇਹ ਸਮਾਰੋਹ ਸਾਂਝ ਅਤੇ ਭਾਈਚਾਰੇ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰ ਗਿਆ।

ਇੱਕ ਵਿਸ਼ੇਸ਼ ਪਲ ਲਾਰਡ ਮੇਅਰ ਦੀ ਚੈਰਟੀ ਅਪੀਲ ਲਈ ਚੰਦਾ ਇਕੱਤਰ ਕਰਨ ਵਾਲੀ ਪਹਿਲ ਕਦਮੀ ਸੀ, ਜਿਸ ਵਿੱਚ ਯੌਰਕਸ਼ਾਇਰ ਸਿੱਖ ਫੋਰਮ ਅਤੇ ਮਹਿਮਾਨਾਂ ਵੱਲੋਂ £4,000 ਪੌਂਡ ਇਕੱਤਰ ਕੀਤਾ ਗਿਆ। ਇਸਦੇ ਨਾਲ ਮਿਸਟਰ ਸੁਰਜੀਤ ਸਿੰਘ ਬਾਗੜੀ (ਜੋ YSF ਦੇ ਮੈਂਬਰ ਵੀ ਹਨ) ਉਨ੍ਹਾਂ ਦੇ ਪਰਿਵਾਰ ਵੱਲੋਂ £5,000 ਦਾ ਹੋਰ ਦਾਨ ਦਿੱਤਾ ਗਿਆ, ਜਿਸ ਨਾਲ ਸਿੱਖ ਭਾਈਚਾਰੇ ਦੀ ਸੇਵਾ ਦੀ ਰੂਹ ਨੂੰ ਦਰਸਾਇਆ ਗਿਆ। ਸਮਾਰੋਹ ਦੀ ਕਾਰਵਾਈ ਸਿਮੀ ਸੇਖੋਂ, ਵਕੀਲ ਅਤੇ ਯੌਰਕਸ਼ਾਇਰ ਸਿੱਖ ਫੋਰਮ ਦੇ ਪ੍ਰਵਕਤਾ ਵੱਲੋਂ ਚਲਾਈ ਗਈ।

ਯੌਰਕਸ਼ਾਇਰ ਸਿੱਖ ਫੋਰਮ, ਜੋ ਸਿੱਖੀ ਸਿਧਾਂਤਾਂ ਅਤੇ ਵੱਖ-ਵੱਖ ਧਾਰਮਾਂ ਦੀ ਏਕਤਾ ਨੂੰ ਉਤਸ਼ਾਹਤ ਕਰਨ ਵਾਲੀ ਪ੍ਰਮੁੱਖ ਸੰਸਥਾ ਹੈ, 1989 ਵਿੱਚ ਤਤਕਾਲੀ ਮੰਤਰੀ ਕੈਨੇਥ ਕਲਾਰਕ ਦੀ ਬੇਨਤੀ 'ਤੇ ਸਥਾਪਿਤ ਹੋਈ ਅਤੇ 1992 ਵਿੱਚ ਤਤਕਾਲੀ ਗ੍ਰਹਿ ਮੰਤਰੀ ਐਨ ਵਿਡਿਕੌਮ ਵੱਲੋਂ ਰਸਮੀ ਤੌਰ 'ਤੇ ਸ਼ੁਰੂ ਕੀਤੀ ਗਈ।

ਇਸ ਸ਼ਾਮ ਦੀ ਸਫਲਤਾ ਦਾ ਸਿਹਰਾ ਡਾ. ਨਿਰਮਲ ਸਿੰਘ ਸੇਖੋਂ MBE, FRSA, ਯੂਨੀਵਰਸਿਟੀ ਆਫ ਬ੍ਰੈਡਫੋਰਡ ਦੇ ਆਨਰੇਰੀ ਫੈਲੋ, ਯੌਰਕਸ਼ਾਇਰ ਸਿੱਖ ਫੋਰਮ ਦੇ ਸੰਸਥਾਪਕ ਅਤੇ ਚੇਅਰਮੈਨ ਨੂੰ ਜਾਂਦਾ ਹੈ, ਜਿਨ੍ਹਾਂ ਨੇ ਦਹਾਕਿਆਂ ਤੋਂ ਭਾਈਚਾਰੇ ਦੀ ਆਵਾਜ਼ ਬਣਕੇ ਸੇਵਾ ਕੀਤੀ ਹੈ। ਮਿਸਟਰ ਹਰਦੇਵ ਸਿੰਘ ਸਿੱਧੂ, YSF ਦੇ ਜਨਰਲ ਸੈਕਰੇਟਰੀ, ਨੂੰ ਵੀ ਉਨ੍ਹਾਂ ਦੀ ਕੋਆਰਡੀਨੇਸ਼ਨ ਅਤੇ ਭਾਈਚਾਰੇ ਨਾਲ ਜੋੜਣ ਲਈ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ।

ਸਮਾਰੋਹ ਵਿੱਚ ਹੇਠ ਲਿਖੇ ਪ੍ਰਮੁੱਖ ਮਹਿਮਾਨਾਂ ਅਤੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ:

- ਸੂਜ਼ਨ ਹਿੰਚਕਲੀਫ਼, ਲੀਡਰ, ਬ੍ਰੈਡਫੋਰਡ ਕੌਂਸਲ
- ਮਿਸਟਰ ਥਾਮਸ ਮੁੱਲਾਨੀ, ਲਾਰਡ ਮੇਅਰ ਦੇ ਸਾਥੀ
- ਡਿਪਟੀ ਚੀਫ਼ ਕਾਂਸਟੇਬਲ ਕੈਥਰੀਨ ਹੈਨਕਿਨਸਨ QPM
- ਵਿਸ਼ਾਖਾ ਯਾਦਵੰਸ਼ੀ, ਕੌਂਸਲ ਜਨਰਲ ਆਫ ਇੰਡੀਆ, ਮਾਨਚੈਸਟਰ
- ਫਾਤਿਮਾ ਖ਼ਾਨ-ਸ਼ਾਹ, ਮੇਅਰ ਦੀ ਇਨਕਲੂਸਿਵਿਟੀ ਚੈਂਪੀਅਨ
- ਆਦੀਬਾ ਰਸ਼ੀਦ, ਕਮਿਊਨਟੀ ਐਨਗੇਜਮੈਂਟ ਅਫਸਰ
- ਬਿਸ਼ਪ ਟੋਬੀ ਹਾਵਰਥ ਅਤੇ ਮਿਸ਼ੇਜ਼ ਹਾਵਰਥ
- ਡਾ. ਸੋਫੀਆ ਬੰਸੀ DL, ਡਾਇਰੈਕਟਰ, ਖ਼ਿਦਮਤ ਆਰਗਨਾਈਜ਼ੇਸ਼ਨ
- ਰਿਚਰਡ ਪੈਡਵੈੱਲ, ਚੀਫ਼ ਸੁਪਰਿੰਟੇਂਡੈਂਟ, ਬ੍ਰੈਡਫੋਰਡ
- ਐਮ.ਪੀ. ਇਮਰਾਨ ਖ਼ਾਨ, ਬ੍ਰੈਡਫੋਰਡ ਈਸਟ
- ਡੀਨ ਐਂਡਰੂ ਬੋਅਰਮੈਨ ਅਤੇ ਮਿਸਿਜ਼ ਅਲੀ ਬੋਅਰਮੈਨ
- ਜੱਜ ਜੋਨਾਥਨ ਰੋਜ਼, ਰਿਕਾਰਡਰ ਆਫ਼ ਬ੍ਰੈਡਫੋਰਡ
- ਰਸ਼ਾਦ ਬੋਖਾਰੀ, ਸੀਈਓ, ਕੌਂਸਲ ਫਾਰ ਮਸਜਿਦ
- ਡਾ. ਮਨੋਜ ਜੋਸ਼ੀ MBE DL, ਜਸ ਅਥਵਾਲ DL, ਬਲਬੀਰ ਪਨੈਸਰ DL
- ਐਸਟਰ ਵੇਕਮੈਨ, ਸੀਈਓ, ਲੀਡਸ ਹਸਪਤਾਲ ਚੈਰੀਟੀ
- ਜੌਨੀ ਛੱਗਰ, ਡਾਇਰੈਕਟਰ, ਲੀਡਸ ਟੀਚਿੰਗ ਹਸਪਤਾਲ
- ਪ੍ਰੋਫੈਸਰ ਜਾਹਿਰ ਇਰਾਨੀ, ਡਿਪਟੀ ਵਾਈਸ ਚਾਂਸਲਰ, ਯੂਨੀਵਰਸਿਟੀ ਆਫ਼ ਬ੍ਰੈਡਫੋਰਡ
- ਪ੍ਰੋਫੈਸਰ ਮੈਲ ਪਿਕਅੱਪ, ਸੀਈਓ, ਬ੍ਰੈਡਫੋਰਡ ਟੀਚਿੰਗ ਹਸਪਤਾਲ
- ਪ੍ਰੋਫੈਸਰ ਅਦੀਬਾ ਮਲਿਕ CBE DL

ਗੁਰਦਿਆਲ ਸਿੰਘ ਚੱਠਾ - ਸਾਬਕਾ ਪ੍ਰਧਾਨ ਗੁਰੂ ਗੋਬਿੰਦ ਸਿੰਘ ਗੁਰਦੁਆਰਾ, ਲੀਡਜ਼ ਰੋਡ, ਬ੍ਰੈਡਫੋਰਡ

- ਜੱਜ ਲੌਰੇਂਸ, ਲੀਡਰ, ਯਹੂਦੀ ਭਾਈਚਾਰਾ
- ਸ਼ੈਰੋਨ ਜੰਡੂ, ਯਾਰਕਸ਼ਾਇਰ ਏਸ਼ੀਅਨ ਬਿਜ਼ਨੈੱਸ ਐਸੋਸੀਏਸ਼ਨ
- ਗਿੱਲ ਆਰਨੋਲਡ JP DL, ਬੈਨ ਪਾਉਲੋਜ਼ੀ JP ਅਤੇ ਹੋਰ ਕਈ ਸਨਮਾਨਤ ਮਹਿਮਾਨ।

ਇਹ ਸ਼ਾਮ ਇਕ ਵੱਡੀ ਸਫਲਤਾ ਸਾਬਤ ਹੋਈ, ਜਿਸ ਨੇ ਬ੍ਰੈਡਫੋਰਡ ਦੇ ਬਹੁ-ਸੱਭਿਆਚਾਰਕ ਸਰੂਪ ਅਤੇ ਵਿਸਾਖੀ ਦੀ ਨਾਗਰਿਕ ਤੇ ਧਾਰਮਿਕ ਮਹੱਤਤਾ ਨੂੰ ਹੋਰ ਵੀ ਉਜਾਗਰ ਕੀਤਾ। ਆਖ਼ਰ ਵਿੱਚ, ਡਾ. ਨਿਰਮਲ ਸਿੰਘ ਸੇਖੋਂ ਐਮ.ਬੀ.ਈ. ਨੇ ਸਾਰੇ ਵਿਅਕਤੀਗਤ ਮਹਿਮਾਨਾਂ, ਡਿਗਨਟਰੀਜ਼ ਅਤੇ ਸਮੁੱਚੇ ਭਾਈਚਾਰੇ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਹਾਜ਼ਰੀ ਨੇ ਸਮਾਰੋਹ ਦੀ ਸ਼ਾਨ ਵਧਾਈ ਹੈ ਅਤੇ ਵਿਸਾਖੀ ਦੇ ਏਕਤਾ, ਆਦਰ ਅਤੇ ਸੱਭਿਆਚਾਰਕ ਗਰਵ ਦੀ ਭਾਵਨਾ ਨੂੰ ਹੋਰ ਉੱਚਾ ਕੀਤਾ ਹੈ।



Hardev Singh Sidhu, Balbir Singh Panesar, Karnail Singh Chatha, Narinder Singh Sekhon, Dalip Singh Cheema, Balwant Singh Bassi, Gurmail Singh Sahota, Joginder Singh Teja, Rajinder Singh Digwa, Ajit Singh Lall, Simmy Sekhon (Solicitor), Kawaljeet Singh, Raghbir Singh Sangha, Dalbir Singh Kundi, Gurdeep Singh Koonar, Harpal Singh Sudle, Gurdial Singh Johal, Balbir Singh, Surjit Singh Bagri, Randhir Singh Grewal, Harvinder Singh Chatha, Karanjit Singh Sodhi, Nirmal Singh Kandola, Navdeep Singh Aulakh

**YORKSHIRE SIKH FORUM** For more Information Contact: CHAIRMAN - Nirmal Singh Sekhon MBE, FRSA - 07890 735123 GENERAL SECRETARY - Hardev Singh Sidhu - 07518 882887, TREASURER - Dalbir Singh Kundi - 07971 192812

# ਦਰਬਾਰ ਸਾਹਿਬ ਵਿੱਚ ਏਅਰ ਡਿਫੈਂਸ ਗੰਨਾਂ ਦੀ ਤਾਇਨਾਤੀ ਦੀ ਖਬਰ ਨੂੰ ਸੈਨਾ ਨੇ ਕੀਤਾ ਰੱਦ



ਭਾਰਤੀ ਸੈਨਾ ਨੇ ਹੁਣੇ ਜਿਹੇ ਸਪੱਸ਼ਟ ਕੀਤਾ ਕਿ ਓਪਰੇਸ਼ਨ ਸਿੰਧੂਰ ਦੌਰਾਨ ਸ੍ਰੀ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਦੇ ਅਹਾਤੇ ਵਿੱਚ ਕੋਈ ਵੀ ਏਅਰ ਡਿਫੈਂਸ ਗੰਨਾਂ ਜਾਂ ਹੋਰ ਏਅਰ ਡਿਫੈਂਸ ਸਾਧਨ ਤਾਇਨਾਤ ਨਹੀਂ ਕੀਤੇ ਗਏ। ਇਹ ਬਿਆਨ ਉਨ੍ਹਾਂ ਮੀਡੀਆ ਰਿਪੋਰਟਾਂ ਦੇ ਜਵਾਬ ਵਿੱਚ ਆਇਆ, ਜਿਨ੍ਹਾਂ ਵਿੱਚ ਫੌਜ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਸੈਨਾ ਨੂੰ ਪਾਕਿਸਤਾਨ ਤੋਂ ਸੰਭਾਵੀ ਡਰੋਨ ਅਤੇ ਮਿਜ਼ਾਈਲ ਹਮਲਿਆਂ ਦੇ ਜਵਾਬ ਵਿੱਚ ਏਅਰ ਡਿਫੈਂਸ ਗੰਨਾਂ ਤਾਇਨਾਤ ਕਰਨ ਦੀ ਇਜਾਜ਼ਤ ਦਿੱਤੀ ਸੀ।

ਇਥੇ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਭਾਰਤੀ ਫੌਜ ਨੇ 'ਆਪ੍ਰੇਸ਼ਨ ਸਿੰਦੂਰ' ਦੇ ਸਬੰਧ ਵਿੱਚ ਇੱਕ ਵੀਡੀਓ ਜਾਰੀ ਕੀਤਾ ਸੀ, ਜਿਸ ਵਿੱਚ ਪਾਕਿਸਤਾਨ ਵੱਲੋਂ ਦਾਗੇ ਗਏ ਡਰੋਨ ਅਤੇ ਮਿਸਾਈਲਾਂ ਨੂੰ ਮਾਰ ਡੇਗਣ ਦੀ ਗੱਲ ਦਿਖਾਈ ਗਈ ਸੀ। ਮੇਜਰ ਜਨਰਲ ਕਾਰਤਿਕ ਸੀ ਸੇਸ਼ਾਦਰੀ ਨੇ ਕਿਹਾ ਸੀ "ਅਸੀਂ ਅੰਦਾਜ਼ਾ ਲਗਾਇਆ ਸੀ ਕਿ ਉਹ ਧਾਰਮਿਕ ਸਥਾਨਾਂ, ਭਾਰਤ ਦੇ ਫੌਜੀ ਟਿਕਾਣਿਆਂ ਅਤੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਗੇ। ਇਨ੍ਹਾਂ ਵਿੱਚੋਂ, ਦਰਬਾਰ ਸਾਹਿਬ ਸਭ ਤੋਂ ਪ੍ਰਮੁੱਖ ਜਾਪਦਾ ਸੀ।" ਫੌਜ ਨੇ ਕਿਹਾ ਸੀ ਕਿ "ਸਾਡੇ ਸੁਚੇਤ ਆਰਮੀ ਏਅਰ ਡਿਫੈਂਸ ਗੰਨਰਾਂ ਨੇ ਦਰਬਾਰ ਸਾਹਿਬ 'ਤੇ ਨਿਸ਼ਾਨਾ ਬਣਾਏ ਗਏ ਸਾਰੇ ਡਰੋਨ ਅਤੇ ਮਿਜ਼ਾਈਲਾਂ ਨੂੰ ਮਾਰ ਸੁੱਟਿਆ। ਇਸ ਤਰ੍ਹਾਂ, ਸਾਡੇ ਪਵਿੱਤਰ ਦਰਬਾਰ ਸਾਹਿਬ 'ਤੇ ਇੱਕ ਵੀ ਝਰੀਟ ਨਹੀਂ ਆਉਣ ਦਿੱਤੀ ਗਈ।" ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਦੀ ਪ੍ਰਵਾਨਗੀ ਨਾਲ ਉਸ ਦੁਆਲੇ ਤੋਪਾਂ ਤਾਇਨਾਤ ਕੀਤੀਆਂ ਸਨ।

ਭਾਰਤੀ ਫੌਜ ਦੇ ਇਸ ਦਾਅਵੇ ਕਾਰਣ ਸਿੱਖ ਸੰਗਤਾਂ ਵਿੱਚ ਭਾਰੀ ਵਿਵਾਦ ਨੂੰ ਜਨਮ ਦਿੱਤਾ ਸੀ। ਇਸ ਦੀ ਵਡੇ ਪੱਧਰ ਉਪਰ ਅਲੋਚਨਾ ਹੋਈ ਸੀ।

ਸੈਨਾ ਨੇ ਹੁਣ ਤਾਜ਼ਾ ਬਿਆਨ ਵਿੱਚ ਕਿਹਾ ਹੈ ਕਿ ਕੁਝ ਮੀਡੀਆ ਰਿਪੋਰਟਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਏਅਰ ਡਿਫੈਂਸ ਗੰਨਾਂ ਦੀ ਤਾਇਨਾਤੀ ਸਬੰਧੀ ਸਾਹਮਣੇ ਆਈਆਂ ਹਨ। ਅਸੀਂ ਸਪੱਸ਼ਟ ਕਰਦੇ ਹਾਂ ਕਿ ਸ੍ਰੀ ਦਰਬਾਰ ਸਾਹਿਬ ਦੇ ਅਹਾਤੇ ਵਿੱਚ ਕੋਈ ਵੀ ਏਅਰ ਡਿਫੈਂਸ ਗੰਨਾਂ ਜਾਂ ਸਾਧਨ ਤਾਇਨਾਤ ਨਹੀਂ ਕੀਤੇ ਗਏ।

ਇਸ ਤੋਂ ਪਹਿਲਾਂ, ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਅਤੇ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਨੇ ਵੀ ਇਨ੍ਹਾਂ ਰਿਪੋਰਟਾਂ ਨੂੰ ਖਾਰਜ ਕਰਦਿਆਂ ਕਿਹਾ ਸੀ ਕਿ ਸੈਨਾ ਨੂੰ ਕੋਈ ਵੀ ਏਅਰ ਡਿਫੈਂਸ ਗੰਨਾਂ ਤਾਇਨਾਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਸੀ ਕਿ ਪ੍ਰਸ਼ਾਸਨ ਨੇ ਸਿਰਫ਼ ਬਲੈਕਆਊਟ ਦੌਰਾਨ ਬਿਜਲੀ ਬੰਦ ਕਰਨ ਸਬੰਧੀ ਸੰਪਰਕ ਕੀਤਾ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਨੇ ਪ੍ਰਸ਼ਾਸਨਿਕ ਜ਼ਿੰਮੇਵਾਰੀ ਨਿਭਾਉਂਦਿਆਂ ਅਤੇ ਮਰਯਾਦਾ ਦੀ ਪਵਿਤਰਤਾ ਬਣਾਈ ਰੱਖਦਿਆਂ ਪੂਰਾ ਸਹਿਯੋਗ ਦਿੱਤਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸੈਨਾ ਦੇ ਕਿਸੇ ਵੀ ਅਧਿਕਾਰੀ ਨੇ ਏਅਰ ਡਿਫੈਂਸ ਗੰਨਾਂ ਦੀ ਤਾਇਨਾਤੀ ਸਬੰਧੀ ਕੋਈ ਸੰਪਰਕ ਨਹੀਂ ਕੀਤਾ। ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ, ਗਿਆਨੀ ਰਘਬੀਰ ਸਿੰਘ, ਜੋ ਓਪਰੇਸ਼ਨ ਸਿੰਧੂਰ ਦੌਰਾਨ ਵਿਦੇਸ਼ੀ ਦੌਰੇ 'ਤੇ ਸਨ, ਨੇ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਨਾਲ ਗੰਨਾਂ ਦੀ ਤਾਇਨਾਤੀ ਸਬੰਧੀ ਕੋਈ ਗੱਲਬਾਤ ਨਹੀਂ ਹੋਈ ਅਤੇ ਨਾ ਹੀ ਅਜਿਹਾ ਕੋਈ ਵਾਕਿਆ ਵਾਪਰਿਆ।

ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਵੀ ਸੈਨਾ ਦੇ ਦਾਅਵੇ ਨੂੰ "ਹੈਰਾਨੀਜਨਕ ਤੌਰ 'ਤੇ ਝੂਠਾ" ਕਰਾਰ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਕੋਈ ਵੀ ਇਜਾਜ਼ਤ ਨਹੀਂ ਦਿੱਤੀ ਗਈ। ਗਿਆਨੀ ਅਮਰਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੇ ਸ਼ਹਿਰ-ਵਿਆਪੀ ਬਲੈਕਆਊਟ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਸਿਰਫ਼ ਬਾਹਰੀ ਅਤੇ ਉਪਰਲੀਆਂ ਲਾਈਟਾਂ ਬੰਦ ਕੀਤੀਆਂ। ਜਿੱਥੇ ਮਰਯਾਦਾ ਦੀ ਪਾਲਣਾ ਹੋ ਰਹੀ ਸੀ, ਉੱਥੇ ਲਾਈਟਾਂ ਚਾਲੂ ਰੱਖੀਆਂ ਗਈਆਂ ਅਤੇ ਧਾਰਮਿਕ ਸਥਾਨ ਦੀ ਪਵਿਤਰਤਾ ਨੂੰ ਪੂਰੀ ਜ਼ਿੰਮੇਵਾਰੀ ਨਾਲ ਬਣਾਈ ਰੱਖਿਆ ਗਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ ਤਣਾਅਪੂਰਨ ਸਥਿਤੀ ਦੌਰਾਨ ਸੈਨਾ ਅਤੇ ਦੇਸ਼ ਦੀ ਸ਼ਲਾਘਾਯੋਗ ਭੂਮਿਕਾ ਨੂੰ ਮੰਨਦਿਆਂ, ਸਿੱਖਾਂ ਦੇ ਕੇਂਦਰੀ ਧਾਰਮਿਕ ਸਥਾਨ ਬਾਰੇ ਅਜਿਹੀਆਂ ਝੂਠੀਆਂ ਖਬਰਾਂ ਫੈਲਾਉਣਾ "ਹੈਰਾਨੀਜਨਕ ਤੌਰ 'ਤੇ ਗਲਤ" ਹੈ। ਉਨ੍ਹਾਂ ਨੇ ਸਰਕਾਰ ਤੋਂ ਸਪੱਸ਼ਟੀਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਬਲੈਕਆਊਟ ਦੌਰਾਨ ਵੀ ਵੱਡੀ ਗਿਣਤੀ ਵਿੱਚ ਸੰਗਤ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਅਤੇ ਦਰਸ਼ਨਾਂ ਲਈ ਆਈ ਸੀ, ਅਤੇ ਜੇਕਰ ਅਜਿਹੀ ਕੋਈ ਗੰਨਾਂ ਦੀ ਤਾਇਨਾਤੀ ਹੁੰਦੀ, ਤਾਂ ਸੰਗਤ ਨੂੰ ਜ਼ਰੂਰ ਪਤਾ ਹੁੰਦਾ। ਧਾਮੀ ਨੇ ਸੈਨਾ ਦੇ ਦਾਅਵਿਆਂ ਨੂੰ "ਝੂਠਾ" ਅਤੇ "ਸਿੱਖਾਂ ਦੇ ਪਵਿੱਤਰ ਸਥਾਨ ਦੀ ਮਰਯਾਦਾ ਨਾਲ ਖਿਲਵਾੜ" ਕਰਾਰ ਦਿੱਤਾ ਸੀ। ਉਨ੍ਹਾਂ ਨੇ ਸਰਕਾਰ ਨੂੰ ਇਸ ਮੁੱਦੇ 'ਤੇ ਸਪੱਸ਼ਟੀਕਰਨ ਜਾਰੀ ਕਰਨ ਦੀ ਮੰਗ ਕੀਤੀ ਸੀ, ਕਿਉਂਕਿ ਅਜਿਹੀਆਂ ਖਬਰਾਂ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਮੁਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਫੌਜ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਸੀ ਕਿ "ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀ ਸੰਭਾਵਨਾ ਅਸੰਭਵ ਹੈ। ਉਨ੍ਹਾਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸ਼ਾਂਤੀ ਅਤੇ ਸਰਬੱਤ ਦੇ ਭਲੇ ਦਾ ਪ੍ਰਤੀਕ ਹੈ। ਕੋਈ ਵੀ ਸੈਨਿਕ ਅਜਿਹੀ ਨੀਚ ਸੋਚ ਨਹੀਂ ਸਕਦਾ।"

ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਕਿਹਾ ਸੀ ਕਿ ਸੈਨਾ ਦੇ ਜਨਰਲਾਂ ਵੱਲੋਂ ਕੀਤੇ ਗਏ ਦਾਅਵੇ ਸੱਚ ਨਹੀਂ ਜਾਪਦੇ। ਉਨ੍ਹਾਂ ਨੇ ਸੈਨਾ ਦੇ ਅਧਿਕਾਰੀਆਂ ਦੇ ਬਿਆਨਾਂ ਨੂੰ "ਅਣਜਾਣਪੁਣੇ ਤੇ ਅਸੰਵੇਦਨਸ਼ੀਲ" ਕਰਾਰ ਦਿੱਤਾ ਅਤੇ ਸਰਕਾਰ ਨੂੰ ਸਪੱਸ਼ਟੀਕਰਨ ਜਾਰੀ ਕਰਨ ਲਈ ਕਿਹਾ। ਉਨ੍ਹਾਂ ਨੇ ਸਿੱਖ ਸੰਗਤ ਨੂੰ ਸੁਚੇਤ ਰਹਿਣ ਅਤੇ ਅਜਿਹੀਆਂ ਖਬਰਾਂ 'ਤੇ ਭਰੋਸਾ ਨਾ ਕਰਨ ਦੀ ਅਪੀਲ ਕੀਤੀ।

ਬਾਕੀ ਹਿਸਾ ਸਫਾ 49 ਤੇ ਪੜ੍ਹੋ →

ਨਿਊਜ਼ ਵਿਸ਼ਲੇਸ਼ਣ

## ✪ ਕੀ ਫੌਜ ਆਪਣੇ ਪਹਿਲੇ ਬਿਆਨਾਂ ਤੋਂ ਮੁਕਰੀ? ✪ ਸ਼੍ਰੋਮਣੀ ਕਮੇਟੀ ਤੇ ਸਿੱਖ ਚਿੰਤਕਾਂ ਨੇ ਭਾਰਤੀ ਫੌਜ ਦੇ ਦਾਅਵਿਆਂ ਨੂੰ ਦਸਿਆ ਸੀ ਝੂਠਾ, ਜਾਂਚ ਦੀ ਕੀਤੀ ਸੀ ਮੰਗ

## ਫੌਜ ਨੇ ਪਹਿਲਾਂ ਝੂਠ ਕਿਉਂ ਬੋਲਿਆ?

ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਵਿੱਚ ਓਪਰੇਸ਼ਨ ਸਿੰਧੂਰ ਦੌਰਾਨ ਏਅਰ ਡਿਫੈਂਸ ਗੰਨਾਂ ਦੀ ਤਾਇਨਾਤੀ ਸਬੰਧੀ ਭਾਰਤੀ ਸੈਨਾ ਦੇ ਸੀਨੀਅਰ ਅਧਿਕਾਰੀ, ਲੈਫਟੀਨੈਂਟ ਜਨਰਲ ਸੁਮੇਰ ਇਵਾਨ ਡੀ'ਕੁਨਹਾ, ਦੇ ਦਾਅਵੇ ਨੂੰ ਬਾਅਦ ਵਿੱਚ ਸੈਨਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼ਘਫਛ) ਨੇ ਝੂਠਾ ਕਰਾਰ ਦਿੱਤਾ ਸੀ। ਇਸ ਸਬੰਧੀ ਕਈ ਸੰਭਾਵੀ ਕਾਰਨ ਹੋ ਸਕਦੇ ਹਨ ਜਿਨ੍ਹਾਂ ਕਰਕੇ ਅਜਿਹਾ ਗਲਤ ਬਿਆਨ ਸਾਹਮਣੇ ਆਇਆ।

ਮਾਹਿਰਾਂ ਦਾ ਕਹਿਣਾ ਹੈ ਕਿ ਸੈਨਾ ਦੇ ਅਧਿਕਾਰੀ ਨੂੰ ਗਲਤ ਜਾਣਕਾਰੀ ਮਿਲੀ ਹੋਵੇ ਜਾਂ ਉਸ ਨੇ ਗਲਤਫਹਿਮੀ ਕਾਰਨ ਅਜਿਹਾ ਬਿਆਨ ਦਿੱਤਾ ਹੋਵੇ। ਮੀਡੀਆ ਨਾਲ ਗੱਲਬਾਤ ਦੌਰਾਨ, ਸੰਭਵ ਤੌਰ 'ਤੇ, ਤੱਥਾਂ ਦੀ ਪੁਸ਼ਟੀ ਤੋਂ ਬਿਨਾਂ ਜਾਂ ਅਧੂਰੀ ਜਾਣਕਾਰੀ ਦੇ ਅਧਾਰ 'ਤੇ ਬਿਆਨ ਦਿੱਤਾ ਗਿਆ। ਕੁਝ ਸਿੱਖ ਸੰਗਠਨਾਂ ਅਤੇ ਸੋਸ਼ਲ ਮੀਡੀਆ 'ਤੇ ਪੋਸਟਾਂ ਅਨੁਸਾਰ ਸੈਨਾ ਦਾ ਬਿਆਨ ਸਰਕਾਰ ਜਾਂ ਸੱਜੇ-ਪੱਖੀ ਸਮੂਹਾਂ ਦੇ ਪ੍ਰੋਪੇਗੰਡੇ ਦਾ ਹਿੱਸਾ ਹੋ ਸਕਦਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਸਿਆਸੀ ਮਕਸਦਾਂ ਲਈ ਜਾਣਬੁੱਝ ਕੇ ਕੀਤਾ ਗਿਆ।

ਕੁਝ ਲੋਕਾਂ ਦਾ ਸ਼ੋਸ਼ਲ ਮੀਡੀਆ ਉਪਰ ਮੰਨਣਾ ਸੀ ਕਿ ਓਪਰੇਸ਼ਨ ਸਿੰਧੂਰ ਦੌਰਾਨ ਭਾਰਤ-ਪਾਕਿਸਤਾਨ ਸਰਹੱਦ 'ਤੇ ਤਣਾਅਪੂਰਨ ਸਥਿਤੀ ਨੂੰ ਦੇਖਦਿਆਂ, ਸੈਨਾ ਨੇ ਸ਼ਾਇਦ ਆਪਣੀ ਤਿਆਰੀ ਅਤੇ ਸੁਰੱਖਿਆ ਉਪਾਵਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੋਵੇ, ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਵਰਗੇ ਮਹੱਤਵਪੂਰਨ ਸਥਾਨਾਂ ਦੀ ਸੁਰੱਖਿਆ ਦਾ ਜ਼ਿਕਰ ਸ਼ਾਮਲ ਸੀ। ਪਰ, ਇਸ ਪ੍ਰਕਾਰ ਦਾ ਬਿਆਨ ਦੇਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਜਾਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨਾਲ ਸੰਪਰਕ ਨਾ ਕਰਨਾ ਇੱਕ ਵੱਡੀ ਗਲਤੀ ਸੀ।ਸੰਭਵ ਇਹ ਵੀ ਹੈ ਕਿ ਸੈਨਾ ਦੇ ਅਧਿਕਾਰੀ ਦੇ ਬਿਆਨ ਨੂੰ ਮੀਡੀਆ ਨੇ ਗਲਤ ਢੰਗ ਨਾਲ ਪੇਸ਼ ਕੀਤਾ ਹੋਵੇ। ਉਦਾਹਰਣ ਵਜੋਂ, ਲੈਫਟੀਨੈਂਟ ਜਨਰਲ ਡੀ'ਕੁਨਹਾ ਨੇ ਸ਼ਾਇਦ ਸ੍ਰੀ ਦਰਬਾਰ ਸਾਹਿਬ ਦੇ ਆਸ-ਪਾਸ ਦੀ ਸੁਰੱਖਿਆ ਦੀ ਗੱਲ ਕੀਤੀ ਹੋਵੇ।

ਹਾਲਾਂਕਿ, ਇਹ ਦਾਅਵੇ ਸਿਰਫ਼ ਅਨੁਮਾਨ ਹਨ ਅਤੇ ਇਸ ਦੀ ਪੁਸ਼ਟੀ ਲਈ ਕੋਈ ਠੋਸ ਸਬੂਤ ਨਹੀਂ ਹਨ। ਪਰ ਇਸਦੀ ਜਾਂਚ ਹੋਣੀ ਚਾਹੀਦੀ ਹੈ। ਸ੍ਰੀ ਦਰਬਾਰ ਸਾਹਿਬ ਸਿੱਖਾਂ ਦਾ ਸਰਵਉੱਚ ਧਾਰਮਿਕ ਸਥਾਨ ਹੈ, ਅਤੇ ਇਸ ਸਬੰਧੀ ਗਲਤ ਬਿਆਨ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦੇ ਹਨ। ਸੈਨਾ ਦੇ ਸੀਨੀਅਰ ਅਧਿਕਾਰੀ ਵੱਲੋਂ ਗਲਤ ਬਿਆਨ ਦੇਣ ਨਾਲ ਸੰਸਥਾ ਦੀ ਵਿਸ਼ਵਾਸ ਯੋਗਤਾ 'ਤੇ ਸਵਾਲ ਉੱਠਦੇ ਹਨ। ਜੇਕਰ ਇਹ ਜਾਣਬੁੱਝ ਕੇ ਕੀਤਾ ਗਿਆ, ਤਾਂ ਇਸ ਦੇ ਪਿੱਛੇ ਦੇ ਮਕਸਦ ਅਤੇ ਜ਼ਿੰਮੇਵਾਰੀ ਨੂੰ ਸਾਹਮਣੇ ਲਿਆਉਣ ਲਈ ਜਾਂਚ ਜ਼ਰੂਰੀ ਹੈ। ਓਪਰੇਸ਼ਨ ਸਿੰਧੂਰ ਵਰਗੀਆਂ ਸੰਵੇਦਨਸ਼ੀਲ ਘਟਨਾਵਾਂ ਦੌਰਾਨ ਸਹੀ ਜਾਣਕਾਰੀ ਦਾ ਪ੍ਰਸਾਰਣ ਮਹੱਤਵਪੂਰਨ ਹੈ। ਗਲਤ ਬਿਆਨਾਂ ਨਾਲ ਨਾ ਸਿਰਫ਼ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ, ਸਗੋਂ ਸਰਕਾਰ ਅਤੇ ਸੈਨਾ ਦੀ ਸਾਖ ਨੂੰ ਵੀ ਨੁਕਸਾਨ ਹੁੰਦਾ ਹੈ। ਦਰਬਾਰ ਸਾਹਿਬ 'ਤੇ ਕਥਿਤ ਹਮਲੇ ਦੇ ਦਾਅਵੇ ਨੇ ਸਿੱਖ ਭਾਈਚਾਰੇ ਵਿੱਚ ਗੰਭੀਰ ਚਿੰਤਾ ਪੈਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਅਤੇ ਸਿੱਖ ਆਗੂਆਂ ਦੀ ਸੁਤੰਤਰ ਜਾਂਚ ਦੀ ਮੰਗ, ਪਾਕਿਸਤਾਨ ਦੇ ਇਨਕਾਰ ਅਤੇ ਭਾਰਤ ਸਰਕਾਰ ਦੇ ਬਿਆਨ ਨੇ ਮਾਮਲੇ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਧਿਆਨ ਵਿੱਚ ਰੱਖਦਿਆਂ, ਸੱਚਾਈ ਸਾਹਮਣੇ ਲਿਆਉਣ ਲਈ ਸਪੱਸ਼ਟ ਅਤੇ ਨਿਰਪੱਖ ਜਾਂਚ ਦੀ ਜ਼ਰੂਰਤ ਹੈ

## ਪਾਕਿਸਤਾਨ ਨੇ ਭਾਰਤੀ ਫੌਜ ਦੇ ਦਾਅਵੇ ਨਕਾਰੇ, ਸਿੱਖਾਂ ਨੂੰ 'ਭਰਾ' ਦੱਸਿਆ

ਪਾਕਿਸਤਾਨ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ। ਪਾਕਿਸਤਾਨੀ ਅਧਿਕਾਰੀ ਫਵਾਦ ਚੌਧਰੀ ਨੇ ਐਕਸ 'ਤੇ ਪੋਸਟ ਕੀਤਾ ਕਿ "ਦਰਬਾਰ ਸਾਹਿਬ ਸਾਡੇ ਸਾਰਿਆਂ ਲਈ ਪਵਿੱਤਰ ਹੈ। ਪਾਕਿਸਤਾਨ ਕਦੇ ਸਿੱਖ ਅਸਥਾਨਾਂ 'ਤੇ ਹਮਲਾ ਨਹੀਂ ਕਰ ਸਕਦਾ।" ਮੁਹੰਮਦ ਅਕਰਮ ਨੇ ਦਾਅਵਾ ਕੀਤਾ ਕਿ ਭਾਰਤ ਨੇ ਅੰਮ੍ਰਿਤਸਰ ਵਿੱਚ ਬਲੈਕਆਊਟ ਕਰਕੇ ਸਿੱਖਾਂ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਨੂੰ ਭਾਰਤ ਦੀ ਸਾਜਿਸ਼ ਕਰਾਰ ਦਿੱਤਾ।

# ਦਰਬਾਰ ਸਾਹਿਬ ’ਤੇ ਪਾਕਿਸਤਾਨੀ ਹਮਲੇ ਬਾਰੇ ਭਾਰਤੀ ਫੌਜ ਵਲੋਂ ਦਾਅਵੇ ਕਿੰਨੇ ਕੁ ਸੱਚੇ ?

ਨਿਊਜ਼ ਵਿਸ਼ਲੇਸ਼ਣ

✪ ਸ਼੍ਰੋਮਣੀ ਕਮੇਟੀ ਤੇ ਸਿਖ ਚਿੰਤਕਾਂ ਨੇ ਭਾਰਤੀ ਫੌਜ ਦੇ ਦਾਅਵਿਆਂ ਨੂੰ ਝੂਠਾ ਦਸਿਆ, ਜਾਂਚ ਦੀ ਕੀਤੀ ਮੰਗ

✪ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਵਲੋਂ ਫੌਜ ਦੇ ਦਾਅਵੇ ’ਤੇ ਸਖਤ ਇਤਰਾਜ਼

ਭਾਰਤੀ ਫੌਜ ਦੇ ਇਸ ਦਾਅਵੇ ਕਿ ਪਾਕਿਸਤਾਨ ਨੇ ਸ੍ਰੀ ਦਰਬਾਰ ਸਾਹਿਬ ’ਤੇ ਮਿਸਾਈਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਨੇ ਸਿੱਖ ਸੰਗਤਾਂ ਵਿੱਚ ਭਾਰੀ ਵਿਵਾਦ ਨੂੰ ਜਨਮ ਦਿੱਤਾ ਹੈ। ਬੀਤੇ ਦਿਨੀਂ ਭਾਰਤੀ ਫੌਜ ਨੇ ‘ਆਪ੍ਰੇਸ਼ਨ ਸਿੰਦੂਰ’ ਦੇ ਸਬੰਧ ਵਿੱਚ ਇੱਕ ਵੀਡੀਓ ਜਾਰੀ ਕੀਤਾ ਸੀ, ਜਿਸ ਵਿੱਚ ਪਾਕਿਸਤਾਨ ਵੱਲੋਂ ਦਾਗੇ ਗਏ ਡਰੋਨ ਅਤੇ ਮਿਸਾਈਲਾਂ ਨੂੰ ਮਾਰ ਡੇਗਣ ਦੀ ਗੱਲ ਦਿਖਾਈ ਗਈ ਸੀ। ਮੇਜਰ ਜਨਰਲ ਕਾਰਤਿਕ ਸੀ ਸੇਸ਼ਾਦਰੀ ਨੇ ਕਿਹਾ ਸੀ “ਅਸੀਂ ਅੰਦਾਜ਼ਾ ਲਗਾਇਆ ਸੀ ਕਿ ਉਹ ਧਾਰਮਿਕ ਸਥਾਨਾਂ, ਭਾਰਤ ਦੇ ਫੌਜੀ ਟਿਕਾਣਿਆਂ ਅਤੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਗੇ। ਇਨ੍ਹਾਂ ਵਿੱਚੋਂ, ਦਰਬਾਰ ਸਾਹਿਬ ਸਭ ਤੋਂ ਪ੍ਰਮੁੱਖ ਜਾਪਦਾ ਸੀ।” ਫੌਜ ਨੇ ਕਿਹਾ ਸੀ ਕਿ “ਸਾਡੇ ਸੁਚੇਤ ਆਰਮੀ ਏਅਰ ਡਿਫੈਂਸ ਗੰਨਰਾਂ ਨੇ ਦਰਬਾਰ ਸਾਹਿਬ ’ਤੇ ਨਿਸ਼ਾਨਾ ਬਣਾਏ ਗਏ ਸਾਰੇ ਡਰੋਨ ਅਤੇ ਮਿਜ਼ਾਈਲਾਂ ਨੂੰ ਮਾਰ ਸੁੱਟਿਆ। ਇਸ ਤਰ੍ਹਾਂ, ਸਾਡੇ ਪਵਿੱਤਰ ਦਰਬਾਰ ਸਾਹਿਬ ’ਤੇ ਇੱਕ ਵੀ ਝਰੀਟ ਨਹੀਂ ਆਉਣ ਦਿੱਤੀ ਗਈ।” ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਦੀ ਪ੍ਰਵਾਨਗੀ ਨਾਲ ਉਸ ਦੁਆਲੇ ਤੋਪਾਂ ਤਾਇਨਾਤ ਕੀਤੀਆਂ ਸਨ। ਭਾਰਤੀ ਫੌਜ ਦੇ ਇਸ ਦਾਅਵੇ ਨੂੰ ਸਿੱਖ ਆਗੂਆਂ ਨੇ ਸਿਰੇ ਤੋਂ ਰੱਦ ਕਰਦਿਆਂ ਸੁਤੰਤਰ ਜਾਂਚ ਦੀ ਮੰਗ ਕੀਤੀ ਹੈ।

ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ “ਉਹ 24 ਅਪ੍ਰੈਲ ਤੋਂ 14 ਮਈ 2025 ਤੱਕ ਵਿਦੇਸ਼ ਦੌਰੇ ’ਤੇ ਸਨ ਅਤੇ ਫੌਜ ਨੇ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਕੀਤਾ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਇਸ ਮਾਮਲੇ ਬਾਰੇ ਡੂੰਘੀ ਜਾਂਚ ਕੀਤੀ ਜਾਵੇ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਹ ਦਾਅਵੇ ਸਿੱਖ ਸੰਗਤ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਅਤੇ ਨਫਰਤ ਪੈਦਾ ਕਰਨ ਦੀ ਕੋਸ਼ਿਸ਼ ਹਨ।”

ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਅਜਿਹਾ ਕੋਈ ਫੈਸਲਾ ਜਾਂ ਇਜਾਜ਼ਤ ਕਦੇ ਨਹੀਂ ਦਿੱਤੀ ਗਈ। ਉਨ੍ਹਾਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅਤੇ ਸਬੰਧਤ ਗੁਰਦੁਆਰਿਆਂ ਵਿੱਚ ਧਾਰਮਿਕ ਮਰਿਆਦਾ ਜਾਰੀ ਰਹੀਆਂ। ਤਣਾਅਪੂਰਨ ਸਥਿਤੀ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੇ ਨਿਰਦੇਸ਼ਾਂ ਮੁਤਾਬਕ ਸਿਰਫ਼ ਬਾਹਰੀ ਅਤੇ ਉੱਪਰਲੀਆਂ ਲਾਈਟਾਂ ਬੰਦ ਕੀਤੀਆਂ ਗਈਆਂ ਸਨ, ਪਰ ਧਾਰਮਿਕ ਸਥਾਨਾਂ ’ਤੇ ਜਗਮਗਾਹਟ ਬਣਾਈ ਰੱਖੀ ਗਈ, ਤਾਂ ਜੋ ਪਵਿੱਤਰਤਾ ‘ਤੇ ਕੋਈ ਅਸਰ ਨਾ ਪਵੇ।

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ, ਗੁਰੂ ਰਾਮਦਾਸ ਜੀ ਦੇ ਲੰਗਰ, ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਸਥਾਨਾਂ ’ਤੇ ਕਦੇ ਵੀ ਹਥਿਆਰ ਜਾਂ ਤੋਪਾਂ ਦੀ ਤਾਇਨਾਤੀ ਨਹੀਂ ਹੋਈ, ਅਤੇ ਨਾ ਹੀ ਇਸ ਦੀ ਇਜਾਜ਼ਤ ਦਿੱਤੀ ਗਈ। ਗਿਆਨੀ ਅਮਰਜੀਤ ਸਿੰਘ ਨੇ ਹੈਰਾਨੀ ਜ਼ਾਹਰ ਕੀਤੀ ਕਿ ਇੱਕ ਸੀਨੀਅਰ ਫੌਜੀ ਅਧਿਕਾਰੀ ਅਜਿਹਾ ਝੂਠਾ ਦਾਅਵਾ ਕਿਉਂ ਕਰ ਰਿਹਾ ਹੈ, ਅਤੇ ਇਸ ਨੂੰ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕਰਾਰ ਦਿੱਤਾ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਵੀ ਜਾਂਚ ਦੀ ਮੰਗ ਦਾ ਸਮਰਥਨ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

## ਸ਼੍ਰੋਮਣੀ ਕਮੇਟੀ ਦਾ ਪ੍ਰਤੀਕਰਮ

ਐਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਇਸ ਮੁੱਦੇ ‘ਤੇ ਤਿੱਖੀ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਪ੍ਰਸ਼ਾਸਨ ਨੇ ਬਲੈਕਆਊਟ ਸਬੰਧੀ ਸੰਪਰਕ ਕੀਤਾ ਸੀ, ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੇ ਸਹਿਯੋਗ ਦਿੰਦੇ ਹੋਏ ਬਾਹਰੀ ਲਾਈਟਾਂ ਬੰਦ ਕੀਤੀਆਂ ਸਨ। ਹਾਲਾਂਕਿ, ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਫੌਜ ਵੱਲੋਂ ਹਵਾਈ ਰੱਖਿਆ ਤੋਪਾਂ ਦੀ ਤਾਇਨਾਤੀ ਲਈ ਕੋਈ ਸੰਪਰਕ ਨਹੀਂ ਕੀਤਾ ਗਿਆ। ਧਾਮੀ ਨੇ ਕਿਹਾ ਕਿ ਬਲੈਕਆਊਟ ਦੌਰਾਨ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਸੇਵਾ ਵਿੱਚ ਸ਼ਾਮਲ ਸੀ ਅਤੇ ਜੇਕਰ ਅਜਿਹੀ ਕੋਈ ਤਾਇਨਾਤੀ ਹੁੰਦੀ, ਤਾਂ ਸੰਗਤ ਦਾ ਧਿਆਨ ਜ਼ਰੂਰ ਜਾਂਦਾ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਝੂਠੇ ਦਾਅਵੇ ਦੀ ਜਾਂਚ ਕੀਤੀ ਜਾਵੇ ਅਤੇ ਸਪੱਸ਼ਟੀਕਰਨ ਜਾਰੀ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਦੇ ਮੁਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਫੌਜ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ “ਸ੍ਰੀ ਦਰਬਾਰ ਸਾਹਿਬ ’ਤੇ ਹਮਲੇ ਦੀ ਸੰਭਾਵਨਾ ਅਸੰਭਵ ਹੈ। ਉਨ੍ਹਾਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸ਼ਾਂਤੀ ਅਤੇ ਸਰਬੱਤ ਦੇ ਭਲੇ ਦਾ ਪ੍ਰਤੀਕ ਹੈ। ਕੋਈ ਵੀ ਸੈਨਿਕ ਅਜਿਹੀ ਨੀਚ ਸੋਚ ਨਹੀਂ ਸਕਦਾ।”

## ਪਾਕਿਸਤਾਨ ਨੇ ਭਾਰਤੀ ਫੌਜ ਦੇ ਦਾਅਵੇ ਨਕਾਰੇ, ਸਿੱਖਾਂ ਨੂੰ ‘ਭਰਾ’ ਦੱਸਿਆ

ਪਾਕਿਸਤਾਨ ਨੇ ਸ੍ਰੀ ਦਰਬਾਰ ਸਾਹਿਬ ’ਤੇ ਹਮਲੇ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ। ਪਾਕਿਸਤਾਨੀ ਅਧਿਕਾਰੀ ਫਵਾਦ ਚੌਧਰੀ ਨੇ ਐਕਸ ’ਤੇ ਪੋਸਟ ਕੀਤਾ ਕਿ ਦਰਬਾਰ ਸਾਹਿਬ ਸਾਡੇ ਸਾਰਿਆਂ ਲਈ ਪਵਿੱਤਰ ਹੈ। ਪਾਕਿਸਤਾਨ ਕਦੇ ਸਿੱਖ ਅਸਥਾਨਾਂ ’ਤੇ ਹਮਲਾ ਨਹੀਂ ਕਰ ਸਕਦਾ।”

ਮੁਹੰਮਦ ਅਕਰਮ ਨੇ ਦਾਅਵਾ ਕੀਤਾ ਕਿ ਭਾਰਤ ਨੇ ਅੰਮ੍ਰਿਤਸਰ ਵਿੱਚ ਬਲੈਕਆਊਟ ਕਰਕੇ ਸਿੱਖਾਂ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਨੂੰ ਭਾਰਤ ਦੀ ਸਾਜਿਸ਼ ਕਰਾਰ ਦਿੱਤਾ।

## ਸਿੱਖ ਚਿੰਤਕਾਂ ਦੀ ਰਾਇ

ਸਿੱਖ ਚਿੰਤਕ ਅਜੈਪਾਲ ਸਿੰਘ ਬਰਾੜ ਨੇ ਸਵਾਲ ਉਠਾਇਆ ਕਿ ਏਅਰ ਡਿਫੈਂਸ ਸਿਸਟਮ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਵਿੱਚ ਕਿਉਂ ਲਗਾਇਆ ਗਿਆ, ਜਦਕਿ ਇਸ ਨੂੰ ਜਲ੍ਹਿਆਂਵਾਲਾ ਬਾਗ ਜਾਂ ਟਾਊਨ ਹਾਲ ਵਿੱਚ ਲਗਾਇਆ ਜਾ ਸਕਦਾ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੇ ਸਿਸਟਮ ਨਾਲ ਸ੍ਰੀ ਦਰਬਾਰ ਸਾਹਿਬ ਨੂੰ ਉਲਟਾ ਦੁਸ਼ਮਣ ਦੇ ਨਿਸ਼ਾਨੇ ’ਤੇ ਲਿਆਂਦਾ ਗਿਆ। ਉਨ੍ਹਾਂ ਨੇ ਮੰਗ ਕੀਤੀ ਕਿ ਇਸ ਮਾਮਲੇ ਦੀ ਜਾਂਚ ਸਿੱਖ ਸੁਰੱਖਿਆ ਮਾਹਿਰਾਂ ਤੋਂ ਕਰਵਾਈ ਜਾਵੇ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਕਿਹਾ ਕਿ ਦੱਖਣੀ ਬ੍ਰਾਹਮਣ ਜਰਨੈਲਾਂ ਰਾਹੀ ਦਰਬਾਰ ਸਾਹਿਬ ਉਪਰ ਰਾਜਸੀ ਖੇਡਾਂ ਬੰਦ ਕੀਤੀਆਂ ਜਾਣ। ਨਾ ਕਿਸੇ ਨੂੰ ਇਸ ਦੀ ਰਖਵਾਲੀ ਦੀ ਲੋੜ ਹੈ, ਨਾ ਹੀ ਇਸ ਨੂੰ ਢਾਲ ਬਣਾ ਕੇ ਵਰਤਿਆ ਜਾਵੇ। ਦਰਬਾਰ ਸਾਹਿਬ ਦੇ ਉਸਰਈਏ ਗੁਰੂ ਸਾਹਿਬ ਆਪ ਸਨ, ਉਹੀ ਇਸ ਦੇ ਰਖਵਾਲੇ ਹਨ! ਬਚਦੀ ਸੇਵਾ ਲਈ ਸਿੱਖ ਕਾਫੀ ਹਨ !

ਸ੍ਰੀ ਦਰਬਾਰ ਸਾਹਿਬ ’ਤੇ ਕਥਿਤ ਹਮਲੇ ਦੇ ਦਾਅਵੇ ਨੇ ਸਿੱਖ ਭਾਈਚਾਰੇ ਵਿੱਚ ਗੰਭੀਰ ਚਿੰਤਾ ਪੈਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਅਤੇ ਸਿੱਖ ਆਗੂਆਂ ਦੀ ਸੁਤੰਤਰ ਜਾਂਚ ਦੀ ਮੰਗ, ਪਾਕਿਸਤਾਨ ਦੇ ਇਨਕਾਰ ਅਤੇ ਭਾਰਤ ਸਰਕਾਰ ਦੇ ਬਿਆਨ ਨੇ ਮਾਮਲੇ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਧਿਆਨ ਵਿੱਚ ਰੱਖਦਿਆਂ, ਸੱਚਾਈ ਸਾਹਮਣੇ ਲਿਆਉਣ ਲਈ ਸਪੱਸ਼ਟ ਅਤੇ ਨਿਰਪੱਖ ਜਾਂਚ ਦੀ ਜ਼ਰੂਰਤ ਹੈ।

# ਭਾਰਤ ਪਾਕਿ ਤਣਾਅ ਕਾਰਣ ਅੰਮ੍ਰਿਤਸਰ ਟੂਰਿਜਮ ’ਤੇ ਮਾੜਾ ਅਸਰ

✪ ਹੋਟਲ ਇੰਡਸਟਰੀ ਨੇ ਸਰਕਾਰ ਤੋਂ ਮੰਗਿਆ 300 ਕਰੋੜ ਦਾ ਰਾਹਤ ਪੈਕੇਜ

ਅੰਮ੍ਰਿਤਸਰ-ਭਾਰਤ-ਪਾਕਿ ਤਣਾਅ ਦੇ ਚਲਦੇ ਜਿਥੇ ਹਰ ਤਰ੍ਹਾਂ ਦੇ ਕਾਰੋਬਾਰਾਂ ’ਤੇ ਉਲਟ ਅਸਰ ਪੈਂਦਾ ਹੈ, ਉਥੇ ’ਚੇ ਸਭ ਤੋਂ ਵੱਧ ਅਸਰ ਅੰਮ੍ਰਿਤਸਰ ਦੇ ਟੂਰਜਿਮ ’ਤੇ ਪਿਆ ਹੈ ਜਿਥੇ ਯਾਤਰੀਆਂ ਦੀ ਗਿਣਤੀ 90 ਫੀਸਦੀ ਘੱਟ ਹੋ ਚੁੱਕੀ ਹੈ ਅਤੇ ਜੋ 10 ਫੀਸਦੀ ਟੂਰਸਿਟ ‘ਗੁਰੂ ਦੀ ਨਗਰੀ’ ਵਿਚ ਧਾਰਮਿਕ ਸਥਾਨ ’ਤੇ ਦਰਸ਼ਨ ਕਰਨੇ ਆਉਂਦੇ ਵੀ ਹੈ ਉਹ ਸਿਰਫ ਦਿਨ ਦੇ ਸਮੇਂ ਹੀ ਆਗਮਨ ਕਰ ਕੇ ਵਾਪਸ ਪਰਤ ਜਾਂਦੇ ਹਨ ਅਤੇ ਉਨ੍ਹਾਂ ਨੂੰ ਇਸ ਮਿਆਦ ਦੌਰਾਨ ਰਹਿਣ ਲਈ ਕਿਸੇ ਰਿਹਾਇਸ਼ ਦੀ ਲੋੜ ਨਹੀਂ ਹੁੰਦੀ।

ਇਹੀ ਕਾਰਨ ਹੈ ਕਿ ਇਥੇ ਹੋਟਲ ਅਤੇ ਰਿਜੋਰਟ ’ਤੇ ਇਧਰ ਇਸ ਦਾ ਸਿੱਧਾ ਅਸਰ ਪੈ ਜਾਂਦਾ ਰਿਹਾ ਹੈ ਜੋ ਜ਼ੀਰੋ ਦੀ ਸਥਿਤੀ ’ਚ ਪਹੁੰਚੇ ਹਨ। ਜੇਕਰ ਇਸ ਦੇ ਅਗਲੇ ਪਹਿਲੂ ’ਤੇ ਗੌਰ ਕਰੋ ਤਾਂ ਇਸ ਇੰਡਸਟਰੀ ਨੂੰ ਦੋਹਰਾ ਨੁਕਸਾਨ ਇਸ ਲਈ ਵੀ ਹੋਇਆ ਹੈ ਕਿ 90 ਫੀਸਦੀ ਤੋਂ ਵੱਧ ਲੋਕਾਂ ਨੇ ਤਾਂ ਆਪਣੀ ਬੁਕਿੰਗ ਹੀ ਕੈਂਸਲ ਕਰਵਾ ਦਿੱਤੀ ਹੈ ਤਾਂ ਇਕ ਪਾਸੇ ਨੁਕਸਾਨ ਦੂਜੀ ਪਾਸੇ ਹੋਟਲਾਂ ਦੇ ਆਪਣੇ ਖਰਚ ਵੱਖ ਸ਼ਾਮਲ ਹੈ। ਅੰਮ੍ਰਿਤਸਰ ਹੋਟਲ ਰੈਸਟੋਰੈਂਟ ਐਸੋਸੀਏਸ਼ਨ ਸਿਵਲ ਲਾਈਨ (ਅਹਾਰਾ) ਦਾ ਕਹਿਣਾ ਹੈ ਕਿ ਇਸ ’ਚ ਪੰਜਾਬ ’ਤੇ ਅਸਰ ਪਿਆ ਹੀ ਹੈ ਪਰ ਸਿਰਫ ਅੰਮ੍ਰਿਤਸਰ ’ਚ ਇਸ ਉਦਯੋਗ ਨੂੰ ਭਾਰੀ ਨੁਕਸਾਨ ਸਹਿਣਾ ਪਿਆ ਹੈ। ਅਹਾਰਾ ਨੇ ਇਸ ਸਬੰਧ ’ਚ ਪੰਜਾਬ ਸਰਕਾਰ ਤੋਂ 300 ਕਰੋੜ ਰੁਪਏ ਰਾਹਤ ਪੈਕੇਜ ਦੀ ਮੰਗ ਕੀਤੀ ਹੈ।

ਅਹਾਰਾ ਦੇ ਪ੍ਰਧਾਨ ਏ. ਪੀ. ਸਿੰਘ ਚੱਠਾ ਦਾ ਕਹਿਣਾ ਹੈ ਕਿ ਇਸ ਸਮੇਂ ਅੰਮ੍ਰਿਤਸਰ ਦੇ ਸਾਰੇ ਹੋਟਲ ਅਤੇ ਯਾਤਰੀ ਨਿਵਾਸ ਖਾਲੀ ਪਏ ਹਨ, ਓਧਰ ਬਿਨਾਂ ਗਾਹਕ ਦੇ ਖਾਲੀ ਹੋਟਲ ’ਤੇ ਵੀ ਭਾਰੀ ਖਰਚ ਹੁੰਦਾ ਹੈ ਜੋ ਕਿ ਇਸ ਦੀ ਮੇਂਟੇਨੇਂਸ ਨਾਲ ਸਬੰਧਤ ਹੈ। ਇਸ ’ਚ ਬਿਜਲੀ ਦਾ ਬਿੱਲ, ਪੱਕੇ ਕਰਮਚਾਰੀ ਦੀਆਂ ਤਨਖਾਹ ਜਿਸ ’ਚ ਵੇਟਰ ਤੋਂ ਲੈ ਕੇ ਕੁਕਿੰਗ ਸਟਾਫ ਤਕ ਸ਼ਾਮਲ ਹੈ। ਓਧਰ ਨਗਰ-ਨਿਗਮ ਨਾਲ ਸਬੰਧਿਤ ਹਾਊਸ ਟੈਕਸ, ਸਫਾਈ, ਸੀਵਰੇਜ ਅਤੇ ਪਾਣੀ ਆਦਿ ਦੇ ਖਰਚ ਸਾਰੇ ਸ਼ਾਮਲ ਹਨ।

## ਮੈਰਿਜ ਅਤੇ ਸੈਲੀਬ੍ਰੇਸ਼ਨ ਫੰਕਸ਼ਨ ਹੋਏ ਰੱਦ

ਅਹਾਰਾ ਦੇ ਪ੍ਰਧਾਨ ਏ. ਪੀ. ਸਿੰਘ ਚੱਠਾ ਨੇ ਕਿਹਾ ਹੈ ਕਿ ਜਿਨ੍ਹਾਂ ਵੱਡੀ ਗਿਣਤੀ ’ਚ ਲੋਕਾਂ ਨੇ ਆਪਣੇ ਮੈਰਿਜ ਫੰਕਸ਼ਨ ਆਦਿ ਅੰਮ੍ਰਿਤਸਰ ਦੇ ਹੋਟਲ/ਰਿਜੋਰਟ ’ਚ ਰੱਦ ਕਰਵਾ ਦਿੱਤੇ ਹਨ, ਉਸ ਦਾ ਵੱਧ ਨੁਕਸਾਨ ਇਸਲਈ ਸਹਿਣਾ ਪੈ ਰਿਹਾ ਹੈ ਕਿ ਇਸ ਲਈ ਕੈਟਰਿੰਗ ਆਦਿ ਲਈ ਵੀ ਹੋਟਲਾਂ ਵੱਲ ਐਡਵਾਂਸ ਰਕਮ ਦਿੱਤੀ ਹੁੰਦੀ ਹੈ। ਉਥੇ ਸਬੰਧਤ ਫੰਕਸ਼ਨ ਦਾ ਮੈਟੀਰੀਅਲ ਵੀ ਕੈਟਰਜ਼ ਨੇ ਜਾਂ ਤਾਂ ਬੁਕ ਕਰਵਾਇਆ ਹੁੰਦਾ ਹੈ ਅਤੇ ਖਰੀਦ ਚੁੱਕੇ ਹੁੰਦੇ ਹਨ ਜਿਸ ਨਾਲ ਇਸ ਪੂਰੀ ਆਰਥਿਕ ਮਾਰ ਦਾ ਅਸਰ ਕਈ ਗੁਣਾ ਵਧ ਜਾਂਦਾ ਹੈ

ਏ. ਪੀ. ਐੱਸ. ਚੱਠਾ ਜੋ ਅੰਮ੍ਰਿਤਸਰ ਤੋਂ ਇਲਾਵਾ ਪੰਜਾਬ ਹੋਟਲ ਰਿਜਾਰਟ ਐਂਡ ਰੈਸਟੋਰੈਂਟ ਐਸੋਸੀਏਸ਼ਨ ਦੇ ਸੀ. ਈ. ਓ. ਵੀ ਹੈ ਦਾ ਕਹਿਣਾ ਹੈ ਕਿ ਇਥੇ ਅੰਮ੍ਰਿਤਸਰ ਜੋ ਟੂਰਸਿਟ ਹੱਬ ਹੈ, ਪਰ ਇਸ ਤੋਂ ਇਲਾਵਾ ਪੂਰੇ ਪੰਜਾਬ ’ਚ ਹੀ ਟੂਰਿਜਮ ਉਦਯੋਗ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਦੀ ਪੂਰਤੀ ਲਈ ਹਾਈ ਪਾਵਰ ਕਮੇਟੀ ਗਠਿਤ ਕੀਤੀ ਜਾਏ ਜਿਸ ’ਚ ਟੂਰਿਜਮ ਵਿਭਾਗ ਨਾਲ ਸਬੰਧਤ ਸੀਨੀਅਰ ਅਧਿਕਾਰੀਆਂ ਅਤੇ ਚੁਣੇ ਉੱਚ ਸਿੱਖਿਅਤ ਵਿਧਾਇਕਾਂ ਦੀ ਕਮੇਟੀ ਬਣਾ ਕੇ ਜਾਂਚ ਕਰਵਾਈ ਜਾਵੇ ਕਿ ਕਿੰਨਾ ਨੁਕਸਾਨ ਹੋਇਆ ਹੈ। ਸਿੰਘ ਨੇ ਕਿਹਾ ਕਿ ਇਸ ਤੋਂ ਬਾਅਦ ਪੂਰੇ ਪੰਜਾਬ ਲਈ ਪੈਕੇਜ ਨਿਸ਼ਚਿਤ ਕੀਤਾ ਜਾਏ।

# ਧਰੁਵ ਰਾਠੀ ਦੀ ਵੀਡੀਓ, ਸਿੱਖ ਭਾਵਨਾਵਾਂ ਦੀ ਉਲੰਘਣਾ ਦਾ ਮਾਮਲਾ

## ✪ ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਦਾ ਸਖ਼ਤ ਰੁਖ, ਵੀਡੀਓ ਹਟਾਈ ✪ ਸੁਖਬੀਰ ਸਿੰਘ ਬਾਦਲ ਨੇ ਵੀ ਜਤਾਇਆ ਇਤਰਾਜ਼

ਅੰਮ੍ਰਿਤਸਰ-ਬੀਤੇ ਦਿਨੀਂ ਮਸ਼ਹੂਰ ਯੂ-ਟਿਊਬਰ ਧਰੁਵ ਰਾਠੀ ਵੱਲੋਂ ਸਿੱਖ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ 'ਤੇ ਆਧਾਰਿਤ ਏ.ਆਈ. ਨਾਲ ਬਣਾਈ ਐਨੀਮੇਸ਼ਨ ਵੀਡੀਓ "ਦਿ ਸਿੱਖ ਵਾਰੀਅਰ ਹੂ ਟੈਰੀਫਾਈਡ ਦ ਮੁਗਲਸ" ਨੇ ਸਿੱਖ ਕੌਮ ਵਿੱਚ ਤਿੱਖਾ ਵਿਵਾਦ ਖੜ੍ਹਾ ਕਰ ਦਿੱਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਵੀਡੀਓ ਨੂੰ ਸਿੱਖ ਰਵਾਇਤਾਂ ਅਤੇ ਭਾਵਨਾਵਾਂ ਦਾ ਅਪਮਾਨ ਕਰਾਰ ਦਿੱਤਾ। ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਕਿ ਅਜਿਹੀਆਂ ਹਰਕਤਾਂ ਨੂੰ ਰੋਕਣ ਲਈ ਪਹਿਲਾਂ ਪਾਸ ਕੀਤੇ ਮਤਿਆਂ ਦਾ ਪ੍ਰਚਾਰ ਵਧਾਇਆ ਜਾਵੇ ਅਤੇ ਲੋੜ ਪੈਣ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਨੂੰ ਐਨੀਮੇਸ਼ਨ ਦੇ ਰੂਪ ਵਿੱਚ ਪੇਸ਼ ਕਰਨਾ ਸਿੱਖ ਸਿਧਾਂਤਾਂ ਦੀ ਸਿੱਧੀ ਉਲੰਘਣਾ ਹੈ। ਉਹਨਾਂ ਨੇ ਸਰਕਾਰ ਨੂੰ ਧਰੁਵ ਰਾਠੀ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ



ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਟਵੀਟ ਰਾਹੀਂ ਇਸ ਵੀਡੀਓ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਦੀ ਹੈ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਧਰੁਵ ਰਾਠੀ ਦੀ ਵੀਡੀਓ ਨੂੰ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਾਰ ਦਿੰਦਿਆਂ ਤੁਰੰਤ ਹਟਾਉਣ ਦੀ ਮੰਗ ਕੀਤੀ, ਜਿਸ ਨੂੰ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਦੱਸਿਆ।

ਵਿਵਾਦ ਵਧਦਾ ਵੇਖ, ਧਰੁਵ ਰਾਠੀ ਨੇ ਵੀਡੀਓ ਹਟਾਉਂਦਿਆਂ ਸਪੱਸ਼ਟੀਕਰਨ ਜਾਰੀ ਕੀਤਾ। ਉਸ ਨੇ ਕਿਹਾ, "ਮੇਰਾ ਮਕਸਦ ਸਿੱਖ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਸੀ, ਪਰ ਜੇਕਰ ਕੁਝ ਦਰਸ਼ਕ ਇਸ ਨੂੰ ਸਿੱਖ ਸਿਧਾਂਤਾਂ ਦੀ ਉਲੰਘਣਾ ਮੰਨਦੇ ਹਨ, ਤਾਂ ਮੈਂ ਵੀਡੀਓ ਹਟਾ ਰਿਹਾ ਹਾਂ।" ਉਸ ਨੇ ਅੱਗੇ ਕਿਹਾ ਕਿ ਉਹ ਭਵਿੱਖ ਵਿੱਚ ਸਿੱਖ ਇਤਿਹਾਸ ਨਾਲ ਜੁੜੀਆਂ ਕਹਾਣੀਆਂ ਨੂੰ ਵਧੇਰੇ ਸੰਵੇਦਨਸ਼ੀਲਤਾ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰੇਗਾ।

ਸਿੱਖ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮਾਮਲਾ ਸਿੱਖ ਧਰਮ ਦੀ ਪਵਿੱਤਰਤਾ ਅਤੇ ਡਿਜੀਟਲ ਮੀਡੀਆ ਦੀ ਸੰਵੇਦਨਸ਼ੀਲਤਾ ਦੇ ਮਸਲੇ ਨੂੰ ਉਜਾਗਰ ਕਰਦਾ ਹੈ। ਸਿੱਖ ਸਿਧਾਂਤ ਅਨੁਸਾਰ, ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਨੂੰ ਕਿਸੇ ਵੀ ਰੂਪ ਵਿੱਚ ਚਿੱਤਰਣ (ਐਨੀਮੇਸ਼ਨ ਜਾਂ ਫਿਲਮ) ਕਰਨਾ ਮਨ੍ਹਾ ਹੈ, ਕਿਉਂਕਿ ਇਹ ਸਿੱਖ ਭਾਵਨਾਵਾਂ ਨੂੰ ਸੱਟ ਮਾਰਦਾ ਹੈ। ਧਰੁਵ ਰਾਠੀ ਦੀ ਵੀਡੀਓ ਵਿੱਚ ਏ.ਆਈ. ਨਾਲ ਬਣਾਈਆਂ ਤਸਵੀਰਾਂ ਅਤੇ ਇਤਿਹਾਸਕ ਤੱਥਾਂ ਨੂੰ ਕਥਿਤ ਤੌਰ 'ਤੇ ਤੋੜ-ਮਰੋੜ ਕੇ ਪੇਸ਼ ਕਰਨ ਦਾ ਮਾਮਲਾ ਵੀ ਸਾਹਮਣੇ ਆਇਆ, ਜਿਸ ਨੇ ਵਿਵਾਦ ਨੂੰ ਹੋਰ ਭੜਕਾਇਆ। ਸਿੱਖ ਬੁੱਧੀਜੀਵੀਆਂ ਦੀ ਰਾਇ ਹੈ ਕਿ ਅਜਿਹੀਆਂ ਹਰਕਤਾਂ ਸਿਰਫ਼ ਅਣਜਾਣਪੁਣੇ ਦਾ ਨਤੀਜਾ ਨਹੀਂ, ਸਗੋਂ ਸਿੱਖ ਇਤਿਹਾਸ ਦੀ ਸਹੀ ਜਾਣਕਾਰੀ ਦੀ ਘਾਟ ਅਤੇ ਸੰਵੇਦਨਸ਼ੀਲਤਾ ਦੀ ਕਮੀ ਨੂੰ ਦਰਸਾਉਂਦੀਆਂ ਹਨ। ਕਈਆਂ ਨੇ ਇਹ ਵੀ ਕਿਹਾ ਕਿ ਡਿਜੀਟਲ ਪਲੇਟਫਾਰਮਾਂ 'ਤੇ ਸਿੱਖ ਇਤਿਹਾਸ ਨੂੰ ਪੇਸ਼ ਕਰਨ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਜਾਂ ਸਿੱਖ ਵਿਦਵਾਨਾਂ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੈ। ਫਿਲਹਾਲ, ਕੋਈ ਅਧਿਕਾਰਤ ਕੇਸ ਦਰਜ ਨਹੀਂ ਹੋਇਆ, ਪਰ ਸ਼੍ਰੋਮਣੀ ਕਮੇਟੀ ਨੇ ਸਰਕਾਰ ਨੂੰ ਅਜਿਹੇ ਮਾਮਲਿਆਂ 'ਤੇ ਨਜ਼ਰ ਰੱਖਣ ਅਤੇ ਕਾਨੂੰਨੀ ਕਾਰਵਾਈ ਦੀ ਤਿਆਰੀ ਲਈ ਕਿਹਾ ਹੈ।

# ਗੰਭੀਰ ਕੇਸਾਂ ਵਿਚ ਦੇ ਦੋਸ਼ ਵਿਚ 23 ਹਜ਼ਾਰ ਪਾਕਿਸਤਾਨੀ ਵੱਖ-ਵੱਖ ਦੇਸਾਂ ਦੀਆਂ ਜੇਲ੍ਹਾਂ ਵਿਚ ਕੈਦ

## ✪ ਵਿਦੇਸ਼ ਮੰਤਰਾਲੇ ਅਨੁਸਾਰ, ਸਭ ਤੋਂ ਵੱਧ 12,156 ਕੈਦੀ ਸਾਊਦੀ ਅਰਬ ਵਿਚ ਕੈਦ

ਅੰਮ੍ਰਿਤਸਰ-ਪਾਕਿਸਤਾਨ ਦੇ 23 ਹਜ਼ਾਰ ਤੋਂ ਵੱਧ ਨਾਗਰਿਕ ਜਬਰ ਜਨਾਹ, ਕਤਲ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਗੰਭੀਰ ਦੋਸ਼ਾਂ ਲਈ ਇਸ ਸਮੇਂ ਦੁਨੀਆਂ ਦੇ ਕਈ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਕੈਦ ਹਨ। ਇਸ ਬਾਰੇ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਵਿਚ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ।

ਆਪਣੇ ਲਿਖਤੀ ਜਵਾਬ ਵਿਚ ਮੰਤਰਾਲੇ ਨੇ ਕਿਹਾ ਕਿ ਕੁੱਲ 23,456 ਪਾਕਿਸਤਾਨੀ ਨਾਗਰਿਕ ਵਿਦੇਸ਼ੀ ਜੇਲ੍ਹਾਂ 'ਚ ਬੰਦ ਹਨ। ਇਨ੍ਹਾਂ 'ਚੋਂ ਸਭ ਤੋਂ ਵੱਧ 12,156 ਕੈਦੀ ਸਾਊਦੀ ਅਰਬ ਵਿਚ ਕੈਦ ਹਨ। ਸਾਊਦੀ ਅਰਬ ਤੋਂ ਬਾਅਦ ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) ਦੂਜੇ ਸਥਾਨ 'ਤੇ ਹੈ, ਜਿੱਥੇ 5292 ਪਾਕਿਸਤਾਨੀ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ।

ਦੱਸਿਆ ਜਾ ਰਿਹਾ ਹੈ ਕਿ 400 ਪਾਕਿਸਤਾਨੀ ਚੀਨੀ ਜੇਲ੍ਹਾਂ 'ਚ ਵੀ ਕੈਦ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ, ਜਬਰ ਜਨਾਹ, ਡਕੈਤੀ ਅਤੇ ਕਤਲ ਵਰਗੇ ਗੰਭੀਰ ਅਪਰਾਧਾਂ ਦਾ ਦੋਸ਼ੀ ਪਾਇਆ ਗਿਆ ਹੈ।ਬਹਿਰੀਨ 'ਚ ਹਿਰਾਸਤ ਵਿਚ ਲਏ ਗਏ 450 ਪਾਕਿਸਤਾਨੀ ਨਾਗਰਿਕਾਂ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ, ਨਸ਼ੀਲੇ ਪਦਾਰਥ ਰੱਖਣ ਅਤੇ ਧੋਖਾਧੜੀ ਦੇ ਦੋਸ਼ਾਂ 'ਚ ਦੋਸ਼ੀ ਠਹਿਰਾਇਆ ਗਿਆ ਹੈ।

ਇਸ ਦੌਰਾਨ ਅਫ਼ਗਾਨਿਸਤਾਨ ਨੇ 88 ਪਾਕਿਸਤਾਨੀ ਨਾਗਰਿਕਾਂ ਨੂੰ ਓਵਰ ਸਟੇਅ ਅਤੇ ਸੁਰੱਖਿਆ ਨਾਲ ਸੰਬੰਧਿਤ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਹੈ। ਇਸਲਾਮੀ ਦੇਸ਼ ਕਤਰ 'ਚ 338, ਓਮਾਨ ਵਿਚ 309 ਅਤੇ ਮਲੇਸ਼ੀਆ 'ਚ 255 ਪਾਕਿਸਤਾਨੀ ਵੱਖ-ਵੱਖ ਅਪਰਾਧਾਂ ਲਈ ਸਜ਼ਾ ਭੁਗਤ ਰਹੇ ਹਨ।

ਯੂਰਪ ਦੇ ਕਈ ਦੇਸ਼ਾਂ 'ਚ ਵੀ ਪਾਕਿਸਤਾਨੀ ਅਪਰਾਧੀਆਂ ਦੀ ਗਿਣਤੀ ਵੱਧ ਰਹੀ ਹੈ। ਫਰਾਂਸ 'ਚ 168 ਅਤੇ ਜਰਮਨੀ ਵਿਚ 94 ਪਾਕਿਸਤਾਨੀ ਜੇਲ੍ਹਾਂ 'ਚ ਹਨ। ਆਸਟਰੀਆ 'ਚ ਵੀ ਪਾਕਿਸਤਾਨੀਆਂ ਨੂੰ ਗੈਰ-ਕਾਨੂੰਨੀ ਇਮੀਗ੍ਰੇਸ਼ਨ, ਮਨੁੱਖੀ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ, ਕਤਲ ਅਤੇ ਜਿਨਸੀ ਹਮਲੇ ਵਰਗੇ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਹੈ, ਹਾਲਾਂਕਿ ਗਿਣਤੀ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ।

ਨਾਰਵੇ 'ਚ 3, ਫਿਨਲੈਂਡ 'ਚ 2, ਕੈਨੇਡਾ 'ਚ 9 ਅਤੇ ਡੈਨਮਾਰਕ ਵਿਚ 27 ਪਾਕਿਸਤਾਨੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ।

# ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਘਟਾਉਣ ਕਾਰਣ ਵਿਵਾਦ

## ✪ ਹਾਈ ਕੋਰਟ ਵਿਚ ਸੁਣਵਾਈ 28 ਮਈ ਤਕ ਮੁਲਤਵੀ

ਚੰਡੀਗੜ੍ਹ-ਪੰਜਾਬ ਦੇ ਸੀਨੀਅਰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਨੂੰ ਲੈ ਕੇ ਚੱਲ ਰਿਹਾ ਵਿਵਾਦ ਥੰਮਣ ਦਾ ਨਾਂ ਨਹੀਂ ਲੈ ਰਿਹਾ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਬੀਤੇ ਸੋਮਵਾਰ ਨੂੰ ਇਸ ਮਾਮਲੇ 'ਤੇ ਸੁਣਵਾਈ ਹੋਈ, ਜਿਸ ਦੌਰਾਨ ਕੇਂਦਰ ਸਰਕਾਰ ਨੇ ਅਦਾਲਤ ਨੂੰ ਸੀਲਬੰਦ ਰਿਪੋਰਟ ਸੌਂਪੀ। ਅਦਾਲਤ ਨੇ ਇਸ ਰਿਪੋਰਟ ਦਾ ਜਾਇਜ਼ਾ ਲੈਣ ਤੋਂ ਬਾਅਦ ਅਗਲੀ ਸੁਣਵਾਈ 28 ਮਈ ਤੱਕ ਮੁਲਤਵੀ ਕਰ ਦਿੱਤੀ।

ਹਾਈ ਕੋਰਟ ਨੇ ਸਪੱਸ਼ਟ ਕੀਤਾ ਕਿ ਇਸ ਦੌਰਾਨ ਪੰਜਾਬ ਸਰਕਾਰ ਮਜੀਠੀਆ ਦੀ ਸੁਰੱਖਿਆ ਦੀ ਪੂਰੀ ਜ਼ਿੰਮੇਵਾਰੀ ਲਵੇਗੀ। ਮਜੀਠੀਆ ਨੇ ਹਾਈ ਕੋਰਟ ਵਿਚ ਦਾਅਵਾ ਕੀਤਾ ਸੀ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਦੀ ਸੁਰੱਖਿਆ ਵਿਚ ਕਟੌਤੀ ਕੀਤੀ ਹੈ, ਜਿਸ ਨਾਲ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਕਈ ਵਾਰ ਪੰਜਾਬ ਸਰਕਾਰ ਨੂੰ ਇਸ ਬਾਰੇ ਸੂਚਿਤ ਕਰ ਚੁੱਕੇ ਹਨ, ਪਰ ਸੁਰੱਖਿਆ ਨੂੰ ਬਹਾਲ ਨਹੀਂ ਕੀਤਾ ਗਿਆ।

ਪਿਛਲੀ ਸੁਣਵਾਈ ਵਿਚ ਪੰਜਾਬ ਦੇ ਏਡੀਜੀਪੀ ਸੁਰੱਖਿਆ ਨੇ ਅਦਾਲਤ ਨੂੰ ਦੱਸਿਆ ਸੀ ਕਿ ਮਜੀਠੀਆ ਨੂੰ ਉਨ੍ਹਾਂ ਦੀ ਸਮਾਜਿਕ ਅਤੇ ਰਾਜਨੀਤਿਕ ਸਥਿਤੀ ਕਾਰਨ ਆਮ



ਖਤਰਾ ਹੋ ਸਕਦਾ ਹੈ, ਪਰ ਕਿਸੇ ਵਿਸ਼ੇਸ਼ ਵਿਅਕਤੀ ਜਾਂ ਸੰਗਠਨ ਤੋਂ ਸਿੱਧੇ ਖ਼ਤਰੇ ਦੀ ਕੋਈ ਠੋਸ ਜਾਣਕਾਰੀ ਨਹੀਂ ਹੈ। ਕੇਂਦਰ ਸਰਕਾਰ ਨੇ ਪਹਿਲਾਂ ਅਦਾਲਤ ਵਿਚ ਸਪੱਸ਼ਟ ਕੀਤਾ ਸੀ ਕਿ ਮਜੀਠੀਆ ਨੂੰ ਖਤਰਾ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਵਿਚ ਕੋਈ ਢਿੱਲ ਨਹੀਂ ਵਰਤੀ ਜਾ ਸਕਦੀ। ਹਾਈ ਕੋਰਟ ਨੇ ਪੰਜਾਬ ਸਰਕਾਰ ਦੇ ਜਵਾਬ ਨੂੰ ਰਿਕਾਰਡ 'ਤੇ ਲੈਂਦਿਆਂ ਕੇਂਦਰ ਨੂੰ ਇਸ ਮਾਮਲੇ 'ਤੇ ਜਵਾਬ ਦੇਣ ਦੇ ਹੁਕਮ ਦਿੱਤੇ ਸਨ।

# ਅਕਾਲ ਤਖਤ ਸਾਹਿਬ ਵਿਖੇ ਪੰਥਕ ਮਾਮਲਿਆਂ 'ਤੇ ਵਿਚਾਰ, ਧਾਰਮਿਕ ਸਜ਼ਾਵਾਂ ਸੁਣਾਈਆਂ

## ✪ ਗਿਆਨੀ ਗੁਰਮੁਖ ਸਿੰਘ, ਸਰਨਾ ਤੇ ਭਾਈ ਢਡਰੀਆਂ ਨੂੰ ਧਾਰਮਿਕ ਸਜ਼ਾਵਾਂ ਲਗੀਆਂ

ਅੰਮ੍ਰਿਤਸਰ-ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਥਕ ਮਾਮਲਿਆਂ 'ਤੇ ਵਿਚਾਰ ਕਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਇਸ ਵਿੱਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਅਤੇ ਭਾਈ ਬਖਸ਼ੀਸ਼ ਸਿੰਘ ਸਮੇਤ ਹੋਰ ਸਿੰਘ ਸਾਹਿਬਾਨ ਸ਼ਾਮਲ ਸਨ। ਇਕੱਤਰਤਾ ਦੌਰਾਨ ਹਰਵਿੰਦਰ ਸਿੰਘ ਸਰਨਾ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਮਾਫੀ ਮੰਗੀ।

ਪੰਜ ਸਿੰਘ ਸਾਹਿਬਾਨ ਨੇ ਉਸ ਨੂੰ ਧਾਰਮਿਕ ਸਜ਼ਾ ਸੁਣਾਈ, ਜਿਸ ਅਨੁਸਾਰ ਉਸ ਨੂੰ 11 ਦਿਨ ਰੋਜ਼ਾਨਾ ਦੋ ਜਪੁਜੀ ਸਾਹਿਬ ਅਤੇ ਦੋ ਚੌਪਈ ਸਾਹਿਬ ਦੇ ਪਾਠ ਕਰਨੇ ਹਨ। ਨਾਲ ਹੀ, 501 ਰੁਪਏ ਦੀ ਦੇਗ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਅਰਦਾਸ ਸਹਿਤ ਖਿਮਾ ਜਾਚਨਾ ਕਰਨ ਦਾ ਹੁਕਮ ਦਿੱਤਾ ਗਿਆ। ਇਸੇ ਤਰ੍ਹਾਂ, 24 ਸਤੰਬਰ 2015 ਨੂੰ ਡੇਰਾ ਸਿਰਸਾ



ਮੁਖੀ ਨੂੰ ਮਾਫੀ ਦੇਣ ਦੇ ਮਾਮਲੇ ਵਿੱਚ ਸ਼ਾਮਲ ਗਿਆਨੀ ਗੁਰਮੁਖ ਸਿੰਘ ਨੇ ਵੀ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਖਿਮਾ ਜਾਚਨਾ ਕੀਤੀ। ਪੰਜ ਸਿੰਘ ਸਾਹਿਬਾਨ ਨੇ ਉਸ ਦੀ ਮਾਫੀ ਪ੍ਰਵਾਨ ਕਰਦਿਆਂ 11 ਦਿਨ ਲੰਗਰ ਵਿੱਚ ਜੂਠੇ ਭਾਂਡੇ ਮਾਂਜਣ, 11 ਦਿਨ ਜੋੜੇ ਘਰ ਵਿੱਚ ਸੇਵਾ ਕਰਨ ਅਤੇ 11 ਦਿਨ ਰੋਜ਼ਾਨਾ ਦੋ ਜਪੁਜੀ ਸਾਹਿਬ, ਦੋ ਤ੍ਵੈ ਪ੍ਰਸ਼ਾਦ ਸਵਈਏ ਅਤੇ ਇੱਕ ਆਸਾ ਜੀ ਦੀ ਵਾਰ ਦਾ ਪਾਠ ਕਰਨ ਦੀ ਸਜ਼ਾ ਸੁਣਾਈ। ਨਾਲ ਹੀ, 1100 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰਵਾ ਕੇ ਖਿਮਾ ਜਾਚਨਾ ਕਰਨ ਦਾ ਹੁਕਮ ਹੋਇਆ।

ਇਸ ਦੌਰਾਨ, ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਵੱਲੋਂ ਕੀਤੀਆਂ ਟਿੱਪਣੀਆਂ ਦੀ ਮੰਗੀ ਗਈ ਮਾਫੀ 'ਤੇ ਵਿਚਾਰ ਕਰਦਿਆਂ ਪੰਜ ਸਿੰਘ ਸਾਹਿਬਾਨ ਨੇ ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਸਿੱਖੀ ਪ੍ਰਚਾਰ ਕਰਨ ਦੀਆਂ ਹਦਾਇਤਾਂ ਦਿੱਤੀਆਂ। ਢੱਡਰੀਆਂ ਵਾਲੇ ਨੂੰ 501 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਕਰਵਾ ਕੇ ਅਰਦਾਸ ਸਹਿਤ ਖਿਮਾ ਜਾਚਨਾ ਕਰਨ ਦਾ ਫੈਸਲਾ ਸੁਣਾਇਆ ਗਿਆ, ਜਿਸ ਨੂੰ ਉਨ੍ਹਾਂ ਨੇ ਪ੍ਰਵਾਨ ਕੀਤਾ। ਨਾਲ ਹੀ, ਭਾਈ ਢੱਡਰੀਆਂ ਵਾਲੇ 'ਤੇ ਲੱਗੀ ਰੋਕ ਵੀ ਹਟਾ ਦਿੱਤੀ ਗਈ।

### ਗਿਆਨੀ ਗੁਰਮੁਖ ਸਿੰਘ 'ਤੇ ਦੋਸ਼

ਗਿਆਨੀ ਗੁਰਮੁਖ ਸਿੰਘ 'ਤੇ 24 ਸਤੰਬਰ 2015 ਨੂੰ ਡੇਰਾ ਸਿਰਸਾ ਮੁਖੀ ਨੂੰ ਮਾਫੀ ਦੇਣ ਦੇ ਮਾਮਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਸੀ। ਇਸ ਮਾਮਲੇ ਨੂੰ ਸਿੱਖ ਪੰਥ ਦੀ ਮਰਿਆਦਾ ਅਤੇ ਗੁਰਮਤਿ ਸਿਧਾਂਤਾਂ ਦੀ ਉਲੰਘਣਾ ਮੰਨਿਆ ਗਿਆ, ਕਿਉਂਕਿ ਡੇਰਾ ਸਿਰਸਾ ਮੁਖੀ ਦੀਆਂ ਗਤੀਵਿਧੀਆਂ ਸਿੱਖ ਸਿਧਾਂਤਾਂ ਦੇ ਵਿਰੁੱਧ ਮੰਨੀਆਂ ਜਾਂਦੀਆਂ ਸਨ। ਇਸ ਕਾਰਨ ਗਿਆਨੀ ਗੁਰਮੁਖ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਮਾਫੀ ਮੰਗਣੀ ਪਈ।

### ਭਾਈ ਢੱਡਰੀਆਂ ਵਾਲੇ 'ਤੇ ਦੋਸ਼

ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਮਰਿਆਦਾ ਦੇ ਵਿਰੁੱਧ ਅਪਮਾਨਜਨਕ ਟਿੱਪਣੀਆਂ ਕਰਨ ਦਾ ਦੋਸ਼ ਸੀ। ਇਹ ਟਿੱਪਣੀਆਂ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਮੰਨੀਆਂ ਗਈਆਂ, ਜਿਸ ਕਾਰਨ ਉਨ੍ਹਾਂ 'ਤੇ ਪਹਿਲਾਂ ਰੋਕ ਲਗਾਈ ਗਈ ਸੀ। ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਮਾਫੀ ਮੰਗੀ, ਜਿਸ ਨੂੰ ਪੰਜ ਸਿੰਘ ਸਾਹਿਬਾਨ ਨੇ ਪ੍ਰਵਾਨ ਕੀਤਾ।

# 'ਸਿੱਟ' ਵਲੋਂ ਢੱਡਰੀਆਂ ਵਾਲਿਆਂ 'ਤੇ ਦਰਜ ਬਲਾਤਕਾਰ ਤੇ ਹੱਤਿਆ ਮਾਮਲਾ ਰੱਦ ਕਰਨ ਦੀ ਸਿਫ਼ਾਰਸ਼

## ✪ ਦੋਸ਼ਾਂ ਨੂੰ ਖੰਗਾਲਨ ਤੋਂ ਬਾਅਦ ਕੋਈ ਠੋਸ ਸਬੂਤ ਸਾਹਮਣੇ ਨਾ ਆਇਆ

ਪਟਿਆਲਾ-ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਖ਼ਿਲਾਫ਼ ਦਰਜ ਹੋਏ ਜਬਰ ਜਨਾਹ ਅਤੇ ਹੱਤਿਆ ਦੇ 13 ਸਾਲ ਪੁਰਾਣੇ ਕੇਸ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿੱਟ) ਵਲੋਂ ਇਸ ਕੇਸ ਨੂੰ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਹਾਲਾਂਕਿ, ਫਿਲਹਾਲ ਕਿਸੇ ਪੁਲਿਸ ਅਧਿਕਾਰੀ ਨੇ ਇਸ ਬਾਰੇ ਪੁਸ਼ਟੀ ਨਹੀਂ ਕੀਤੀ ਹੈ। ਸਿੱਖ ਪ੍ਰਚਾਰਕ ਭਾਈ ਢੱਡਰੀਆਂ ਵਾਲਿਆਂ ਖ਼ਿਲਾਫ਼ ਪੀੜਤ ਲੜਕੀ ਦੇ ਭਰਾ ਵਲੋਂ ਹਾਈ ਕੋਰਟ 'ਚ ਅਪੀਲ ਦਾਇਰ ਕਰਨ ਤੋਂ ਬਾਅਦ ਥਾਣਾ ਪਸਿਆਣਾ ਦੀ ਪੁਲਿਸ ਨੇ ਢੱਡਰੀਆਂ ਵਾਲਿਆਂ ਖ਼ਿਲਾਫ਼ 7 ਦਸੰਬਰ, 2024 ਨੂੰ ਕੇਸ ਦਰਜ ਕੀਤਾ ਸੀ। ਇਸ ਕੇਸ ਦੀ ਜਾਂਚ ਐਸ.ਪੀ., ਡੀ.ਐਸ.ਪੀ. ਅਤੇ ਐਸ.ਐਚ.ਓ. ਵਲੋਂ ਕੀਤੀ ਜਾ ਰਹੀ ਸੀ।

ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਢੱਡਰੀਆਂ ਵਾਲਿਆਂ 'ਤੇ ਲਗਾਏ ਗਏ ਜਬਰ ਜਨਾਹ ਤੇ ਹੱਤਿਆ ਦੇ ਦੋਸ਼ਾਂ ਨੂੰ ਖੰਗਾਲਨ ਤੋਂ ਬਾਅਦ ਕੋਈ ਠੋਸ ਸਬੂਤ ਢੱਡਰੀਆਂ ਵਾਲਿਆਂ ਖ਼ਿਲਾਫ਼ ਸਾਹਮਣੇ ਨਾ ਆਉਣ ਸੰਬੰਧੀ ਸੂਤਰਾਂ ਨੇ ਦੱਸਿਆ ਹੈ। ਇਹ ਰਿਪੋਰਟ 'ਸਿੱਟ' ਵਲੋਂ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੂੰ ਭੇਜ ਦਿੱਤੀ ਗਈ ਹੈ। ਇਸ ਸੰਬੰਧੀ ਐਸ.ਐਸ.ਪੀ. ਸ਼ਰਮਾ ਨੇ ਦਸਿਆ ਕਿ 'ਸਿੱਟ' ਵਲੋਂ ਕੇਸ ਦੀ ਜਾਂਚ ਮੁਕੰਮਲ ਕਰ ਲਈ ਗਈ ਹੈ।

ਫਿਲਹਾਲ ਉਨ੍ਹਾਂ ਹਾਲੇ ਤੱਕ ਰਿਪੋਰਟ ਨੂੰ ਪੜ੍ਹਿਆ ਨਹੀਂ ਕਿ ਇਸ ਰਿਪੋਰਟ ਵਿਚ 'ਸਿੱਟ' ਵਲੋਂ ਕੀ ਪੜਤਾਲ ਕੀਤੀ ਗਈ ਹੈ। ਇਹ ਤਾਂ ਉਹ ਰਿਪੋਰਟ ਪੜ੍ਹਨ ਬਾਅਦ ਕਾਨੂੰਨੀ ਸਲਾਹ ਲੈਣ ਤੋਂ ਬਾਅਦ ਦੱਸ ਸਕਦੇ ਹਨ। ਇਸ ਰਿਪੋਰਟ ਸੰਬੰਧੀ ਕਿਸੇ ਵੀ 'ਸਿੱਟ' ਮੈਂਬਰ ਨੇ ਚੁੱਪੀ ਨਹੀਂ ਤੋੜੀ।

### ਕੀ ਸੀ ਮਾਮਲਾ

ਜ਼ਿਕਰਯੋਗ ਹੈ ਕਿ ਅਪ੍ਰੈਲ 2012 ਵਿਚ ਇਕ ਲੜਕੀ ਨੇ ਗੁਰਦੁਆਰਾ ਪਰਮੇਸ਼ਰ ਦੁਆਰ ਸਾਹਮਣੇ ਜ਼ਹਿਰੀਲੀ



ਦਵਾਈ ਨਿਗਲ ਲਈ ਸੀ, ਜਿਸ ਦੀ ਬਾਅਦ ਵਿਚ ਸਰਕਾਰੀ ਰਾਜਿੰਦਰਾ ਹਸਪਤਾਲ ਵਿਚ ਮੌਤ ਹੋ ਗਈ ਸੀ। ਬਾਅਦ ਵਿਚ ਪਰਿਵਾਰਕ ਮੈਂਬਰਾਂ ਵਲੋਂ ਸ਼ਿਕਾਇਤ ਦਰਜ ਕਰਵਾਉਣ 'ਤੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਇਸ ਕੇਸ ਦੀ ਪੜਤਾਲ ਕਰਨ ਤੋਂ ਬਾਅਦ ਪੁਲਿਸ ਵਲੋਂ ਉਸ ਸਮੇਂ 174 ਦੀ ਕਾਰਵਾਈ ਕੀਤੀ ਗਈ ਸੀ ਪਰ 2024 ਵਿਚ ਪੀੜਤ ਲੜਕੀ ਦੇ ਭਰਾ ਵਲੋਂ ਕੇਸ ਦੀ ਦੁਬਾਰਾ ਪੜਤਾਲ ਲਈ ਦੁਬਾਰਾ ਹਾਈ ਕੋਰਟ 'ਚ ਅਪੀਲ ਦਾਇਰ ਕੀਤੀ ਗਈ ਸੀ, ਜਿਸ ਤਹਿਤ ਅਦਾਲਤ ਦੇ ਹੁਕਮਾਂ ਤੋਂ ਬਾਅਦ 7 ਦਸੰਬਰ 2024 ਨੂੰ ਥਾਣਾ ਪਸਿਆਣਾ ਦੀ ਪੁਲਿਸ ਵਲੋਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਖ਼ਿਲਾਫ਼ ਜਬਰ ਜਨਾਹ ਤੇ ਕਤਲ ਦਾ ਕੇਸ ਦਰਜ ਕੀਤਾ ਗਿਆ ਸੀ। ਕੇਸ ਦੀ ਪੜਤਾਲ ਦੌਰਾਨ ਪਹਿਲਾਂ ਇਹ ਵੀ ਪਤਾ ਲੱਗਾ ਸੀ ਕਿ ਪੀੜਤ ਧਿਰ ਕਾਫ਼ੀ ਸਮਾਂ ਪੁਲਿਸ ਕੋਲ ਬਿਆਨ ਦਰਜ ਕਰਵਾਉਣ ਹੀ ਨਹੀਂ ਪਹੁੰਚੀ।

# ਮੋਦੀ ਸਰਕਾਰ ਨੇ ਸੁਰੱਖਿਆ ਮੁਹੱਈਆ ਨਾ ਕਰਵਾਈ, ਜਿਸ ਕਾਰਨ ਪਹਿਲਗਾਮ ਵਿਚ 26 ਲੋਕ ਮਾਰੇ ਗਏ

**✪ ਖੜਗੇ ਨੇ ਮੋਦੀ ਸਰਕਾਰ ਨੂੰ ਘੇਰਿਆ**

ਕਰਨਾਟਕ-ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ 'ਚ 26 ਲੋਕਾਂ ਦੀ ਜਾਨ ਇਸ ਲਈ ਗਈ ਕਿਉਂਕਿ ਮੋਦੀ ਸਰਕਾਰ ਨੇ ਉਥੇ ਸੈਲਾਨੀਆਂ ਦੀ ਸੁਰੱਖਿਆ ਲਈ ਪੁਖ਼ਤਾ ਇੰਤਜ਼ਾਮ ਨਹੀਂ ਕੀਤੇ ਸਨ। ਉਨ੍ਹਾਂ ਆਪਣਾ ਦਾਅਵਾ ਦੁਹਰਾਇਆ ਕਿ ਪਿਛਲੇ ਮਹੀਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਪਹਿਲਾਂ ਖੁਫੀਆ ਰਿਪੋਰਟ ਮਿਲਣ ਦੇ ਬਾਅਦ ਮੋਦੀ ਨੇ ਆਪਣਾ ਕਸ਼ਮੀਰ ਦੌਰਾ ਰੱਦ ਕਰ ਦਿੱਤਾ ਸੀ। ਇਸ ਦੇ ਇਲਾਵਾ ਉਨ੍ਹਾਂ ਆਪ੍ਰੇਸ਼ਨ ਸੰਧੂਰ ਦੇ ਬਾਅਦ ਵੱਖ ਵੱਖ ਦੇਸ਼ਾਂ ਵਿਚ ਜਾਣ ਵਾਲੇ ਸੰਸਦ ਮੈਂਬਰਾਂ ਦੇ ਵਫ਼ਦਾਂ ਨੂੰ ਲੈ ਕੇ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਿਆ ਤੇ ਦੋਸ਼ ਲਗਾਇਆ ਕਿ ਇਸ ਮਾਮਲੇ ਵਿਚ ਪਾਰਟੀ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ਇਥੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 26 ਲੋਕ ਮਾਰੇ ਗਏ, ਪਰ ਫਿਰ ਵੀ ਮੋਦੀ ਨੇ ਇਸ ਦੇ (ਸੁਰੱਖਿਆ ਦੀ ਘਾਟ) ਬਾਰੇ ਇਕ ਸ਼ਬਦ ਨਹੀਂ ਬੋਲਿਆ ਤੇ ਕੇਵਲ ਉਹੋ ਬੋਲਿਆ ਜੋ ਉਹ ਬੋਲਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਉਨ੍ਹਾਂ ਵਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਅਜੇ ਤੱਕ ਨਹੀਂ ਮਿਲੇ ਹਨ।



### -ਮਾਮਲਾ ਕਰਨਲ ਸੋਫੀਆ ’ਤੇ ਵਿਜੈ ਸ਼ਾਹ ਦੀ ਫਿਰਕੂ ਟਿੱਪਣੀ ਦਾ-

# ‘ਆਪਰੇਸ਼ਨ ਸਿੰਦੂਰ’ ਦੀ ਹੀਰੋ ਨੂੰ ਮੁਸਲਮਾਨ ਹੋਣ ਕਾਰਨ ਨਿਸ਼ਾਨਾ ਬਣਾਇਆ

**✪ ਭਾਜਪਾ ਹਾਈਕਮਾਂਡ ਵਿਜੈ ਸ਼ਾਹ ਨੂੰ ਮੰਤਰੀ ਅਹੁਦੇ ਤੋਂ ਕਿਉਂ ਨਹੀਂ ਹਟਾ ਰਹੀ ? ✪ ਫਿਰਕੂਆਂ ਵਲੋਂ ਫੌਜ ਦੇ ਮਨੋਬਲ ਨੂੰ ਢਾਹ ਲਾਉਣ ਵਾਲੀ ਸਿਆਸਤ ਖੇਡੀ ✪ ਹਾਈਕੋਰਟ ਦੇ ਹੁਕਮਾਂ ਤਹਿਤ ਕੇਸ ਦਰਜ ਪਰ ਗ੍ਰਿਫਤਾਰੀ ਨਹੀਂ ਹੋਈ**

ਭਾਰਤੀ ਫੌਜ ਦੀ ਸਿਗਨਲ ਕੋਰ ਦੀ ਸੀਨੀਅਰ ਅਫਸਰ ਕਰਨਲ ਸੋਫੀਆ ਕੁਰੈਸ਼ੀ, ਜਿਨ੍ਹਾਂ ਨੇ ‘ਆਪਰੇਸ਼ਨ ਸਿੰਦੂਰ’ ਵਿੱਚ ਪਾਕਿਸਤਾਨ ਦੇ ਝੂਠੇ ਪ੍ਰਚਾਰ ਨੂੰ ਬੇਨਕਾਬ ਕਰਕੇ ਦੇਸ਼ ਦਾ ਮਾਣ ਵਧਾਇਆ, ਨੂੰ ਮੱਧ ਪ੍ਰਦੇਸ਼ ਦੇ ਆਦਿਵਾਸੀ ਭਲਾਈ ਮੰਤਰੀ ਵਿਜੈ ਸ਼ਾਹ ਨੇ “ਅੱਤਵਾਦੀਆਂ ਦੀ ਭੈਣ” ਕਹਿ ਕੇ ਅਪਮਾਨਿਤ ਕੀਤਾ। 13 ਮਈ 2025 ਨੂੰ ਇੰਦੌਰ ਨੇੜੇ ਮਹੂ ਵਿੱਚ ਇੱਕ ਜਨਤਕ ਸਭਾ ਵਿੱਚ ਦਿੱਤੀ ਗਈ ਇਸ ਟਿੱਪਣੀ ਨੇ ਪੂਰੇ ਦੇਸ਼ ਵਿੱਚ ਹੰਗਾਮਾ ਖੜ੍ਹਾ ਕਰ ਦਿੱਤਾ। ਸੋਫੀਆ ਦੇ ਪਰਿਵਾਰ ਨੇ ਤਿੰਨ ਪੀੜ੍ਹੀਆਂ ਤੋਂ ਫੌਜ ਵਿੱਚ ਸੇਵਾ ਨਿਭਾਈ ਹੈ, ਪਰ ਇਸ ਸ਼ਰਮਨਾਕ ਬਿਆਨ ਨੇ ਨਾ ਸਿਰਫ਼ ਉਨ੍ਹਾਂ ਦੀ ਦੇਸ਼ਭਗਤੀ ’ਤੇ ਸਵਾਲ ਖੜ੍ਹੇ ਕੀਤੇ, ਸਗੋਂ ਭਾਰਤੀ ਫੌਜ ਦੀ ਸੈਕੂਲਰ ਪਰੰਪਰਾ ਨੂੰ ਵੀ ਠੇਸ ਪਹੁੰਚਾਈ।

ਵਿਜੈ ਸ਼ਾਹ ਨੇ ‘ਆਪਰੇਸ਼ਨ ਸਿੰਦੂਰ’ ਦਾ ਜ਼ਿਕਰ ਕਰਦਿਆਂ ਕਿਹਾ, “ਮੋਦੀ ਜੀ ਨੇ ਅੱਤਵਾਦੀਆਂ ਦੀ ਭੈਣ ਨੂੰ ਭੇਜ ਕੇ ਪਾਕਿਸਤਾਨ ਦੀ ਐਸੀ-ਤੈਸੀ ਕਰਵਾਈ।” ਇਹ ਬਿਆਨ ਸਿੱਧੇ ਤੌਰ ’ਤੇ ਕਰਨਲ ਸੋਫੀਆ ਦੇ ਮੁਸਲਿਮ ਪਛਾਣ ਨੂੰ ਨਿਸ਼ਾਨਾ ਬਣਾਉਂਦਾ ਸੀ। ਸੋਫੀਆ ਨੇ 7 ਮਈ 2025 ਨੂੰ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਵਿੰਗ ਕਮਾਂਡਰ ਵਯੋਮਿਕਾ ਸਿੰਘ ਨਾਲ ਮਿਲ ਕੇ ਪ੍ਰੈਸ ਕਾਨਫਰੰਸ ਵਿੱਚ ਪਾਕਿਸਤਾਨ ਦੇ ਪ੍ਰਚਾਰ ਦਾ ਮੂੰਹਤੋੜ ਜਵਾਬ ਦਿੱਤਾ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਭਾਰਤੀ ਫੌਜ ਸੈਕੂਲਰ ਮੁੱਲਾਂ ਦੀ ਪ੍ਰਤੀਕ ਹੈ ਅਤੇ ਕਿਸੇ ਧਾਰਮਿਕ ਸਥਾਨ ਨੂੰ ਨਿਸ਼ਾਨਾ ਨਹੀਂ ਬਣਾਇਆ। ਪਰ ਵਿਜੈ ਸ਼ਾਹ ਦੀ ਟਿੱਪਣੀ ਨੇ ਇਸ ਏਕਤਾ ਨੂੰ ਚੁਣੌਤੀ ਦਿੱਤੀ ਅਤੇ ਸਮਾਜ ਵਿੱਚ ਮੁਸਲਮਾਨਾਂ ਪ੍ਰਤੀ ਨਫ਼ਰਤ ਨੂੰ ਹਵਾ ਦਿੱਤੀ। ਇਸ ਨੇ ਪਾਕਿਸਤਾਨ ਦੇ ਦੋ-ਕੌਮੀ ਸਿਧਾਂਤ ਨੂੰ ਅਸਿੱਧੇ ਤੌਰ ’ਤੇ ਮਜ਼ਬੂਤ ਕੀਤਾ, ਜਿਸ ਦਾ ਸੋਫੀਆ ਨੇ ਜ਼ੋਰਦਾਰ ਵਿਰੋਧ ਕੀਤਾ ਸੀ।

ਮੱਧ ਪ੍ਰਦੇਸ਼ ਹਾਈਕੋਰਟ ਨੇ ਸੂਆ ਮੋਟੋ ਨੋਟਿਸ ਲੈਂਦਿਆਂ 14 ਮਈ 2025 ਨੂੰ ਸ਼ਾਹ ਦੇ ਖਿਲਾਫ 4 ਘੰਟਿਆਂ ਵਿੱਚ ਐਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ ਸੀ। ਉਸ ਤੋਂ ਬਾਅਦ ਐਫਆਈਆਰ ਦਰਜ ਹੋਈ, ਪਰ ਸ਼ਾਹ ਅਜੇ ਵੀ ਮੰਤਰੀ ਅਹੁਦੇ ’ਤੇ ਬਰਕਰਾਰ ਹਨ। ਭਾਜਪਾ ਨੇ ਨਾ ਸਿਰਫ਼ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਇਸ ਮੁੱਦੇ ’ਤੇ ਚੁੱਪ ਵੱਟ ਰੱਖੀ। ਸ਼ਾਹ ਨੇ ਮੁਆਫੀ ਮੰਗੀ, ਪਰ ਉਹ ਸੁਪਰੀਮ ਕੋਰਟ ਪਹੁੰਚ ਗਏ, ਜਿੱਥੇ 15 ਮਈ ਨੂੰ ਸੀਜੇਆਈ ਬੀ.ਆਰ. ਗਵਈ ਨੇ ਉਨ੍ਹਾਂ ਨੂੰ ਸਖ਼ਤ ਝਾੜ ਲਾਈ, ਕਿਹਾ ਕਿ ਸੰਵਿਧਾਨਕ ਅਹੁਦੇ ’ਤੇ ਬੈਠੇ ਵਿਅਕਤੀ ਨੂੰ ਜ਼ਿੰਮੇਵਾਰੀ ਨਾਲ ਬੋਲਣਾ ਚਾਹੀਦਾ ਹੈ।” ਸ਼ਾਹ ਮੱਧ ਪ੍ਰਦੇਸ਼ ਵਿੱਚ ਅਨੁਸੂਚਿਤ ਜਨਜਾਤੀਆਂ ਦੇ ਵੱਡੇ ਵੋਟ ਬੈਂਕ ਨੂੰ ਨੁਮਾਇੰਦਗੀ ਕਰਦੇ ਹਨ, ਜੋ ਸੰਭਾਵੀ ਤੌਰ ’ਤੇ ਭਾਜਪਾ ਦੀ ਚੁੱਪੀ ਦਾ ਕਾਰਣ ਹੋ ਸਕਦਾ ਹੈ। ਪਰ ਇਹ ਰਾਜਨੀਤਕ ਮਜਬੂਰੀ ਸੰਵਿਧਾਨਕ ਮੁੱਲਾਂ ਅਤੇ ਫੌਜ ਦੀ ਇੱਜ਼ਤ ਨੂੰ ਦਾਅ ’ਤੇ ਲਾਉਂਦੀ ਹੈ।



> ਪੰਜਾਬ ਟਾਈਮਜ ਅਨੁਸਾਰ ਇਹ ਘਟਨਾ ਸਿਰਫ਼ ਕਰਨਲ ਸੋਫੀਆ ’ਤੇ ਵਿਅਕਤੀਗਤ ਹਮਲਾ ਨਹੀਂ, ਸਗੋਂ ਭਾਰਤ ਦੀ ਸੈਕੂਲਰ ਪਛਾਣ ਅਤੇ ਫੌਜ ਦੀ ਏਕਤਾ ’ਤੇ ਸਿੱਧਾ ਵਾਰ ਹੈ। ਵਿਜੈ ਸ਼ਾਹ ਵਰਗੇ ਆਗੂਆਂ ਦੀਆਂ ਟਿੱਪਣੀਆਂ ਮੁਸਲਮਾਨਾਂ ਨੂੰ “ਬਾਹਰੀ” ਜਾਂ “ਗੱਦਾਰ” ਦੱਸਣ ਦੀ ਗਹਿਰੀ ਸਾਜ਼ਿਸ਼ ਨੂੰ ਦਰਸਾਉਂਦੀਆਂ ਹਨ। ਭਾਜਪਾ ਦੀ ਚੁੱਪੀ ਅਤੇ ਸ਼ਾਹ ਨੂੰ ਹਟਾਉਣ ਵਿੱਚ ਨਾਕਾਮੀ ਇਸ ਫਿਰਕੂ ਸੋਚ ਨੂੰ ਹੁਲਾਰਾ ਦਿੰਦੀ ਹੈ। ਦੂਜੇ ਪਾਸੇ, ਅਲੀ ਖਾਨ ਮਹਮੂਦਾਬਾਦ ਵਰਗੇ ਬੁੱਧੀਜੀਵੀਆਂ ’ਤੇ ਤੁਰੰਤ ਕਾਰਵਾਈ ਨੇ ਸੰਸਥਾਵਾਂ ਦੇ ਦੋਹਰੇ ਮਾਪਦੰਡਾਂ ਨੂੰ ਉਜਾਗਰ ਕੀਤਾ। ਮੱਧ ਪ੍ਰਦੇਸ਼ ਹਾਈਕੋਰਟ ਅਤੇ ਸੁਪਰੀਮ ਕੋਰਟ ਦੀ ਸਖ਼ਤੀ ਸੁਆਗਤਯੋਗ ਹੈ, ਪਰ ਜਦੋਂ ਤੱਕ ਸਿਆਸੀ ਇੱਛਾ ਸ਼ਕਤੀ ਨਹੀਂ ਦਿਖਾਈ ਜਾਂਦੀ, ਅਜਿਹੀਆਂ ਘਟਨਾਵਾਂ ਜਾਰੀ ਰਹਿਣਗੀਆਂ।

ਭਾਜਪਾ ਦੀ ਸਿਖਰਲੀ ਲੀਡਰਸ਼ਿਪ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਸ਼ਾਮਲ ਹਨ, ਨੇ ਅਜੇ ਤੱਕ ਇਸ ਮੁੱਦੇ ’ਤੇ ਕੋਈ ਸਪੱਸ਼ਟ ਬਿਆਨ ਨਹੀਂ ਦਿੱਤਾ। ਸੂਤਰਾਂ ਮੁਤਾਬਕ, ਪਾਰਟੀ ਅੰਦਰੂਨੀ ਤੌਰ ’ਤੇ ਇਸ ਮਸਲੇ ’ਤੇ ਵਿਚਾਰ ਕਰ ਰਹੀ ਹੈ, ਪਰ ਸੀਨੀਅਰ ਆਗੂਆਂ ਦੀ ਚੁੱਪੀ ਨੇ ਸਵਾਲ ਖੜ੍ਹੇ ਕੀਤੇ ਹਨ। ਵਿਰੋਧੀ ਪਾਰਟੀਆਂ, ਖਾਸ ਕਰਕੇ ਕਾਂਗਰਸ ਨੇ ਇਸ ਨੂੰ ਸਿਆਸੀ ਮੁੱਦਾ ਬਣਾਇਆ ਹੈ।

ਕਾਂਗਰਸ ਨੇਤਾ ਮਲਿਕਾਰਜੁਨ ਖੜਗੇ ਨੇ ਕਿਹਾ, “ਇਹ ਸਿਰਫ਼ ਕਰਨਲ ਸੋਫੀਆ ਦਾ ਨਹੀਂ, ਸਗੋਂ ਸਮੁੱਚੀ ਫੌਜ ਅਤੇ ਸੰਵਿਧਾਨ ਦਾ ਅਪਮਾਨ ਹੈ।” ਸਮਾਜਵਾਦੀ ਪਾਰਟੀ ਅਤੇ ਆਮ ਆਦਮੀ ਪਾਰਟੀ ਨੇ ਵੀ ਸ਼ਾਹ ਨੂੰ ਹਟਾਉਣ ਦੀ ਮੰਗ ਕੀਤੀ ਸੀ।

ਸਾਬਕਾ ਫੌਜੀ ਅਫਸਰ ਲੈਫਟੀਨੈਂਟ ਜਨਰਲ (ਰਿਟ.) ਸਤੀਸ਼ ਦੁਆ ਨੇ ਕਿਹਾ ਸੀ ਕਿ “ਅਜਿਹੀਆਂ ਟਿੱਪਣੀਆਂ ਜਵਾਨਾਂ ਦੇ ਮਨੋਬਲ ਨੂੰ ਢਾਹ ਲਾਉਂਦੀਆਂ ਹਨ ਅਤੇ ਦੁਸ਼ਮਣ ਦੇ ਹੌਸਲੇ ਬੁਲੰਦ ਕਰਦੀਆਂ ਹਨ।” 22 ਅਪ੍ਰੈਲ 2025 ਦੇ ਪਹਿਲਗਾਮ ਅੱਤਵਾਦੀ ਹਮਲੇ ’ਚ ਸ਼ਹੀਦ ਨੇਂਸੈਨਾ ਲੈਫਟੀਨੈਂਟ ਵਿਨੈ ਨਰਵਾਲ ਦੀ ਪਤਨੀ ਹਿਮਾਂਸ਼ੀ ਨਰਵਾਲ ਨੂੰ ਵੀ ਸੋਸ਼ਲ ਮੀਡੀਆ ’ਤੇ ਨਫ਼ਰਤ ਦਾ ਸਾਹਮਣਾ ਕਰਨਾ ਪਿਆ, ਜਦੋਂ ਉਨ੍ਹਾਂ ਨੇ ਸ਼ਾਂਤੀ ਦੀ ਅਪੀਲ ਕੀਤੀ ਸੀ। ਇਹ ਸਭ ਦਰਸਾਉਂਦਾ ਹੈ ਕਿ ਭਗਵੇਂਵਾਦੀ ਵਰਗ ਮੁਸਲਮਾਨਾਂ ਅਤੇ ਕਸ਼ਮੀਰੀਆਂ ਪ੍ਰਤੀ ਨਫ਼ਰਤ ਨੂੰ ਹਵਾ ਦੇ ਰਿਹਾ ਹੈ, ਜੋ ਫੌਜ ਦੀ ਏਕਤਾ ਲਈ ਖਤਰਨਾਕ ਹੈ।

‘ਦਿ ਗਾਰਡੀਅਨ’ ਨੇ 16 ਮਈ 2025 ਦੀ ਰਿਪੋਰਟ ਵਿੱਚ ਲਿਖਿਆ, “ਭਾਰਤ ਵਿੱਚ ਸਿਆਸੀ ਆਗੂਆਂ ਦੀਆਂ ਸੰਪ੍ਰਦਾਇਕ ਟਿੱਪਣੀਆਂ ਦੇਸ਼ ਦੀ ਸੈਕੂਲਰ ਤਾਣੀ ਨੂੰ ਕਮਜ਼ੋਰ ਕਰ ਰਹੀਆਂ ਹਨ। ਕਰਨਲ ਸੋਫੀਆ ’ਤੇ ਹਮਲਾ ਭਾਰਤੀ ਫੌਜ ਦੀ ਵਿਭਿੰਨਤਾ ’ਤੇ ਸਵਾਲ ਖੜ੍ਹਾ ਕਰਦਾ ਹੈ।” ‘ਅਲ ਜਜ਼ੀਰਾ’ ਨੇ ਇਸ ਨੂੰ “ਮੁਸਲਮਾਨਾਂ ਪ੍ਰਤੀ ਸਿਆਸੀ ਪੱਖਪਾਤ” ਦੀ ਮਿਸਾਲ ਕਰਾਰ ਦਿੱਤਾ।

ਸਮਾਜ ਸ਼ਾਸਤਰੀ ਚਿੰਤਕ ਅਰੁੰਧਤੀ ਰਾਏ ਨੇ ਕਿਹਾ, “ਇਹ ਸਿਰਫ਼ ਇੱਕ ਅਫਸਰ ਦੀ ਬੇਇੱਜ਼ਤੀ ਨਹੀਂ, ਸਗੋਂ ਸੰਵਿਧਾਨ ਦੀ ਰੂਹ ’ਤੇ ਹਮਲਾ ਹੈ। ਭਾਜਪਾ ਦੀ ਚੁੱਪੀ ਇਸ ਨਫ਼ਰਤ ਨੂੰ ਹੁਲਾਰਾ ਦਿੰਦੀ ਹੈ।”

ਐਮਨੈਸਟੀ ਇੰਟਰਨੈਸ਼ਨਲ ਨੇ 16 ਮਈ 2025 ਨੂੰ ਬਿਆਨ ਜਾਰੀ ਕਰਕੇ ਕਿਹਾ ਕਿ “ਭਾਰਤ ਵਿੱਚ ਸਿਆਸੀ ਆਗੂਆਂ ਦੀਆਂ ਨਫ਼ਰਤ ਭਰੀ ਟਿੱਪਣੀਆਂ ਘੱਟਗਿਣਤੀਆਂ, ਖਾਸ ਕਰਕੇ ਮੁਸਲਮਾਨਾਂ, ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਦੀਆਂ ਹਨ।” ਹਿਊਮਨ ਰਾਈਟਸ ਵਾਚ ਨੇ ਸਰਕਾਰ ਨੂੰ ਅਜਿਹੇ ਬਿਆਨਾਂ ’ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ।

---

### -ਮਾਮਲਾ ਅਕਾਲੀ ਦਲ ਦੇ ਮੁੱਖ ਬੁਲਾਰੇ ਅਰਸ਼ਦੀਪ ਨੂੰ ਮਿਲੀ ਧਮਕੀ ਦਾ-

## ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਜਾਰੀ ਕੀਤਾ ਨੋਟਿਸ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਅਰਸ਼ਦੀਪ ਕਲੇਰ ਨੂੰ ਮਿਲੀ ਕਥਿਤ ਜਾਨੋਂ ਮਾਰਨ ਦੀ ਧਮਕੀ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਮਾਮਲੇ ਨੂੰ ’ਗੰਭੀਰ’ ਦੱਸਦੇ ਹੋਏ ਅਦਾਲਤ ਨੇ ਇਹ ਸਵਾਲ ਉਠਾਇਆ ਹੈ ਕਿ ਕੋਈ ਸਰਕਾਰੀ ਅਧਿਕਾਰੀ ਅਜਿਹੀਆਂ ਧਮਕੀਆਂ ਕਿਵੇਂ ਦੇ ਸਕਦਾ ਹੈ।



ਦਰਅਸਲ, ਅਰਸ਼ਦੀਪ ਕਲੇਰ ਨੇ ਆਪਣੀ ਪਟੀਸ਼ਨ ਵਿੱਚ ਦੋਸ਼ ਲਗਾਇਆ ਹੈ ਕਿ ਪੰਜਾਬ ਮੰਡੀ ਬੋਰਡ ਦੇ ਮੁੱਖ ਇੰਜੀਨੀਅਰ ਜਤਿੰਦਰ ਭੰਗੂ ਨੇ ਉਸਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਕਲੇਰ ਦਾ ਕਹਿਣਾ ਹੈ ਕਿ ਉਸਨੇ ਇਸ ਸਬੰਧ ਵਿੱਚ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ, ਪਰ ਹੁਣ ਤੱਕ ਐਫਆਈਆਰ ਵੀ ਦਰਜ ਨਹੀਂ ਕੀਤੀ ਗਈ ਹੈ। ਉਨ੍ਹਾਂ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਸਰਕਾਰ ਖੁਦ ਇਸ ਮਾਮਲੇ ਵਿੱਚ ਸ਼ਾਮਲ ਹੈ ਜਾਂ ਇਹ ਸਭ ਉਸਦੀ ਸੁਰੱਖਿਆ ਹੇਠ ਹੋ ਰਿਹਾ ਹੈ।

ਪਟੀਸ਼ਨ ਵਿੱਚ ਮੰਗ ਕੀਤੀ ਗਈ ਸੀ ਕਿ ਮਾਮਲੇ ਦੀ ਜਾਂਚ ਪੰਜਾਬ ਪੁਲਿਸ ਦੀ ਬਜਾਏ ਸੀਬੀਆਈ ਜਾਂ ਕਿਸੇ ਹੋਰ ਨਿਰਪੱਖ ਏਜੰਸੀ ਤੋਂ ਕਰਵਾਈ ਜਾਵੇ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਹਾਈ ਕੋਰਟ ਨੇ ਪਟੀਸ਼ਨ ’ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ।



ਰਜਿੰਦਰ ਸਿੰਘ ਪੁਰੇਵਾਲ

ਵਿਚਾਰ :– ਹਿੰਮਤ ਅਤੇ ਦ੍ਰਿੜ ਇਰਾਦਾ ਔਖ ਨੂੰ ਸੌਖ ਵਿਚ ਬਦਲ ਦੇਂਦਾ ਹੈ ।

# ਪੰਜਾਬ ਦੇ ਪਾਣੀ 'ਤੇ ਡਾਕਾ - ਰਿਪੇਰੀਅਨ ਅਧਿਕਾਰਾਂ ਦੀ ਉਲੰਘਣਾ ਅਤੇ ਰਾਜ ਦੀ ਦੁਰਦਸ਼ਾ

ਪੰਜਾਬ, ਜਿਸ ਨੂੰ ਪੰਜ ਨਦੀਆਂ ਦੀ ਧਰਤੀ ਕਿਹਾ ਜਾਂਦਾ ਹੈ, ਅੱਜ ਆਪਣੇ ਪਾਣੀ ਦੇ ਹੱਕਾਂ 'ਤੇ ਹੋ ਰਹੀ ਲੁੱਟ-ਖਸੁੱਟ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਨੰਗਲ ਡੈਮ 'ਤੇ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਵੱਲੋਂ 21 ਮਈ 2025 ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਲਈ ਪਾਣੀ ਰਿਲੀਜ਼ ਕਰਨ ਦਾ ਫੈਸਲਾ, ਖਾਸ ਤੌਰ 'ਤੇ ਹਰਿਆਣਾ ਦੀ 8500 ਕਿਊਸਕ ਪਾਣੀ ਦੀ ਮੰਗ, ਪੰਜਾਬ ਦੇ ਰਿਪੇਰੀਅਨ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਰਿਪੇਰੀਅਨ ਕਾਨੂੰਨ, ਜੋ ਨਦੀਆਂ ਦੇ ਕੰਢਿਆਂ 'ਤੇ ਸਥਿਤ ਸੂਬਿਆਂ ਨੂੰ ਪਾਣੀ 'ਤੇ ਪਹਿਲਾ ਹੱਕ ਦਿੰਦਾ ਹੈ, ਪੰਜਾਬ ਦੇ ਹੱਕ ਵਿੱਚ ਸਪੱਸ਼ਟ ਹੈ। ਪਰ ਇਸ ਦੇ ਬਾਵਜੂਦ, ਪੰਜਾਬ ਦੇ ਪਾਣੀ ਨੂੰ ਗੈਰ-ਰਿਪੇਰੀਅਨ ਸੂਬਿਆਂ ਨੂੰ ਜ਼ਬਰਦਸਤੀ ਦਿੱਤਾ ਜਾ ਰਿਹਾ ਹੈ, ਜੋ ਸਰਾਸਰ ਧੱਕੇਸ਼ਾਹੀ ਅਤੇ ਨਾਇਨਸਾਫੀ ਹੈ।

ਰਿਪੇਰੀਅਨ ਕਾਨੂੰਨ ਅਨੁਸਾਰ, ਜਿਹੜਾ ਸੂਬਾ ਨਦੀ ਦੇ ਕੰਢੇ 'ਤੇ ਸਥਿਤ ਹੁੰਦਾ ਹੈ, ਉਸ ਨੂੰ ਪਾਣੀ ਦੀ ਵਰਤੋਂ ਦਾ ਪਹਿਲਾ ਅਧਿਕਾਰ ਹੁੰਦਾ ਹੈ। ਪੰਜਾਬ, ਜਿਸ ਦੀਆਂ ਨਦੀਆਂ ਸਤਲੁਜ, ਬਿਆਸ ਅਤੇ ਰਾਵੀ ਸੂਬੇ ਦੀ ਜੀਵਨ-ਰੇਖਾ ਹਨ, ਨੂੰ ਇਸ ਅਧਿਕਾਰ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਹਰਿਆਣਾ, ਜਿਸ ਨੇ ਮਾਰਚ 2025 ਵਿੱਚ ਹੀ ਆਪਣਾ ਪਾਣੀ ਦਾ ਕੋਟਾ ਖਤਮ ਕਰ ਲਿਆ, ਹੁਣ ਪੰਜਾਬ ਦੇ ਹਿੱਸੇ 'ਤੋਂ 8500 ਕਿਊਸਕ ਪਾਣੀ ਦੀ ਮੰਗ ਕਰ ਰਿਹਾ ਹੈ। ਇਹ ਮੰਗ ਨਾ ਸਿਰਫ਼ ਰਿਪੇਰੀਅਨ ਸਿਧਾਂਤਾਂ ਦੀ ਉਲੰਘਣਾ ਹੈ, ਸਗੋਂ ਪੰਜਾਬ ਦੀ ਖੇਤੀਬਾੜੀ ਅਤੇ ਪੀਣ ਵਾਲੇ ਪਾਣੀ ਦੀਆਂ ਜ਼ਰੂਰਤਾਂ 'ਤੇ ਵੀ ਸਿੱਧਾ ਡਾਕਾ ਹੈ। ਪੰਜਾਬ ਪਹਿਲਾਂ ਹੀ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਿਹਾ ਹੈ, ਅਤੇ ਅਜਿਹੀ ਸਥਿਤੀ ਵਿੱਚ ਉਸ ਦੇ ਹਿੱਸੇ ਦਾ ਪਾਣੀ ਦੂਜੇ ਸੂਬਿਆਂ ਨੂੰ ਦੇਣਾ ਬੇਇਨਸਾਫੀ ਹੈ।

ਪੰਜਾਬ ਦੀ ਅਰਥਵਿਵਸਥਾ ਦੀ ਰੀੜ੍ਹ ਖੇਤੀਬਾੜੀ ਹੈ, ਜੋ ਪਾਣੀ 'ਤੇ ਨਿਰਭਰ ਹੈ। ਪਾਣੀ ਦੀ ਇਸ ਲੁੱਟ ਨਾਲ ਪੰਜਾਬ ਦੇ ਕਿਸਾਨਾਂ ਦੀ ਜੀਵਿਕਾ ਨੂੰ ਖਤਰਾ ਪੈਦਾ ਹੋ ਰਿਹਾ ਹੈ। ਜੇਕਰ ਪੰਜਾਬ ਦਾ ਪਾਣੀ ਇਸ ਤਰ੍ਹਾਂ ਗੈਰ-ਰਿਪੇਰੀਅਨ ਸੂਬਿਆਂ ਨੂੰ ਦਿੱਤਾ ਜਾਂਦਾ ਰਿਹਾ, ਤਾਂ ਸੂਬੇ ਦੀਆਂ ਜ਼ਮੀਨਾਂ ਬੰਜਰ ਹੋ ਜਾਣਗੀਆਂ, ਅਤੇ ਕਿਸਾਨ ਗਰੀਬੀ ਦੀ ਡੂੰਘੀ ਖਾਈ ਵਿੱਚ ਧੱਸ ਜਾਣਗੇ। ਪੰਜਾਬ ਸਰਕਾਰ, ਖਾਸ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ, ਨੇ ਨੰਗਲ ਡੈਮ 'ਤੇ 'ਫਤਹਿ ਦਿਵਸ' ਮਨਾਉਣ ਦਾ ਐਲਾਨ ਕਰਕੇ ਸੁਨੇਹਾ ਦਿੱਤਾ ਹੈ। ਪਰ ਸਿਰਫ਼ ਧਰਨਿਆਂ ਅਤੇ ਐਲਾਨਾਂ ਨਾਲ ਮਸਲਾ ਹੱਲ ਨਹੀਂ ਹੋਵੇਗਾ। ਪੰਜਾਬ ਸਰਕਾਰ ਨੂੰ ਹੁਣ ਹੋਰ ਸਖਤ ਕਦਮ ਚੁੱਕਣ ਦੀ ਲੋੜ ਹੈ।

ਸਭ ਤੋਂ ਪਹਿਲਾਂ, ਪੰਜਾਬ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਆਪਣਾ ਪੱਖ ਪੂਰੀ ਮਜ਼ਬੂਤੀ ਨਾਲ ਰੱਖਣਾ ਚਾਹੀਦਾ ਹੈ। 22 ਮਈ 2025 ਨੂੰ ਹੋਣ ਵਾਲੀ ਸੁਣਵਾਈ ਵਿੱਚ ਪੰਜਾਬ ਨੂੰ ਰਿਪੇਰੀਅਨ ਕਾਨੂੰਨ ਦੀ ਪਾਲਣਾ ਅਤੇ ਸੂਬੇ ਦੀਆਂ ਜ਼ਰੂਰਤਾਂ ਨੂੰ ਸਪੱਸ਼ਟ ਕਰਨਾ ਹੋਵੇਗਾ। ਇਸ ਦੇ ਨਾਲ ਹੀ, ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਇਸ ਮੁੱਦੇ 'ਤੇ ਇਕਜੁੱਟ ਹੋਣਾ ਪਵੇਗਾ।ਪਾਣੀ ਦਾ ਮੁੱਦਾ ਪੰਜਾਬ ਦੇ ਵਜੂਦ ਨਾਲ ਜੁੜਿਆ ਹੈ, ਅਤੇ ਇਸ 'ਤੇ ਸਿਆਸੀ ਖੇਡ ਨਹੀਂ ਖੇਡੀ ਜਾਣੀ ਚਾਹੀਦੀ। ਸਾਰੀਆਂ ਪਾਰਟੀਆਂ ਨੂੰ ਇਕ ਮੰਚ 'ਤੇ ਆ ਕੇ ਕੇਂਦਰ ਅਤੇ ਬੀਬੀਐੱਮਬੀ 'ਤੇ ਦਬਾਅ ਪਾਉਣਾ ਚਾਹੀਦਾ ਹੈ।

ਕੇਂਦਰ ਸਰਕਾਰ ਅਤੇ ਬੀਬੀਐੱਮਬੀ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ। ਪੰਜਾਬ ਦੇ ਪਾਣੀ ਨੂੰ ਗੈਰ-ਰਿਪੇਰੀਅਨ ਸੂਬਿਆਂ ਨੂੰ ਦੇਣ ਦਾ ਫੈਸਲਾ ਨਾ ਸਿਰਫ਼ ਕਾਨੂੰਨੀ ਤੌਰ 'ਤੇ ਗਲਤ ਹੈ, ਸਗੋਂ ਸੂਬਿਆਂ ਵਿਚਕਾਰ ਤਣਾਅ ਨੂੰ ਵੀ ਵਧਾਉਂਦਾ ਹੈ। ਕੇਂਦਰ ਨੂੰ ਸਾਰੇ ਸੂਬਿਆਂ ਦੀਆਂ ਜ਼ਰੂਰਤਾਂ ਨੂੰ ਸੰਤੁਲਿਤ ਕਰਦੇ ਹੋਏ ਨਿਰਪੱਖ ਫੈਸਲੇ ਲੈਣੇ ਚਾਹੀਦੇ ਹਨ। ਜੇਕਰ ਪੰਜਾਬ ਦੇ ਪਾਣੀ ਨੂੰ ਇਸ ਤਰ੍ਹਾਂ ਲੁੱਟਿਆ ਜਾਂਦਾ ਰਿਹਾ, ਤਾਂ ਸੂਬੇ ਵਿੱਚ ਸਮਾਜਿਕ ਅਤੇ ਆਰਥਿਕ ਅਸਥਿਰਤਾ ਵਧ ਸਕਦੀ ਹੈ। ਪੰਜਾਬ ਸਰਕਾਰ ਨੂੰ ਨਾ ਸਿਰਫ਼ ਕਾਨੂੰਨੀ ਲੜਾਈ ਜਾਰੀ ਰੱਖਣੀ ਚਾਹੀਦੀ, ਸਗੋਂ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਰਿਪੇਰੀਅਨ ਅਧਿਕਾਰਾਂ ਦੀ ਉਲੰਘਣਾ ਦਾ ਮੁੱਦਾ ਉਠਾਉਣਾ ਚਾਹੀਦਾ। ਸੂਬੇ ਦੇ ਕਿਸਾਨ ਸੰਗਠਨਾਂ, ਸਮਾਜਿਕ ਜਥੇਬੰਦੀਆਂ ਅਤੇ ਆਮ ਲੋਕਾਂ ਨੂੰ ਵੀ ਇਸ ਮੁਹਿੰਮ ਵਿੱਚ ਸ਼ਾਮਲ ਕਰਨਾ ਹੋਵੇਗਾ। ਇਸ ਦੇ ਨਾਲ ਹੀ, ਪੰਜਾਬ ਨੂੰ ਪਾਣੀ ਦੀ ਸੰਭਾਲ ਅਤੇ ਬਿਹਤਰ ਪ੍ਰਬੰਧਨ ਲਈ ਠੋਸ ਨੀਤੀਆਂ ਬਣਾਉਣੀਆਂ ਪੈਣਗੀਆਂ, ਤਾਂ ਜੋ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਨੂੰ ਟਾਲਿਆ ਜਾ ਸਕੇ। ਮੁੱਖ ਮੰਤਰੀ ਭਗਵੰਤ ਮਾਨ ਨੂੰ ਕੇਂਦਰ ਅਤੇ ਬੀਬੀਐੱਮਬੀ ਨਾਲ ਸੰਵਾਦ ਕਰਕੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਸਖਤ ਰਣਨੀਤੀ ਬਣਾਉਣੀ ਪਵੇਗੀ।

-ਰਜਿੰਦਰ ਸਿੰਘ ਪੁਰੇਵਾਲ

## ਸੁਪਰੀਮ ਕੋਰਟ ਨੇ ਅਸ਼ੋਕਾ ਵਰਸਿਟੀ ਦੇ ਪ੍ਰੋਫੈਸਰ ਨੂੰ ਅੰਤਰਿਮ ਜ਼ਮਾਨਤ ਦਿਤੀ

ਦਿੱਲੀ-ਸੁਪਰੀਮ ਕੋਰਟ ਨੇ ਅਪਰੇਸ਼ਨ ਸਿੰਧੂਰ ਬਾਰੇ ਕਥਿਤ ਟਿੱਪਣੀਆਂ ਨਾਲ 'ਦੇਸ਼ ਦੀ ਪ੍ਰਭੂਸੱਤਾ, ਏਕਤਾ ਤੇ ਅਖੰਡਤਾ ਨੂੰ ਖਤਰੇ ਵਿਚ ਪਾਉਣ ਬਦਲੇ' ਗ੍ਰਿਫ਼ਤਾਰ ਕੀਤੇ ਅਸ਼ੋਕਾ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਲੀ ਖ਼ਾਨ ਮਹਿਮੂਦਾਬਾਦ ਖਿਲਾਫ਼ ਆਈਜੀਪੀ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਦੇ ਹੁਕਮ ਦਿੱਤੇ ਹਨ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਕੋਟੀਸ਼ਵਰ ਸਿੰਘ ਦੇ ਬੈਂਚ ਨੇ ਹਾਲਾਂਕਿ ਮਹਿਮੂਦਾਬਾਦ ਨੂੰ ਅੰਤਰਿਮ ਜ਼ਮਾਨਤ 'ਤੇ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਬੈਂਚ ਨੇ ਐਸੋਸੀਏਟ ਪ੍ਰੋਫੈਸਰ ਨੂੰ ਜਾਂਚ ਵਿਚ ਸ਼ਾਮਲ ਹੋਣ ਤੇ ਆਪਣਾ ਪਾਸਪੋਰਟ ਜਮ੍ਹਾਂ ਕਰਵਾਉਣ ਲਈ ਵੀ ਕਿਹਾ ਹੈ। ਪ੍ਰੋਫੈਸਰ ਨੂੰ ਦੋ ਐੱਫਆਈਆਰ'ਜ਼ ਦਰਜ ਹੋਣ ਮਗਰੋਂ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

## NEWS & VIEWS

# INDIA NEEDS ECONOMIC PARTNERS NOT ENEMY NEIGHBOURS



Gurmukh Singh OBE

It is said that the economic performance of a country is a mix of industrial growth, demographic (population) shifts, and global market influences.

In a recent interview, Ajaypal Singh Banga, President of the World Bank Group, mentioned that it will take India over two decades to become a developed country. He had in mind the standard of living of an average Indian, new employment opportunities for increasing millions of working-age Indians, population growth, and the general *economic health of the country.*

India is expected to become the third largest economy in the world in the next five years. No-one can deny that due to its size, geo-political position, population, resources and domestic market, India cannot be ignored by the world. So, why do top economists like Ajaypal Singh Banga think that it will take over two decades for India to be ranked as a developed country and even then if the country follows certain recommended policies for economic growth.

In the context of the topic in hand, it is important to understand some economic terms. For a country to be regarded as *developed*, the most important indicator is the *Gross Domestic Product (GDP) per capita*. The Gross Domestic Product (GDP) of a country includes *consumer spending, government spending, net exports, and total investments*. It shows how large an economy is and the economic trend from year to year. India is a big country with a very large population of 1.4 billion. So, the GDP is bound to be very large also. However, that does not tell us how well an average Indian is doing.

GDP per capita is the true indicator. It is obtained by dividing GDP by the total population of the country. It provides an average economic productivity per person. That is where India slides down the scale of developed and developing countries. India is 143rd out of 195 countries.

As an example, the GDP per capita for India this year is estimated to be $ 2,940. By comparison current figure for US is $ 89,678 and UK $ 54,280. So, one wonders, how long, if ever, it would take for India to catch up with any developed economy.

Yet, together with the neighbouring Pakistan, China, Bangladesh and Sri Lanka we are looking at a very large market for mutually beneficial trade and economic growth. Somewhere, Indian foreign policy has gone wrong. After independence, India was in a strong position to establish strong, mutually beneficial trade ties with at least Pakistan, Bangladesh and Sri Lanka. Next could have been countries like China, Indochina, Indonesia and Malaysia. That has not happened to the extent that was possible. Huge trade benefits should have outweighed border frictions.

Arvind Gupta, Director Vivekananda Foundation, suggests that India should rethink its neighbourhood policy. *From the turmoil in Bangladesh and instability in Pakistan to Chinese hostility, proximate countries have given India enough cause for concern.* He suggests that the neighbourhood is *imploding*. That for India, sorting out its relationships with its neighbours, is going to be *the most important foreign policy priority.*

Recent short war with Pakistan can only be regarded as a defeat for trade and foreign policy of both countries. Economic opportunities are there with the right approach. Kashmir and border issues can be solved and terrorism can be defeated through just regimes which abide by the rule of law.

Indian politics and diplomacy should understand global realities.

**Gurmukh Singh OBE,** Ret'd Principal Civil Servant (UK) sewauk2005@yahoo.co.uk

# ਚੀਨ-ਪਾਕਿਸਤਾਨ ਦਾ ਨਵਾਂ ਗੇਮ ਪਲਾਨ, ਬੰਗਲਾਦੇਸ਼ ਨੂੰ ਵਰਤ ਕੇ ਭਾਰਤ ਨੂੰ ਘੇਰਨ ਦੀ ਤਿਆਰੀ

**✪ ਅਰੁਣਾਚਲ 'ਤੇ ਚੀਨ ਦੀ ਨਵੀਂ ਚਾਲ, ਨਾਮ ਬਦਲਣ ਦੀ ਕੋਸ਼ਿਸ਼ ਨੂੰ ਭਾਰਤ ਨੇ ਠੁਕਰਾਇਆ ✪ ਚੀਨ ਦਾ ਜਾਸੂਸੀ ਜਹਾਜ਼ ਹਿੰਦ ਮਹਾਸਾਗਰ ਵਿਚ, ਭਾਰਤ ਦੀਆਂ ਸਰਗਰਮੀਆਂ 'ਤੇ ਰੱਖ ਰਿਹਾ ਏ ਨਜ਼ਰ ✪ ਕਿਉਂ ਨਹੀਂ ਕੀਤਾ ਜਾ ਰਿਹਾ ਚੀਨ ਦਾ ਬਾਈਕਾਟ**

ਖਾਸ ਖਬਰ

ਆਪਰੇਸ਼ਨ ਸਿੰਦੂਰ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਾਲੇ ਜੰਗਬੰਦੀ ਹੋਈ ਪਰ ਤਣਾਅ ਜਾਰੀ ਹੈ। ਚੀਨ ਤੇ ਪਾਕਿਸਤਾਨ ਹੁਣ ਭਾਰਤ ਦੀ ਪੂਰਬੀ ਸਰਹੱਦ 'ਤੇ ਨਵਾਂ ਮੋਰਚਾ ਖੋਲ੍ਹਣ ਦੀ ਤਿਆਰੀ ਵਿਚ ਹਨ। ਬੰਗਲਾਦੇਸ਼ ਵਿਚ ਮੁਹੰਮਦ ਯੂਨੁਸ ਦੀ ਅਗਵਾਈ ਵਾਲੀ ਸਰਕਾਰ ਨੂੰ ਨਾਲ ਮਿਲਾ ਕੇ ਇਹ ਦੋਵੇਂ ਮੁਲਕ ਭਾਰਤ ਦੇ ਨਾਰਥ-ਈਸਟ ਵਿਚ ਅਸ਼ਾਂਤੀ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੂਤਰਾਂ ਮੁਤਾਬਕ, ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਬੰਗਲਾਦੇਸ਼ ਦੇ ਆਰਮੀ ਚੀਫ ਜਨਰਲ ਵਕਾਰ-ਉਜ-ਜ਼ਮਾਨ ਨੂੰ ਹਟਾਉਣ ਦੀ ਸਾਜ਼ਿਸ਼ ਰਚ ਰਹੀ ਹੈ, ਜੋ ਇਸ ਯੋਜਨਾ ਵਿਚ ਅੜਿੱਕਾ ਬਣ ਰਹੇ ਹਨ।

ਚੀਨ ਨੇ ਅਰੁਣਾਚਲ ਪ੍ਰਦੇਸ਼ ਦੇ ਕਈ ਥਾਵਾਂ ਦੇ ਨਾਮ ਬਦਲਣ ਦੀ ਕੋਸ਼ਿਸ਼ ਕੀਤੀ। ਇਸ ਨੂੰ ਭਾਰਤ ਨੇ "ਬੇਕਾਰ ਤੇ ਹਾਸੋਹੀਣੀ" ਹਰਕਤ ਦੱਸਦਿਆਂ ਸਿਰੇ ਤੋਂ ਨਕਾਰ ਦਿੱਤਾ ਸੀ। ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਅਰੁਣਾਚਲ ਹਮੇਸ਼ਾ ਭਾਰਤ ਦਾ ਅਟੁੱਟ ਅੰਗ ਸੀ, ਹੈ ਤੇ ਰਹੇਗਾ। ਚੀਨ ਦਾ ਇਹ ਕਦਮ ਸਿਆਸੀ ਮਕਸਦ ਨਾਲ ਪ੍ਰੇਰਿਤ ਹੈ, ਪਰ ਇਸ ਨਾਲ ਜ਼ਮੀਨੀ ਹਕੀਕਤ ਨਹੀਂ ਬਦਲੇਗੀ।

ਆਪਰੇਸ਼ਨ ਸਿੰਦੂਰ ਤੋਂ ਬਾਅਦ ਚੀਨ ਨੇ ਭਾਰਤੀ ਸਮੁੰਦਰੀ ਹੱਦਾਂ ਨੇੜੇ ਆਪਣਾ ਜਾਸੂਸੀ ਜਹਾਜ਼ 'ਦਾ ਯਾਂਗ ਯੀ ਹਾਓ' ਭੇਜਿਆ ਹੈ। ਇਹ ਜਹਾਜ਼ ਸਮੁੰਦਰੀ ਖੇਤਰ ਦਾ ਨਕਸ਼ਾ ਬਣਾਉਣ ਤੇ ਭਾਰਤੀ ਪਣਡੁੱਬੀਆਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਦੇ ਸਮਰੱਥ ਹੈ। ਮਾਹਿਰਾਂ ਮੁਤਾਬਕ, ਚੀਨ ਇਸ ਜਾਣਕਾਰੀ ਨੂੰ ਪਾਕਿਸਤਾਨ ਨਾਲ ਸਾਂਝਾ ਕਰ ਸਕਦਾ ਹੈ, ਜੋ ਭਾਰਤ ਲਈ ਖਤਰਾ ਹੈ।

## ਪਾਕਿਸਤਾਨ ਵਲੋਂ ਬੰਗਲਾਦੇਸ਼ ਤੇ ਚੀਨ ਵਲੋਂ ਅਰੁਣਾਚਲ ਵਿਚ ਭਾਰਤ ਵਿਰੋਧੀ ਮੁਹਿੰਮ

ਪਾਕਿਸਤਾਨ ਦੀ ਆਈਐਸਆਈ ਬੰਗਲਾਦੇਸ਼ ਵਿਚ ਕੱਟੜਪੰਥੀ ਇਸਲਾਮੀ ਜਥੇਬੰਦੀਆਂ ਨੂੰ ਫੰਡ ਦੇ ਕੇ ਭਾਰਤ ਵਿਰੋਧੀ ਮੁਹਿੰਮ ਚਲਾ ਰਹੀ ਹੈ। ਇਸ ਦੇ ਨਾਲ ਹੀ, ਤ੍ਰਿਪੁਰਾ ਤੇ ਅਸਾਮ ਵਿਚ ਪਾਕਿਸਤਾਨੀ ਹਥਿਆਰਾਂ ਦੀ ਬਰਾਮਦਗੀ ਨੇ ਸੁਰੱਖਿਆ ਏਜੰਸੀਆਂ ਦੀ ਨੀਂਦ ਉਡਾ ਦਿੱਤੀ ਹੈ। ਮੁਹੰਮਦ ਯੂਨੁਸ ਦੀ ਸਰਕਾਰ ਵੀ ਇਸ ਸਾਜ਼ਿਸ਼ ਵਿਚ ਸ਼ਾਮਲ ਦਿਖਾਈ ਦੇ ਰਹੀ ਹੈ।

ਅਰੁਣਾਚਲ ਜਾਂ ਹਿੰਦ ਮਹਾਸਾਗਰ 'ਚ ਚੀਨ ਦੀਆਂ ਹਰਕਤਾਂ ਕਾਰਨ ਦੋਵਾਂ ਮੁਲਕਾਂ ਵਿਚਾਲੇ ਸੈਨਿਕ ਝੜਪ ਵਧ ਸਕਦੀ ਹੈ। ਚੀਨ ਨਾਲ ਵਪਾਰਕ ਸਬੰਧਾਂ ਵਿਚ ਕਮੀ ਆ ਸਕਦੀ ਹੈ, ਜੋ ਦੋਵਾਂ ਮੁਲਕਾਂ ਦੀ ਆਰਥਿਕਤਾ ਨੂੰ ਪ੍ਰਭਾਵਤ ਕਰੇਗੀ। ਚੀਨ-ਪਾਕਿਸਤਾਨ-ਬੰਗਲਾਦੇਸ਼ ਦਾ ਗਠਜੋੜ ਦੱਖਣੀ ਏਸ਼ੀਆ ਵਿਚ ਭਾਰਤ ਲਈ ਸੰਕਟ ਪੈਦਾ ਕਰ ਸਕਦਾ ਹੈ।

ਭਾਰਤੀ ਮਾਹਿਰਾਂ ਦਾ ਮੰਨਣਾ ਹੈ ਕਿ ਪੂਰਬੀ ਸਰਹੱਦਾਂ 'ਤੇ ਸੈਨਿਕ ਸੁਰੱਖਿਆ



ਵਧਾਉਣੀ ਚਾਹੀਦੀ। ਨਾਰਥ-ਈਸਟ 'ਚ ਸੈਨਿਕ ਅੱਡੇ ਤੇ ਨਿਗਰਾਨੀ ਵਧਾਈ ਜਾਣੀ ਚਾਹੀਦੀ ਹੈ। ਬ੍ਰਿਕਸ, ਯੂਐਨਓ ਵਰਗੇ ਪਲੈਟਫਾਰਮਾਂ 'ਤੇ ਚੀਨ-ਪਾਕਿਸਤਾਨ ਦੀਆਂ ਹਰਕਤਾਂ ਨੂੰ ਉਜਾਗਰ ਕਰਕੇ ਅੰਤਰਰਾਸ਼ਟਰੀ ਸਮਰਥਨ ਹਾਸਲ ਕਰਨਾ ਚਾਹੀਦਾ ਹੈ। ਬੰਗਲਾਦੇਸ਼ ਨਾਲ ਵਪਾਰਕ ਸਬੰਧ ਮਜ਼ਬੂਤ ਕਰਕੇ ਚੀਨ ਦੇ ਪ੍ਰਭਾਵ ਨੂੰ ਘਟਾਉਣਾ ਚਾਹੀਦਾ। ਅਮਰੀਕਾ, ਜਾਪਾਨ, ਆਸਟ੍ਰੇਲੀਆ ਨਾਲ ਸਹਿਯੋਗ ਵਧਾ ਕੇ ਚੀਨ ਦੇ ਸਮੁੰਦਰੀ ਪ੍ਰਭਾਵ ਨੂੰ ਰੋਕਣਾ ਚਾਹੀਦਾ।

## ਚੀਨ ਦਾ ਬਾਈਕਾਟ ਕਿਉਂ ਨਹੀਂ

ਰਾਸ਼ਟਰਵਾਦ ਦੇ ਨਾਂ 'ਤੇ ਭਾਰਤ ਵਿੱਚ ਇੱਕ ਵਾਰ ਫਿਰ ਡਰਾਮਾ ਸ਼ੁਰੂ ਹੋ ਗਿਆ ਹੈ। ਦੇਸ਼ ਦੇ ਲੋਕ ਤੁਰਕੀ ਅਤੇ ਅਜ਼ਰਬਾਈਜਾਨ ਦਾ ਬਾਈਕਾਟ ਕਰ ਰਹੇ ਹਨ। ਦੇਸ਼ ਦੇ ਵੱਡੇ ਉਦਯੋਗਪਤੀ ਲੋਕਾਂ ਨੂੰ ਉਕਸਾ ਰਹੇ ਹਨ ਕਿ ਉਹ ਇਨ੍ਹਾਂ ਦੋਵਾਂ ਦੇਸ਼ਾਂ ਦਾ ਬਾਈਕਾਟ ਕਰਨ, ਕਿਉਂਕਿ ਇਨ੍ਹਾਂ ਦੋਵਾਂ ਨੇ 'ਆਪਰੇਸ਼ਨ ਸਿੰਦੂਰ' ਦੌਰਾਨ ਪਾਕਿਸਤਾਨ ਦਾ ਸਾਥ ਦਿੱਤਾ ਸੀ। ਖੈਰ, ਮੀਡੀਆ ਵਿੱਚ ਦੱਸਿਆ ਜਾ ਰਿਹਾ ਹੈ ਕਿ ਤੁਰਕੀ ਅਤੇ ਅਜ਼ਰਬਾਈਜਾਨ ਦੀਆਂ ਬੁਕਿੰਗ ਵਿੱਚ 60 ਫੀਸਦੀ ਕਮੀ ਆਈ ਹੈ ਅਤੇ ਰੱਦ ਕਰਨ ਦੀ ਦਰ 250 ਫੀਸਦੀ ਵਧ ਗਈ ਹੈ। ਇਸ ਬਾਈਕਾਟ ਮੁਹਿੰਮ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਫਿਲਹਾਲ ਰਾਸ਼ਟਰਵਾਦੀ ਤੁਰਕੀ ਅਤੇ ਅਜ਼ਰਬਾਈਜਾਨ ਦਾ ਬਾਈਕਾਟ ਕਰ ਰਹੇ ਹਾਂ ਅਤੇ ਚੀਨ ਦਾ ਨਾਂ ਵੀ ਨਹੀਂ ਲੈ ਰਹੇ। ਜੇ ਪਾਕਿਸਤਾਨ ਦਾ ਸਾਥ ਦੇਣ ਦੀ ਸਜ਼ਾ ਵਜੋਂ ਬਾਈਕਾਟ ਕਰਨਾ ਹੀ ਹੈ, ਤਾਂ ਸ਼ੁਰੂਆਤ ਚੀਨ ਤੋਂ ਹੋਣੀ ਚਾਹੀਦੀ। ਉਹ ਸੱਜਣ ਜੋ ਇਹ ਦੱਸ ਰਹੇ ਹਨ ਕਿ ਭਾਰਤੀ ਸੈਲਾਨੀਆਂ ਨੇ ਤੁਰਕੀ ਅਤੇ ਅਜ਼ਰਬਾਈਜਾਨ ਨੂੰ 4400 ਕਰੋੜ ਰੁਪਏ ਦਾ ਕਾਰੋਬਾਰ ਦਿੱਤਾ, ਉਨ੍ਹਾਂ ਨੂੰ ਇਹ ਵੀ ਦੱਸਣਾ ਚਾਹੀਦਾ ਕਿ ਚੀਨ ਨਾਲ ਅਸੀਂ ਕਿੰਨਾ ਕਾਰੋਬਾਰ ਕੀਤਾ ਅਤੇ ਉਸ ਵਿੱਚ ਸਾਡਾ ਨੁਕਸਾਨ ਕਿੰਨਾ ਹੈ, ਯਾਨੀ ਭਾਰਤ ਦਾ ਵਪਾਰਕ ਘਾਟਾ ਕਿੰਨਾ ਹੈ! ਪਰ ਉਹ ਨਹੀਂ ਦੱਸਣਗੇ। ਕਿਉਂਕਿ ਇਹੀ ਦਿਖਾਵਾ ਉਹਨਾਂ ਨੂੰ 'ਮਹਾਨ' ਬਣਾਉਂਦਾ ਹੈ।

ਭਾਰਤ ਦੇ ਲੱਖਾਂ ਛੋਟੇ ਉੱਦਮੀ ਆਪਣਾ ਕਾਰੋਬਾਰ ਬੰਦ ਕਰ ਚੁੱਕੇ ਹਨ ਅਤੇ ਚੀਨ ਦੇ ਸਮਾਨ ਦੇ ਵਪਾਰੀ ਬਣ ਗਏ ਹਨ। ਉਹ ਚੀਨ ਤੋਂ ਸਸਤਾ ਸਮਾਨ ਖਰੀਦਦੇ ਹਨ ਅਤੇ ਭਾਰਤ ਵਿੱਚ ਵੇਚ ਕੇ ਮੁਨਾਫਾ ਕਮਾਉਂਦੇ ਹਨ। ਪਹਿਲਗਾਮ ਕਾਂਡ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਬਾਜ਼ਾਰ ਬੰਦ ਕਰਾਉਣ ਵਾਲੇ ਵਪਾਰੀਆਂ ਨੂੰ ਜੇ ਕਿਹਾ ਜਾਵੇ ਕਿ ਬਾਜ਼ਾਰ ਬੰਦ ਕਰਨ ਦੀ ਬਜਾਏ ਚੀਨ ਨਾਲ ਕਾਰੋਬਾਰ ਬੰਦ ਕਰ ਦਿਓ, ਤਾਂ ਉਨ੍ਹਾਂ ਦਾ ਰਾਸ਼ਟਰਵਾਦ ਤੁਰੰਤ ਹਵਾ ਵਿੱਚ ਉੱਡ ਜਾਵੇਗਾ। ਪਰ ਤੁਰਕੀ ਅਤੇ ਅਜ਼ਰਬਾਈਜਾਨ ਦੇ ਬਾਈਕਾਟ ਦੇ ਨਾਂ 'ਤੇ ਸਭ ਦਾ ਰਾਸ਼ਟਰਵਾਦ ਪ੍ਰਗਟ ਹੁੰਦਾ ਹੈ ਕੁਝ ਦਿਨ ਪਹਿਲਾਂ ਇਸੇ ਤਰ੍ਹਾਂ ਇੱਕ ਛੋਟੇ ਜਿਹੇ ਦੇਸ਼ ਮਾਲਦੀਵ ਦਾ ਸਾਰਾ ਦੇਸ਼ ਬਾਈਕਾਟ ਕਰ ਰਿਹਾ ਸੀ। 145 ਕਰੋੜ ਦੀ ਆਬਾਦੀ ਵਾਲਾ ਦੇਸ਼ 5 ਲੱਖ ਦੀ ਆਬਾਦੀ ਵਾਲੇ ਮਾਲਦੀਵ ਦਾ ਬਾਈਕਾਟ ਕਰ ਰਿਹਾ ਸੀ। ਮਜ਼ੇਦਾਰ ਗੱਲ ਇਹ ਹੈ ਕਿ ਇਸ ਨਾਲ ਮਾਲਦੀਵ 'ਤੇ ਕੋਈ ਅਸਰ ਨਹੀਂ ਪਿਆ। ਉੱਥੋਂ ਦਾ ਰਾਸ਼ਟਰਪਤੀ ਚੀਨ ਦਾ ਸਮਰਥਕ ਸੀ ਅਤੇ ਰਿਹਾ। ਇਸੇ ਤਰ੍ਹਾਂ ਤੁਰਕੀ ਅਤੇ ਅਜ਼ਰਬਾਈਜਾਨ ਵਰਗੇ ਛੋਟੇ ਦੇਸ਼ਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਪਾਕਿਸਤਾਨ ਦਾ ਸਾਥ ਦਿੱਤਾ। ਪਰ ਚੀਨ ਨੇ ਵੀ ਪਾਕਿਸਤਾਨ ਦਾ ਸਾਥ ਦਿੱਤਾ, ਪਰ ਉਸ 'ਤੇ ਹਰ ਪਾਸੇ ਚੁੱਪੀ ਹੈ ਚੀਨ ਨੇ ਪਾਕਿਸਤਾਨ ਨੂੰ ਆਪਣਾ ਸਦੀਵੀ ਦੋਸਤ ਕਿਹਾ। ਉਸ ਨੇ ਪਾਕਿਸਤਾਨ ਨੂੰ ਫੌਜੀ ਸਾਜੋ-ਸਾਮਾਨ ਦਿੱਤਾ। ਇੰਨਾ ਹੀ ਨਹੀਂ, ਚੀਨ ਨੇ ਪਾਕਿਸਤਾਨ ਦੀ ਸੰਪ੍ਰਭੂਤਾ ਦੀ ਰਾਖੀ ਦੀ ਗਾਰੰਟੀ ਵੀ ਦਿੱਤੀ। ਫਿਰ ਵੀ ਕਿਸੇ ਨੂੰ ਉਸ ਨਾਲ ਕੋਈ ਨਾਰਾਜ਼ਗੀ ਨਹੀਂ! ਇਸ ਤੋਂ ਪਹਿਲਾਂ 2020 ਵਿੱਚ ਗਲਵਾਨ ਘਾਟੀ ਵਿੱਚ ਚੀਨ ਦੇ ਸੈਨਿਕਾਂ ਨਾਲ ਭਾਰਤੀ ਸੈਨਿਕਾਂ ਦੀ ਹਿੰਸਕ ਝੜਪ ਹੋਈ ਸੀ, ਜਿਸ ਵਿੱਚ ਸਾਡੇ 20 ਬਹਾਦਰ ਜਵਾਨ ਸ਼ਹੀਦ ਹੋਏ ਸਨ। ਉਸ ਤੋਂ ਬਾਅਦ ਚੀਨ ਨੇ ਲੱਦਾਖ ਵਿੱਚ ਭਾਰਤ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਮਹੀਨਿਆਂ, ਸਾਲਾਂ ਤੱਕ ਚੀਨ ਨਾਲ ਗੱਲਬਾਤ ਹੋਈ ਅਤੇ ਅਖੀਰ ਵਿੱਚ ਇਹ ਸਮਝੌਤਾ ਹੋਇਆ ਕਿ ਜਿਨ੍ਹਾਂ ਇਲਾਕਿਆਂ ਵਿੱਚ ਭਾਰਤ ਪਹਿਲਾਂ ਗਸ਼ਤ ਕਰਦਾ ਸੀ, ਉਨ੍ਹਾਂ ਨੂੰ ਬਫਰ ਜ਼ੋਨ ਬਣਾ ਦਿੱਤਾ ਜਾਵੇ ਅਤੇ ਭਾਰਤ ਆਪਣੀ ਪੁਰਾਣੀ ਗਸ਼ਤ ਵਾਲੀ ਥਾਂ ਤੋਂ ਕਾਫੀ ਪਿੱਛੇ ਹਟ ਗਿਆ। ਇਹ ਵੀ ਸੱਚ ਹੈ ਕਿ ਗਲਵਾਨ ਝੜਪ ਤੋਂ ਬਾਅਦ ਦੇ ਪੰਜ ਸਾਲਾਂ ਵਿੱਚ ਚੀਨ ਨਾਲ ਕਾਰੋਬਾਰ ਵਿੱਚ ਬੇਹੱਦ ਵਾਧਾ ਹੋਇਆ। ਸਰਕਾਰੀ ਅਤੇ ਨਿੱਜੀ, ਦੋਵੇਂ ਕਾਰੋਬਾਰ ਵਧਦੇ ਗਏ। ਹੁਣ ਚੀਨ ਨੇ ਅਰੁਣਾਚਲ ਪ੍ਰਦੇਸ਼ ਦੇ ਅੰਦਰ 27 ਪਿੰਡਾਂ, ਪਹਾੜਾਂ ਅਤੇ ਨਦੀਆਂ ਦੇ ਨਾਂ ਬਦਲ ਦਿੱਤੇ ਹਨ। ਚੀਨ ਨੇ ਜਿਨ੍ਹਾਂ ਨਾਵਾਂ ਨੂੰ ਬਦਲਿਆ ਹੈ, ਉਨ੍ਹਾਂ ਵਿੱਚ 15 ਪਹਾੜ, 5 ਕਸਬੇ, 4 ਪਹਾੜੀ ਦੱਰੇ, 2 ਨਦੀਆਂ ਅਤੇ ਇੱਕ ਝੀਲ ਸ਼ਾਮਲ ਹੈ। ਇਨ੍ਹਾਂ ਸਾਰੇ ਨਾਵਾਂ ਦੀ ਸੂਚੀ ਚੀਨ ਦੇ ਸਰਕਾਰੀ ਅਖਬਾਰ 'ਗਲੋਬਲ ਟਾਈਮਜ਼' ਨੇ ਪ੍ਰਕਾਸ਼ਿਤ ਕੀਤੀ ਹੈ। ਚੀਨ ਨੇ ਆਪਣੀ ਅਧਿਕਾਰਤ ਵੈਬਸਾਈਟ 'ਤੇ ਵੀ ਇਹ ਨਾਂ ਰੱਖ ਦਿੱਤੇ ਹਨ।

ਪਿਛਲੇ ਕਈ ਸਾਲਾਂ ਤੋਂ ਚੀਨ ਅਰੁਣਾਚਲ ਪ੍ਰਦੇਸ਼ ਦੇ ਪਿੰਡਾਂ, ਕਸਬਿਆਂ, ਨਦੀਆਂ ਅਤੇ ਪਹਾੜਾਂ ਦੇ ਨਾਂ ਬਦਲ ਰਿਹਾ ਹੈ। ਪਿਛਲੇ ਅੱਠ ਸਾਲਾਂ ਵਿੱਚ ਉਸ ਨੇ ਕੁੱਲ 92 ਨਾਂ ਬਦਲੇ ਹਨ। ਉਹ ਇਨ੍ਹਾਂ ਇਲਾਕਿਆਂ ਨੂੰ ਚੀਨੀ, ਤਿੱਬਤੀ ਜਾਂ ਪਿਨਯਿਨ ਨਾਂ ਦਿੰਦਾ ਹੈ। ਭਾਰਤ ਵੱਲੋਂ ਕਿਹਾ ਗਿਆ ਹੈ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਅੰਗ ਸੀ, ਹੈ ਅਤੇ ਅੱਗੇ ਵੀ ਰਹੇਗਾ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਨਾਲ ਦੇਸ਼ ਵਿੱਚ ਕਿਸੇ ਦਾ ਖੂਨ ਨਹੀਂ ਖੌਲ ਰਿਹਾ। ਕਿਸੇ ਨੂੰ ਚੀਨ ਦਾ ਬਾਈਕਾਟ ਕਰਨ ਦੀ ਹਿੰਮਤ ਨਹੀਂ ਹੋ ਰਹੀ। ਸਾਰਾ ਜ਼ੋਰ ਤੁਰਕੀ ਅਤੇ ਅਜ਼ਰਬਾਈਜਾਨ 'ਤੇ ਵਿਖਾਇਆ ਜਾ ਰਿਹਾ ਹੈ।

ਚੀਨ ਨਾਲ ਭਾਰਤ ਦਾ ਕਾਰੋਬਾਰ 128 ਅਰਬ ਡਾਲਰ, ਯਾਨੀ ਲਗਭਗ 10 ਲੱਖ ਕਰੋੜ ਰੁਪਏ ਦਾ ਹੈ। ਇਸ ਵਿੱਚੋਂ 113 ਅਰਬ ਡਾਲਰ ਤੋਂ ਥੋੜ੍ਹਾ ਜ਼ਿਆਦਾ ਦਾ ਆਯਾਤ ਭਾਰਤ ਕਰਦਾ ਹੈ ਅਤੇ 14 ਅਰਬ ਡਾਲਰ ਤੋਂ ਥੋੜ੍ਹਾ ਜ਼ਿਆਦਾ ਦਾ ਨਿਰਯਾਤ ਕਰਦਾ ਹੈ। ਇਸ ਤਰ੍ਹਾਂ 100 ਅਰਬ ਡਾਲਰ, ਯਾਨੀ ਲਗਭਗ 9 ਲੱਖ ਕਰੋੜ ਰੁਪਏ ਦਾ ਸਾਲਾਨਾ ਵਪਾਰਕ ਘਾਟਾ ਚੀਨ ਨਾਲ ਹੈ। ਇਸ ਲਈ ਕਾਰੋਬਾਰ ਬੰਦ ਕਰਨ ਨਾਲ ਭਾਰਤ ਦੀ ਅਰਥਵਿਵਸਥਾ 'ਤੇ ਵੱਡਾ ਅਸਰ ਪਵੇਗਾ। ਖੇਤੀਬਾੜੀ ਅਤੇ ਦਵਾਈਆਂ ਤੋਂ ਲੈ ਕੇ ਆਟੋਮੋਬਾਈਲ ਅਤੇ ਹੋਰ ਕਈ ਸੈਕਟਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਇਸੇ ਕਰਕੇ ਕੋਈ ਚੀਨ ਦਾ ਬਾਈਕਾਟ ਔਖਾ ਹੈ।

ਅੰਤਰਰਾਸ਼ਟਰੀ ਮੁਦਰਾ ਕੋਸ਼ ਦਾ ਵੀ ਬਾਈਕਾਟ ਹੋਣਾ ਚਾਹੀਦਾ, ਜਿਸ ਨੇ ਪਾਕਿਸਤਾਨ ਨੂੰ 2.3 ਅਰਬ ਡਾਲਰ ਦਾ ਕਰਜ਼ਾ ਦਿੱਤਾ ਹੈ। ਅਮਰੀਕਾ ਦਾ ਵੀ ਬਾਈਕਾਟ ਹੋਣਾ ਚਾਹੀਦਾ, ਜਿਸ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਾਕਿਸਤਾਨ ਨੂੰ ਦੋਸਤ ਕਿਹਾ ਅਤੇ ਭਾਰਤ ਦੇ ਨਾਲ-ਨਾਲ ਪਾਕਿਸਤਾਨ ਨੂੰ ਵੀ ਮਹਾਨ ਦੇਸ਼ ਕਿਹਾ। ਪਰ ਸਾਡੇ ਵਿੱਚ ਇੰਨੀ ਹਿੰਮਤ ਨਹੀਂ ਹੈ ਕਿ ਅਸੀਂ ਚੀਨ, ਅਮਰੀਕਾ ਜਾਂ ਅੰਤਰਰਾਸ਼ਟਰੀ ਮੁਦਰਾ ਕੋਸ਼ ਦਾ ਬਾਈਕਾਟ ਕਰ ਸਕੀਏ। ਇਸ ਲਈ ਅਸੀਂ ਤੁਰਕੀ ਅਤੇ ਅਜ਼ਰਬਾਈਜਾਨ ਨਾਲ ਹੀ ਕੰਮ ਚਲਾਉਂਦੇ ਹਾਂ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕਾਰੋਬਾਰੀ ਹਰਜੀਤ ਸਿੰਘ ਢੱਡਾ ਦੀ ਹੱਤਿਆ ਕਿਉਂ ਹੋਈ ?

## ✪ ਸਿੱਖ ਸਖਸ਼ੀਅਤਾਂ ਵਿਰੁੱਧ ਬਿਸ਼ਨੋਈ ਗੈਂਗਸਰਗਰਮ ਕਿਉਂ ? ✪ ਢੱਡਾ ਪਰਿਵਾਰ ਕੈਨੇਡੀਅਨ ਪੁਲਿਸ ਤੋਂ ਅਸੰਤੁਸ਼ਟ

ਮਿਸੀਸਾਗਾ ਵਿਚ ਹਰਜੀਤ ਸਿੰਘ ਢੱਡਾ ਨੂੰ 14 ਮਈ 2025 ਨੂੰ ਟ੍ਰੇਨਮੇਰ ਡਰਾਈਵ ਨੇੜੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਚਸ਼ਮਦੀਦਾਂ ਮੁਤਾਬਕ, ਇੱਕ ਕਾਰ ਵਿਚੋਂ 15-16 ਗੋਲੀਆਂ ਚੱਲੀਆਂ, ਜਿਸ ਨਾਲ ਹਰਜੀਤ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਹ ਇਲਾਕਾ ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਹੈ।

ਹਮਲਾ ਕਰਨ ਤੋਂ ਬਾਅਦ, ਹਮਲਾਵਰ ਇੱਕ ਚੋਰੀ ਦੀ ਗੱਡੀ 2018 ਬਲੈਕ ਡੌਜ ਚੈਲੇਂਜਰ ਵਿੱਚ ਮੌਕੇ ਤੋਂ ਫਰਾਰ ਹੋ ਗਿਆ, ਜਿਸ ਨੂੰ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਬਰਾਮਦ ਕਰ ਲਿਆ। ਇਸ ਹੱਤਿਆ ਨੇ ਸਿੱਖ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ। ਇਸ ਘਟਨਾ ਨੂੰ ਲੈ ਕੇ ਜਿੱਥੇ ਪੁਲਿਸ ਜਾਂਚ ਵਿਚ ਜੁਟੀ ਹੈ, ਉੱਥੇ ਹੀ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਸੋਸ਼ਲ ਮੀਡੀਆ ’ਤੇ ਹੱਤਿਆ ਦੀ ਜ਼ਿੰਮੇਵਾਰੀ ਲੈਣ ਨੇ ਮਾਮਲੇ ਨੂੰ ਹੋਰ ਗੰਭੀਰ ਕਰ ਦਿੱਤਾ।

ਅਮਰੀਕਾ ਵਿਚ ਬੈਠੇ ਗੈਂਗਸਟਰ ਰੋਹਿਤ ਗੋਦਾਰਾ ਅਤੇ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ ’ਤੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਹਰਜੀਤ ਨੂੰ ਆਪਣੇ ਦੁਸ਼ਮਣਾਂ (ਅਰਸ਼ ਡੱਲਾ ਅਤੇ ਸੁਖਾ ਦੁੱਨੇ) ਦੀ ਮਦਦ ਕਰਨ ਦੀ ਸਜ਼ਾ ਵਜੋਂ ਮਾਰਿਆ। ਉਨ੍ਹਾਂ ਨੇ ਧਮਕੀ ਦਿੱਤੀ ਕਿ ਜੋ ਵੀ ਉਨ੍ਹਾਂ ਦੇ ਵਿਰੋਧੀਆਂ ਨਾਲ ਖੜ੍ਹੇਗਾ, ਉਸ ਦਾ ਅੰਜਾਮ ਵੀ ਇਹੋ ਹੋਵੇਗਾ। ਇਸ ਘਟਨਾ ਨੇ ਕੈਨੇਡਾ ਵਿਚ ਸਿੱਖ ਕਾਰੋਬਾਰੀਆਂ ਦੀ ਸੁਰੱਖਿਆ ’ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ।

ਸਵਾਲ ਇਹ ਹੈ ਕਿ ਕੈਨੇਡਾ ਵਰਗੇ ਸੁਰੱਖਿਅਤ ਮੁਲਕ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਕਿਵੇਂ ਤੇ ਕਿਉਂ ਵਾਪਰ ਰਹੀਆਂ ਹਨ ?



ਪੁਲਿਸ ਸੀਸੀਟੀਵੀ ਫੁਟੇਜ, ਚਸ਼ਮਦੀਦਾਂ ਦੇ ਬਿਆਨ ਅਤੇ ਹੋਰ ਸਬੂਤ ਇਕੱਠੇ ਕਰ ਰਹੀ ਹੈ, ਪਰ ਹੁਣ ਤੱਕ ਕੋਈ ਮੁਲਜ਼ਮ ਨਹੀਂ ਫੜਿਆ ਗਿਆ। ਪੁਲਿਸ ਨੇ ਲੋਕਾਂ ਨੂੰ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਹੈ। ਪੁਲਿਸ ਦੀ ਜਾਂਚ ਦੀ ਗਤੀ ’ਤੇ ਸਿੱਖ ਭਾਈਚਾਰੇ ਵਿਚ ਨਾਰਾਜ਼ਗੀ ਹੈ। ਜੇਕਰ ਪੁਲਿਸ ਨੂੰ ਧਮਕੀਆਂ ਦੀ ਪਹਿਲਾਂ ਸੂਚਨਾ ਸੀ, ਤਾਂ ਇਸ ਹਮਲੇ ਨੂੰ ਰੋਕਣ ਲਈ ਕਦਮ ਕਿਉਂ ਨਹੀਂ ਚੁੱਕੇ ਗਏ ? ਪੁਲਿਸ ਦਾ ਕਹਿਣਾ ਹੈ ਕਿ ਸਾਰੇ ਸੰਭਾਵੀ ਸੁਰਾਗਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾਵੇਗੀ।

ਕੈਨੇਡਾ ਵਿੱਚ ਭਾਰਤ ਦੇ ਰਹਿਣ ਦੇ ਰਹਿਣ ਵਾਲੇ ਹਰਜੀਤ ਸਿੰਘ ਢੱਡਾ ਦੀਦੀ ਧੀ ਗੁਰਲੀਨ ਢੱਡਾ ਨੇ ਕਿਹਾ ਸੀ ਕਿ ਮੈਨੂੰ ਆਪਣੇ ਪਿਤਾ ਲਈ ਇਨਸਾਫ ਚਾਹੀਦਾ, ਮੈਨੂੰ ਹਰ ਉਸ ਪਰਿਵਾਰ ਦੇ ਨਿਆਂ ਚਾਹੀਦਾ ਹੈ, ਜਿਹੜਾ ਇਸ ਸਿਸਟਮ ਤੋਂ ਹਾਰਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਮੈਨੂੰ ਅਤੇ ਮੇਰੇ ਪੂਰੇ ਪਰਿਵਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਗੁਰਲੀਨ ਢੱਡਾ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਮੇਰੇ ਪਿਤਾ ਨੂੰ ਫਿਰੌਤੀ ਦੀਆਂ ਧਮਕੀਆਂ ਮਿਲ ਰਹੀਆਂ ਸਨ। ਅਪ੍ਰੈਲ 2023 ਵਿੱਚ ਵੀ ਸਾਨੂੰ ਇੱਕ ਸੰਭਾਵੀ ਹਮਲੇ ਦਾ ਸਾਹਮਣਾ ਕਰਨਾ ਪਿਆਸੀ। ਅਸੀਂ ਇਸ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਅਸੀਂ ਉਨ੍ਹਾਂ ਨੂੰ ਆਪਣੀ ਸੁਰੱਖਿਆ ਲਈ ਬੇਨਤੀ ਕਰਦੇ ਰਹੇ, ਪਰ ਸਾਨੂੰ ਉਨ੍ਹਾਂ ਤੋਂ ਕੋਈ ਮਦਦ ਨਹੀਂ ਮਿਲੀ। ਕੈਨੇਡੀਅਨ ਪੁਲਿਸ ਸਾਡੀ ਰੱਖਿਆ ਕਰਨ ਵਿੱਚ ਅਸਫਲ ਰਹੀ। ਉਨ੍ਹਾਂ ਕਿਹਾ ਕਿ ਹਮਲੇ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਵੀ ਸਾਨੂੰ ਕੋਈ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਗਈ। ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਕਾਰਨ ਇੱਕ ਮਾਸੂਮ ਵਿਅਕਤੀ ਦੀ ਜਾਨ ਚਲੀ ਗਈ।

ਗੁਰਲੀਨ ਨੇ ਕੈਨੇਡੀਅਨ ਸਰਕਾਰ ਤੋਂ ਪੁੱਛਦਿਆਂ ਹੋਇਆਂ ਕਿਹਾ ਕਿ ਅਜਿਹੇ ਹਮਲੇ ਵੱਧ ਰਹੇ ਹਨ ਤੇ ਮਾਸੂਮ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ, ਜਦੋਂ ਕਿ ਪੁਲਿਸ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ ਹੈ। ਅਜਿਹੀ ਸਥਿਤੀ ਵਿੱਚ, ਸਾਡੇ ਕੋਲ ਕਿਹੜੇ ਬਦਲ ਹਨ ?

ਹਰਜੀਤ ਦੇ ਪੁੱਤਰ ਤਨਵੀਰ ਸਿੰਘ ਢੱਡਾ ਕਹਿੰਦੇ ਹਨ, “ਮੇਰੇ ਪਿਤਾ ਕਿਸੇ ਵੀ ਅਪਰਾਧਿਕ ਘਟਨਾ ਵਿੱਚ ਸ਼ਾਮਲ ਨਹੀਂ ਸਨ। ਉਹ ਇਮਾਨਦਾਰੀ ਨਾਲ ਜੀਵਨ ਬਤੀਤ ਕਰ ਰਹੇ ਸਨ। ਜਿਨ੍ਹਾਂ ਨੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ, ਉਹ ਗੈਰ-ਕਾਨੂੰਨੀ ਹਥਿਆਰਾਂ ਨਾਲ ਲੈਸ ਸਨ। ਉਨ੍ਹਾਂ ਨੂੰ ਕਾਨੂੰਨ ਅਤੇ ਸਜ਼ਾ ਦਾ ਕੋਈ ਡਰ ਨਹੀਂ ਸੀ।’ ਉਨ੍ਹਾਂ ਕਿਹਾ, ਕਿ ਅਸੀਂ ਅਧਿਕਾਰੀਆਂ ’ਤੇ ਭਰੋਸਾ ਕੀਤਾ ਕਿ ਉਹ ਸਾਡੀ ਰੱਖਿਆ ਕਰਨਗੇ, ਪਰ ਉਹ ਅਸਫਲ ਰਹੇ ਹਨ। ਸਾਡਾ ਦਫਤਰ ਹਵਾਈ ਅੱਡੇ ਦੇ ਨੇੜੇ ਇੱਕ ਅਜਿਹੇ ਖੇਤਰ ਵਿੱਚ ਸਥਿਤ ਹੈ ਜੋ ਉੱਚ ਪੁਲਿਸ ਮੌਜੂਦਗੀ ਲਈ ਜਾਣਿਆ ਜਾਂਦਾ ਹੈ, ਪਰ ਫਿਰ ਵੀ ਮੇਰੇ ਪਿਤਾ ਨੂੰ ਦਿਨ-ਦਿਹਾੜੇ ਗੋਲੀ ਮਾਰ ਦਿੱਤੀ ਗਈ। ਜੇਕਰ ਇੱਥੇ ਅਜਿਹੀ ਹਿੰਸਕ ਕਾਰਵਾਈ ਹੋ ਸਕਦੀ ਹੈ, ਤਾਂ ਆਮ ਨਾਗਰਿਕਾਂ ਨੂੰ ਕੀ ਸੁਰੱਖਿਆ ਮਿਲੇਗੀ।

ਪੰਥਕ ਜਥੇਬੰਦੀਆਂ ਵਰਲਡ ਸਿੱਖ ਆਰਗੇਨਾਈਜ਼ੇਸ਼ਨਨੇ ਸਰਕਾਰ ਤੋਂ ਸਖ਼ਤ ਕਾਰਵਾਈ ਅਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਸੋਸ਼ਲ ਮੀਡੀਆ ’ਤੇ ਸਿੱਖ ਭਾਈਚਾਰੇ ਨੇ ਇਸ ਨੂੰ ਸਿੱਖ ਪ੍ਰਮੁੱਖ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਨਾਲ ਜੋੜਿਆ, ਜਿਵੇਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ।

ਮੀਡੀਆ ਦੀਆਂ ਰਿਪੋਰਟਾਂ ਵਿਚ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੀ ਪੈਟਰਨ ਸਾਫ ਦਿਸਦੀ ਹੈ। ਕੁਝ ਮਾਮਲਿਆਂ ਵਿਚ ਸਿੱਖ ਅੰਦੋਲਨਾਂ (ਜਿਵੇਂ ਖਾਲਿਸਤਾਨ) ਨਾਲ ਜੁੜੇ ਵਿਵਾਦ ਵੀ ਅਜਿਹੀਆਂ ਹੱਤਿਆਵਾਂ ਦਾ ਕਾਰਨ ਬਣਦੇ ਹਨ, ਹਾਲਾਂਕਿ ਹਰਜੀਤ ਸਿੰਘ ਦਾ ਅਜਿਹੇ ਅੰਦੋਲਨ ਨਾਲ ਸਿੱਧਾ ਸਬੰਧ ਨਹੀਂ ਸੀ।

ਕੈਨੇਡਾ ਸਰਕਾਰ ਨੇ ਹੁਣ ਤੱਕ ਇਸ ਮਾਮਲੇ ’ਤੇ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਪਹਿਲਾਂ ਹੀ ਸਿੱਖ ਭਾਈਚਾਰੇ ਨਾਲ ਜੁੜੇ ਮੁੱਦਿਆਂ (ਜਿਵੇਂ ਨਿੱਝਰ ਕਤਲ) ’ਤੇ ਭਾਰਤ ਨਾਲ ਤਣਾਅ ਦਾ ਸਾਹਮਣਾ ਕਰ ਰਹੀ ਹੈ। ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਸਰਕਾਰ ਸੁਰੱਖਿਆ ਪ੍ਰਬੰਧਾਂ ਵਿਚ ਨਾਕਾਮ ਰਹੀ ਹੈ। ਸਵਾਲ ਹੈ ਕਿ ਕੈਨੇਡਾ ਸਰਕਾਰ ਸਿੱਖ ਭਾਈਚਾਰੇ ਦੀ ਸੁਰੱਖਿਆ ਲਈ ਕੀ ਠੋਸ ਕਦਮ ਚੁੱਕੇਗੀ ?

ਸੋਸ਼ਲ ਮੀਡੀਆ ਪਲੇਟਫਾਰਮ ਲਿੰਕਡਇਨ ’ਤੇ ਦਿੱਤੀ ਜਾਣਕਰੀ ਮੁਤਾਬਕ, ਢੱਡਾ ਇੱਕ ਵਪਾਰਕ ਬੀਮਾ ਬ੍ਰੋਕਰ ਸਨ। ਉਨ੍ਹਾਂ ਦੀ ਉਮਰ 51 ਸਾਲ ਸੀ ਅਤੇ ਉਹ 1997 ਤੋਂ ਕੈਨੇਡਾ ਵਿੱਚ ਰਹਿ ਰਹੇ ਸਨ।

ਢੱਡਾ ਦਾ ਪਿਛੋਕੜ ਭਾਰਤ ’ਚ ਉਤਰਾਖੰਡ ਸੂਬੇ ਦੇ ਬਾਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਹੈ। ਉਹ ਇੱਕ ਕਾਰੋਬਾਰੀ ਸਨ ਅਤੇ ਆਪਣੇ ਪਰਿਵਾਰ ਨਾਲ ਕੈਨੇਡਾ ਦੇ ਬਰੈਂਪਟਨ ਵਿੱਚ ਰਹਿੰਦੇ ਸਨ। ਹਰਜੀਤ ਸਿੰਘ ਢੱਡਾ ਦੇ ਬੱਚਿਆਂ ਮੁਤਾਬਕ, ਉਨ੍ਹਾਂ ਦੇ ਪਿਤਾ ਕੈਨੇਡਾ ਵਿੱਚ ਉਨ੍ਹਾਂ ਦੇ ਭਾਈਚਾਰੇ ਦੇ ਇੱਕ ਸਤਿਕਾਰਯੋਗ ਮੈਂਬਰ ਸਨ।

# ਮੁਹਾਲੀ ਅਦਾਲਤ ਨੇ ਭਾਈ ਹਵਾਰਾ ਨੂੰ 2005 ਦੇ ਕੇਸ ਵਿਚ ਕੀਤਾ ਬਰੀ, ਸਾਰੇ ਪੈਂਡਿੰਗ ਕੇਸ ਨਿਪਟੇ

## ✪ ਵਕੀਲ ਮੰਝਪੁਰ ਅਨੁਸਾਰ ਭਾਈ ਹਵਾਰਾ ਹੁਣ ਪੈਰੋਲ ਲਈ ਯੋਗ ✪ ਕੌਮੀ ਇਨਸਾਫ ਮੋਰਚਾ ਦੀ ਮੰਗ: ਹਵਾਰਾ ਨੂੰ ਪੰਜਾਬ ਜੇਲ ਵਿਚ ਤਬਦੀਲ ਕਰੋ

ਐੱਸ. ਏ. ਐੱਸ. ਨਗਰ-ਬੀਤੇ ਦਿਨੀਂ ਮੁਹਾਲੀ ਦੀ ਜ਼ਿਲ੍ਹਾ ਅਦਾਲਤ ਨੇ ਭਾਈ ਜਗਤਾਰ ਸਿੰਘ ਹਵਾਰਾ ਨੂੰ 2005 ਵਿਚ ਥਾਣਾ ਸਦਰ ਖਰੜ ਵਿਚ ਵਿਸਫੋਟਕ ਸਮੱਗਰੀ ਅਤੇ ਅਸਲਾ ਐਕਟ ਅਧੀਨ ਦਰਜ ਮਾਮਲੇ ਵਿਚੋਂ ਬਰੀ ਕਰ ਦਿੱਤਾ ਸੀ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਤੇਜ ਪ੍ਰਤਾਪ ਸਿੰਘ ਰੰਧਾਵਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਇਹ ਫੈਸਲਾ ਸੁਣਾਇਆ ਸੀ, ਜਿਸ ਵਿਚ ਭਾਈ ਹਵਾਰਾ ਮੰਡੋਲੀ ਜੇਲ, ਦਿੱਲੀ ਤੋਂ ਵਰਚੁਅਲ ਤੌਰ ’ਤੇ ਪੇਸ਼ ਹੋਏ ਸਨ। ਪੁਲਿਸ ਨੇ 2005 ਵਿਚ ਭਾਈ ਹਵਾਰਾ ਸਮੇਤ ਪੰਜ ਜਣਿਆਂ ’ਤੇ ਅਸਲ੍ਹਾ ਅਤੇ ਗੋਲਾ-ਬਾਰੂਦ ਇਕੱਠਾ ਕਰਕੇ ਕਿਸੇ ਵਾਰਦਾਤ ਦੀ ਤਿਆਰੀ ਦਾ ਇਲਜ਼ਾਮ ਲਾਇਆ ਸੀ। ਇਸ ਮਾਮਲੇ ਵਿਚ ਬਾਕੀ ਚਾਰ ਨਾਮਜ਼ਦ ਵਿਅਕਤੀਆਂ ’ਤੇ ਪਹਿਲਾਂ ਹੀ ਫੈਸਲਾ ਸੁਣਾਇਆ ਜਾ ਚੁੱਕਾ ਹੈ, ਜਿਸ ਵਿਚ ਸਵਰਨ ਸਿੰਘ ਨੂੰ 5 ਸਾਲ, ਗੁਰਦੀਪ ਸਿੰਘ



ਅਤੇ ਪਰਮਜੀਤ ਸਿੰਘ ਨੂੰ 3-3 ਸਾਲ ਦੀ ਸਜ਼ਾ ਮਿਲੀ ਸੀ, ਜਦਕਿ ਪਰਮਿੰਦਰ ਸਿੰਘ ਨੂੰ ਪਹਿਲਾਂ ਬਰੀ ਕੀਤਾ ਜਾ ਚੁੱਕਾ ਸੀ।

ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਇਹ ਹਵਾਰਾ ਦਾ ਆਖਰੀ ਪੈਂਡਿੰਗ ਕੇਸ ਸੀ ਅਤੇ ਹੁਣ ਉਨ੍ਹਾਂ ਦੇ ਖਿਲਾਫ ਕੋਈ ਹੋਰ ਮਾਮਲਾ ਅਦਾਲਤ ’ਚ ਨਹੀਂ ਹੈ। 29 ਸਾਲਾਂ ਤੋਂ ਜੇਲ੍ਹ ਵਿਚ ਨਜ਼ਰਬੰਦ ਭਾਈ ਹਵਾਰਾ ਹੁਣ ਕਾਨੂੰਨੀ ਤੌਰ ’ਤੇ ਪੈਰੋਲ ਲਈ ਯੋਗ ਹਨ। ਹਾਲਾਂਕਿ, ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ’ਚ ਉਮਰ ਕੈਦ ਦੀ ਸਜ਼ਾ ਕਾਰਨ ਪੂਰਨ ਰਿਹਾਈ ਸੰਭਵ ਨਹੀਂ, ਪਰ ਪੈਰੋਲ ਜਾਂ ਸਜ਼ਾ ਵਿਚ ਰਾਹਤ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ। ਭਾਈ ਹਵਾਰਾ ਨੇ ਸੁਪਰੀਮ ਕੋਰਟ ’ਚ ਪਟੀਸ਼ਨ ਦਾਇਰ ਕਰਕੇ ਮੰਡੋਲੀ ਜੇਲ ਤੋਂ ਪੰਜਾਬ ਦੀ ਜੇਲ ’ਚ ਤਬਦੀਲੀ ਦੀ ਮੰਗ ਕੀਤੀ ਹੈ,

ਕਿਉਂਕਿ ਦਿੱਲੀ ਜਾਂ ਹੋਰ ਰਾਜਾਂ ਵਿਚ ਉਨ੍ਹਾਂ ਦਾ ਕੋਈ ਕੇਸ ਪੈਂਡਿੰਗ ਨਹੀਂ।

ਕੌਮੀ ਇਨਸਾਫ ਮੋਰਚਾ ਪਿਛਲੇ ਦੋ ਸਾਲਾਂ ਤੋਂ ਮੁਹਾਲੀ ਦੇ ਵਾਈਪੀਐਸ ਚੌਂਕ ’ਤੇ ਭਾਈ ਹਵਾਰਾ ਦੀ ਰਿਹਾਈ ਅਤੇ ਪੰਜਾਬ ਜੇਲ ’ਚ ਤਬਦੀਲੀ ਦੀ ਮੰਗ ਲਈ ਧਰਨਾ ਦੇ ਰਿਹਾ ਹੈ। ਹੁਣ ਭਾਰਤ ਸਰਕਾਰ ’ਤੇ ਨਿਰਭਰ ਕਰਦਾ ਹੈ ਕਿ ਉਹ ਭਾਈ ਹਵਾਰਾ ਨੂੰ ਪੈਰੋਲ ਦਿੰਦੀ ਹੈ ਜਾਂ ਨਹੀਂ।

# ਪੰਜਾਬ ਤੇ ਹਰਿਆਣਾ ਵਿਚ ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ਾਂ ਹੇਠ 12 ਲੋਕ ਗ੍ਰਿਫ਼ਤਾਰ

## ✪ ਪੁਲੀਸ ਦੀ ਮੁਢਲੀ ਜਾਂਚ ਵਿਚ ਕੀ ਨਿਕਲਿਆ, ਪਰਿਵਾਰ ਵਾਲੇ ਦੋਸ਼ਾਂ ਤੋਂ ਕਰ ਰਹੇ ਨੇ ਇਨਕਾਰ



ਅੰਮ੍ਰਿਤਸਰ-ਪਿਛਲੇ ਦੋ ਹਫ਼ਤਿਆਂ 'ਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ 12 ਵਿਅਕਤੀਆਂ ਨੂੰ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈਐਸਆਈ ਲਈ ਜਾਸੂਸੀ ਕਰਨ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਵਿਚ ਪੰਜਾਬ ਦੇ ਗੁਰਦਾਸਪੁਰ ਤੋਂ ਸੁਖਪ੍ਰੀਤ ਸਿੰਘ ਅਤੇ ਕਰਨਵੀਰ ਸਿੰਘ, ਮਲੇਰਕੋਟਲਾ ਤੋਂ ਗੁਜ਼ਾਲਾ ਅਤੇ ਯਾਮੀਨ ਮੁਹੰਮਦ, ਅਤੇ ਹਰਿਆਣਾ ਦੇ ਹਿਸਾਰ ਤੋਂ ਯੂਟਿਊਬਰ ਜਯੋਤੀ ਮਲਹੋਤਰਾ ਸਮੇਤ ਹੋਰ ਵਿਅਕਤੀ ਸ਼ਾਮਲ ਹਨ। ਪੁਲਿਸ ਅਨੁਸਾਰ, ਇਹ ਵਿਅਕਤੀ ਸੰਵੇਦਨਸ਼ੀਲ ਫੌਜੀ ਜਾਣਕਾਰੀ, ਜਿਵੇਂ ਕਿ ਆਪ੍ਰੇਸ਼ਨ ਸਿੰਦੂਰ ਅਤੇ ਸਰਹੱਦੀ ਖੇਤਰਾਂ ਦੀਆਂ ਗਤੀਵਿਧੀਆਂ, ਪਾਕਿਸਤਾਨ ਨੂੰ ਸਾਂਝੀ ਕਰ ਰਹੇ ਸਨ। ਇਨ੍ਹਾਂ ਵਿਚੋਂ ਕਈਆਂ ਨੇ ਵਟਸਐਪ ਅਤੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਭੇਜੀ, ਜਿਸ ਦੇ ਬਦਲੇ ਉਨ੍ਹਾਂ ਨੂੰ ਪੈਸੇ ਮਿਲੇ।

ਪੰਜਾਬ ਪੁਲਿਸ ਅਤੇ ਕੇਂਦਰੀ ਖੁਫ਼ੀਆ ਏਜੰਸੀਆਂ ਦਾ ਦਾਅਵਾ ਹੈ ਕਿ ਉਹਨਾਂ ਨੇ ਸਾਂਝੇ ਆਪ੍ਰੇਸ਼ਨ ਨਾਲ ਇਸ ਜਾਸੂਸੀ ਨੈੱਟਵਰਕ ਨੂੰ ਤੋੜਨ ਵਿਚ ਸਫਲਤਾ ਹਾਸਲ ਕੀਤੀ ਹੈ। ਗੁਰਦਾਸਪੁਰ ਵਿਚ 15 ਮਈ ਨੂੰ ਸੁਖਪ੍ਰੀਤ ਅਤੇ ਕਰਨਵੀਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਕੋਲੋਂ 3 ਮੋਬਾਈਲ ਫੋਨ ਅਤੇ 8 ਜ਼ਿੰਦਾ ਕਾਰਤੂਸ ਬਰਾਮਦ ਹੋਏ ਸਨ। ਹਰਿਆਣਾ 'ਚ ਜਯੋਤੀ ਮਲਹੋਤਰਾ, ਦੇਵੇਂਦਰ ਸਿੰਘ, ਤਾਰੀਫ਼, ਅਰਮਾਨ ਅਤੇ ਨੋਮਾਨ ਇਲਾਹੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੇ ਇਨ੍ਹਾਂ ਦੇ ਮੋਬਾਈਲ, ਲੈਪਟਾਪ ਅਤੇ ਵਿੱਤੀ ਲੈਣ-ਦੇਣ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਡੀਆਈਜੀ ਸਤਿੰਦਰ ਸਿੰਘ ਨੇ ਦੱਸਿਆ ਕਿ ਭਰੋਸੇਯੋਗ ਸੂਚਨਾਵਾਂ ਦੇ ਆਧਾਰ 'ਤੇ ਕਾਰਵਾਈ ਜਾਰੀ ਹੈ ਅਤੇ ਹੋਰ ਖੁਲਾਸੇ ਸਾਹਮਣੇ ਆ ਸਕਦੇ ਹਨ।

### ਪਰਿਵਾਰਾਂ ਦਾ ਇਨਕਾਰ ਅਤੇ ਸਵਾਲ

ਗ੍ਰਿਫ਼ਤਾਰ ਵਿਅਕਤੀਆਂ ਦੇ ਪਰਿਵਾਰਾਂ ਨੇ ਦੋਸ਼ਾਂ ਨੂੰ ਰੱਦ ਕੀਤਾ ਹੈ। ਸੁਖਪ੍ਰੀਤ ਦੇ ਪਿਤਾ ਗੁਰਮੀਤ ਸਿੰਘ ਅਤੇ ਮਾਤਾ ਨਰਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦਾ 19 ਸਾਲਾ ਬੇਟਾ ਗਰੀਬ ਪਰਿਵਾਰ ਨਾਲ ਸਬੰਧਤ ਹੈ ਅਤੇ ਕਦੇ ਸਰਹੱਦ ਨੇੜੇ ਨਹੀਂ ਗਿਆ। ਉਨ੍ਹਾਂ ਨੂੰ ਪੁਲਿਸ ਦੀ ਕਾਰਵਾਈ 'ਤੇ ਸ਼ੱਕ ਹੈ ਅਤੇ ਇਨਸਾਫ਼ ਦੀ ਮੰਗ ਕੀਤੀ ਹੈ।

ਸੁਖਪ੍ਰੀਤ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੁਝ ਨਹੀਂ ਪਤਾ। ਇਸ ਦੇ ਨਾਲ ਹੀ ਪਰਿਵਾਰ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਦੇ ਬੇਟੇ ਦੇ ਖਾਤੇ ਵਿੱਚ ਕੋਈ ਪੈਸਾ ਨਹੀਂ ਆਇਆ ਅਤੇ ਨਾ ਹੀ ਉਸ ਕੋਲ ਕੋਈ ਦਸਤਾਵੇਜ਼ ਮਿਲੇ ਹਨ ਤੇ ਨਾ ਹੀ ਕੋਈ ਅਸਲਾ। ਪਿਤਾ ਦਾ ਕਹਿਣਾ ਹੈ ਕਿ ਪੜ੍ਹਾਈ ਦੇ ਬਾਅਦ ਸੁਖਪ੍ਰੀਤ ਉਨ੍ਹਾਂ ਨਾਲ ਹੀ ਕੰਮ ਕਰਦਾ ਹੈ। ਪਰਿਵਾਰ ਵਿੱਚ ਇੱਕ ਵੱਡੀ ਕੁੜੀ ਹੈ, ਜਿਸ ਦਾ ਵਿਆਹ ਹੋ ਗਿਆ ਹੈ ਅਤੇ ਦੋ ਬੇਟੇ ਹਨ। ਸੁਖਪ੍ਰੀਤ ਸਭ ਤੋਂ ਛੋਟਾ ਹੈ।

ਉਧਰ ਸੁਖਪ੍ਰੀਤ ਦੇ ਮਾਤਾ ਨਰਿੰਦਰ ਕੌਰ ਦਾ ਕਹਿਣਾ ਹੈ, "ਸਾਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਸਾਡੇ ਨਾਲ ਕੀ ਧੱਕਾ ਹੋ ਰਿਹਾ। ਉਹ ਤਾਂ ਆਪਣੇ ਪਿਓ ਨਾਲ ਕੰਮ 'ਤੇ ਵੀ ਜਾਂਦਾ ਰਿਹਾ ਹੈ। ਦੂਜੇ ਮੁੰਡੇ ਬਾਰੇ ਸਾਨੂੰ ਪਤਾ ਵੀ ਨਹੀਂ ਕਿ ਉਹ ਕਿੱਥੋਂ ਦਾ ਹੈ।" "ਸਾਡੇ ਸੁੱਤੇ ਹੋਏ ਬੇਟੇ ਨੂੰ ਧੂਹ ਕੇ ਲੈ ਗਏ ਹਨ। ਮੈਂ ਰੋਕਿਆ ਤਾਂ ਮੈਨੂੰ ਪਿੱਛੇ ਧੱਕ ਦਿੱਤਾ। ਉਹ ਸਾਨੂੰ ਕੁਝ ਨਹੀਂ ਦੱਸਦਾ ਰਿਹਾ। ਸਾਨੂੰ ਪਤਾ ਨਹੀਂ ਲੱਗਦਾ ਸੀ ਕਿੱਥੇ ਜਾਂਦਾ ਸੀ।"

ਇਸੇ ਤਰ੍ਹਾਂ ਜਯੋਤੀ ਮਲਹੋਤਰਾ ਦੇ ਪਿਤਾ ਹਰੀਸ਼ ਕੁਮਾਰ ਨੇ ਦੱਸਿਆ ਕਿ ਜਯੋਤੀ ਮਲਹੋਤਰਾ ਇੱਕ ਟ੍ਰੈਵਲ ਵਲੌਗਰ ਹਨ। ਉਨ੍ਹਾਂ ਨੇ ਯੂਟਿਊਬ ਚੈਨਲ ਦਾ ਨਾਮ 'ਟ੍ਰੈਵਲ ਵਿਦ ਜੋ' ਹੈ। ਉਨ੍ਹਾਂ ਨੇ ਆਪਣੇ ਯੂਟਿਊਬ ਚੈਨਲ ਉੱਤੇ ਕਈ ਵੱਖ-ਵੱਖ ਦੇਸ਼ਾਂ ਦੇ ਆਪਣੇ ਸਫ਼ਰਨਾਮੇ ਸਾਂਝੇ ਕੀਤੇ ਹਨ। ਉਨ੍ਹਾਂ ਦੀ ਬੇਟੀ ਨੇ ਸਰਕਾਰੀ ਇਜਾਜ਼ਤ ਨਾਲ ਪਾਕਿਸਤਾਨ ਦਾ ਦੌਰਾ ਕੀਤਾ ਸੀ। ਹਰਿਆਣਾ ਦੇ ਹਿਸਾਰ ਦੀ ਟ੍ਰੈਵਲ ਬਲੌਗਰ ਅਤੇ ਯੂਟਿਊਬਰ ਜਯੋਤੀ ਮਲਹੋਤਰਾ ਨੂੰ ਵੀ ਜਾਸੂਸੀ ਦੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਦੂਜੇ ਪਾਸੇ ਹਿਸਾਰ ਪੁਲਿਸ ਨੇ ਖੁਲਾਸਾ ਕੀਤਾ ਹੈ ਕਿ ਜਯੋਤੀ ਆਪਣੀ ਆਮਦਨ ਤੋਂ ਵੱਧ ਆਲੀਸ਼ਾਨ ਜ਼ਿੰਦਗੀ ਜੀਅ ਰਹੀ ਸੀ। ਹਿਸਾਰ ਦੇ ਐੱਸਪੀ ਸ਼ਸ਼ਾਂਕ ਕੁਮਾਰ ਸਾਵਨ ਨੇ ਬੀਤੇ ਦਿਨੀਂ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਸੀ ਕਿ ਪਾਕਿਸਤਾਨ ਜਯੋਤੀ ਨੂੰ ਆਪਣੀ ਇੱਕ ਏਸੇੱਟ ਬਣਾਉਣ ਦੀ ਤਿਆਰੀ ਕਰ ਰਿਹਾ ਸੀ, ਜੋ ਭਾਰਤ ਦੀ ਖੁਫੀਆ ਜਾਣਕਾਰੀ ਮੁਹੱਈਆ ਕਰਵਾਏ। ਦੁਸ਼ਮਣ ਦੇਸ਼ ਅਜਿਹੇ ਨੌਜਵਾਨ ਇਨਫਲੂਐਂਸਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਪੈਸੇ ਲਈ, ਨੌਜਵਾਨ ਵੀ ਗ਼ਲਤ ਰਸਤਾ ਅਪਣਾਉਂਦੇ ਹਨ। ਪੁਲਿਸ ਸੁਪਰੀਡੈਂਟ ਨੇ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਹੋਏ ਹਮਲੇ ਤੋਂ ਪਹਿਲਾਂ ਜਯੋਤੀ ਜੰਮੂ ਕਸ਼ਮੀਰ ਗਈ ਸੀ ਅਤੇ ਪਾਕਿਸਤਾਨ ਵੀ ਗਈ ਸੀ।"

ਐੱਸਪੀ ਸ਼ਸ਼ਾਂਕ ਕੁਮਾਰ ਸਾਵਨ ਨੇ ਦੱਸਿਆ ਕਿ ਜਾਂਚ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਦੀਆਂ ਯਾਤਰਾਵਾਂ ਦਾ ਹਮਲੇ ਨਾਲ ਸਬੰਧ ਹੈ ਜਾਂ ਨਹੀਂ। ਐੱਸਪੀ ਨੇ ਇਹ ਵੀ ਕਿਹਾ ਕਿ ਹੁਣ ਤੱਕ ਜਯੋਤੀ ਕੋਲ ਕੋਈ ਖ਼ੁਫ਼ੀਆ ਜਾਣਕਾਰੀ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ ਪਰ ਹਿਸਾਰ ਇੱਕ ਰਣਨੀਤਕ ਤੌਰ 'ਤੇ ਮਹੱਤਵਪੂਰਨ ਥਾਂ ਹੈ, ਇਸ ਲਈ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਜਯੋਤੀ ਨੇ ਪਾਕਿਸਤਾਨੀ ਅਧਿਕਾਰੀਆਂ ਨਾਲ ਕਿਹੜੀ ਖ਼ੁਫ਼ੀਆ ਜਾਣਕਾਰੀ ਸਾਂਝੀ ਕੀਤੀ ਸੀ।

ਨੋਮਾਨ ਇਲਾਹੀ ਦੀ ਭੈਣ ਨੇ ਵੀ ਕਿਹਾ ਕਿ ਉਸ ਨੂੰ ਭਰਾ ਦੀਆਂ ਗਤੀਵਿਧੀਆਂ ਬਾਰੇ ਕੁਝ ਨਹੀਂ ਪਤਾ।

ਇਸ ਤੋਂ ਇਲਾਵਾ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀ ਹਰਕੀਰਤ ਸਿੰਘ ਤੋਂ ਵੀ ਪਾਕਿਸਤਾਨ ਨਾਲ ਗੁਪਤ ਜਾਣਕਾਰੀ ਸਾਂਝੀ ਕਰਨ ਦੇ ਸ਼ੱਕ ਵਿੱਚ ਪੁੱਛਗਿੱਛ ਕੀਤੀ ਗਈ। ਹਾਲਾਂਕਿ, ਪੁੱਛਗਿੱਛ ਤੋਂ ਬਾਅਦ ਸਬੂਤਾਂ ਦੀ ਘਾਟ ਕਾਰਨ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਕੁਰੂਕਸ਼ੇਤਰ ਨਾਲ ਸਬੰਧਤ ਹਰਕੀਰਤ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਨਕਾਣਾ ਸਾਹਿਬ ਜਾਣ ਲਈ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਦੇ ਵੀਜ਼ਾ ਦਾ ਕੰਮ ਦੇਖਦਾ ਸੀ।

### ਲੋਕ ਚਿੰਤਤ ਕਿਉਂ ?

ਇਨ੍ਹਾਂ ਗ੍ਰਿਫ਼ਤਾਰੀਆਂ ਨੇ ਸਥਾਨਕ ਲੋਕਾਂ ਵਿਚ ਚਿੰਤਾ ਪੈਦਾ ਕੀਤੀ ਹੈ। ਕਈ ਲੋਕ ਸਵਾਲ ਉਠਾ ਰਹੇ ਹਨ ਕਿ ਕੀ ਸਾਰੇ ਗ੍ਰਿਫ਼ਤਾਰ ਵਿਅਕਤੀ ਸੱਚਮੁੱਚ ਜਾਸੂਸੀ 'ਚ ਸ਼ਾਮਲ ਸਨ ਜਾਂ ਕੁਝ ਨਿਰਦੋਸ਼ ਵੀ ਨਿਸ਼ਾਨੇ 'ਤੇ ਆਏ ਹਨ। ਸੁਖਪ੍ਰੀਤ ਦੇ ਪਰਿਵਾਰ ਵਰਗੇ ਲੋਕਾਂ ਦਾ ਕਹਿਣਾ ਹੈ ਕਿ ਅਜਿਹੀਆਂ ਕਾਰਵਾਈਆਂ ਨਾਲ ਆਮ ਲੋਕਾਂ ਵਿਚ ਦਹਿਸ਼ਤ ਫੈਲ ਸਕਦੀ ਹੈ। ਹਾਲਾਂਕਿ, ਪੁਲਿਸ ਅਤੇ ਖੁਫ਼ੀਆ ਏਜੰਸੀਆਂ ਦਾਅਵਾ ਕਰ ਰਹੀਆਂ ਹਨ ਕਿ ਜਾਂਚ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਡੂੰਘਾਈ ਨਾਲ ਕੀਤੀ ਜਾ ਰਹੀ ਹੈ।

ਹਰਿਆਣਾ ਪੁਲਿਸ ਦੇ ਐਸਪੀ ਸ਼ਸ਼ਾਂਕ ਕੁਮਾਰ ਸਾਵਨ ਨੇ ਕਿਹਾ ਕਿ ਜਯੋਤੀ ਮਲਹੋਤਰਾ ਵਰਗੇ ਇਨਫਲੂਐਂਸਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਕੌਮੀ ਸੁਰੱਖਿਆ ਲਈ ਖਤਰਾ ਹੈ।

ਇਹ ਨਿਰਣਾ ਕਰਨਾ ਕਿ ਗ੍ਰਿਫ਼ਤਾਰ ਵਿਅਕਤੀ ਸਹੀ ਹਨ ਜਾਂ ਗਲਤ, ਅਜੇ ਮੁਸ਼ਕਲ ਹੈ ਕਿਉਂਕਿ ਜਾਂਚ ਜਾਰੀ ਹੈ। ਪੁਲਿਸ ਕੋਲ ਮੋਬਾਈਲ ਫੋਨ, ਵਿੱਤੀ ਲੈਣ-ਦੇਣ ਅਤੇ ਸੋਸ਼ਲ ਮੀਡੀਆ ਸਬੂਤ ਹਨ, ਜਿਨ੍ਹਾਂ ਦੀ ਫੋਰੈਂਸਿਕ ਜਾਂਚ ਤੋਂ ਬਾਅਦ ਹੀ ਸਪੱਸ਼ਟ ਤਸਵੀਰ ਸਾਹਮਣੇ ਆਵੇਗੀ।

ਸੁਖਪ੍ਰੀਤ ਅਤੇ ਕਰਨਵੀਰ ਵਰਗੇ ਵਿਅਕਤੀਆਂ ਦੇ ਮਾਮਲੇ 'ਚ ਪੁਲਿਸ ਨੇ ਆਈਐਸਆਈ ਨਾਲ ਸਿੱਧੇ ਸੰਪਰਕ ਦੀ ਪੁਸ਼ਟੀ ਕੀਤੀ ਹੈ, ਪਰ ਪਰਿਵਾਰਾਂ ਦੇ ਇਨਕਾਰ ਨੇ ਸਵਾਲ ਵੀ ਖੜ੍ਹੇ ਕੀਤੇ ਹਨ। ਅਜਿਹੀਆਂ ਗ੍ਰਿਫ਼ਤਾਰੀਆਂ ਨਾਲ ਸਥਾਨਕ ਲੋਕਾਂ 'ਚ ਚਿੰਤਾ ਅਤੇ ਅਨਿਸ਼ਚਿਤਤਾ ਪੈਦਾ ਹੋ ਸਕਦੀ ਹੈ, ਖਾਸਕਰ ਜਦੋਂ ਪਰਿਵਾਰ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਰਿਸ਼ਤੇਦਾਰ ਨਿਰਦੋਸ਼ ਹਨ।

ਡੀਜੀਪੀ ਗੌਰਵ ਯਾਦਵ ਅਤੇ ਹਰਿਆਣਾ ਦੇ ਐਸਪੀ ਸ਼ਸ਼ਾਂਕ ਕੁਮਾਰ ਸਾਵਨ ਨੇ ਸਪੱਸ਼ਟ ਕੀਤਾ ਹੈ ਕਿ ਜਾਂਚ ਪਾਰਦਰਸ਼ੀ ਅਤੇ ਵਿਆਪਕ ਹੈ, ਜਿਸ ਨਾਲ ਹੋਰ ਮਹੱਤਵਪੂਰਨ ਖੁਲਾਸੇ ਸੰਭਵ ਹਨ।

## ਲੜਕੀ ਨੂੰ ਮੈਸੇਜ ਭੇਜਣ 'ਤੇ ਲੜਕੇ ਦੇ ਵਾਲ ਕਟੇ

ਨਾਭਾ-ਇੱਥੋਂ ਦੇ ਪਿੰਡ ਮਲਕੋ ਦੇ 21 ਸਾਲਾ ਦਲਿਤ ਨੌਜਵਾਨ ਦੀ ਕੁੱਟਮਾਰ, ਕੇਸ ਕੱਟਣ ਅਤੇ ਮੂੰਹ ਕਾਲਾ ਕਰਨ ਦੀ ਵੀਡੀਓ ਵਾਇਰਲ ਹੋ ਰਹੀ ਹੈ। ਨਾਭਾ ਸਿਵਲ ਹਸਪਤਾਲ ਵਿੱਚ ਦਾਖਲ ਪੀੜਤ ਲੜਕੇ ਨੇ ਮੰਨਿਆ ਕਿ ਉਸ ਨੇ ਦੋਸਤੀ ਲਈ ਮੈਸੇਜ ਕੀਤਾ ਸੀ ਤੇ ਉਹ ਮੁਆਫ਼ੀ ਵੀ ਮੰਗਦਾ ਰਿਹਾ ਪਰ ਲੜਕੀ ਦੇ ਪਰਿਵਾਰ ਤੇ ਕੁਝ ਹੋਰ ਪਿੰਡ ਵਾਸੀਆਂ ਨੇ ਪੰਚਾਇਤ ਦੀ ਹਾਜ਼ਰੀ ਵਿੱਚ ਉਸ ਦੀ ਕੁੱਟਮਾਰ ਕੀਤੀ, ਕੇਸ ਕਤਲ ਕੀਤੇ ਤੇ ਮੂੰਹ ਕਾਲਾ ਕੀਤਾ। ਐੱਸਸੀ ਪਰਿਵਾਰ ਨਾਲ ਸਬੰਧਤ ਲੜਕੇ ਨੇ ਦੋ ਸਾਲ ਪਹਿਲਾਂ ਅੰਮ੍ਰਿਤ ਛਕਣ ਦਾ ਦਾਅਵਾ ਕਰਦੇ ਹੋਏ ਦੱਸਿਆ ਕਿ ਲੜਕੀ ਬੀਸੀ ਪਰਿਵਾਰ ਵਿੱਚੋਂ ਸੀ।

ਪਿੰਡ ਦੇ ਸਰਪੰਚ ਸੁਖਚੈਨ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਜਦੋਂ ਉਹ ਮੌਕੇ 'ਤੇ ਪਹੁੰਚਿਆ ਤਾਂ ਉਸ ਦੇ ਕੇਸ ਕੱਟੇ ਜਾ ਰਹੇ ਸੀ। ਉਸ ਦੇ ਰੋਕਣ ਦੇ ਬਾਵਜੂਦ ਪਰਿਵਾਰ ਨਾ ਰੁਕਿਆ। ਪੁਲੀਸ ਦੇ ਕਹਿਣ 'ਤੇ ਉਹ ਦੋਵਾਂ ਧਿਰਾਂ ਨੂੰ ਚੌਕੀ ਲੈ ਗਿਆ। ਹਾਲਾਂਕਿ ਸਰਪੰਚ ਨੇ ਦਾਅਵਾ ਕੀਤਾ ਕਿ ਲੜਕੇ ਨੇ ਪਹਿਲਾਂ ਅੰਮ੍ਰਿਤ ਜ਼ਰੂਰ ਛਕਿਆ ਸੀ ਪਰ ਕੁਝ ਸਮਾਂ ਪਹਿਲਾਂ ਉਸ ਨੇ ਆਪ ਕੇਸ ਕਟਵਾ ਕੇ ਟੋਪੀ ਪਾਉਣੀ ਸ਼ੁਰੂ ਕਰ ਦਿੱਤੀ ਸੀ।

ਉਧਰ, ਨਾਭਾ ਸਦਰ ਐੱਸਐੱਚਓ ਗੁਰਪ੍ਰੀਤ ਸਿੰਘ ਸਮਰਾਓ ਨੇ ਦੱਸਿਆ ਕਿ ਇਸ ਸਬੰਧੀ ਜ਼ੀਰੋ ਐੱਫਆਈਆਰ ਦਰਜ ਕਰ ਰਹੇ ਹਾਂ ਤੇ ਕਾਨੂੰਨੀ ਸਲਾਹ ਅਨੁਸਾਰ ਕੇਸ ਜਿਸ ਥਾਣੇ ਵਿੱਚ ਬਣਦਾ ਹੋਵੇਗਾ, ਉਥੇ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

# ਕੀ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਦੀ ਗ੍ਰਿਫਤਾਰੀ ਸਰਕਾਰ ਦੀ ਜਮਹੂਰੀ ਵਿਰੋਧੀ ਕਾਰਵਾਈ ਏ ?

## ✪ ਪ੍ਰੋਫੈਸਰ ਵਲੋਂ ਸੁਪਰੀਮ ਕੋਰਟ ਵਿਚ ਅਪੀਲ, ਸੁਣਵਾਈ 20-21 ਮਈ ਨੂੰ ਸੰਭਵ

ਦਿੱਲੀ-ਹਰਿਆਣਾ ਪੁਲੀਸ ਨੇ ਐਤਵਾਰ, 18 ਮਈ 2025 ਨੂੰ ਅਸ਼ੋਕਾ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਨੂੰ ਆਪਰੇਸ਼ਨ ਸਿੰਧੂਰ ਬਾਰੇ ਸੋਸ਼ਲ ਮੀਡੀਆ ’ਤੇ ਕੀਤੀ ਟਿੱਪਣੀ ਕਰਕੇ ਗ੍ਰਿਫਤਾਰ ਕਰ ਲਿਆ। ਉਨ੍ਹਾਂ ’ਤੇ ਦੇਸ਼ਧ੍ਰੋਹ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲਾਏ ਗਏ ਹਨ। ਇਹ ਗ੍ਰਿਫਤਾਰੀ ਦਿੱਲੀ ਦੇ ਗ੍ਰੇਟਰ ਕੈਲਾਸ਼ ਸਥਿਤ ਉਨ੍ਹਾਂ ਦੇ ਘਰੋਂ ਹੋਈ ਸੀ। ਹਰਿਆਣਾ ਪੁਲੀਸ ਨੇ ਉਨ੍ਹਾਂ ਦੀ ਟਿੱਪਣੀ ਨੂੰ ਰਾਸ਼ਟਰੀ ਏਕਤਾ ਲਈ ਨੁਕਸਾਨਦੇਹ ਅਤੇ ਸਾਂਪਰਦਾਇਕ ਵੈਰ-ਵਿਰੋਧ ਨੂੰ ਹਵਾ ਦੇਣ ਵਾਲਾ ਮੰਨਿਆ ਸੀ। ਇਹ ਕਾਰਵਾਈ ਹਰਿਆਣਾ ਰਾਜ ਮਹਿਲਾ ਕਮਿਸ਼ਨ ਦੇ ਨੋਟਿਸ ਤੋਂ ਬਾਅਦ ਹੋਈ ਸੀ, ਜਿਸ ਵਿਚ ਪ੍ਰੋਫੈਸਰ ’ਤੇ ਮਹਿਲਾ ਫੌਜੀ ਅਧਿਕਾਰੀਆਂ ਦੀ ਬੇਇੱਜ਼ਤੀ ਦਾ ਦੋਸ਼ ਲਾਇਆ ਗਿਆ ਸੀ।

ਪ੍ਰੋਫੈਸਰ ਮਹਿਮੂਦਾਬਾਦ ਨੇ ਜਵਾਬ ਵਿੱਚ ਕਿਹਾ ਸੀ ਕਿ ਉਨ੍ਹਾਂ ਦੀ ਟਿੱਪਣੀ ਨੂੰ ਗਲਤ ਸਮਝਿਆ ਗਿਆ ਅਤੇ ਉਸ ਵਿੱਚ ਮਹਿਲਾਵਾਂ ਦੇ ਅਧਿਕਾਰਾਂ ਜਾਂ ਕਾਨੂੰਨ ਦੇ ਵਿਰੁੱਧ ਕੁਝ ਨਹੀਂ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਪਾਕਿਸਤਾਨ ਦੀ ਅੱਤਵਾਦ ਨੀਤੀ ਦੀ ਨਿੰਦਾ ਕਰਦੇ ਹਨ ਅਤੇ ਭਾਰਤੀ ਫੌਜ ਦੀ ਸਰਾਹਨਾ ਕੀਤੀ ਸੀ, ਪਰ ਨਾਲ ਹੀ ਆਮ ਮੁਸਲਮਾਨਾਂ ਦੇ ਮੁੱਦਿਆਂ ਨੂੰ ਉਠਾਇਆ ਸੀ।

ਇਥੇ ਜ਼ਿਕਰਯੋਗ ਹੈ ਕਿ ਅਸ਼ੋਕਾ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਨੇ 8 ਮਈ 2025 ਨੂੰ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਵਿੱਚ ਆਪਰੇਸ਼ਨ ਸਿੰਧੂਰ ਦੀ ਪ੍ਰੈਸ ਬ੍ਰੀਫਿੰਗ ਬਾਰੇ ਟਿੱਪਣੀ ਕੀਤੀ ਸੀ। ਉਨ੍ਹਾਂ ਨੇ ਕਰਨਲ ਸੋਫੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਦੀ ਭੂਮਿਕਾ ਦੀ ਸਰਾਹਨਾ ਕਰਦੇ ਹੋਏ ਕਿਹਾ ਸੀ ਕਿ ਇਹ ਪ੍ਰਤੀਕ ਵਜੋਂ ਮਹੱਤਵਪੂਰਨ ਹੈ, ਪਰ ਇਸ ਨੂੰ ਜ਼ਮੀਨੀ ਹਕੀਕਤ ਵਿੱਚ ਬਦਲਣ ਦੀ ਲੋੜ ਹੈ, ਨਹੀਂ ਤਾਂ ਇਹ ਸਿਰਫ ਪਖੰਡ ਹੋਵੇਗਾ। ਉਨ੍ਹਾਂ ਨੇ ਹਿੰਦੂਤਵਵਾਦੀਆਂ ਦੇ ਵਿਰੋਧਾਭਾਸ ਨੂੰ ਉਜਾਗਰ ਕਰਦੇ ਹੋਏ ਕਿਹਾ ਸੀ ਕਿ ਜੇਕਰ ਉਹ ਕਰਨਲ ਕੁਰੈਸ਼ੀ ਦੀ ਸਰਾਹਨਾ ਕਰਦੇ ਹਨ, ਤਾਂ ਉਨ੍ਹਾਂ ਨੂੰ ਆਮ ਮੁਸਲਮਾਨਾਂ, ਜੋ ਰੋਜ਼ਾਨਾ ਉਤਪੀੜਨ ਦਾ ਸਾਹਮਣਾ ਕਰਦੇ ਹਨ, ਲਈ ਵੀ ਅਜਿਹਾ ਰਵੱਈਆ ਅਪਣਾਉਣਾ ਚਾਹੀਦਾ।

ਪ੍ਰੋਫੈਸਰ ਮਹਿਮੂਦਾਬਾਦ ਨੇ ਆਪਣੀ ਗ੍ਰਿਫਤਾਰੀ ਖਿਲਾਫ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ 20 ਜਾਂ 21 ਮਈ 2025 ਨੂੰ ਹੋ ਸਕਦੀ ਹੈ। ਸੀਨੀਅਰ ਵਕੀਲ ਕਪਿਲ ਸਿੱਬਲ ਨੇ ਚੀਫ ਜਸਟਿਸ ਬੀ.ਆਰ. ਗਵਈ ਦੀ ਬੈਂਚ ਅੱਗੇ ਜਲਦੀ ਸੁਣਵਾਈ ਦੀ ਮੰਗ ਕੀਤੀ। ਇਹ ਮਾਮਲਾ ਬੋਲਣ ਦੀ ਆਜ਼ਾਦੀ ਅਤੇ ਅਕਾਦਮਿਕ ਸੁਤੰਤਰਤਾ ’ਤੇ ਸਵਾਲ ਖੜ੍ਹੇ ਕਰ ਰਿਹਾ ਹੈ।

### ਕੀ ਇਹ ਗ੍ਰਿਫਤਾਰੀ ਜਾਇਜ਼ ਹੈ ?

ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਦੀ ਗ੍ਰਿਫਤਾਰੀ ਨੇ ਕਾਨੂੰਨੀ ਅਤੇ ਸਮਾਜਿਕ ਚਰਚਾ ਨੂੰ ਜਨਮ ਦਿੱਤਾ ਹੈ। ਕਈ ਲੋਕ ਇਸ ਨੂੰ ਬੋਲਣ ਦੀ ਆਜ਼ਾਦੀ ’ਤੇ ਹਮਲਾ ਮੰਨਦੇ ਹਨ, ਜਦਕਿ ਕੁਝ ਇਸ ਨੂੰ ਰਾਸ਼ਟਰੀ ਸੁਰੱਖਿਆ ਲਈ ਜ਼ਰੂਰੀ ਕਦਮ ਦੱਸਦੇ ਹਨ



ਸੁਪਰੀਮ ਕੋਰਟ ਨੇ 11 ਮਈ 2022 ਨੂੰ ਦੇਸ਼ਧ੍ਰੋਹ ਕਾਨੂੰਨ (ਆਈਪੀਸੀ ਧਾਰਾ 124ਏ) ’ਤੇ ਰੋਕ ਲਾਈ ਸੀ, ਜਦੋਂ ਤੱਕ ਇਸ ਦੀ ਸਮੀਖਿਆ ਨਹੀਂ ਹੁੰਦੀ। ਪਰ, ਭਾਰਤੀ ਨਿਆਂ ਸੰਹਿਤਾ ਦੀ ਧਾਰਾ 152, ਜੋ ਦੇਸ਼ਧ੍ਰੋਹ ਵਰਗੀ ਹੈ, ਦੇ ਤਹਿਤ ਇਹ ਕਾਰਵਾਈ ਕੀਤੀ ਗਈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸੁਪਰੀਮ ਕੋਰਟ ਦੇ ਹੁਕਮ ਦੀ ਉਲੰਘਣਾ ਹੋ ਸਕਦੀ ਹੈ, ਕਿਉਂਕਿ ਨਵਾਂ ਕਾਨੂੰਨ ਪੁਰਾਣੇ ਪ੍ਰਬੰਧ ਨੂੰ ਨਵੇਂ ਰੂਪ ਵਿਚ ਲਾਗੂ ਕਰਦਾ ਹੈ।

### ਅਕਾਦਮਿਕ ਸੁਤੰਤਰਤਾ ’ਤੇ ਸਵਾਲ

ਮਹਿਮੂਦਾਬਾਦ ਦੀ ਗ੍ਰਿਫਤਾਰੀ ਨੂੰ ਅਕਾਦਮਿਕ ਸੁਤੰਤਰਤਾ ’ਤੇ ਹਮਲਾ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੀ ਟਿੱਪਣੀ ਆਪਰੇਸ਼ਨ ਸਿੰਧੂਰ ਦੀ ਪ੍ਰੈਸ ਬ੍ਰੀਫਿੰਗ ਅਤੇ ਸਮਾਜਿਕ ਮੁੱਦਿਆਂ ’ਤੇ ਸੀ, ਜੋ ਇਕ ਪ੍ਰੋਫੈਸਰ ਵਜੋਂ ਉਨ੍ਹਾਂ ਦੇ ਵਿਚਾਰ-ਵਟਾਂਦਰੇ ਦਾ ਹਿੱਸਾ ਸੀ। ਇਸ ਨੂੰ ਦੇਸ਼ਧ੍ਰੋਹ ਨਾਲ ਜੋੜਨਾ ਵਧੇਰੇ ਮੰਨਿਆ ਜਾ ਰਿਹਾ ਹੈ। ਕਾਂਗਰਸ, ਆਪ ਅਤੇ ਵਾਮਪੰਥੀ ਦਲਾਂ ਨੇ ਇਸ ਗ੍ਰਿਫਤਾਰੀ ਦੀ ਸਖਤ ਨਿਖੇਧੀ ਕੀਤੀ ਹੈ।

ਕਾਂਗਰਸ ਦੀ ਬੁਲਾਰੇ ਸੁਪ੍ਰਿਯਾ ਸ਼੍ਰੀਨੇਤ ਨੇ ਇਸ ਨੂੰ “ਲੋਕਤੰਤਰ ਦੀ ਹੱਤਿਆ” ਕਰਾਰ ਦਿੱਤਾ, ਜਦਕਿ ਆਪ ਆਗੂ ਸੰਜੇ ਸਿੰਘ ਨੇ ਕਿਹਾ ਕਿ ਸਰਕਾਰ ਅਸਹਿਮਤੀ ਦੀ ਆਵਾਜ਼ ਨੂੰ ਦਬਾਉਣ ਲਈ ਦੇਸ਼ਧ੍ਰੋਹ ਕਾਨੂੰਨ ਦੀ ਦੁਰਵਰਤੋਂ ਕਰ ਰਹੀ ਹੈ।

ਵਾਮਪੰਥੀ ਆਗੂ ਸੀਤਾਰਾਮ ਯੇਚੁਰੀ ਨੇ ਇਸ ਨੂੰ “ਸੱਤਾ ਦਾ ਦੁਰਉਪਯੋਗ” ਦੱਸਿਆ ਅਤੇ ਸੁਪਰੀਮ ਕੋਰਟ ਤੋਂ ਤੁਰੰਤ ਦਖਲ ਦੀ ਮੰਗ ਕੀਤੀ।

ਇਤਿਹਾਸਕਾਰ ਰੋਮਿਲਾ ਥਾਪਰ ਨੇ ਕਿਹਾ ਕਿ ਇਹ ਗ੍ਰਿਫਤਾਰੀ “ਅਕਾਦਮਿਕ ਸੁਤੰਤਰਤਾ ਨੂੰ ਕੁਚਲਣ ਦੀ ਕੋਸ਼ਿਸ਼” ਹੈ ਅਤੇ ਸਰਕਾਰ ਨੂੰ ਆਲੋਚਨਾ ਦਾ ਸਾਹਮਣਾ ਕਰਨ ਦੀ ਪਰਿਪੱਕਤਾ ਵਿਖਾਉਣੀ ਚਾਹੀਦੀ।ਲੇਖਕ ਅਰੁੰਧਤੀ ਰਾਏ ਨੇ ਇਸ ਨੂੰ “ਸਰਕਾਰ ਵੱਲੋਂ ਡਰ ਦਾ ਮਾਹੌਲ ਬਣਾਉਣ ਦੀ ਰਣਨੀਤੀ” ਕਿਹਾ, ਜੋ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਚੁੱਪ ਕਰਵਾਉਣ ਲਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਪਰੇਸ਼ਨ ਸਿੰਧੂਰ ਵਰਗੇ ਮੁੱਦਿਆਂ ਦੀ ਵਰਤੋਂ ਅਸਹਿਮਤੀ ਨੂੰ ਦਬਾਉਣ ਲਈ ਕਰ ਰਹੀ ਹੈ, ਜਿਸ ਨਾਲ ਸਾਂਪਰਦਾਇਕ ਤਣਾਅ ਵਧ ਰਿਹਾ ਹੈ।

ਪ੍ਰੋਫੈਸਰ ਮਹਿਮੂਦਾਬਾਦ ਦੀ ਗ੍ਰਿਫਤਾਰੀ ਅਤੇ ਫੈਜ਼ ਦੀ ਕਵਿਤਾ ’ਤੇ ਦੇਸ਼ਧ੍ਰੋਹ ਦਾ ਮੁਕੱਦਮਾ ਬੋਲਣ ਦੀ ਆਜ਼ਾਦੀ ਅਤੇ ਅਕਾਦਮਿਕ ਸੁਤੰਤਰਤਾ ’ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਸੁਪਰੀਮ ਕੋਰਟ ਦੀ ਸੁਣਵਾਈ ਇਸ ਮਾਮਲੇ ’ਚ ਅਹਿਮ ਹੋਵੇਗੀ, ਕਿਉਂਕਿ ਇਹ ਨਾ ਸਿਰਫ ਪ੍ਰੋਫੈਸਰ ਦੀ ਰਿਹਾਈ, ਸਗੋਂ ਭਾਰਤ ’ਚ ਦੇਸ਼ਧ੍ਰੋਹ ਕਾਨੂੰਨ ਦੀ ਦੁਰਵਰਤੋਂ ਅਤੇ ਲੋਕਤੰਤਰੀ ਅਧਿਕਾਰਾਂ ਦੇ ਭਵਿੱਖ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ

### ਫੈਜ਼ ਅਹਿਮਦ ਫੈਜ਼ ਦੀ ਕਵਿਤਾ ’ਤੇ ਵੀ ਦੇਸ਼ਧ੍ਰੋਹ ਦਾ ਮੁਕੱਦਮਾ

ਇਸ ਦੌਰਾਨ, ਨਾਗਪੁਰ ’ਚ ਫੈਜ਼ ਅਹਿਮਦ ਫੈਜ਼ ਦੀ ਕਵਿਤਾ ‘ਹਮ ਦੇਖੇਂਗੇ’ ਗਾਉਣ ਵਾਲੇ ਪ੍ਰੋਗਰਾਮ ਦੇ ਆਯੋਜਕਾਂ ਅਤੇ ਵਕਤਾ ’ਤੇ ਵੀ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਵੀਰਾ ਸਾਥੀਦਾਰ ਦੀ ਯਾਦ ਵਿਚ ਕਰਵਾਏ ਗਏ ਇਕ ਪ੍ਰੋਗਰਾਮ ਦੌਰਾਨ ਹੋਈ, ਜਿਸ ਵਿਚ ਸਮਾਜਿਕ ਕਾਰਕੁਨ ਉੱਤਮ ਜਾਗੀਰਦਾਰ ਨੇ ਮਹਾਰਾਸ਼ਟਰ ਵਿਸ਼ੇਸ਼ ਜਨਤਕ ਸੁਰੱਖਿਆ ਬਿੱਲ 2024 ’ਤੇ ਗੱਲਬਾਤ ਕੀਤੀ ਸੀ।

## ਭਰਤੀ ਕਮੇਟੀ ਮੈਂਬਰਾਂ ਵਲੋਂ ਸ੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਆਨਲਾਈਨ ਭਰਤੀ ਸ਼ੁਰੂ

### ✪ ਪ੍ਰਵਾਸੀ ਸਿਖਾਂ ਨੂੰ ਅਕਾਲੀ ਦਲ ਵਿਚ ਭਰਤੀ ਹੋਣ ਦੀ ਕੀਤੀ ਅਪੀਲ



ਚੰਡੀਗੜ੍ਹ-ਸ੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਬਣੀ ਭਰਤੀ ਕਮੇਟੀ ਵਲੋਂ ਵਿਦੇਸ਼ਾਂ ’ਚ ਬੈਠੇ ਪੰਜਾਬੀਆਂ ਦੀ ਮੰਗ ਨੂੰ ਪੂਰਾ ਕਰਦਿਆਂ ਉਨ੍ਹਾਂ ਲਈ ਆਨਲਾਈਨ ਭਰਤੀ ਫਾਰਮ ਜਾਰੀ ਕਰਕੇ ਆਨਲਾਈਨ ਭਰਤੀ ਸ਼ੁਰੂ ਕੀਤੀ ਗਈ ਹੈ। ਇਸ ਸੰਬੰਧੀ ਭਰਤੀ ਕਮੇਟੀ ਮੈਂਬਰਾਂ ਮਨਪ੍ਰੀਤ ਸਿੰਘ ਇਯਾਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਇਕਬਾਲ ਸਿੰਘ ਝੂੰਦਾਂ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਇਹ ਫਾਰਮ ਜਾਰੀ ਕਰਨ ਉਪਰੰਤ ਕਿਹਾ ਕਿ ਦੁਨੀਆਂ ਦੇ ਕਿਸੇ ਵੀ ਕੋਨੇ ’ਚ ਬੈਠਾ ਪੰਜਾਬੀ ਭਾਵੇਂ ਉਹ ਕਿਸੇ ਵੀ ਜਾਤ ਧਰਮ ਨਾਲ ਸੰਬੰਧਿਤ ਹੈ ਅਤੇ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਹੁੰਦਾ ਵੇਖਣਾ ਚਾਹੁੰਦਾ ਹੈ, ਉਹ ਆਪ ਵੀ ਮੈਂਬਰ ਬਣੇ ਅਤੇ ਆਪਣੇ ਪਰਿਵਾਰਕ ਮੈਬਰਾਂ, ਰਿਸ਼ਤੇਦਾਰਾਂ, ਦੋਸਤਾਂ ਸਕੇ ਸੰਬੰਧੀਆਂ ਨੂੰ ਵੀ ਜਾਰੀ ਆਨਲਾਈਨ ਫਾਰਮ ਭਰ ਕੇ ਮੈਂਬਰ ਬਣਾ ਸਕਦਾ ਹੈ। ਮੈਬਰਾਂ ਵਲੋਂ ਆਨਲਾਈਨ ਭਰਤੀ ਲਈ ਪੋਰਟਲ ਦਾ ਲਿੰਕ https://www. akalidalbharti.com ਜਾਰੀ ਕੀਤਾ ਗਿਆ। ਭਰਤੀ ਕਮੇਟੀ ਮੈਂਬਰਾਂ ਨੇ ਕਿਹਾ ਕਿ 18 ਮਾਰਚ ਨੂੰ ਸ਼ੁਰੂ ਹੋਈ ਭਰਤੀ ਅੱਜ ਹਰ ਪਿੰਡ ਹਰ ਸ਼ਹਿਰ ਤੱਕ ਪਹੁੰਚ ਚੁੱਕੀ ਹੈ ਅਤੇ ਪਾਰਟੀ ਲੀਡਰਸ਼ਿਪ ਦੀਆਂ ਗਲਤ ਨੀਤੀਆਂ ਅਤੇ ਨਾਰਾਜ਼ਗੀ ਕਰਕੇ ਪਿਛਲੇ ਸਮੇਂ ਦੌਰਾਨ ਪਾਰਟੀ ਛੱਡ ਚੁੱਕੇ ਵਰਕਰ ਸਨਮਾਨ ਨਾਲ ਜਿੱਥੇ ਵਾਪਸੀ ਕਰ ਰਹੇ ਹਨ, ਉਥੇ ਹੀ ਸਰਗਰਮ ਭਾਵਨਾ ਨਾਲ ਮੈਂਬਰਸ਼ਿਪ ਮੁਹਿੰਮ ਨਾਲ ਜੁੜੇ ਹਨ।

# ਅਮਰੀਕਾ ਤੋਂ ਭਾਰਤ ਸਮੇਤ ਹੋਰ ਦੇਸ਼ਾਂ ਵਿੱਚ ਪੈਸੇ ਭੇਜਣ ਉਪਰ ਲੱਗੇਗਾ 5% ਟੈਕਸ * ਟਰੰਪ ਦੇ ਪ੍ਰਸਤਾਵਿਤ ਬਿੱਲ ਨੂੰ ਹਾਊਸ ਬਜਟ ਕਮੇਟੀ ਨੇ ਦਿੱਤੀ ਪ੍ਰਵਾਨਗੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਪ੍ਰਸਤਾਵਿਤ ਨਵਾਂ ਬਿੱਲ ਜੇਕਰ ਕਾਨੂੰਨ ਬਣ ਜਾਂਦਾ ਹੈ ਜਿਸ ਦੀ ਕਿ ਪੂਰੀ ਸੰਭਾਵਨਾ ਹੈ, ਤਾਂ ਅਮਰੀਕਾ ਵਿਚ ਰਹਿ ਰਹੇ ਲੱਖਾਂ ਭਾਰਤੀਆਂ ਸਮੇਤ ਹੋਰ ਦੇਸ਼ਾਂ ਦੇ ਨਾਗਰਿਕਾਂ ਨੂੰ ਆਪਣੇ ਘਰ ਜਾਂ ਦੇਸ਼ ਪੈਸੇ ਭੇਜਣ ਉਪਰ ਟੈਕਸ ਦੇਣਾ ਪਵੇਗਾ। ਹਾਊਸ ਬਜਟ ਕਮੇਟੀ ਨੇ " ਵੱਨ ਬਿੱਗ ਬਿਊਟੀਫੁੱਲ ਬਿੱਲ ਐਕਟ" ਨੂੰ ਪ੍ਰਵਾਨਗੀ ਦੇ ਦਿੱਤੀ ਹੈ। 1116 ਸਫ਼ਿਆਂ ਦੇ ਬਿੱਲ ਵਿਚ ਗੈਰ ਅਮਰੀਕੀ ਨਾਗਿਰਕਾਂ ਉਪਰ 5% ਐਕਸਾਈਜ ਟੈਕਸ ਲਾਉਣ ਦੀ ਵਿਵਸਥਾ ਹੈ। ਇਹ ਟੈਕਸ ਆਰਜੀ ਵਰਕ ਵੀਜੇ ਜਿਵੇਂ ਐਚ-1ਬੀ ਵੀਜਾ ਤੇ ਐਲ-1 ਵੀਜਾ ਦੇ ਨਾਲ ਨਾਲ ਗਰੀਨ ਕਾਰਡ ਧਾਰਕਾਂ ਜੋ ਅਜੇ ਅਮਰੀਕੀ ਨਾਗਰਿਕ ਨਹੀਂ ਬਣੇ ਹਨ, ਉਪਰ ਵੀ ਲਾਗੂ ਹੋਵੇਗਾ। ਪ੍ਰਸਤਾਵਿਤ ਟੈਕਸ ਪੈਸੇ ਭੇਜਣ ਮੌਕੇ ਕੱਟਿਆ ਜਾਵੇਗਾ। ਛੋਟੀ ਤੋਂ ਛੋਟੀ ਰਕਮ ਉਪਰ ਵੀ ਗੈਰ ਅਮਰੀਕੀ ਨਾਗਰਿਕਾਂ ਨੂੰ ਇਹ ਟੈਕਸ ਦੇਣਾ ਪਵੇਗਾ। ਕੇਵਲ ਅਮਰੀਕੀ ਨਾਗਰਿਕਾਂ ਜਾਂ ਅਮਰੀਕੀਆਂ ਨੂੰ ਇਸ ਟੈਕਸ ਤੋਂ ਛੋਟ ਹੋਵੇਗੀ। ਜਿਥੋਂ ਤੱਕ ਭਾਰਤੀਆਂ ਦਾ ਸਬੰਧ ਹੈ ਇਸ ਬਿੱਲ ਦੇ ਕਾਨੂੰਨ ਬਣ ਜਾਣ ਉਪਰੰਤ ਉਨਾਂ ਉਪਰ ਭਾਰੀ ਵਿੱਤੀ ਬੋਝ ਪਵੇਗਾ। ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਵੱਲੋਂ ਮਾਰਚ 2025 ਵਿਚ ਕੀਤੇ ਸਰਵੇ ਅਨੁਸਾਰ ਵਿੱਤੀ ਸਾਲ 2023-2024 ਦੌਰਾਨ ਅਮਰੀਕਾ ਤੋਂ ਭਾਰਤ ਤਕਰੀਬਨ 32 ਅਰਬ ਡਾਲਰ ਭੇਜੇ ਗਏ ਸਨ। ਪ੍ਰਸਤਾਵਿਤ ਟੈਕਸ ਕਾਰਨ ਪ੍ਰਤੀ ਸਾਲ ਭਾਰਤੀਆਂ ਨੂੰ 1.6 ਅਰਬ ਡਾਲਰ ਤੋਂ ਵਧ ਟੈਕਸ ਦੇਣਾ ਪਵੇਗਾ। ਬਿੱਲ ਅਨੁਸਾਰ ਪੈਸੇ ਭੇਜਣ ਦੀ ਸੇਵਾ ਦੇਣ ਵਾਲੀਆਂ ਕੰਪਨੀਆਂ ਨੂੰ ਹਰ 3 ਮਹੀਨੇ ਬਾਅਦ ਇਹ ਰਕਮ ਅਮਰੀਕੀ ਖਜ਼ਾਨੇ ਵਿਚ ਜਮਾਂ ਕਰਵਾਉਣੀ ਪਵੇਗੀ। ਬਿੱਲ ਤਹਿਤ ਨਾ ਕੇਵਲ ਵਿਅਕਤੀਗੱਤ ਰੂਪ ਵਿੱਚ ਪੈਸੇ ਭੇਜਣ ਉਪਰ ਟੈਕਸ ਲਾਉਣ ਦੀ ਵਿਵਸਥਾ ਹੈ ਬਲਕਿ ਜੇਕਰ ਕੋਈ ਨਿਵੇਸ਼ ਉਪਰ ਹੋਈ ਆਮਦਨੀ ਆਪਣੇ ਦੇਸ਼ ਭੇਜਦਾ ਹੈ ਤਾਂ ਉਸ ਨੂੰ ਵੀ ਇਹ ਟੈਕਸ ਦੇਣਾ ਪਵੇਗਾ। ਅਮਰੀਕਾ ਵਿਚ ਰਹਿ ਰਹੇ ਅੰਦਾਜਨ 54 ਲੱਖ ਭਾਰਤੀਆਂ ਵਿਚੋਂ ਜਿਆਦਾਤਰ ਆਰਜੀ ਵਰਕ ਵੀਜ਼ੇ ਜਾਂ ਪੀ ਆਰ ਉਪਰ ਹਨ ਜਿਨਾਂ ਨੂੰ ਇਸ ਬਿੱਲ ਵਿਚ ਛੋਟ ਨਹੀਂ ਦਿੱਤੀ ਗਈ ਹੈ।

## ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਵਿਸ਼ਵ ਪੱਧਰ ਦਾ ਪ੍ਰੋਗਰਾਮ ਲੈਸਟਰ ਵਿਖੇ 25 ਮਈ ਨੂੰ ਹੋਵੇਗਾ - ਦਲਾਵਰ ਸਿੰਘ ਬਾਘਾ


ਦਲਾਵਰ ਸਿੰਘ ਬਾਘਾ

ਲੈਸਟਰ (ਪੰਜਾਬ ਟਾਈਮਜ਼) - ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਅਤੇ ਅਬਰੋਡ ਦੇ ਪ੍ਰਧਾਨ ਦਲਾਵਰ ਸਿੰਘ ਬਾਘਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 25 ਮਈ ਨੂੰ ਮਨਾਉਣ ਲਈ ਵਿੱਸ਼ਵ ਪੱਧਰ ਦਾ ਪ੍ਰੋਗਰਾਮ ਸ੍ਰੀ ਗੁਰੂ ਰਵਿਦਾਸ ਸਭਾ ਲੈਸਟਰ ਵਿਖੇ ਆਯੋਜਿਤ ਕੀਤਾ ਗਿਆ ਹੈ। ਇਸ ਲਈ 23 ਮਈ ਨੂੰ ਸਵੇਰੇ ਸਾਢੇ 10 ਵਜੇ ਅਖੰਡ ਪਾਠ ਆਰੰਭ ਹੋਣਗੇ ਅਤੇ 25 ਮਈ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

ਉਹਨਾਂ ਦੱਸਿਆ ਕਿ ਇਸ ਉਪਰੰਤ ਦੀਵਾਨ ਸਜਾਇਆ ਜਾਵੇਗਾ ਜਿਸ ਵਿੱਚ ਗੁਰੂ ਘਰ ਦੇ ਕੀਰਤਨੀ ਜਥੇ ਵੱਲੋਂ ਆਰਤੀ ਤੇ ਆਰਤੇ ਦਾ ਗਾਇਨ ਅਤੇ ਪ੍ਰੇਮ ਪਟੋਲੇ ਸ਼ਬਦ ਦਾ ਗਾਇਨ ਕੀਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੁਣੀ ਗਿਆਨੀ, ਕਥਾਕਾਰ ਅਤੇ ਕੀਰਤਨੀ ਜਥੇ ਪਹੁੰਚ ਰਹੇ ਹਨ। ਇਸ ਖਾਸ ਮੌਕੇ ਵੱਖ-ਵੱਖ ਸ਼ਹਿਰਾਂ ਤੋਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦੇ ਵੀ ਭਾਗ ਲੈ ਰਹੇ ਹਨ ਅਤੇ ਬਾਹਰੋਂ ਆਏ ਬੁਲਾਰੇ ਭਾਈਚਾਰੇ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਸੰਬੋਧਨ ਕਰਨਗੇ। ਉਹਨਾਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਾਜ਼ਰੀਆਂ ਭਰ ਕੇ ਕਥਾ ਕੀਰਤਨ ਸਰਵਣ ਕਰਕੇ ਆਪਣਾ ਜੀਵਨ ਕ੍ਰਿਤਾਰਥ ਕਰੋ ਜੀ। ਇਸ ਮੌਕੇ ਲੰਗਰ ਤੇ ਚਾਹ ਪਾਣੀ ਤਿੰਨੇ ਦਿਨ ਅਤੁੱਟ ਵਰਤੇਗਾ ।

## ਅਮਰੀਕਾ ਵਿਚ ਜੇਲ ਤੋੜ ਕੇ ਫਰਾਰ ਹੋਏ 10 ਕੈਦੀਆਂ ਵਿਚੋਂ 7 ਅਜੇ ਵੀ ਨਹੀਂ ਆਏ ਕਾਬੂ


ਫਰਾਰ 7 ਕੈਦੀ ਜਿਨਾਂ ਦੀ ਵੱਡੀ ਪੱਧਰ ਉਪਰ ਭਾਲ ਜਾਰੀ ਹੈ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੀ ਨਿਊ ਓਰਲੀਨਜ ਜੇਲ ਵਿਚੋਂ ਬੀਤੇ ਸ਼ੁੱਕਰਵਾਰ ਟਾਇਲਟ ਪਿਛਲੀ ਕੰਧ ਤੋੜ ਕੇ ਫਰਾਰ ਹੋਏ 10 ਕੈਦੀਆਂ ਵਿਚੋਂ 3 ਨੂੰ ਪੁਲਿਸ ਕਾਬੂ ਕਰਨ ਵਿਚ ਕਾਮਯਾਬ ਰਹੀ ਹੈ ਜਦ ਕਿ 7 ਅਜੇ ਵੀ ਫਰਾਰ ਹਨ ਤੇ ਉਨਾਂ ਦੀ ਕੋਈ ਉੱਗ ਸੁੱਗ ਨਹੀਂ ਹੈ। ਪੁਲਿਸ ਉਨਾਂ ਨੂੰ ਕਾਬੂ ਕਰਨ ਲਈ ਵੱਡੀ ਪੱਧਰ ਉਪਰ ਕਾਰਵਾਈ ਕਰ ਰਹੀ ਹੈ। ਇਨਾਂ ਵਿਚ ਕੋਰੀ ਬਾਇਡ, ਜਰਮੇਨ ਡੋਨਾਲਡ, ਡੈਰਿਕ ਗਰੋਵਸ, ਐਨਟੋਇਨ ਮੈਸੀ, ਗੈਰੀ ਪ੍ਰਾਈਸ, ਲਿਓ ਟੇਟ ਤੇ ਲੈਨਟਨ ਵੈਨਬਰਨ ਸ਼ਾਮਿਲ ਹਨ। ਪੁਲਿਸ ਅਨੁਸਾਰ ਕੈਦੀ ਨੁਕਸਦਾਰ "ਲਾਕਿੰਗ ਸਿਸਟਮ" ਦਾ ਫਾਇਦਾ ਉਠਾ ਕੇ ਫਰਾਰ ਹੋਣ ਵਿੱਚ ਸਫਲ ਹੋਏ ਹਨ। ਕੈਦੀ ਜੇਲ ਦੇ ਇਕ ਮੁਲਾਜਮ ਵੱਲੋਂ ਖਾਣਾ ਲੈਣ ਲਈ ਜਾਣ ਸਮੇ ਫਰਾਰ ਹੋਏ ਹਨ। ਅਧਿਕਾਰੀਆਂ ਅਨੁਸਾਰ ਇਹ ਮੁਲਾਜਮ ਕੈਦੀਆਂ ਦੀ ਫਰਾਰ ਯੋਜਨਾ ਵਿਚ ਸ਼ਾਮਿਲ ਹੋ ਸਕਦਾ ਹੈ। ਇਸ ਸਬੰਧੀ ਜਾਂਚ ਅਜੇ ਮੁਕੰਮਲ ਨਹੀਂ ਹੋਈ ਜਿਸ ਤੋਂ ਬਾਅਦੀ ਹੀ ਕੋਈ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ

## ਯੁਗਾਂਡਾ ਤੋਂ ਅਮਰੀਕਾ ਆ ਰਹੇ ਜਹਾਜ਼ ਵਿੱਚ ਇਕ ਵਿਅਕਤੀ ਨੂੰ ਹੋਇਆ ਹਾਰਟ ਅਟੈਕ, ਜਹਾਜ਼ ਵਿਚ ਮੌਜੂਦ ਡਾਕਟਰ ਨੇ ਬਚਾਈ ਜਾਨ



**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਯੁਗਾਂਡਾ ਤੋਂ ਅਮਰੀਕਾ ਆ ਰਹੇ ਜਹਾਜ਼ ਵਿਚ ਇਕ ਵਿਅਕਤੀ ਨੂੰ ਹਾਰਟ ਅਟੈਕ ਹੋ ਜਾਣ ਉਪਰੰਤ ਜਹਾਜ਼ ਵਿਚ ਹੀ ਮੌਜੂਦਾ ਦਿੱਲ ਦੇ ਰੋਗਾਂ ਦੇ ਮਾਹਿਰ ਡਾਕਟਰ ਵੱਲੋਂ ਉਸ ਦੀ ਜਾਨ ਬਚਾ ਲੈਣ ਦੀ ਖਬਰ ਹੈ। ਓਕਲਾਹੋਮਾ ਦੇ ਕਾਰਡੀਆਲੋਜਿਸਟ ਡਾ ਟੀ ਜੇ ਟਰੈਡ ਯੁਗਾਂਡਾ ਵਿਚ ਇਕ ਮੈਡੀਕਲ ਮਿਸ਼ਨ 'ਤੇ ਗਏ ਸਨ। ਉਨਾਂ ਕੋਲ ਦਵਾਈ ਤੇ ਬਹੁਤ ਛੋਟੇ ਆਕਾਰ ਦੀ ਇਲੈਕਟਰੋਕਾਰਡੀਓਗਰਾਮ ਜਾਂ ਈ ਸੀ ਜੀ ਮੌਜੂਦ ਸੀ। ਇਹ ਮਸ਼ੀਨ ਕਰੈਡਿਟ ਕਾਰਡ ਜਿੱਡੀ ਹੈ ਤੇ ਦਿੱਲ ਦੀ ਬਿਮਾਰੀ ਦਾ ਪਤਾ ਲਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਨਾਂ ਨੂੰ ਖੁਦ ਹਾਰਟ ਅਟੈਕ ਹੋ ਜਾਣ ਕਾਰਨ ਉਹ ਹਮੇਸ਼ਾਂ ਇਹ ਮਸ਼ੀਨ ਆਪਣੇ ਕੋਲ ਰੱਖੇਦੇ ਹਨ। ਵਿਅਕਤੀ ਨੇ ਛਾਤੀ ਵਿਚ ਦਰਦ ਹੋਣ ਦੀ ਸ਼ਿਕਾਇਤ ਕੀਤੀ ਤੇ ਡਾਕਟਰ ਸਮਝ ਗਿਆ ਕਿ ਇਸ ਨੂੰ ਦਿੱਲ ਦੀ ਸਮੱਸਿਆ ਪੈਦਾ ਹੋ ਗਈ ਹੈ। ਪੀੜਤ ਵਿਅਕਤੀ ਨੇ ਡਾਕਟਰ ਨੂੰ ਕਿਹਾ ਕਿ ਕੀ ਉਹ ਮਰ ਰਿਹਾ ਹੈ ਤਾਂ ਟਰੈਡ ਨੇ ਜਵਾਬ ਦਿੱਤਾ ਕਿ ਅੱਜ ਤੂੰ ਨਹੀਂ ਮਰੇਂਗਾ। ਇਸ ਉਪਰੰਤ ਜਹਾਜ਼ ਵਿਚ ਹੀ ਇਲਾਜ਼ ਲਈ ਜਗਾ ਬਣਾਈ ਗਈ ਤੇ ਦਵਾਈ ਦੇਣ ਦੇ ਨਾਲ ਨਾਲ ਉਸ ਦੇ ਦਿੱਲ ਵੱਲ ਨੂੰ ਖੂਨ ਦਾ ਵਹਾਅ ਤੇਜ ਕਰਨ ਲਈ ਲੱਤਾਂ ਉਪਰ ਕਰ ਦਿੱਤੀਆਂ ਗਈਆਂ। ਡਾਕਟਰ ਟਰੈਡ ਅਨੁਸਾਰ ਦਵਾਈ ਤੇ ਹੋਰ ਲੋੜੀਂਦੀ ਡਾਕਟਰੀ ਸਹਾਇਤਾ ਦੇਣ ਉਪਰੰਤ ਤਕਰੀਬਨ 45 ਮਿੰਟ ਬਾਅਦ ਪੀੜਤ ਵਿਅਕਤੀ ਦੀ ਛਾਤੀ ਦਾ ਦਰਦ ਰੁਕ ਗਿਆ ਤੇ ਦਿੱਲ ਦੀ ਧੜਕਣ ਚੰਗੀ ਹਾਲਤ ਵਿਚ ਆ ਗਈ। ਇਸ ਨੂੰ ਕਹਿੰਦੇ ਹਨ ਜਾ ਕੋ ਰਾਖੇ ਸਾਈਆ ਮਾਰ ਸਕੈ ਨਾ ਕੋਇ।**

## ਸਿਆਟਲ ਨੇੜੇ ਗੋਲੀਬਾਰੀ ਕਾਰਨ ਇਕ ਔਰਤ ਸਮੇਤ 3 ਮੌਤਾਂ ਤੇ ਇਕ ਦੀ ਹਾਲਤ ਗੰਭੀਰ

ਸੈਕਰਾਮੈਂਟ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਡਾਊਨਟਾਊਨ ਸਿਆਟਲ ਨੇੜੇ ਹੋਈ ਗੋਲੀਬਾਰੀ ਵਿਚ ਇਕ ਔਰਤ ਸਮੇਤ 3 ਵਿਅਕਤੀਆਂ ਦੇ ਮਾਰੇ ਜਾਣ ਤੇ ਇਕ ਹੋਰ ਦੇ ਗੰਭੀਰ ਜ਼ਖਮੀ ਹੋ ਜਾਣ ਦੀ ਖਬਰ ਹੈ। ਸਿਆਟਲ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਅਨੁਸਾਰ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਪਾਇਓਨੀਰ ਸਕੁਏਅਰ ਨੇੜੇ ਘਟਨਾ ਸਥਾਨ 'ਤੇ ਅੱਧੀ ਰਾਤ ਬਾਅਦ 1 ਵਜੇ ਪੁੱਜੇ। ਮੌਕੇ ਉਪਰ ਇਕ ਔਰਤ ਸਮੇਤ 4 ਵਿਅਕਤੀ ਬੇਸੁੱਧ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਜਿਨਾਂ ਵਿਚੋਂ ਇਕ ਔਰਤ ਸਮੇਤ 3 ਜਣਿਆਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਚੌਥੇ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਾਰਬੋਰਵਿਊ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਵਿਭਾਗ ਦੇ ਬਰੀਅਨ ਪ੍ਰਿਚਰਡ ਨੇ ਈ ਮੇਲ 'ਤੇ ਭੇਜੇ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੇ ਕਾਰਨ ਬਾਰੇ ਜਾਂਚ ਕੀਤੀ ਜਾ ਰਹੀ ਤੇ ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ।

# ਕਬੱਡੀ ਸੀਜ਼ਨ 2025 ਦਾ ਦੂਜਾ ਟੂਰਨਾਮੈਂਟ ਡਰਬੀ ਵਿਖੇ ਧੂਮ ਧਾਮ ਨਾਲ ਹੋਇਆ

## ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਜੇਤੂ ਅਤੇ ਈਰਥ ਵੂਲਿਚ-ਸਾਊਥਾਲ ਦੀ ਟੀਮ ਰਨਰ ਅੱਪ ਰਹੀ

## ਛੋਟਾ ਨਾਥ ਸਰਵੋਤਮ ਧਾਵੀ ਅਤੇ ਗੋਗੜੀਆ ਧਾਕੜ ਸਰਵੋਤਮ ਜਾਫ਼ੀ ਐਲਾਨੇ ਗਏ

ਰਿਪੋਰਟ:
ਪੰਜਾਬ ਟਾਈਮਜ਼ ਵਿਸ਼ੇਸ਼ ਪ੍ਰਤੀਨਿੰਧ

ਕਬੱਡੀ ਸੀਜ਼ਨ 2025 ਦਾ ਦੂਜਾ ਟੂਰਨਾਮੈਂਟ ਇੰਗਲੈਂਡ ਦੇ ਸ਼ਹਿਰ ਡਰਬੀ ਵਿਖੇ ਪੰਜਾਬ ਟਾਈਮਜ਼ ਦੀਆਂ ਗਰਾਊਂਡਾਂ ਵਿੱਚ ਬੜੇ ਜੋਸ਼-ਖਰੋਸ਼ ਨਾਲ ਸੰਪੰਨ ਹੋਇਆ। ਹਫ਼ਤਾ ਪਹਿਲਾਂ ਹੇਜ਼ ਵਿਖੇ ਹੋਏ ਪਹਿਲੇ ਟੂਰਨਾਮੈਂਟ ਨੇ ਹੀ ਦੱਸ ਦਿੱਤਾ ਸੀ ਕਿ ਐਤਕੀਂ ਕਬੱਡੀ ਖੇਡਣ ਵਾਲੇ ਵਧੀਆ ਕੌਡਿਆਲ ਸੱਦੇ ਗਏ ਨੇ। ਡਰਬੀ ਦੇ ਟੂਰਨਾਮੈਂਟ ਦੀ ਸ਼ੁਰੂਆਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਕੀਤੀ ਗਈ। ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ ਦੀ ਪ੍ਰਧਾਨਗੀ ਅਤੇ ਬਲਵਿੰਦਰ ਚੱਠਾ ਦੀ ਚੇਅਰਮੈਨੀ ਹੇਠ ਚੱਲ ਰਹੇ ਟੂਰਨਾਮੈਂਟਾਂ ਲਈ ਜਿੱਥੇ ਕਬੱਡੀ ਖਿਡਾਰੀ ਚੰਗੀ ਖੇਡ ਦਿਖਾਉਣ ਲਈ ਬਾਘੀਆਂ ਪਾਉਂਦੇ ਨਜ਼ਰ ਆਏ ਉਥੇ ਪ੍ਰਮੋਟਰਾਂ ਤੇ ਸੁਪੋਰਟਰਾਂ ਦਾ ਸ਼ਾਇਦ ਖਿਡਾਰੀਆਂ ਨਾਲੋਂ ਵੀ ਜ਼ਿਆਦਾ ਜ਼ੋਰ ਲੱਗਾ ਹੋਇਆ ਸੀ, ਉਹ ਵੀ ਕਿਸੇ ਤੋਂ ਘੱਟ ਨਹੀਂ ਰਹਿਣਾ ਚਾਹੁੰਦੇ ਸਨ। ਟੂਰਨਾਮੈਂਟ ਦੌਰਾਨ ਸੱਤਾ ਮੁਠੱਡਾ, ਸਤਿੰਦਰ ਗੋਲਡੀ, ਸ਼ੀਰਾ ਔਲਖ, ਕੁਲਵੰਤ ਸਿੰਘ ਸੰਘਾ, ਰਾਣਾ ਪੱਡਾ, ਬਲਵਿੰਦਰ ਦੂਲੇ ਅਤੇ ਸੁਰਿੰਦਰ ਸਿੰਘ ਮਾਣਕ ਪੂਰੀ ਤਰ੍ਹਾਂ ਨਿਗਰਾਨੀ ਕਰ ਰਹੇ ਸਨ।

ਟੂਰਨਾਮੈਂਟ ਸ਼ੁਰੂ ਹੁੰਦਿਆਂ ਹੀ, ਪੰਜਾਬ ਟਾਈਮਜ਼ ਅਤੇ ਅਜੀਤ ਦੇ ਵਿਸ਼ੇਸ਼ ਨੁਮਾਇੰਦੇ ਮਨਪ੍ਰੀਤ ਸਿੰਘ ਬੱਧਨੀ ਕਲਾਂ ਦੇ ਪਿਤਾ ਸ: ਹਰਨੇਕ ਸਿੰਘ ਸਿੱਧੂ ਦੇ ਅਕਾਲ ਚਲਾਣੇ ਤੇ ਇੰਗਲੈਂਡ ਕਬੱਡੀ ਫ਼ੈਡਰੇਸ਼ਨ ਅਤੇ ਕਬੱਡੀ ਕਲੱਬਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਹਨਾਂ ਦੇ ਪਿਤਾ ਦਾ ਦੇਹਾਂਤ ਹੋਣ ਕਾਰਨ ਮਨਪ੍ਰੀਤ ਸਿੰਘ ਨੂੰ ਪੰਜਾਬ ਜਾਣਾ ਪਿਆ ਜਿਸ ਕਾਰਨ ਉਹ ਟੂਰਨਾਮੈਂਟ ਵਿੱਚ ਹਾਜ਼ਰੀ ਨਹੀਂ ਲਵਾ ਸਕੇ।

ਜੀ ਏ ਡੀ ਖਾਲਸਾ ਡਰਬੀ ਕਬੱਡੀ ਕਲੱਬ ਦਾ ਪ੍ਰਧਾਨ ਕੁਲਵਿੰਦਰ ਸਿੰਘ ਛੋਕਰ ਸਵੇਰ ਤੋਂ ਮੇਲੇ ਵਿੱਚ ਪਹੁੰਚ ਕੇ ਆਪਣੇ ਸਾਥੀਆਂ, ਸੁੱਖੀ, ਜ਼ਿੰਮੇਂਵਾਰੀ ਨਿਭਾਅ ਰਿਹਾ ਸੀ। ਡਰਬੀ ਕਲੱਬ ਦੇ ਅਹਿਮ ਸੁਪੋਰਟਰਾਂ ਵਿੱਚ ਸੁਖਦੇਵ ਸਿੰਘ ਅਟਵਾਲ (ਸੋਖਾ ਉਦੋਪੁਰ), ਨਛੱਤਰ ਸਿੰਘ ਛੋਕਰ, ਕੌਂਸਲਰ ਬਲਬੀਰ ਸਿੰਘ ਸੰਧੂ, ਸੋਖਾ ਚੱਕ ਵਾਲਾ ਆਦਿ ਸਾਰੇ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਲਈ ਪਹੁੰਚੇ ਹੋਏ ਸਨ। ਹਰਜਿੰਦਰ ਸਿੰਘ ਸੰਧਰ (ਬੋਈ) ਨੂੰ ਕਿਸੇ ਖਾਸ ਵਜਾਹ ਕਾਰਨ ਕੈਨੇਡਾ ਜਾਣਾ ਪਿਆ ਤੇ ਉਹ ਟੂਰਨਾਮੈਂਟ ਵਿੱਚ ਹਾਜ਼ਰ ਨਾ ਹੋ ਸਕਿਆ। ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਪੰਜਾਬ ਟਾਈਮਜ਼ ਦੀਆਂ ਗਰਾਊਂਡਾਂ ਟੂਰਨਾਮੈਂਟ ਕਰਵਾਉਣ ਲਈ ਮੁਫ਼ਤ ਦਿੱਤੀਆਂ, ਜਿਸ ਦਾ ਕੋਈ ਪੈਸਾ ਨਹੀਂ ਲਿਆ। ਇਹਨਾਂ ਦੇ ਇਲਾਵਾ ਸਿੰਘ ਸਭਾ ਗੁਰ-ਦੁਆਰਾ ਸਾਹਿਬ ਵਿਖੇ ਅਜਾਇਬਘਰ ਦੀ ਸਾਰੀ ਟੀਮ ਵੀ ਪਹੁੰਚੀ ਹੋਈ ਸੀ।

ਵੱਡੀ ਗਿਣਤੀ ਵਿੱਚ ਵੱਖ-ਵੱਖ ਸ਼ਹਿਰਾਂ ਤੋਂ ਪਹੁੰਚੇ ਹੋਏ ਦਰਸ਼ਕ ਆਪੋ-ਆਪਣੀਆਂ ਸੀਟਾਂ ਮੱਲ ਕੇ ਗਰਾਊਂਡ ਵਿੱਚ ਆ ਡਟੇ ਹੋਏ ਸਨ। ਰਸ਼ਪਾਲ ਸਿੰਘ ਸਹੋਤਾ, ਬਲਜਿੰਦਰ ਭਿੰਡਰ, ਪਾਲਾ ਬਾਜਵਾ, ਸਤਨਾਮ ਗਿੱਲ, ਪਿਆਰਾ ਰੰਧਾਵਾ ਖੁਸ਼ ਸਨ ਕਿ ਇਸ ਵਾਰ ਉਹ ਖਿਡਾਰੀ ਦਰਸ਼ਕਾਂ ਦੇ ਰੂਬਰੂ ਹੋਣਗੇ ਜਿਹਨਾਂ ਨੂੰ ਉਹ ਚਿਰਾਂ ਤੋਂ ਵੇਖਣਾ ਚਾਹੁੰਦੇ ਸੀ।

ਇਸ ਵਾਰ ਦਾ ਕਬੱਡੀ ਸੀਜ਼ਨ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਭਜੀ ਖੀਰਾਂਵਾਲੀ ਨੂੰ ਸਮਰਪਿਤ ਹੈ।





ਖਿਡਾਰੀਆਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਇੰਗਲੈਂਡ ਕਬੱਡੀ ਫ਼ੈਡਰੇਸ਼ਨ ਦੇ ਆਗੂ
ਹੋਰ ਤਸਵੀਰਾਂ ਰੰਗਦਾਰ ਪੰਨੇ 'ਤੇ ਦੇਖੋ: *ਤਸਵੀਰਾਂ: ਸੋਖਾ ਢੇਸੀ ਅਤੇ ਵਿਕਰਮ ਸਿੰਘ*

ਕੇਵਲ ਪਾਸਲਾ, ਸਵਿੰਦਰ ਸਿੰਘ ਬਾਠ (ਸ਼ਿੰਦਾ ਅਮਲੀ) ਅਤੇ ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ ਗਿਆ। ਸ਼ੀਰਾ ਸੰਮੀਪੁਰ ਦੇ ਨਾ ਪਹੁੰਚ ਸਕਣ ਦੇ ਬਾਵਜੂਦ ਮੇਲੇ ਵਿੱਚ ਉਹਨਾਂ ਦੀ ਕਬੱਡੀ ਲਈ ਖਾਸ ਦੇਣ ਦਾ ਵਾਰ-ਵਾਰ ਜ਼ਿਕਰ ਹੁੰਦਾ ਰਿਹਾ।

ਕਬੱਡੀ ਦਾ ਪਹਿਲਾ ਮੈਚ ਮਿਡਲੈਂਡ ਟਾਈਗਰ ਅਤੇ ਬਾਬਾ ਦੀਪ ਸਿੰਘ ਕਬੱਡੀ ਕਲੱਬ ਦੇ ਗੱਭਰੂਆਂ ਵਿਚਕਾਰ ਹੋਇਆ। ਬਾਬਾ ਦੀਪ ਸਿੰਘ ਕਲੱਬ ਵੱਲੋਂ ਸ਼ੀਰਾ ਪਾਤੜ, ਕੁਲਵੀਰ ਰੇਡਾਂ ਤੇ ਅਤੇ ਜੀਤਾ ਸਰਦੂੱਲਾ ਪੁਰੀਆ, ਲਾਭ, ਸੀਰਾ, ਲਵੀ ਅਤੇ ਗੋਪੀ ਜਾਫ ਲਾਇਨ ਨੂੰ ਮਜ਼ਬੂਤ ਕਰ ਰਹੇ ਸਨ। ਮਿਡਲੈਂਡ ਟਾਈਗਰਾਂ ਦੇ ਸਾਢੇ 25 ਅੰਕਾਂ ਦੇ ਮੁਕਾਬਲੇ ਬਾਬਾ ਦੀਪ ਸਿੰਘ ਕਲੱਬ ਨੇ 35 ਅੰਕ ਲੈ ਕੇ ਇਹ ਮੈਚ ਜਿੱਤ ਲਿਆ।

ਦੂਜਾ ਮੈਚ ਪੰਜਾਬ ਯੂਨਾਈਟਡ ਮਹਿੰਦਰ ਸਿੰਘ ਮੋੜ ਅਤੇ ਲੰਡਨ ਟਾਈਗਰਾਂ ਦੇ ਵਿਚਕਾਰ ਹੋਇਆ ਜਿਸ ਨੂੰ ਮੋੜ ਦੀ ਟੀਮ ਨੇ ਲੰਡਨ ਟਾਈਗਰਾਂ ਦੇ 31 ਅੰਕਾਂ ਦੇ ਮੁਕਾਬਲੇ ਸਾਢੇ 39 ਅੰਕ ਲੈ ਕੇ ਸਹਿਜੇ ਹੀ ਜਿੱਤ ਲਿਆ। ਯਾਦ ਰਹੇ ਇਹ ਚਿਰੋਕਣੀ ਮੰਗ ਸੀ ਕਿ ਇੰਗਲੈਂਡ ਦੇ ਜੰਮਪਲ ਨੌਜਵਾਨਾਂ ਦੀਆਂ ਟੀਮਾਂ ਵੀ ਬਣਾਈਆਂ ਜਾਣ। ਇਸ ਦੇ ਮੱਦੇਨਜ਼ਰ ਐਤਕੀਂ ਇਹ ਚਾਰ ਟੀਮਾਂ ਵਿੱਚ ਇੰਗਲੈਂਡ ਦੇ ਜੰਮਪਲ ਖਿਡਾਰੀ ਵਧੀਆ ਪ੍ਰਦਰਸ਼ਨ ਕਰਦੇ ਨਜ਼ਰ ਆ ਰਹੇ ਹਨ, ਸੋ ਇੰਗਲੈਂਡ ਦੇ ਨੌਜਵਾਨਾਂ ਨੂੰ ਕਬੱਡੀ ਨਾਲ ਜੋੜਨ ਲਈ ਫੈਡਰੇਸ਼ਨ ਦੇ ਆਗੂਆਂ ਸਿਰ ਸਿਹਰਾ ਬੱਝਦਾ ਹੈ।

ਹੁਣ ਸਮਾਂ ਆ ਗਿਆ ਸੀ, ਵੱਡੀਆਂ ਟੀਮਾਂ ਦੇ ਜੌਹਰ ਦੇਖਣ ਦਾ। ਦਰਸ਼ਕ ਇਕ ਦੂਜੇ ਦੇ ਉਤੋਂ ਦੀ ਹੋ ਕੇ ਤਲਰੋਮੱਛੀ ਹੋ ਰਹੇ ਸਨ ਕਿ ਕਿਹੜੀ ਘੜੀ ਧੜਵੈਲ ਖਿਡਾਰੀ ਮੈਦਾਨ ਵਿੱਚ ਆਉਂਦੇ ਨੇ ਤੇ ਖੇਡ ਮੈਦਾਨ ਵਿੱਚ ਕਿਵੇਂ ਧੱਕ ਪੈਂਦੀ ਹੈ।

ਗਰੁੱਪ ਏ ਦਾ ਪਹਿਲਾ ਮੈਚ ਸਿੱਖ ਟੈਂਪਲ ਵੁਲਵਰਹੈਂਪਟਨ / ਮਿਡਵੇ ਅਤੇ ਦੂਜੇ ਪਾਸੇ ਲੈਸਟਰ / ਬ੍ਰੈਡਫੋਰਡ ਦੀਆਂ ਟੀਮਾਂ ਦਰਮਿਆਨ ਹੋਇਆ। ਇਹ ਮੈਚ ਸਿੱਖ ਟੈਂਪਲ ਤੇ ਮਿਡਵੇ ਦੀ ਟੀਮ ਨੇ ਸਾਢੇ 38 ਅੰਕ ਲੈ ਕੇ ਜਿੱਤ ਲਿਆ। ਅਗਲਾ ਮੈਚ ਟੈਲਫੋਰਡ ਅਤੇ ਗ੍ਰੇਵਜ਼ੈਂਡ / ਬਾਰਕਿੰਗ ਦੀਆਂ ਟੀਮਾਂ ਵਿਚਕਾਰ ਹੋਇਆ। ਇਹ ਮੈਚ ਟੈਲਫੋਰਡ ਦੇ ਗੱਭਰੂਆਂ ਨੇ 37 ਅੰਕ ਲੈ ਕੇ ਜਿੱਤ ਦਰਜ ਕਰਵਾ ਦਿੱਤੀ।

ਅਗਲਾ ਪੰਜਵਾਂ ਮੈਚ ਮੇਜ਼ਬਾਨ ਟੀਮ ਡਰਬੀ/ਹੇਜ਼ ਅਤੇ ਸਲੋਹ / ਇਕਨਹੈਮ ਦੀਆਂ ਕਲੱਬਾਂ ਵਿਚਕਾਰ ਹੋਇਆ। ਬੜਾ ਫਸਵਾਂ ਮੈਚ ਹੋਇਆ, ਆਖਰ ਤੱਕ ਪਤਾ ਨਹੀਂ ਲੱਗ ਰਿਹਾ ਸੀ ਕਿ ਕਿਹੜੀ ਟੀਮ ਜਿੱਤੇਗੀ, ਪਰ ਅੰਤ ਨੂੰ ਇਹ ਮੈਚ ਡਰਬੀ-ਹੇਜ਼ ਦੇ 33 ਅੰਕਾਂ ਦੇ ਮੁਕਾਬਲੇ ਸਲੋਹ ਇਕਨਹੈਮ ਦੀ ਟੀਮ ਸਾਢੇ 33 ਅੰਕ ਭਾਵ ਅੱਧੇ ਅੰਕ ਨਾਲ ਜਿੱਤਣ ਵਿੱਚ ਸਫ਼ਲ ਹੋਈ।

ਹੁਣ ਵਾਰੀ ਸੀ, ਈਰਥ ਵੂਲਿਚ / ਸਾਊਥਾਲ ਅਤੇ ਬ੍ਰਮਿੰਘਮ-ਕਵੈਂਟਰੀ ਕਲੱਬਾਂ ਦੀ। ਬ੍ਰਮਿੰਘਮ ਕਵੈਂਟਰੀ ਦੇ 30 ਅੰਕਾਂ ਦੇ ਮੁਕਾਬਲੇ ਈਰਥ ਵੂਲਿਚ/ਸਾਊਥਾਲ ਦੀ ਟੀਮ ਸਾਡੇ 40 ਅੰਕ ਲੈ ਕੇ ਜਿੱਤ ਦਰਜ ਕਰਵਾ ਗਈ।

ਹੁਣ ਦਰਸ਼ਕਾਂ ਵਿੱਚ ਹੋਰ ਹਿੱਲਜੁੱਲ ਹੋਈ ਤੇ ਪਹਿਲੇ ਸੈਮੀ ਫਾਈਨਲ ਦਾ ਸਮਾਂ ਹੋ ਗਿਆ। ਪਹਿਲਾ ਸੈਮੀ ਫਾਈਨਲ ਸਿੱਖ ਟੈਂਪਲ ਮਿਡਵੇ ਅਤੇ ਸਲੋਹ ਇਕਨਹੇਮ ਦੇ ਖਿਡਾਰੀਆਂ ਵਿਚਕਾਰ ਜੁੜ ਗਿਆ। ਇਸ ਮੈਚ ਵਿੱਚ ਦੋਵੇਂ ਕਲੱਬਾਂ ਦੇ ਖਿਡਾਰੀਆ ਜੀਅ ਲਾ ਕੇ ਖੇਡ ਦਿਖਾਈ। ਮੈਚਾਂ ਦੌਰਾਨ ਮਨੀ ਧੂਰ, ਬਿੱਲਾ ਗਾਲਬ ਨੇ ਰੈਫਰੀ ਕੀਤੀ ਅਤੇ ਸੁੱਚਾ ਤੇ ਕਲਵੀਰ ਲਾਲਾ ਖਿਡਾਰੀਆਂ ਦੀ ਖੇਡ ਤੇ ਨਿਗਾਹ ਰੱਖ ਰਹੇ ਸਨ। ਦਰਸ਼ਕ ਉਲਰ ਉਲਰ ਕੇ ਪੈ ਰਹੇ ਹਨ। ਤੇ ਪ੍ਰਮੋਟਰ ਕੱਲੇ ਕੱਲ ਜੱਫੇ ਉਤੇ ਵੀਹ-ਵੀਹ ਤੇ ਪੰਜਾਹ-ਪੰਜਾਹ ਪੌਂਡਾ ਦੀ ਬਾਰਸ਼ ਕਰ ਰਹੇ ਸਨ। ਇਕ ਵਾਰ ਤਾਂ ਜੱਫਾ ਲਾਉਣ ਵਾਲੇ ਲਈ 200 ਪੌਂਡ ਦਾ ਐਲਾਨ ਕਰ ਦਿੱਤਾ ਗਿਆ। ਸਲੋਹ ਦੇ 39 ਅੰਕਾਂ ਦੇ ਮੁਕਾਬਲੇ ਸਿੱਖ ਟੈਂਪਲ ਵੁਲਵਰਹੈਂਪਟਨ ਤੇ ਮਿਡਵੇ ਦੀ ਟੀਮ ਸਾਢੇ 51 ਅੰਕ ਲੈ ਕੇ ਫਾਈਨਲ ਵਿੱਚ ਪਹੁੰਚ ਗਈ। ਦੂਜਾ ਸੈਮੀ ਫਾਈਨਲ ਟੈਲਫੋਰਡ ਕਲੱਬ ਅਤੇ ਈਰਥ ਵੂਲਿਚ ਅਤੇ ਸਾਊਥਾਲ ਦੇ ਦਰਮਿਆਨ ਹੋਇਆ। ਇਸ ਮੈਚ ਦੌਰਾਨ ਟੈਲਫੋਰਡ ਦੀ ਟੀਮ ਸਾਢੇ 40 ਅੰਕ ਲੈ ਸਕੀ ਜਦ ਕਿ ਈਰਥ ਵੂਲਿਚ-ਸਾਊਥਾਲ ਕਲੱਬ 50 ਅੰਕ ਲੈ ਕੇ ਜਿੱਤ ਗਈ ਤੇ ਫਾਈਨਲ ਮੈਚ ਲਈ ਆਪਣਾ ਨਾਂ ਦਰਜ ਕਰਵਾ ਦਿੱਤਾ।

ਇਸ ਪਿੱਛੋਂ ਵਾਰੀ ਆ ਗਈ ਇੰਗਲੈਂਡ ਦੇ ਜੰਮਪਲ ਖਿਡਾਰੀਆਂ ਦੇ ਫਾਈਨਲ ਦੀ। ਬਾਬਾ ਦੀਪ ਸਿੰਘ ਜੀ ਤੇ ਮੋੜ ਕਲੱਬਾਂ ਦੇ ਦਰਮਿਆਨ ਇਹ ਫਾਈਨਲ ਮੈਚ ਬੜਾ ਡਟ ਕੇ ਖੇਡਿਆ ਗਿਆ। ਸਾਰੇ ਮੈਚ ਦੌਰਾਨ ਗੋਪੀ ਮਾਹਲ ਤੇ ਸਿਮਰਨ ਦਾ ਨਾਂ ਗੂੰਜਦਾ ਰਿਹਾ। ਪੂਲ ਬੀ ਦੇ ਇਸ ਫਾਈਨਲ ਮੈਚ ਨੂੰ ਬਾਬਾ ਦੀਪ ਸਿੰਘ ਕਲੱਬ ਨੇ 50 ਅੰਕ ਲੈ ਕੇ ਜਿੱਤ ਲਿਆ ਤੇ ਮੋੜ ਕਲੱਬ ਦੂਜੇ ਨੰਬਰ ਦਾ ਕੱਪ ਲੈ ਗਈ।

ਹੁਣ ਸੀ ਫਾਈਨਲ ਮੈਚ ਦੀ ਵਾਰੀ, ਜਿਸ ਲਈ ਇੱਕ ਵਾਰ ਤਾਂ ਸਾਰੇ ਦਰਸ਼ਕ ਸਾਹ ਸੂਤ ਕੇ ਬੈਠ ਗਏ। ਇੱਕ ਪਾਸੇ ਸਾਊਥਾਲ ਈਰਥ ਵੂਲਿਚ ਟੀਮ ਤੇ ਦੂਜੇ ਪਾਸੇ ਸਿੱਖ ਟੈਂਪਲ ਵੁਲਵਰਹੈਂਪਟਨ ਤੇ ਮਿਡਵੇ ਦੀ ਟੀਮ ਦੇ ਚੋਟੀ ਦੇ ਖਿਡਾਰੀ ਖੇਡ ਦੇ ਮੈਦਾਨ ਵਿੱਚ ਆ ਗਏ। ਇਉਂ ਲੱਗਦਾ ਸੀ ਜਿਵੇਂ ਉਹ ਕਹਿ ਰਹੇ ਹੋਣ ਕੋਈ ਨਾ, ਆ ਜਾਓ ਮੈਦਾਨ ਵਿੱਚ ਪਤਾ ਲੱਗਜੂ ਕਿਹੜੀ ਵੜੇਵੇਂ ਖਾਣੀ ਨਿੱਤਰਦੀ ਆ। ਰਾਜਵੀਰ ਮਾਣਕ ਦੇ ਭਾਈ ਸੁਰਿੰਦਰ ਮਾਣਕ, ਕੰਮਾ ਔਜਲਾ, ਪਾਲਾ ਬਾਜਵਾ ਅਤੇ ਸਾਥੀਆਂ ਸਮੇਤ ਖਿਡਾਰੀਆਂ ਉਤੇ ਪੌਂਡਾਂ ਦਾ ਮੀਂਹ ਵਰਾਉਣ ਲੱਗ ਪਏ। ਇਸ ਫਾਈਨਲ ਵਿੱਚ ਗਗਨ ਜੋਗੇਵਾਲ ਨੂੰ ਰੋਕਣਾ ਔਖਾ ਹੋਇਆ ਪਿਆ ਸੀ। ਇਸੇ ਤਰ੍ਹਾਂ ਬਾਗੀ ਪ੍ਰਮਜੀਤ ਪੁਰੀਆ, ਅਮਨ ਲੁਹਾਰੇ ਵਾਲਾ, ਸੁਨੀਲ ਧਮਧਾਨ ਸਾਹਿਬ, ਜਟਾਣੇ ਵਾਲਾ ਨੇ ਕਬੱਡੀ ਖੇਡ ਦਿਖਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਕਲੱਬ ਦੇ ਜਸ਼ਨ ਆਲਮਗੀਰੀਆ ਨੇ ਹਿੱਕ ਦੇ ਜ਼ੋਰ ਨਾਲ ਰੇਡਾਂ ਪਾਈਆਂ, ਪ੍ਰਤਾਪ ਕੰਡਿਆਣਾ, ਏਕਮ ਮੀਰਪੁਰੀਆ, ਸਾਕਾ ਦਿਆਲਪੁਰੀਆ, ਗੱਗੀ ਚੱਕ ਦੀ ਜਾਫ ਲਾਈਨ ਦੇ ਨਾਲ ਨਾਲ ਰੇਡਾਂ ਤੇ ਸਾਥ ਦੇ ਰਿਹਾ ਸੀ, ਕਹਿਰੇ ਜਿਹੇ ਸਰੀਰ ਵਾਲਾ ਕਰਨ ਪਾਸਲਾ ਵੀ ਘੱਟ ਨਹੀਂ ਸੀ। ਅਖੀਰ ਵਿੱਚ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ 50 ਅੰਕ ਲੈ ਕੇ ਜੇਤੂ ਕੱਪ ਚੁੱਕ ਗਈ ਤੇ ਸਾਊਥਾਲ-ਈਰਥ ਵੂਲਿਚ ਨੂੰ ਸਾਢੇ 43 ਅੰਕ ਲੈ ਕੇ ਦੂਜੇ ਨੰਬਰ ਦਾ ਰਨਰ ਅੱਪ ਕੱਪ ਲੈਣ ਦਾ ਮਾਣ ਹਾਸਲ ਹੋਇਆ। ਇਸ ਤਰ੍ਹਾਂ ਟੂਰਨਾਮੈਂਟ ਦੀ ਸਮਾਪਤੀ ਹੋਈ ਅਤੇ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ। ਬੈਸਟ ਰੇਡਰ ਛੋਟਾ ਨਾਥ ਅਤੇ ਬੈਸਟ ਜਾਫ਼ੀ ਦਾ ਇਨਾਮ ਧਾਕੜ ਗੋਗੜੀਆਂ ਨੂੰ ਦਿੱਤੇ ਗਏ। ਪੰਜਾਬ ਟਾਈਮਜ਼ ਦੇ ਸੇਵਾਦਾਰ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਸੁਖਦੇਵ ਸਿੰਘ ਅਟਵਾਲ (ਸੋਖਾ ਉਦੋਪੁਰ) ਨੂੰ ਵਿਸ਼ੇਸ ਤੌਰ ਤੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਇੰਗਲੈਂਡ ਕਬੱਡੀ ਫ਼ੈਡਰੇਸ਼ਨ ਦੇ ਚੇਅਰਮੈਨ ਬਲਵਿੰਦਰ ਸਿੰਘ ਚੱਠਾ ਨੇ ਅਨਾਊਂਸ ਕੀਤਾ ਕਿ ਅਗਲੇ ਹਫ਼ਤੇ ਜਾਣੀ 25 ਮਈ 2025 ਨੂੰ ਸੰਦੀਪ ਸਿੰਘ ਨੰਗਲ ਅੰਬੀਆਂ ਟੈਲਫੋਰਡ ਕਲੱਬ ਵੱਲੋਂ ਵੈਸਟਬ੍ਰਾਮਵਿਚ ਦੀਆਂ ਗਰਾਊਂਡਾਂ ਵਿੱਚ ਟੂਰਨਾਮੈਂਟ ਹੋਵੇਗਾ। ਜਿਸ ਦੌਰਾਨ ਗਹਿ ਗੱਚ ਮੁਕਾਬਲੇ ਹੋਣਗੇ, ਚੱਠਾ ਵੱਲੋਂ ਕਬੱਡੀ ਪ੍ਰੇਮੀਆਂ ਤੇ ਦਰਸ਼ਕਾਂ ਨੂੰ ਵੱਧ ਚੜ੍ਹ ਕੇ ਪਹੁੰਚਣ ਦਾ ਸੱਦਾ ਦਿੱਤਾ ਗਿਆ।

# ਭਾਰਤੀ ਫੌਜ ਦੇ ਪਾਕਿਸਤਾਨ ਵੱਲੋਂ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਨ ਦੇ ਦਾਅਵੇ ਸਿੱਖ ਕੌਮ ਨੂੰ ਗੁੰਮਰਾਹ ਕਰਨ ਦੀ ਘਿਨਾਉਣੀ ਸਾਜਿਸ਼ - ਵਰਲਡ ਸਿੱਖ ਪਾਰਲੀਮੈਂਟ



(ਫਰੈਂਕਫਰਟ) - ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਜਤਿੰਦਰ ਸਿੰਘ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ, ਜਸਵਿੰਦਰ ਸਿੰਘ ਹਾਲੈਂਡ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਭਾਰਤੀ ਫੌਜ ਵੱਲੋਂ ਹਾਲ ਹੀ ਵਿੱਚ 'ਆਪ੍ਰੇਸ਼ਨ ਸਿੰਦੂਰ' ਬਾਰੇ ਕੀਤੇ ਗਏ ਦਾਅਵਿਆਂ ਨੂੰ ਸਖ਼ਤੀ ਨਾਲ ਰੱਦ ਕਰਦੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਕਥਿਤ ਤੌਰ 'ਤੇ ਪਾਕਿਸਤਾਨੀ ਫੌਜ ਦੇ ਨਿਸ਼ਾਨੇ 'ਤੇ ਸੀ। ਇਹ ਬਿਆਨ ਭਾਰਤ ਦੀ ਹਿੰਦੂਤਵੀ ਹਕੂਮਤ ਵੱਲੋਂ ਸਿੱਖਾਂ ਨੂੰ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਵਰਤਣ ਅਤੇ ਪੰਜਾਬ ਨੂੰ ਜੰਗ ਦਾ ਮੈਦਾਨ ਬਨਾਉਣ ਦੀ ਇੱਕ ਹੋਰ ਕੋਸ਼ਿਸ਼ ਤੋਂ ਵੱਧ ਕੁੱਝ ਨਹੀਂ ਹੈ।

ਭਾਰਤੀ ਫੌਜ ਦਾ ਕਹਿਣਾ ਕਿ ਪਾਕਿਸਤਾਨ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਡਰੋਨਾਂ ਅਤੇ ਮਿਜ਼ਾਈਲਾਂ ਨਾਲ ਹਮਲਾ ਕਰਨ ਦੀ ਖੁਫੀਆ ਜਾਣਕਾਰੀ ਮਿਲੀ ਸੀ, ਨਾ ਸਿਰਫ਼ ਬੇਬੁਨਿਆਦ ਹੈ ਬਲਕਿ ਸਿੱਖ ਮਾਨਸਿਕਤਾ ਨੂੰ ਭੜਕਾਉਣ ਦੀ ਇੱਕ ਸੋਚੀ ਸਮਝੀ ਚਾਲ ਹੈ। ਭਾਰਤੀ ਫੌਜ ਦੇ ਦਾਅਵਿਆਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਖਾਸ ਕਰਕੇ ਜਦੋਂ ਉਨ੍ਹਾਂ ਦਾ ਆਪਣਾ ਇਤਿਹਾਸ ਸਿੱਖ ਕੌਮ ਨਾਲ ਧੋਖੇ ਅਤੇ ਜ਼ੁਲਮਾਂ ਨਾਲ ਭਰਿਆ ਪਿਆ ਹੈ।

ਇਹ ਉਹੀ ਭਾਰਤੀ ਫੌਜ ਹੈ ਜਿਸ ਨੇ ਜੂਨ 1984 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ ਅਤੇ ਤੋਪਾਂ ਨਾਲ ਹਮਲਾ ਕਰਕੇ ਹਜ਼ਾਰਾਂ ਨਿਰਦੋਸ਼ ਸਿੱਖ ਸ਼ਰਧਾਲੂਆਂ ਦਾ ਕਤਲੇਆਮ ਕੀਤਾ ਅਤੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਦੀ ਬੇਅਦਬੀ ਕੀਤੀ। ਉਹ ਹਿੰਦੂਤਵੀ ਤਾਕਤਾਂ ਜੋ 1984 ਵਿੱਚ ਸਾਡੇ ਤਖ਼ਤ ਨੂੰ ਢਾਹੁਣ ਲਈ ਜ਼ਿੰਮੇਵਾਰ ਸਨ, ਅਤੇ ਉਹ ਲੋਕ ਜਿਨ੍ਹਾਂ ਨੇ ਹਮਲੇ ਤੋਂ ਬਾਅਦ ਮਠਿਆਈਆਂ ਵੰਡੀਆਂ ਸਨ ਤੇ ਉਹ ਪਾਰਟੀ ਜਿਸ ਨੇ ਕਾਂਗਰਸ ਸਰਕਾਰ ਨੂੰ ਹਮਲ ਕਰਨ ਲਈ ਉਕਸਾਇਆ ਵੀ ਸੀ ਤੇ ਹਮਲੇ ਤੋਂ ਬਾਅਦ ਵਧਾਈ ਵੀ ਦਿੱਤੀ ਸੀ, ਅੱਜ ਕਿਸ ਮੂੰਹ ਨਾਲ ਇਹ ਦਾਅਵਾ ਕਰ ਰਹੀਆਂ ਹਨ ਕਿ ਉਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ ਨੂੰ ਪਾਕਿਸਤਾਨ ਤੋਂ ਬਚਾਇਆ ਹੈ? ਇਹ ਬਿਆਨ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ।

## ਸਿੱਖਾਂ ਨੂੰ ਵਿਸ਼ਵਵਿਆਪੀ ਮਾਨਵਤਾਵਾਦੀ ਯਤਨਾਂ ਵਿੱਚ ਵਧੇਰੇ ਸ਼ਾਮਲ ਹੋਣ ਦੀ ਸਖ਼ਤ ਲੋੜ: ਢੇਸੀ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਯੂਕੇ ਦੇ ਪਹਿਲੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵਲੋਂ ਬੀਤੇ ਕੁਝ ਦਿਨ ਪਹਿਲਾਂ ਸਾਬਕਾ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸੱਜਣ, ਮਾਨਵਤਾਵਾਦੀ ਰਵੀ ਸਿੰਘ ਨਾਲ ਮੁਲਾਕਾਤ ਕੀਤੀ ਗਈ ਤੇ ਇਸ ਮੌਕੇ ਉਨ੍ਹਾਂ ਵਲੋਂ ਸਿੱਖਾਂ ਦੇ ਵੱਖ ਵੱਖ ਮੁਦਿਆਂ ਦੇ ਨਾਲ ਸੰਸਾਰਿਕ ਮੁਦਿਆਂ ਤੇ ਵੀਂ ਚਰਚਾ ਕੀਤੀ ਗਈ ਸੀ। ਉਨ੍ਹਾਂ ਦਸਿਆ ਕਿ ਸੰਸਦ ਵਿੱਚ ਦੋ ਪਿਆਰੇ ਦੋਸਤਾਂ ਦੀ ਮੇਜ਼ਬਾਨੀ ਕਰਕੇ ਜਿੱਥੇ ਮੈਨੂੰ ਖੁਸ਼ੀ ਹੋਈ ਕਿ ਜਿਨ੍ਹਾਂ ਨੇ ਆਪਣੇ ਦੇਸ਼, ਸਿੱਖ ਭਾਈਚਾਰੇ ਅਤੇ ਵਿਸ਼ਾਲ ਮਨੁੱਖਤਾ ਲਈ ਵੱਡਾ ਯੋਗਦਾਨ ਪਾਉਣ ਲਈ ਅਣਥੱਕ ਮਿਹਨਤ ਕੀਤੀ ਹੈ ਉਨ੍ਹਾਂ ਨਾਲ ਤਕਰੀਬਨ ਇਕ ਘੰਟਾ ਗੁਜਾਰਨ ਦਾ ਮੌਕਾ ਮਿਲਿਆ ਸੀ ।

ਉਨ੍ਹਾਂ ਦਸਿਆ ਕਿ ਸਾਬਕਾ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸੱਜਣ, ਮਾਨਵਤਾਵਾਦੀ ਰਵੀ ਸਿੰਘ ਨਾਲ ਇੱਕ ਘੰਟਾ ਤਜ਼ਰਬਿਆਂ ਦਾ ਆਦਾਨ-ਪ੍ਰਦਾਨ ਕਰਨ ਅਤੇ ਦੁਨੀਆ ਨੂੰ ਹੱਕਾਂ ਲਈ ਪ੍ਰੇਰਿਤ ਕਰਨ ਵਿੱਚ ਬਿਤਾਇਆ। ਕੈਨੇਡਾ, ਯੂਕੇ ਦੀ ਰਾਜਨੀਤੀ ਦੇ ਨਾਲ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਦੇ ਅੰਦਰ ਹੋਈਆਂ ਤਰੱਕੀਆਂ 'ਤੇ ਚਰਚਾ ਕੀਤੀ ਗਈ ਅਤੇ ਇਸ ਲਈ ਹੋਰ ਕਿਹੜੇ ਕਦਮ ਚੁੱਕੇ ਜਾ ਰਹੇ ਹਨ ਬਾਰੇ ਵਿਚਾਰਾਂ ਕੀਤੀਆਂ ਗਈਆਂ ਸਨ । ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਸਿੱਖਾਂ ਨੂੰ ਵਿਸ਼ਵਵਿਆਪੀ ਮਾਨਵਤਾਵਾਦੀ ਯਤਨਾਂ ਵਿੱਚ ਵਧੇਰੇ ਸ਼ਾਮਲ ਹੋਣ ਦੀ ਸਖ਼ਤ ਲੋੜ ਹੈ ।

## ਪਾਕਿਸਤਾਨ 'ਚ ਸਿੱਖ ਮੈਰਿਜ ਐਕਟ ਹੋਇਆ ਲਾਗੂ



ਸਿੱਖ ਮੈਰਿਜ ਐਕਟ, ਜਿਸ ਨੂੰ ਰਸਮੀ ਤੌਰ 'ਤੇ "ਆਨੰਦ ਕਾਰਜ ਮੈਰਿਜ ਐਕਟ" ਵੀ ਕਿਹਾ ਜਾਂਦਾ ਹੈ, ਸਿੱਖ ਧਰਮ ਦੇ ਪੈਰੋਕਾਰਾਂ ਦੇ ਵਿਆਹਾਂ ਨੂੰ ਕਾਨੂੰਨੀ ਦਰਜਾ ਦੇਣ ਲਈ ਪਾਸ ਕੀਤਾ ਗਿਆ ਇੱਕ ਕਾਨੂੰਨ ਹੈ। ਇਸ ਕਾਨੂੰਨ ਦੇ ਤਹਿਤ, ਸਿੱਖ ਭਾਈਚਾਰੇ ਦੇ ਲੋਕ ਆਪਣੇ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਆਪਣੇ ਵਿਆਹ ਦੀ ਰਜਿਸਟਰੇਸ਼ਨ ਕਰਵਾ ਸਕਣਗੇ।

ਇਸ ਤੋਂ ਪਹਿਲਾਂ, ਸਿੱਖ ਲੋਕਾਂ ਦੇ ਵਿਆਹ ਆਮ ਤੌਰ 'ਤੇ ਮੁਸਲਿਮ ਜਾਂ ਸਿਵਲੀਅਨ ਵਿਆਹ ਕਾਨੂੰਨਾਂ ਅਧੀਨ ਰਜਿਸਟਰ ਕੀਤੇ ਜਾਂਦੇ ਸਨ, ਜੋ ਕਿ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਅਤੇ ਰੀਤੀ-ਰਿਵਾਜਾਂ ਦੇ ਅਨੁਸਾਰ ਨਹੀਂ ਸਨ। ਸਿੱਖ ਮੈਰਿਜ ਐਕਟ ਲਾਗੂ ਕਰ ਕੇ, ਨਾ ਸਿਰਫ਼ ਉਨ੍ਹਾਂ ਦੀ ਧਾਰਮਿਕ ਪਛਾਣ ਨੂੰ ਮਾਨਤਾ ਦਿੱਤੀ ਗਈ ਹੈ ਬਲਕਿ ਉਨ੍ਹਾਂ ਨੂੰ ਕਾਨੂੰਨੀ ਸੁਰੱਖਿਆ ਵੀ ਪ੍ਰਦਾਨ ਕੀਤੀ ਗਈ ਹੈ।

## ਜੋਅ ਬਿਡੇਨ ਨੂੰ ਹੋਇਆ ਪ੍ਰੋਸਟੇਟ ਕੈਂਸਰ, ਬਿਮਾਰੀ ਹੱਡੀਆਂ ਤੱਕ ਫੈਲ ਗਈ



ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਨੂੰ ਪ੍ਰੋਸਟੇਟ ਕੈਂਸਰ ਦੀ ਗੰਭੀਰ ਕਿਸਮ ਹੋਣ ਦੀ ਪੁਸ਼ਟੀ ਹੋਈ ਹੈ। ਉਨ੍ਹਾਂ ਦੇ ਦਫ਼ਤਰ ਵੱਲੋਂ ਐਤਵਾਰ ਨੂੰ ਜਾਰੀ ਬਿਆਨ ਅਨੁਸਾਰ, ਪਿਛਲੇ ਹਫ਼ਤੇ ਇੱਕ ਰੁਟੀਨ ਮੈਡੀਕਲ ਜਾਂਚ ਦੌਰਾਨ ਉਨ੍ਹਾਂ ਦੇ ਪ੍ਰੋਸਟੇਟ 'ਤੇ ਇੱਕ ਛੋਟਾ ਨੋਡਿਊਲ ਮਿਲਿਆ, ਜਿਸ ਤੋਂ ਬਾਅਦ ਹੋਰ ਜਾਂਚਾਂ ਕਰਵਾਈਆਂ ਗਈਆਂ। ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਨੂੰ ਗਲੀਸਨ ਸਕੋਰ 9 (ਗਰੁੱਪ 5) ਵਾਲਾ ਪ੍ਰੋਸਟੇਟ ਕੈਂਸਰ ਹੈ, ਜੋ ਕਿ ਹੱਡੀਆਂ ਤੱਕ ਫੈਲ ਚੁੱਕਾ ਹੈ। ਇਹ ਕੈਂਸਰ ਦੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਤੇ ਗੰਭੀਰ ਕਿਸਮ ਮੰਨੀ ਜਾਂਦੀ ਬਿਡੇਨ ਦੀ ਉਮਰ 82 ਸਾਲ ਹੈ ਅਤੇ ਉਹ ਆਪਣੇ ਪਰਿਵਾਰ ਨਾਲ ਮਿਲ ਕੇ ਇਲਾਜ ਦੇ ਵਿਕਲਪਾਂ 'ਤੇ ਵਿਚਾਰ ਕਰ ਰਹੇ ਹਨ। ਡਾਕਟਰਾਂ ਨੇ ਦੱਸਿਆ ਕਿ ਹਾਲਾਂਕਿ ਇਹ ਬਿਮਾਰੀ ਤੇਜ਼ੀ ਨਾਲ ਵਧ ਰਹੀ ਹੈ, ਪਰ ਇਹ ਹਾਰਮੋਨ-ਸੰਵੇਦਨਸ਼ੀਲ ਹੈ, ਜਿਸ ਕਾਰਨ ਇਸ ਦਾ ਇਲਾਜ ਸੰਭਵ ਹੈ ਅਤੇ ਮੈਨੇਜ ਕੀਤਾ ਜਾ ਸਕਦਾ ਹੈ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਉਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਪੰਜਾਬੀ ਟਰੱਕ ਡਰਾਈਵਰ 30 ਲੱਖ ਡਾਲਰ ਦੀ ਕੋਕੀਨ ਸਣੇ ਕਾਬੂ

ਵਿੰਡਸਰ : ਅਮਰੀਕਾ ਤੋਂ ਕੈਨੇਡਾ ਦਾਖਲ ਹੋ ਰਹੇ ਪੰਜਾਬੀ ਟਰੱਕ ਡਰਾਈਵਰ ਕੋਲੋਂ 3 ਮਿਲੀਅਨ ਡਾਲਰ ਮੁੱਲ ਦੀ 173 ਕਿਲੋ ਕੋਕੀਨ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ ਹੈ।ਬਰੈਂਪਟਨ ਨਾਲ ਸਬੰਧਤ ਗੁਰਸ਼ਿੰਦਰ ਸਿੰਘ ਨੂੰ ਅੰਬੈਸਡਰ ਬ੍ਰਿਜ ਪਾਰ ਕਰਨ ਤੋਂ ਪਹਿਲਾਂ ਅਮਰੀਕਾ ਦੇ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਵਿਭਾਗ ਦੀ ਕੌਂਟਰਾਬੈਂਡ ਐਨਫੋਰਸਮੈਂਟ ਟੀਮ ਨੇ ਰੋਕਿਆ ਅਤੇ ਤਲਾਸ਼ੀ ਦੌਰਾਨ ਪੈਸੰਜਰ ਸੀਟ ਦੇ ਹੇਠਾਂ ਬਣੇ ਟੂਲ ਬੌਕਸ ਵਿਚੋਂ ਕੁਝ ਡੱਬੇ ਬਰਾਮਦ ਹੋਏ ਜਿਨ੍ਹਾਂ ਅੰਦਰ ਵੈਕਿਊਮ ਸੀਲੰਗ ਵਾਲੇ ਪੈਕਟ ਮੌਜੂਦ ਸਨ। ਅੱਠ ਹੋਮ ਡਿਪੋ ਡੱਬਿਆਂ ਵਿਚੋਂ ਤਿੰਨ ਵਿਚ ਮਿਲਿਆ ਪਦਾਰਥ ਕੋਕੀਨ ਸਾਬਤ ਹੋਇਆ ਅਤੇ ਇਸ



ਮਗਰੋਂ ਗੁਰਸ਼ਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਜਾਂਚਕਰਤਾਵਾਂ ਵੱਲੋਂ ਗੁਰਸ਼ਿੰਦਰ ਸਿੰਘ ਦੇ ਮੋਬਾਈਲ ਦੀ ਘੋਖ ਕੀਤੀ ਗਈ ਤਾਂ ਇਕ ਗੁਪਤ ਨੰਬਰ ਰਾਹੀਂ ਕਿਸੇ ਦੇ ਸੰਪਰਕ ਵਿਚ ਹੋਣ ਬਾਰੇ ਪਤਾ ਲੱਗਾ। ਸਿਗਨਲ ਮੈਸੰਜਰ ਰਾਹੀਂ 6 ਮਈ ਤੋਂ ਸੁਨੇਹੇ ਭੇਜੇ ਜਾ ਰਹੇ ਸਨ ਅਤੇ ਇਕ ਮੈਸੇਜ ਵਿਚ ਲਿਖਿਆ ਸੀ, ਮੇਰਾ ਅਗਲਾ ਲੋਡ ਸ਼ੁੱਕਰਵਾਰ ਨੂੰ ਡਿਲਿਵਰ ਹੋ ਰਿਹਾ ਹੈ। ਦੂਜੇ ਮੈਸੇਜ ਵਿਚ ਲਿਖਿਆ ਸੀ ਕਿ ਆਪਾਂ ਵੀਰਵਾਰ ਸ਼ਾਮ ਜਾਂ ਰਾਤ ਵੇਲੇ ਸੰਪਰਕ ਕਰਾਂਗੇ। ਗੁਰਸ਼ਿੰਦਰ ਸਿੰਘ ਦੇ ਅਮਰੀਕਾ ਵਿਚਲੇ ਰੂਟ ਦੀ ਤਹਿਕੀਕਾਤ ਕੀਤੀ ਗਈ ਤਾਂ ਵਿਸਕੌਨਸਿਨ ਸੂਬੇ ਤੋਂ ਚੱਲ ਕੇ 8 ਮਈ ਨੂੰ ਇੰਡਿਆਨਾ ਸੂਬੇ ਦੇ ਇਕ ਟਰੱਕ ਸਟੌਪ ਤੇ ਰੁਕਿਆ ਜਿਥੇ ਇਕ ਅਣਪਛਾਤੇ ਸ਼ਖਸ ਨਾਲ ਮੁਲਾਕਾਤ ਕੀਤੀ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਨਸ਼ੀਲੇ ਪਦਾਰਥ ਦੀ ਕੀਮਤ ਬਹੁਤ ਜ਼ਿਆਦਾ ਹੋਣ ਕਾਰਨ ਟ੍ਰਾਂਸਪੋਰਟੇਸ਼ਨ ਵਾਸਤੇ ਅਜਿਹੇ ਬੰਦੇ ਦੀ ਚੋਣ ਕੀਤੀ ਜਾਂਦੀ ਹੈ ਜੋ ਨਸ਼ੇ ਦੀ ਖੇਪ ਭੇਜਣ ਵਾਲਿਆਂ ਦਾ ਵਫਾਦਾਰ ਹੋਵੇ ਅਤੇ ਬਾਅਦ ਵਿਚ ਉਸ ਨੂੰ ਸੌਖਿਆਂ ਅਦਾਇਗੀ ਕੀਤੀ ਜਾ ਸਕੇ। ਦੂਜੇ ਪਾਸੇ ਗੁਰਸ਼ਿੰਦਰ ਸਿੰਘ ਨੇ ਪੁੱਛ ਪੜਤਾਲ ਦੌਰਾਨ ਦੱਸਿਆ ਕਿ ਕਿ ਉਹ ਇੰਡਿਆਨਾ ਸੂਬੇ ਵਿਚ ਇਕ ਰਾਤ ਠਹਿਰਨ ਮਗਰੋਂ ਕੈਨੇਡਾ ਵੱਲ ਜਾ ਰਿਹਾ ਸੀ।

# ਸੀਨੀਅਰ ਨਾਗਰਿਕਾਂ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਇਕ ਹੋਰ ਭਾਰਤੀ ਵਿਦਿਆਰਥੀ ਗ੍ਰਿਫ਼ਤਾਰ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਡੈਟਰਾਇਟ (ਮਿਸ਼ੀਗਨ) ਵਿਚ ਸੀਨੀਅਰ ਨਾਗਰਿਕਾਂ ਨਾਲ ਧੋਖਾ ਕਰਨ ਦੇ ਦੋਸ਼ਾਂ ਤਹਿਤ ਵੇਦਾਂਤ ਕੁਮਾਰ ਭੁਨਪੇਨਬਾਈ ਪਟੇਲ ਨਾਮੀ ਇਕ ਹੋਰ ਭਾਰਤੀ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਸ਼ੈਲਬਾਈ ਟਾਊਨਸ਼ਿੱਪ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪਟੇਲ ਨੇ ਈ ਮੇਲ ਰਾਹੀਂ ਬਜ਼ੁਰਗ ਜੋੜੇ ਨਾਲ ਸੰਪਰਕ ਬਣਾਇਆ ਤੇ ਫਰਜੀ ਸੰਘੀ ਏਜੰਟ ਬਣ ਕੇ ਜੋੜੇ ਨਾਲ 50 ਹਜਾਰ ਡਾਲਰ ਦੀ ਠੱਗੀ ਮਾਰੀ ਤੇ ਇਹ ਵੀ ਚਿਤਾਵਨੀ ਦਿੱਤੀ ਕਿ ਇਸ ਬਾਰੇ ਕਿਸੇ ਨਾਲ ਕੋਈ ਗੱਲਬਾਤ ਨਾ ਕੀਤੀ ਜਾਵੇ।**



ਪੁਲਿਸ ਦਾ ਵਿਸ਼ਵਾਸ਼ ਹੈ ਕਿ ਪਟੇਲ ਨੇ ਧੋਖੇ ਨਾਲ ਲਏ ਪੈਸੇ ਭਾਰਤ ਭੇਜ ਦਿੱਤੇ ਹਨ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਜਦੋਂ ਪਟੇਲ ਨੂੰ ਟੋਲਡੋ,ਓਹਾਈਓ ਵਿਚ ਗ੍ਰਿਫਤਾਰ ਕੀਤਾ ਗਿਆ ਤਾਂ ਉਹ ਕਿਸੇ ਹੋਰ ਨਾਲ ਠੱਗੀ ਮਾਰਨ ਦੇ ਯਤਨ ਵਿਚ ਸੀ। ਉਸ ਨੂੰ ਮਿਸ਼ੀਗਨ ਲਿਆਂਦਾ ਗਿਆ ਹੈ ਤੇ ਅਪਾਰਧਕ ਮਾਮਲੇ ਦੇ ਨਬੇੜੇ ਉਪਰੰਤ ਆਈ ਸੀ ਈ ਵੱਲੋਂ ਉਸ ਨੂੰ ਵਾਪਿਸ ਭਾਰਤ ਭੇਜ ਦਿੱਤਾ ਜਾਵੇਗਾ। ਇਥੇ ਜਿਕਰਯੋਗ ਹੈ ਕਿ ਅਮਰੀਕਾ ਵਿਚ ਸੀਨੀਅਰ ਨਾਗਿਰਕਾਂ ਨਾਲ ਠੱਗੀ ਮਾਰਨ ਦੇ ਦੋਸ਼ਾਂ ਤਹਿਤ ਪਹਿਲਾਂ 3 ਭਾਰਤੀ ਵਿਦਿਆਰਥੀ ਗ੍ਰਿਫਤਾਰ ਹੋ ਚੁੱਕੇ ਹਨ।


**ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ**

**PUNJABI FOLK SINGERS, DANCERS AND MUSICIANS**

**URGENTLY REQUIRED**

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour

Dancers: £11.44 - £17.00 per hour

Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

**FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv**

**Closing date for applications: 30 MAY 2025**



**VACANCIES**

**JSR CONTRACTS LTD.**

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**

**The required training will be provided.**

**Person must have CSCS, Asbestos Awareness and Manual Handling**

*** Overseas candidates must do UK construction industry standard qualifications on arrival and before joining the job.**

**Contact Mr. Randhawa via email below:**

**Email: jsrcontractslimited@gmail.com**

# ਡਰੋਨ ਦੀ ਤਾਕਤ ਨੇ ਬਦਲੀ ਜੰਗ ਦੀ ਤਸਵੀਰ, ਰੂਸ-ਯੂਕਰੇਨ ਜੰਗ ਵਿਚ ਮਿਸਾਲ

**ਨਿਊਜ਼ ਸਟੋਰੀ**

**✪ ਭਾਰਤ ਦੇ 'ਆਪ੍ਰੇਸ਼ਨ ਸੰਧੂਰ' ਨੇ ਦੁਨੀਆ ਨੂੰ ਦਿਖਾਈ ਡਰੋਨ ਦੀ ਤਾਕਤ ✪ ਪਾਕਿਸਤਾਨ ਦੇ ਅਸਫਲ ਡਰੋਨ ਹਮਲੇ, ਭਾਰਤ ਦੀ ਤਕਨੀਕ ਅੱਗੇ ਫੇਲ ✪ ਡਰੋਨ ਦੀ ਦੁਨੀਆ ਵਿਚ ਅਮਰੀਕਾ-ਚੀਨ ਮੋਹਰੀ**

ਅੱਜ ਦੀ ਦੁਨੀਆ ਵਿਚ ਜੰਗ ਦਾ ਮੋੜ ਪਲਟਣ ਵਾਲੇ ਡਰੋਨ ਨੇ ਸਾਰਿਆਂ ਦੇ ਹੋਸ਼ ਉਡਾ ਦਿੱਤੇ ਨੇ। ਡਰੋਨ ਸਟੀਕ ਹਮਲਿਆਂ ਨਾਲ ਟੈਂਕ, ਜਹਾਜ਼, ਅਤੇ ਫੌਜੀ ਟਿਕਾਣਿਆਂ ਨੂੰ ਤਬਾਹ ਕਰ ਸਕਦੇ ਨੇ।ਡਰੋਨ ਖੁਫੀਆ ਜਾਣਕਾਰੀ ਚੋਰੀ ਕਰ ਸਕਦੇ ਨੇ। ਡਰੋਨ ਫਾਈਟਰ ਜੈੱਟ ਦੇ ਮੁਕਾਬਲੇ ਹਜ਼ਾਰ ਗੁਣਾ ਸਸਤੇ, ਪਰ ਭਾਰੀ ਨੁਕਸਾਨ ਕਰ ਸਕਦੇ ਨੇ। ਰੂਸ-ਯੂਕਰੇਨ ਜੰਗ ਵਿਚ ਜਦੋਂ ਰੂਸ ਦੀ 64 ਕਿਲੋਮੀਟਰ ਲੰਮੀ ਫੌਜੀ ਟੁਕੜੀ ਕੀਵ ਵੱਲ ਵਧੀ, ਤਾਂ ਯੂਕਰੇਨ ਦੇ ਬੇ-ਆਵਾਜ਼ ਡਰੋਨਾਂ ਨੇ ਇਨ੍ਹਾਂ ਦੀਆਂ ਟੈਂਕਾਂ-ਗੱਡੀਆਂ ਨੂੰ ਇਨਫਰਾਰੈੱਡ ਕੈਮਰਿਆਂ ਨਾਲ ਭਾਂਪ ਕੇ ਸਟੀਕ ਹਮਲੇ ਕੀਤੇ। ਇਹ ਕੈਮਰੇ ਹਨੇਰੇ ਵਿਚ ਵੀ ਕੰਮ ਕਰਦੇ ਨੇ, ਕਿਉਂਕਿ ਇਨ੍ਹਾਂ ਨੂੰ ਰੌਸ਼ਨੀ ਦੀ ਲੋੜ ਨਹੀਂ, ਸਿਰਫ ਗਰਮੀ ਦੀ ਲੋੜ ਹੈ। ਰੂਸ-ਯੂਕਰੇਨ ਜੰਗ ਵਿਚ, ਡਰੋਨਾਂ 'ਤੇ ਲੱਗੇ ਇਨਫਰਾਰੈੱਡ ਕੈਮਰਿਆਂ ਨੇ ਰੂਸੀ ਟੈਂਕਾਂ ਦੇ ਚੱਲਦੇ ਇੰਜਣਾਂ ਦੀ ਗਰਮੀ ਫੜੀ ਅਤੇ ਸਟੀਕ ਹਮਲੇ ਕੀਤੇ। ਇਹ ਜਾਨਵਰਾਂ, ਮਨੁੱਖਾਂ ਜਾਂ ਮਸ਼ੀਨਾਂ ਦੀ ਹਰਕਤ ਨੂੰ ਗਰਮੀ ਦੇ ਅਧਾਰ 'ਤੇ ਲੱਭ ਸਕਦੇ ਨੇ। ਇਹਨਾਂ ਕੈਮਰਿਆਂ ਕਾਰਣ ਰੂਸ ਦੇ ਸੁਪਨੇ ਚਕਨਾਚੂਰ ਹੋ ਗਏ।

ਇਸੇ ਤਰ੍ਹਾਂ ਅਜ਼ਰਬਾਈਜਾਨ-ਆਰਮੀਨੀਆ ਜੰਗ ਵਿਚ ਵੀ ਡਰੋਨਾਂ ਨੇ ਮੈਦਾਨ ਮਾਰਿਆ। ਭਾਰਤ ਨੇ 'ਆਪ੍ਰੇਸ਼ਨ ਸੰਧੂਰ' ਨਾਲ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ ਨੂੰ ਸਰਹੱਦ ਪਾਰ ਕੀਤੇ ਬਿਨਾਂ ਡਰੋਨਾਂ ਨਾਲ ਢਾਹਿਆ। ਇਹ ਸਟੀਕ ਹਮਲੇ ਦੁਨੀਆ ਲਈ ਮਿਸਾਲ ਬਣੇ। ਪਰ ਪਾਕਿਸਤਾਨ ਦੇ ਸੈਂਕੜੇ ਡਰੋਨ ਹਮਲੇ ਭਾਰਤ ਅੱਗੇ ਫੇਲ ਸਾਬਤ ਹੋਏ।

ਅਮਰੀਕਾ, ਚੀਨ, ਰੂਸ, ਇਜ਼ਰਾਈਲ, ਤੁਰਕੀ ਵਰਗੇ ਦੇਸ਼ ਡਰੋਨ ਦੀ ਦੌੜ ਵਿਚ ਮੋਹਰੀ ਨੇ, ਪਰ ਨਾਈਜੀਰੀਆ, ਮਿਸਰ, ਫਿਨਲੈਂਡ ਵਰਗੇ ਦੇਸ਼ ਵੀ ਇਸ ਤਕਨੀਕ ਨੂੰ ਅਪਣਾ ਰਹੇ ਨੇ। ਡਰੋਨ ਹੁਣ ਜੰਗ ਦਾ ਰੂਪ ਬਦਲ ਰਹੇ ਨੇ। ਇਹ ਨਾ ਸਿਰਫ ਹਵਾ, ਸਗੋਂ ਸਮੁੰਦਰ ਤੇ ਜ਼ਮੀਨ 'ਤੇ ਵੀ ਕਮਾਲ ਕਰਦੇ ਨੇ। ਇਹ ਸਸਤੇ, ਸਟੀਕ ਅਤੇ ਮਨੁੱਖੀ ਜਾਨਾਂ ਦਾ ਜੋਖਮ ਘਟਾਉਂਦੇ ਨੇ। ਪਰ ਇਨ੍ਹਾਂ ਦੀ ਵਰਤੋਂ ਅੱਤਵਾਦੀ ਗੁੱਟ ਵੀ ਕਰ ਰਹੇ ਨੇ, ਜੋ ਚਿੰਤਾ ਦਾ ਵਿਸ਼ਾ ਹੈ। ਮਾਹਿਰ ਮੰਨਦੇ ਨੇ ਕਿ ਅਗਲੇ ਕੁਝ ਸਾਲਾਂ ਵਿਚ ਜਿਹੜਾ ਦੇਸ਼ ਡਰੋਨ ਅਤੇ ਐਂਟੀ-ਡਰੋਨ ਤਕਨੀਕ ਵਿਚ ਅੱਗੇ ਹੋਵੇਗਾ, ਉਹੀ ਜੰਗ ਜਿੱਤੇਗਾ। ਮਾਹਿਰ ਮੰਨਦੇ ਨੇ ਕਿ 2030 ਤੱਕ ਡਰੋਨ ਜੰਗ ਦਾ ਮੁੱਖ ਹਥਿਆਰ ਹੋਣਗੇ। ਏਆਈ-ਅਧਾਰਿਤ ਆਟੋਨੋਮਸ ਡਰੋਨ ਨਿਸ਼ਾਨੇ ਖੁਦ ਚੁਣਨਗੇ। ਅੱਤਵਾਦੀ ਸੰਗਠਨਾਂ ਵਲੋਂ ਇਨ੍ਹਾਂ ਡਰੋਨਾਂ ਦੀ ਵਰਤੋਂ ਨਾਲ ਸੁਰੱਖਿਆ ਨੂੰ ਖਤਰਾ ਹੈ।



## ਡਰੋਨ ਦੀਆਂ ਕਿੰਨੀਆਂ ਕਿਸਮਾਂ ਨੇ ?

- ਮਾਈਕ੍ਰੋ/ਮਿੰਨੀ: ਛੋਟੇ, ਸਰਵੇਲੈਂਸ ਲਈ ਵਰਤੇ ਜਾਂਦੇ।
- ਕਾਮੀਕੇਜ/ਲਾਈਟਰਿੰਗ ਮਿਊਨੀਸ਼ਨ: ਆਤਮਘਾਤੀ ਹਮਲਿਆਂ ਲਈ ਵਰਤੇ ਜਾਂਦੇ ਹਨ (ਜਿਵੇਂ ਨਾਗਅਸਤਰ-1)।
- ਸਰਵੇਲੈਂਸ ਖੁਫੀਆ ਜਾਣਕਾਰੀ ਇਕੱਠੀ ਕਰਨ ਲਈ (ਹੀਰੋਨ ਮਾਰਕ -2) ਵਰਤੇ ਜਾਂਦੇ ਹਨ।
- ਕੰਬੈਟ: ਹਮਲਿਆਂ ਲਈ (ਐਕਿਊ-9 ਰੀਪਰ) ਵਰਤੇ ਜਾਂਦੇ ਹਨ।
- ਸਵਾਰਮ: ਝੁੰਡ ਵਿਚ ਹਮਲਾ ਕਰਨ ਵਾਲੇ ਹੁੰਦੇ ਹਨ।
- ਅੰਡਰਵਾਟਰ: ਸਮੁੰਦਰੀ ਜੰਗ ਲਈ ਹੁੰਦੇ ਹਨ।
- ਹਾਈਬ੍ਰਿਡ: ਹਵਾਈ ਅਤੇ ਜ਼ਮੀਨੀ ਭੂਮਿਕਾਵਾਂ ਵਾਲੇ ਹੁੰਦੇ ਹਨ।

ਦਾ ਨਿਊਯਾਰਕ ਟਾਈਮਜ ਅਨੁਸਾਰ ਡਰੋਨ ਨੇ ਜੰਗ ਦੀ ਰਣਨੀਤੀ ਨੂੰ ਹਮੇਸ਼ਾ ਲਈ ਬਦਲ ਦਿੱਤਾ।

ਦਾ ਗਾਰਡੀਅਨ ਯੂਕੇ ਅਨੁਸਾਰ ਸਸਤੇ ਡਰੋਨ ਅੱਤਵਾਦੀਆਂ ਲਈ ਨਵਾਂ ਜੋਖਮ ਹਨ।

ਅਲ ਜਜੀਰਾ ਅਨੁਸਾਰ ਤੁਰਕੀ ਅਤੇ ਚੀਨ ਸਸਤੇ ਡਰੋਨ ਨਾਲ ਵਿਸ਼ਵ ਬਾਜ਼ਾਰ 'ਤੇ ਕਬਜ਼ਾ ਕਰ ਰਹੇ ਨੇ।

### ਵਿਸ਼ਵ ਦੇ ਸਭ ਤੋਂ ਵੱਡੇ ਡਰੋਨ ਵਾਲੇ ਪੰਜ ਦੇਸ਼

ਅਮਰੀਕਾ ਕੋਲ ਐਮ ਕਿਊ-9 ਰੀਪਰ, ਪ੍ਰੀਡੇਟਰ ਵਰਗੇ ਅਤਿ-ਆਧੁਨਿਕ ਡਰੋਨ ਹਨ। ਇਹ 1850 ਕਿਲੋਮੀਟਰ ਤੱਕ ਮਾਰ ਕਰ ਸਕਦੇ ਨੇ ਅਤੇ 27 ਘੰਟੇ ਹਵਾ ਵਿਚ ਰਹਿ ਸਕਦੇ ਨੇ। ਅਮਰੀਕਾ ਦੀ ਡਰੋਨ ਤਕਨੀਕ ਸਭ ਤੋਂ ਅੱਗੇ ਹੈ।

ਚੀਨ ਦੇ ਸੀਐਚ-4, ਸੀਐਚ-5 ਅਤੇ ਵਿੰਗ ਲੰਨਗ ਡਰੋਨ 5000 ਕਿਲੋਮੀਟਰ ਤੱਕ ਮਾਰ ਕਰ ਸਕਦੇ ਨੇ।

ਹਾਅਰੂਪ ਹੈਰੋਨ ਮਾਰਕ -2 ਵਰਗੇ ਡਰੋਨਾਂ ਨਾਲ ਇਜ਼ਰਾਈਲ ਸਟੀਕ ਸਰਜੀਕਲ ਸਟ੍ਰਾਈਕ ਵਿਚ ਮਾਹਿਰ ਹੈ। ਇਸ ਦੀ ਰੇਂਜ 1000-3000 ਕਿਲੋਮੀਟਰ ਹੈ।

ਤੁਰਕੀ ਦੇ ਬੇਰੈਕਟਰ ਟੀਬੀ 2 ਵਰਗੇ ਡਰੋਨ ਨੇ ਅਜ਼ਰਬਾਈਜਾਨ-ਆਰਮੀਨੀਆ ਜੰਗ ਵਿਚ ਕਮਾਲ ਦਿਖਾਇਆ। ਇਹ 27 ਘੰਟੇ ਉੱਡ ਸਕਦਾ ਹੈ।

ਰੂਸ ਦੇ ਆਰਲੇਨ-10, ਲੈਂਕਟ ਵਰਗੇ ਡਰੋਨ ਰੂਸ ਦੀ ਤਾਕਤ ਹਨ, ਪਰ ਯੂਕਰੇਨ ਜੰਗ ਵਿਚ ਇਹ ਪਛੜ ਗਏ।

### ਡਰੋਨ ਸ਼ਕਤੀ ਵਿਚ ਭਾਰਤ ਅਤੇ ਪਾਕਿਸਤਾਨ ਦੀ ਪੁਜੀਸ਼ਨ

ਭਾਰਤ ਕੋਲ 2500-3000 ਡਰੋਨ ਹਨ, ਜਿਨ੍ਹਾਂ 'ਚ ਸਵਦੇਸ਼ੀ (ਰੁਸਤਮ-2, ਨਾਗਅਸਤਰ-1) ਅਤੇ ਵਿਦੇਸ਼ੀ (ਹਾਰੋਪ, ਐਮਕਿਊ-9 ਰੀਪਰ) ਸ਼ਾਮਲ ਨੇ। ਭਾਰਤ ਦੀ ਰੇਂਜ 200-3000 ਕਿਲੋਮੀਟਰ ਹੈ। 'ਆਪ੍ਰੇਸ਼ਨ ਸੰਧੂਰ' ਨੇ ਸਾਬਤ ਕੀਤਾ ਕਿ ਭਾਰਤ ਸਟੀਕ ਹਮਲਿਆਂ ਵਿਚ ਮਾਹਿਰ ਹੈ। ਵਿਸ਼ਵ ਵਿਚ ਭਾਰਤ ਦੀ ਪੁਜੀਸ਼ਨ 6-8ਵੀਂ ਹੈ।

ਭਾਰਤ ਏਆਈI-ਅਧਾਰਿਤ ਜੀਪੀਐਸ PS-ਰਹਿਤ ਡਰੋਨ ਵੀ ਬਣਾ ਰਿਹਾ ਹੈ।

ਪਾਕਿਸਤਾਨ ਕੋਲ 1000-1500 ਡਰੋਨ ਹਨ, ਜਿਨ੍ਹਾਂ ਵਿਚ ਸ਼ਾਹਪਾਰ-2, ਸੀਐਚ-4, ਬੇਰੈਕਟਰ ਟੀਬੀ 2 ਸ਼ਾਮਲ ਨੇ। ਪਰ ਇਸ ਦੀ ਜ਼ਿਆਦਾਤਰ ਤਕਨੀਕ ਚੀਨ ਅਤੇ ਤੁਰਕੀ 'ਤੇ ਨਿਰਭਰ ਹੈ। ਪਾਕਿਸਤਾਨ ਦੀ ਰੇਂਜ 1000-5000 ਕਿਲੋਮੀਟਰ ਹੈ, ਪਰ ਸਟੀਕਤਾ ਵਿਚ ਭਾਰਤ ਅੱਗੇ ਹੈ। ਵਿਸ਼ਵ ਵਿਚ ਪਾਕਿਸਤਾਨ 10-12ਵੇਂ ਸਥਾਨ 'ਤੇ ਹੈ।

### ਵਿਸ਼ਵ ਵਿਚ ਅਜੋਕੀਆਂ ਜੰਗਾਂ 'ਚ ਡਰੋਨ ਦੀ ਵਰਤੋਂ

ਰੂਸ-ਯੂਕਰੇਨ ਜੰਗ 2022ਤੋਂ ਹੁਣ ਤਕ ਯੂਕਰੇਨ ਨੇ ਬੇਰੈਕਟਰ ਟੀਬੀ 2 ਅਤੇ ਸਵਾਰਮ ਡਰੋਨ ਨਾਲ ਰੂਸੀ ਫੌਜ ਨੂੰ ਭਾਰੀ ਨੁਕਸਾਨ ਪਹੁੰਚਾਇਆ।

ਅਜ਼ਰਬਾਈਜਾਨ-ਆਰਮੀਨੀਆ ਜੰਗ (2020) ਦੌਰਾਨ ਤੁਰਕੀ ਦੇ ਬੇਰੈਕਟਰ ਟੀਬੀ2 ਨੇ ਅਜ਼ਰਬਾਈਜਾਨ ਦੀ ਜਿੱਤ ਵਿਚ ਅਹਿਮ ਰੋਲ ਨਿਭਾਇਆ।

ਸੀਰੀਆ ਜੰਗ 2011ਤੋਂ ਹੁਣ ਤਕ ਰੂਸ ਅਤੇ ਅਮਰੀਕਾ ਨੇ ਡਰੋਨ ਨਾਲ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ।

ਇਰਾਕ ਤੇ ਅਫਗਾਨਿਸਤਾਨ 2001-2021 ਤਕ ਅਮਰੀਕਾ ਦੇ ਐਮ ਕਿਊ-9 ਰੀਪਰ ਨੇ ਅੱਤਵਾਦੀਆਂ ਖਿਲਾਫ ਸਟੀਕ ਹਮਲੇ ਕੀਤੇ। ਭਾਰਤ-ਪਾਕਿਸਤਾਨ 2019 ਤੋਂ ਹੁਣ ਤਕ ਭਾਰਤ ਨੇ 'ਆਪ੍ਰੇਸ਼ਨ ਸੰਧੂਰ' ਵਿਚ ਅੱਤਵਾਦੀ ਟਿਕਾਣਿਆਂ ਨੂੰ ਢਾਹਿਆ।

## ਡਰੋਨ ਹਮਲੇ ਰੋਕਣ ਦੀ ਸਮਰੱਥਾ ਵਾਲੇ ਦੇਸ਼

- ਅਮਰੀਕਾ ਕੋਲ ਅਤਿ-ਆਧੁਨਿਕ ਲੇਜ਼ਰ ਅਤੇ ਜੈਮਿੰਗ ਸਿਸਟਮ ਹਨ।
- ਇਜ਼ਰਾਈਲ ਕੋਲ ਆਇਰੋਨ ਡੋਮ ਅਤੇ ਡਰੋਨ ਡੋਮ ਵਰਗੀਆਂ ਤਕਨੀਕਾਂ ਹਨ।
- ਚੀਨ ਕੋਲਰਾਡਾਰ ਅਤੇ ਏ ਆਈ ਅਧਾਰਿਤ ਐਂਟੀ-ਡਰੋਨ ਸਿਸਟਮ ਹਨ।
- ਰੂਸ ਕੋਲ ਕਰਾਸੁਖਾ-4 ਜੈਮਿੰਗ ਸਿਸਟਮ ਹੈ।
- ਭਾਰਤ ਕੋਲ ਡਰਡੋ ਦੀ ਐਂਟੀ-ਡਰੋਨ ਤਕਨੀਕ ਹੈ, ਪਰ ਅਜੇ ਵਿਕਾਸ ਅਧੀਨ ਹੈ। ਭਾਰਤ ਇਸ ਪਖੋਂ ਵਿਸ਼ਵ ਵਿਚ 5-7ਵੀਂ ਪੁਜੀਸ਼ਨ ਉਪਰ ਹੈ। ਡਰਦੋ ਦੀ ਸਵਦੇਸ਼ੀ ਤਕਨੀਕ ਅਤੇ ਇਜ਼ਰਾਈਲ ਦੀ ਸਹਾਇਤਾ ਨਾਲ ਮਜ਼ਬੂਤ ਹੈ।
- ਪਾਕਿ ਦੀ 10-12ਵੀਂ ਪੁਜੀਸ਼ਨ ਹੈ, ਵਿਦੇਸ਼ੀ ਨਿਰਭਰਤਾ ਕਾਰਨ ਸਥਿਤੀ ਕਮਜ਼ੋਰ ਹੈ।

# ਹੌਲੀ ਅਦਾਲਤੀ ਪ੍ਰਕਿਰਿਆ ਪੱਤਰਕਾਰਾਂ ਲਈ ਬਣੀ ਸਜ਼ਾ

## ✪ ਛੋਟੇ ਸ਼ਹਿਰਾਂ ਦੇ ਮੀਡੀਆ ਕਰਮੀ ਸਭ ਤੋਂ ਵੱਧ ਪ੍ਰਭਾਵਿਤ ✪ ਅਸਪਸ਼ਟ ਕਾਨੂੰਨਾਂ ਕਾਰਨ ਪੱਤਰਕਾਰ ਨਿਸ਼ਾਨੇ 'ਤੇ, 65% ਮਾਮਲੇ ਅਧੂਰੇ






ਵਿਸ਼ੇਸ਼ ਰਿਪੋਰਟ

ਭਾਰਤ ਵਿੱਚ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਮੀਡੀਆ ਅਜ਼ਾਦੀ ਨੂੰ ਸੀਮਤ ਕਰਨ ਦੀਆਂ ਚਿੰਤਾਜਨਕ ਘਟਨਾਵਾਂ ਸਾਹਮਣੇ ਆਈਆਂ ਹਨ। ਬੀਤੇ ਮੰਗਲਵਾਰ ਨੂੰ ਜਾਰੀ ਹੋਈ ਇੱਕ ਨਵੀਂ ਰਿਪੋਰਟ, ਜੋ ਕਲੂਨੀ ਫਾਊਂਡੇਸ਼ਨ ਫਾਰ ਜਸਟਿਸ ਦੇ ਟ੍ਰਾਇਲਵਾਚ ਇਨੀਸ਼ੀਏਟਿਵ, ਨੈਸ਼ਨਲ ਲਾਅ ਯੂਨੀਵਰਸਿਟੀ ਦਿੱਲੀ ਅਤੇ ਕੋਲੰਬੀਆ ਲਾਅ ਸਕੂਲ ਦੇ ਹਿਊਮਨ ਰਾਈਟਸ ਇੰਸਟੀਚਿਊਟ ਨੇ ਸਾਂਝੇ ਤੌਰ 'ਤੇ ਤਿਆਰ ਕੀਤੀ ਹੈ, ਨੇ ਖੁਲਾਸਾ ਕੀਤਾ ਹੈ ਕਿ ਪੱਤਰਕਾਰਾਂ ਵਿਰੁੱਧ ਅਦਾਲਤੀ ਪ੍ਰਕਿਰਿਆ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਇਹ ਰਿਪੋਰਟ, ਜਿਸ ਦਾ ਸਿਰਲੇਖ ਹੈ 'ਪ੍ਰੈਸਿੰਗ ਚਾਰਜਿਜ਼: ਏ ਸਟੱਡੀ ਆਫ ਕ੍ਰਿਮੀਨਲ ਕੇਸਿਜ਼ ਅਗੇਂਸਟ ਜਰਨਲਿਸਟਸ ਅਕਰੌਸ ਸਟੇਟਸ ਇਨ ਇੰਡੀਆ', ਦੱਸਦੀ ਹੈ ਕਿ ਪੱਤਰਕਾਰਾਂ ਨੂੰ ਲੰਬੀਆਂ ਅਤੇ ਜਾਣਬੁੱਝ ਕੇ ਖਿੱਚੀਆਂ ਜਾਣ ਵਾਲੀਆਂ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਉਨ੍ਹਾਂ ਦੀ ਆਰਥਿਕ, ਮਾਨਸਿਕ ਅਤੇ ਪੇਸ਼ੇਵਰ ਜ਼ਿੰਦਗੀ ਨੂੰ ਤਬਾਹ ਕਰ ਰਹੀਆਂ ਹਨ।

### ਅਦਾਲਤਾਂ ਪੱਤਰਕਾਰਾਂ ਨਾਲ ਇਨਸਾਫ ਕਿਉਂ ਨਹੀਂ ਕਰਦੀਆਂ ?

ਰਿਪੋਰਟ ਮੁਤਾਬਕ, 2012 ਤੋਂ 2022 ਦਰਮਿਆਨ 427 ਪੱਤਰਕਾਰਾਂ ਵਿਰੁੱਧ 423 ਅਪਰਾਧਿਕ ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ 624 ਅਪਰਾਧਿਕ ਘਟਨਾਵਾਂ ਸ਼ਾਮਲ ਸਨ। ਇਨ੍ਹਾਂ ਵਿੱਚੋਂ 65% ਤੋਂ ਵੱਧ ਮਾਮਲੇ 30 ਅਕਤੂਬਰ 2023 ਤੱਕ ਵੀ ਅਧੂਰੇ ਸਨ, ਜਦਕਿ 40% ਮਾਮਲਿਆਂ ਵਿੱਚ ਪੁਲਿਸ ਨੇ ਜਾਂਚ ਵੀ ਪੂਰੀ ਨਹੀਂ ਕੀਤੀ। ਸਿਰਫ 6% ਮਾਮਲਿਆਂ (16 ਕੇਸ) ਵਿੱਚ ਹੀ ਅੰਤਿਮ ਨਿਪਟਾਰਾ ਹੋਇਆ, ਜਿਸ ਵਿੱਚ ਦੋਸ਼ਮੁਕਤੀ ਜਾਂ ਸਜ਼ਾ ਸ਼ਾਮਲ ਸੀ। ਇਹ ਲੰਬੀਆਂ ਪ੍ਰਕਿਰਿਆਵਾਂ ਪੱਤਰਕਾਰਾਂ ਨੂੰ ਮਾਨਸਿਕ ਅਤੇ ਆਰਥਿਕ ਤੌਰ 'ਤੇ ਤੋੜਨ ਦਾ ਸਾਧਨ ਬਣ ਰਹੀਆਂ ਹਨ। 58% ਪੱਤਰਕਾਰਾਂ ਨੇ ਆਰਥਿਕ ਤੰਗੀ, 56% ਨੇ ਡਰ ਅਤੇ ਚਿੰਤਾ, 73% ਨੇ ਨਿੱਜੀ ਜ਼ਿੰਦਗੀ 'ਤੇ ਅਸਰ ਅਤੇ 56% ਨੇ ਕਰੀਅਰ 'ਤੇ ਨਕਾਰਾਤਮਕ ਪ੍ਰਭਾਵ ਦੀ ਗੱਲ ਕੀਤੀ।

ਇੱਕ ਪੱਤਰਕਾਰ ਨੇ ਕਿਹਾ, "ਮੇਰੀ ਗ੍ਰਿਫਤਾਰੀ ਤੋਂ ਬਾਅਦ ਮੇਰਾ ਪਰਿਵਾਰ, ਖਾਸਕਰ ਮੇਰੇ ਬੱਚੇ, ਬਹੁਤ ਪ੍ਰੇਸ਼ਾਨ ਹੋਏ। ਅਜਿਹੇ ਮਾਮਲੇ ਸਿਰਫ ਇੱਕ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਪਰਿਵਾਰ ਨੂੰ ਤੋੜ ਦਿੰਦੇ ਹਨ।"

ਅਦਾਲਤੀ ਪ੍ਰਕਿਰਿਆ ਦੀ ਇਹ ਹੌਲੀ ਚਾਲ ਅਤੇ ਅਸਪਸ਼ਟ ਕਾਨੂੰਨੀ ਪ੍ਰਬੰਧ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦਾ ਸਾਧਨ ਬਣ ਰਹੇ ਹਨ। ਨਵੀਂ ਭਾਰਤੀ ਨਿਆਂ ਸੰਹਿਤਾ (ਭੰਸ਼) 2024, ਜਿਸ ਨੇ ਪੁਰਾਣੀ ਆਈਪੀਸੀ ਨੂੰ ਬਦਲਿਆ, ਵਿੱਚ ਵੀ ਅਸਪਸ਼ਟ ਪ੍ਰਬੰਧ ਜਿਵੇਂ ਕਿ ਧਾਰਾ 195(1)(ਦ) ਸ਼ਾਮਲ ਹੈ, ਜੋ "ਭਾਰਤ ਦੀ ਸੰਪ੍ਰਭੁਤਾ, ਏਕਤਾ, ਅਖੰਡਤਾ ਜਾਂ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਵਾਲੀ ਝੂਠੀ ਜਾਂ ਭ੍ਰਮਕ ਜਾਣਕਾਰੀ" ਨੂੰ ਅਪਰਾਧ ਬਣਾਉਂਦੀ ਹੈ। ਅਜਿਹੇ ਕਾਨੂੰਨਾਂ ਦਾ ਦੁਰਉਪਯੋਗ ਪੱਤਰਕਾਰਾਂ ਨੂੰ ਡਰਾਉਣ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਕੀਤਾ ਜਾ ਸਕਦਾ ਹੈ।

**ਪੰਜਾਬ ਟਾਈਮਜ ਅਨੁਸਾਰ ਇਹ ਰਿਪੋਰਟ ਸਪਸ਼ਟ ਕਰਦੀ ਹੈ ਕਿ ਭਾਰਤ ਵਿੱਚ ਪੱਤਰਕਾਰੀ ਇੱਕ ਖਤਰਰਿਆਂ ਨਾਲ ਜੂਝਣ ਵਾਲਾ ਪੇਸ਼ਾ ਬਣ ਗਿਆ ਹੈ। ਅਦਾਲਤੀ ਪ੍ਰਕਿਰਿਆਵਾਂ, ਅਸਪਸ਼ਟ ਕਾਨੂੰਨ ਅਤੇ ਸਰਕਾਰੀ ਦਬਾਅ ਮੀਡੀਆ ਦੀ ਅਜ਼ਾਦੀ ਨੂੰ ਸੀਮਤ ਕਰ ਰਹੇ ਹਨ। ਖਾਸਕਰ ਛੋਟੇ ਸ਼ਹਿਰਾਂ ਦੇ ਪੱਤਰਕਾਰ, ਜੋ ਸਥਾਨਕ ਮੁੱਦਿਆਂ ਨੂੰ ਉਠਾਉਂਦੇ ਹਨ, ਸਭ ਤੋਂ ਵੱਧ ਪ੍ਰਭਾਵਿਤ ਹਨ। ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਬਦਨਾਮੀ ਅਤੇ ਪ੍ਰੈਸ ਅਜ਼ਾਦੀ ਸੂਚਕਾਂਕ ਵਿੱਚ ਡਿੱਗਦੀ ਰੈਂਕਿੰਗ ਇੱਕ ਚੇਤਾਵਨੀ ਹੈ ਕਿ ਲੋਕਤੰਤਰ ਦੇ ਚੌਥੇ ਥੰਮ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਰਕਾਰ ਨੂੰ ਅਜਿਹੇ ਕਾਨੂੰਨਾਂ ਨੂੰ ਸਪਸ਼ਟ ਕਰਨ ਦੀ ਲੋੜ ਹੈ ਜੋ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦਾ ਸਾਧਨ ਬਣ ਰਹੇ ਹਨ। ਨਾਲ ਹੀ, ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਲਈ ਕਾਨੂੰਨੀ ਸਹਾਇਤਾ ਅਤੇ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ।**

### ਕੀ ਭਾਰਤ ਵਿਚ ਮੀਡੀਆ ਅਜ਼ਾਦੀ ਨੂੰ ਖਤਰਾ ਹੈ ?

ਇਹ ਰਿਪੋਰਟ ਸਪਸ਼ਟ ਕਰਦੀ ਹੈ ਕਿ ਪੱਤਰਕਾਰਾਂ ਵਿਰੁੱਧ ਲੰਬੀਆਂ ਅਦਾਲਤੀ ਕਾਰਵਾਈਆਂ ਅਤੇ ਅਸਪਸ਼ਟ ਕਾਨੂੰਨ ਮੀਡੀਆ ਅਜ਼ਾਦੀ ਨੂੰ ਸਿੱਧਾ ਖਤਰਾ ਪੈਦਾ ਕਰ ਰਹੇ ਹਨ। ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੇ ਪ੍ਰੋਫੈਸਰ ਅਨੂਪ ਸੁਰੇਂਦਰਨਾਥ ਨੇ ਕਿਹਾ ਕਿ ਇਹ ਰਿਪੋਰਟ ਸੰਵਿਧਾਨਕ ਮਹੱਤਵ ਰੱਖਦੀ ਹੈ। ਇਹ ਦਿਖਾਉਂਦੀ ਹੈ ਕਿ ਸੰਵਿਧਾਨ ਵੱਲੋਂ ਸੁਰੱਖਿਅਤ ਪ੍ਰੈਸ ਦੀ ਅਜ਼ਾਦੀ ਨੂੰ ਸਾਧਾਰਣ ਅਪਰਾਧਿਕ ਕਾਨੂੰਨਾਂ ਅਤੇ ਪ੍ਰਕਿਰਿਆਵਾਂ ਦੁਆਰਾ ਕਮਜ਼ੋਰ ਕੀਤਾ ਜਾ ਰਿਹਾ ਹੈ।

ਪੱਤਰਕਾਰਾਂ ਨੂੰ ਨਾ ਸਿਰਫ ਪੇਸ਼ੇਵਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਉਨ੍ਹਾਂ ਦੇ ਪਰਿਵਾਰਾਂ 'ਤੇ ਵੀ ਇਸ ਦਾ ਗੰਭੀਰ ਅਸਰ ਪੈ ਰਿਹਾ ਹੈ। ਇਹ ਸਥਿਤੀ ਨਾ ਸਿਰਫ ਪੱਤਰਕਾਰਾਂ ਨੂੰ, ਸਗੋਂ ਵ੍ਹਿਸਲਬਲੋਅਰਜ਼ ਅਤੇ ਸਿਟੀਜ਼ਨ ਜਰਨਲਿਸਟਸ ਨੂੰ ਵੀ ਡਰਾਉਣ ਦਾ ਕੰਮ ਕਰ ਰਹੀ ਹੈ। ਇਸ ਨਾਲ ਸਮਾਜ ਵਿੱਚ ਸੱਚਾਈ ਨੂੰ ਸਾਹਮਣੇ ਲਿਆਉਣ ਦੀ ਪ੍ਰਕਿਰਿਆ ਨੂੰ ਰੋਕਿਆ ਜਾ ਰਿਹਾ ਹੈ, ਜੋ ਇੱਕ ਲੋਕਤੰਤਰੀ ਸਮਾਜ ਲਈ ਖਤਰਨਾਕ ਸੰਕੇਤ ਹੈ।

### ਛੋਟੇ ਸ਼ਹਿਰਾਂ ਦੇ ਪੱਤਰਕਾਰ ਸਭ ਤੋਂ ਵੱਧ ਨਿਸ਼ਾਨੇ 'ਤੇ

ਰਿਪੋਰਟ ਵਿੱਚ ਸਭ ਤੋਂ ਚਿੰਤਾਜਨਕ ਖੁਲਾਸਾ ਇਹ ਹੈ ਕਿ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਕੰਮ ਕਰਨ ਵਾਲੇ ਪੱਤਰਕਾਰ ਵੱਡੇ ਸ਼ਹਿਰਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਨਿਸ਼ਾਨੇ 'ਤੇ ਹਨ। ਮਹਾਨਗਰਾਂ ਵਿੱਚ ਪੱਤਰਕਾਰਾਂ ਦੀ ਗ੍ਰਿਫਤਾਰੀ 24% ਮਾਮਲਿਆਂ ਵਿੱਚ ਹੋਈ, ਜਦਕਿ ਛੋਟੇ ਸ਼ਹਿਰਾਂ ਵਿੱਚ ਇਹ ਅੰਕੜਾ 58% ਤੱਕ ਪਹੁੰਚ ਗਿਆ। ਵੱਡੇ ਸ਼ਹਿਰਾਂ ਵਿੱਚ 65% ਪੱਤਰਕਾਰਾਂ ਨੂੰ ਅੰਤਰਿਮ ਰਾਹਤ ਮਿਲੀ, ਪਰ ਛੋਟੇ ਸ਼ਹਿਰਾਂ ਵਿੱਚ ਸਿਰਫ 3% ਨੂੰ ਹੀ ਅਜਿਹੀ ਰਾਹਤ ਮਿਲ ਸਕੀ। ਇਸ ਦਾ ਮੁੱਖ ਕਾਰਨ ਸੁਪਰੀਮ ਕੋਰਟ ਦੀ ਪਹੁੰਚ ਸਿਰਫ ਦਿੱਲੀ ਤੱਕ ਸੀਮਤ ਹੋਣਾ ਅਤੇ ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਦੀ ਸੀਮਤ ਆਰਥਿਕ ਸਮਰੱਥਾ ਹੈ। ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਅੰਗਰੇਜ਼ੀ ਵਿੱਚ ਕੰਮ ਕਰਨ ਵਾਲਿਆਂ ਦੇ ਮੁਕਾਬਲੇ ਜ਼ਿਆਦਾ ਪ੍ਰਤੀਕੂਲ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਪੋਰਟ ਅਨੁਸਾਰ, "ਜੇ ਪ੍ਰਕਿਰਿਆ ਹੀ ਸਜ਼ਾ ਹੈ, ਤਾਂ ਇਹ ਸਜ਼ਾ ਦਿੱਲੀ ਤੋਂ ਦੂਰੀ ਦੇ ਅਨੁਪਾਤ ਵਿੱਚ ਵਧਦੀ ਹੈ।"

ਇਥੇ ਜ਼ਿਕਰਯੋਗ ਹੈ ਕਿ ਰਿਪੋਰਟਰਜ਼ ਵਿਦਾਊਟ ਬਾਰਡਰਜ਼ (ਸ਼ਢ) ਦੇ ਵਰਲਡ ਪ੍ਰੈਸ ਫ੍ਰੀਡਮ ਇੰਡੈਕਸ 2025 ਅਨੁਸਾਰ, ਭਾਰਤ 180 ਦੇਸ਼ਾਂ ਵਿੱਚ 161ਵੇਂ ਸਥਾਨ 'ਤੇ ਹੈ, ਜੋ ਉੱਤਰੀ ਕੋਰੀਆ ਤੋਂ ਸਿਰਫ 19 ਸਥਾਨ ਉੱਪਰ ਹੈ। ਇਹ ਸਥਿਤੀ ਭਾਰਤੀ ਮੀਡੀਆ ਦੀ ਵਿਗੜਦੀ ਸਥਿਤੀ ਨੂੰ ਦਰਸਾਉਂਦੀ ਹੈ। ਪਿਛਲੇ ਸਾਲਾਂ ਦੌਰਾਨ ਭਾਰਤ ਦੀ ਰੈਂਕਿੰਗ ਲਗਾਤਾਰ ਡਿੱਗਦੀ ਜਾ ਰਹੀ ਹੈ, ਜੋ ਸਰਕਾਰੀ ਨੀਤੀਆਂ, ਪੱਤਰਕਾਰਾਂ 'ਤੇ ਹਮਲਿਆਂ ਅਤੇ ਅਸਪਸ਼ਟ ਕਾਨੂੰਨਾਂ ਦੇ ਦੁਰਉਪਯੋਗ ਦਾ ਨਤੀਜਾ ਹੈ।

### ਅੰਤਰਰਾਸ਼ਟਰੀ ਅਖਬਾਰਾਂ ਦਾ ਨਜ਼ਰੀਆ ਕੀ ਹੈ

ਅੰਤਰਰਾਸ਼ਟਰੀ ਮੀਡੀਆ ਨੇ ਵੀ ਇਸ ਰਿਪੋਰਟ ਨੂੰ ਗੰਭੀਰਤਾ ਨਾਲ ਲਿਆ ਹੈ। ਦਿ ਗਾਰਡੀਅਨ ਅਤੇ ਅਲ ਜਜ਼ੀਰਾ ਵਰਗੇ ਅੰਤਰਰਾਸ਼ਟਰੀ ਅਖਬਾਰਾਂ ਨੇ ਭਾਰਤ ਵਿੱਚ ਪ੍ਰੈਸ ਅਜ਼ਾਦੀ 'ਤੇ ਵਧ ਰਹੇ ਸੰਕਟ ਨੂੰ ਉਜਾਗਰ ਕੀਤਾ ਹੈ। ਦਿ ਗਾਰਡੀਅਨ ਨੇ ਲਿਖਿਆ, "ਭਾਰਤ ਵਿੱਚ ਪੱਤਰਕਾਰਾਂ ਵਿਰੁੱਧ ਕਾਨੂੰਨੀ ਅਤੇ ਸਰਕਾਰੀ ਦਬਾਅ ਵਧ ਰਿਹਾ ਹੈ, ਜੋ ਲੋਕਤੰਤਰ ਦੇ ਚੌਥੇ ਥੰਮ ਨੂੰ ਕਮਜ਼ੋਰ ਕਰ ਰਿਹਾ ਹੈ।" ਅਲ ਜਜ਼ੀਰਾ ਨੇ ਜ਼ੋਰ ਦਿੱਤਾ ਕਿ ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਦੀ ਸੁਰੱਖਿਆ ਅਤੇ ਨਿਆਂ ਤੱਕ ਪਹੁੰਚ ਸਭ ਤੋਂ ਵੱਡੀ ਚੁਣੌਤੀ ਹੈ। ਟ੍ਰਾਇਲਵਾਚ ਦੇ ਕਾਨੂੰਨੀ ਨਿਦੇਸ਼ਕ ਸਟੀਫਨ ਟਾਊਨਲੇ ਨੇ ਕਿਹਾ, "ਇਹ ਰਿਪੋਰਟ ਵਿਸ਼ਵ ਪੱਧਰ 'ਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੇ ਨਵੇਂ ਤਰੀਕਿਆਂ ਨੂੰ ਉਜਾਗਰ ਕਰਦੀ ਹੈ ਅਤੇ ਭਾਰਤੀ ਸੰਦਰਭ ਵਿੱਚ ਮਹੱਤਵਪੂਰਨ ਅੰਕੜੇ ਪ੍ਰਦਾਨ ਕਰਦੀ ਹੈ।"

## 10 ਸਾਲਾ ਬੱਚੀ ਨਾਲ ਆਟੋ ਚਾਲਕ ਨੇ ਕੀਤੀ ਛੇੜਖਾਨੀ, ਮਾਪਿਆਂ ਨੇ ਚਾੜ੍ਹਿਆ ਕੁਟਾਪਾ

ਪਟਿਆਲਾ-ਬੱਚੀ ਨਾਲ ਅਸ਼ਲੀਲ ਹਰਕਤਾਂ ਕਰਨ ਵਾਲੇ ਦੀ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਰਾਣੇ ਬੱਸ ਅੱਡੇ ਕੋਲ ਲੋਕਾਂ ਵੱਲੋਂ ਆਟੋ ਚਾਲਕ ਨੂੰ ਕਾਬੂ ਕਰ ਕੇ ਕੱਪੜੇ ਲੁਹਾ ਕੇ ਉਸ ਦੀ ਕੁੱਟਮਾਰ ਕੀਤੀ ਗਈ ਜਿਸਦੀ ਵੀਡਿਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ। ਆਟੋ ਚਾਲਕ ਵਲੋਂ 10 ਸਾਲ ਦੀ ਬੱਚੀ ਨਾਲ ਅਸ਼ਲੀਲ ਹਰਕਤ ਕੀਤੀ ਗਈ ਸੀ ਜਿਸਦਾ ਪਤਾ ਲੱਗਣ 'ਤੇ ਸ਼ੁੱਕਰਵਾਰ ਸਵੇਰੇ ਚਾਲਕ ਦਾ ਕੁਟਾਪਾ ਚਾੜ੍ਹਨ ਤੋਂ ਬਾਅਦ ਉਸਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ।

# ਭਾਰਤ-ਪਾਕ ਤਣਾਅ ਦਰਮਿਆਨ ਅਮਰੀਕਾ 'ਤੇ ਅੱਤਵਾਦੀ ਹਮਲੇ ਦੀ ਸੰਭਾਵਨਾ

**ਖਾਸ ਖਬਰ** ✪ ਐਫਬੀਆਈ ਨੇ ਮਿਸ਼ੀਗਨ ਸੈਨਿਕ ਅੱਡੇ 'ਤੇ ਆਈਐਸਆਈਐਸ ਦੇ ਹਮਲੇ ਦੀ ਸਾਜ਼ਿਸ਼ ਕੀਤੀ ਨਾਕਾਮ, ਅੰਮਾਰ ਗ੍ਰਿਫਤਾਰ ✪ ਅਮਰੀਕਾ ਨੇ ਸੁਰੱਖਿਆ ਸਖਤ ਕੀਤੀ, ਸੋਸ਼ਲ ਮੀਡੀਆ 'ਤੇ ਅੱਤਵਾਦੀ ਸਰਗਰਮੀਆਂ 'ਤੇ ਨਜ਼ਰ

ਜਦੋਂ ਭਾਰਤ-ਪਾਕਿਸਤਾਨ ਵਿਚਕਾਰ ਜੰਗ ਦਾ ਮਾਹੌਲ ਸਾਰੇ ਏਸ਼ੀਆ ਨੂੰ ਹਿਲਾ ਰਿਹਾ ਸੀ, ਉਸੇ ਵੇਲੇ ਦੁਨੀਆਂ ਦੇ ਇੱਕ ਕੋਨੇ ਵਿੱਚ ਇੱਕ ਹੋਰ ਤਬਾਹੀ ਦੀ ਸਕ੍ਰਿਪਟ ਲਿਖੀ ਜਾ ਰਹੀ ਸੀ - ਅਤੇ ਇਸ ਵਾਰ ਨਿਸ਼ਾਨਾ ਸੀ ਅਮਰੀਕਾ। ਪਰ ਐਫਬੀਆਈ ਦੀ ਚੌਕਸੀ ਅਤੇ ਤੇਜ਼ ਐਕਸ਼ਨ ਨੇ ਅਮਰੀਕਾ ਨੂੰ 9/11 ਵਰਗੀ ਤਬਾਹੀ ਤੋਂ ਬਚਾ ਲਿਆ। ਇਹ ਸਾਜ਼ਿਸ਼ ਮਿਸ਼ੀਗਨ ਦੇ ਵਾਰਨ ਸ਼ਹਿਰ ਵਿੱਚ ਸਥਿਤ ਅਮਰੀਕੀ ਸੈਨਿਕ ਅੱਡੇ ਟੈਕਮ (ਟੈਂਕ-ਆਟੋਮੋਟਿਵ ਅਤੇ ਹਥਿਆਰ ਕਮਾਂਡ) ਉੱਤੇ ਰਚੀ ਗਈ ਸੀ। ਇਹ ਉਹ ਥਾਂ ਹੈ ਜਿੱਥੇ ਅਮਰੀਕੀ ਫੌਜ ਲਈ ਟੈਂਕ, ਹਥਿਆਰ ਅਤੇ ਬਖਤਰਬੰਦ ਗੱਡੀਆਂ ਤਿਆਰ ਕੀਤੀਆਂ ਜਾਂਦੀਆਂ ਨੇ। ਇਸ ਵਾਰ ਦੁਸ਼ਮਣ ਕੋਈ ਗੈਂਗ ਨਹੀਂ, ਸਗੋਂ ਆਈਐਸਆਈਐਸ ਦੀ ਸੋਚ ਨਾਲ ਪ੍ਰੇਰਿਤ ਇੱਕ ਇਕਲਾ ਬੇਹੱਦ ਖਤਰਨਾਕ ਸ਼ਖਸ ਸੀ - ਅੰਮਾਰ ਅਬਦੁਲ ਮਾਜਿਦ-ਮੁਹੰਮਦ ਸਈਦ। ਐਫਬੀਆਈ ਦੇ ਮੁਤਾਬਕ ਅੰਮਾਰ ਨੇ ਨਾ ਸਿਰਫ ਹਥਿਆਰ ਜੁਟਾਏ ਸਨ, ਸਗੋਂ ਉਸ ਨੇ ਅੱਡੇ ਦੀ ਰੈਕੀ ਵੀ ਕੀਤੀ ਸੀ। ਉਸ ਨੇ ਹਮਲੇ ਦਾ ਦਿਨ ਅਤੇ ਸਮਾਂ ਵੀ ਤੈਅ ਕਰ ਲਿਆ ਸੀ। ਬੱਸ ਕੁਝ ਦਿਨਾਂ ਦੀ ਗੱਲ ਸੀ ਕਿ ਟੈਕਮ ਅੰਦਰ ਮੌਤ ਦਾ ਖੇਡ ਸ਼ੁਰੂ ਹੋ ਜਾਣਾ ਸੀ।

### ਐਫਬੀਆਈ ਦੀ ਜਾਸੂਸੀ ਅਤੇ 'ਕੋਡ ਬਲੈਕ' ਆਪ੍ਰੇਸ਼ਨ

ਐਫਬੀਆਈ ਦੀ ਖੁਫੀਆ ਟੀਮ ਅਤੇ ਅੰਡਰਕਵਰ ਅਫਸਰਾਂ ਨੇ ਇਸ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਸੋਸ਼ਲ ਮੀਡੀਆ ਉੱਤੇ ਅੰਮਾਰ ਦੇ ਆਈਐਸਆਈਐਸ ਸਮਰਥਕ ਪੋਸਟ, ਐਨਕ੍ਰਿਪਟਡ ਚੈਟਸ ਅਤੇ ਸ਼ੱਕੀ ਹਥਿਆਰ ਖਰੀਦ ਨੇ ਉਸ ਨੂੰ ਐਫਬੀਆਈ ਦੇ ਰਡਾਰ 'ਤੇ ਲਿਆਂਦਾ। ਉਸ ਨੇ ਹਮਲੇ ਤੋਂ ਪਹਿਲਾਂ ਅੱਡੇ ਦੀ ਸਾਰੀ ਜਾਣਕਾਰੀ ਇਕੱਠੀ ਕਰ ਲਈ ਸੀ, ਪਰ ਐਫਬੀਆਈ ਨੂੰ ਉਸ ਦੀਆਂ ਸੰਭਾਵੀ ਸਰਗਰਮੀਆਂ ਦੀ ਭਿਣਕ ਮਿਲ ਗਈ।'ਕੋਡ ਬਲੈਕ' ਨਾਂ ਦਾ ਇੱਕ ਗੁਪਤ ਆਪ੍ਰੇਸ਼ਨ ਮਿਸ਼ੀਗਨ ਵਿੱਚ ਸ਼ੁਰੂ ਹੋਇਆ। ਜਿਵੇਂ ਹੀ ਅੰਮਾਰ ਨੇ ਆਖਰੀ ਪੜਾਅ ਦੀ ਤਿਆਰੀ ਕੀਤੀ, ਐਫਬੀਆਈ ਦੀ ਸਵਾਟ ਟੀਮ ਨੇ ਉਸ ਨੂੰ ਅਚਾਨਕ ਘੇਰ ਕੇ ਗ੍ਰਿਫਤਾਰ ਕਰ ਲਿਆ। ਗ੍ਰਿਫਤਾਰੀ ਵੇਲੇ ਉਸ ਕੋਲੋਂ ਬੰਬ, ਅ-15 ਰਾਈਫਲ ਅਤੇ ਜੀਪੀਐਸਫਸ਼ ਮੈਪ ਬਰਾਮਦ ਹੋਏ।

### ਕੌਣ ਹੈ ਅੰਮਾਰ ਅਤੇ ਉਸ ਖਿਲਾਫ ਕੀ ਦੋਸ਼?

ਅੰਮਾਰ ਇੱਕ ਆਈਐਸਆਈਐਸ ਨਾਲ ਜੁੜਿਆ ਕੱਟੜਪੰਥੀ ਸੀ। ਉਸ ਉੱਤੇ ਵਿਦੇਸ਼ੀ ਅੱਤਵਾਦੀ ਸੰਗਠਨ ਨੂੰ ਸਮਰਥਨ ਦੇਣ ਅਤੇ ਸਾਜ਼ਿਸ਼ ਰਚਣ ਵਰਗੇ ਗੰਭੀਰ ਦੋਸ਼ ਲੱਗੇ ਹਨ।




ਹੁਣ ਅਮਰੀਕੀ ਨਿਆਂ ਪ੍ਰਣਾਲੀ ਅਧੀਨ ਉਸ ਦਾ ਮੁਕੱਦਮਾ ਚੱਲੇਗਾ।

ਐਫਬੀਆਈ ਦੇ ਸਹਾਇਕ ਨਿਰਦੇਸ਼ਕ ਕਾਸ਼ ਪਟੇਲ ਨੇ ਕਿਹਾ: "ਸਾਡੀਆਂ ਟੀਮਾਂ ਨੇ ਸਮੇਂ ਸਿਰ ਕਾਰਵਾਈ ਕੀਤੀ ਅਤੇ ਕਈ ਜਾਨਾਂ ਬਚਾਈਆਂ। ਇਹ ਦਿਖਾਉਂਦਾ ਹੈ ਕਿ ਅਮਰੀਕਾ ਵਿੱਚ ਘਰੇਲੂ ਅੱਤਵਾਦ ਦਾ ਖਤਰਾ ਅਜੇ ਵੀ ਜਿਉਂਦਾ ਹੈ।"

ਸੂਤਰਾਂ ਮੁਤਾਬਕ, ਐਫਬੀਆਈ ਇਸ ਗੱਲ ਦੀ ਵੀ ਜਾਂਚ ਕਰ ਰਿਹਾ ਹੈ ਕਿ ਕੀ ਅੰਮਾਰ ਦੀ ਸਾਜ਼ਿਸ਼ ਨੂੰ ਭਾਰਤ-ਪਾਕਿਸਤਾਨ ਤਣਾਅ ਦੇ ਸਮੇਂ ਨੂੰ ਧਿਆਨ ਵਿੱਚ ਰੱਖ ਕੇ ਰਚਿਆ ਗਿਆ ਸੀ, ਤਾਂ ਜੋ ਅਮਰੀਕੀ ਏਜੰਸੀਆਂ ਏਸ਼ੀਆ 'ਤੇ ਧਿਆਨ ਦੇਣ ਦੌਰਾਨ ਘਰੇਲੂ ਹਮਲਿਆਂ ਨੂੰ ਨਜ਼ਰਅੰਦਾਜ਼ ਕਰ ਦੇਣ। ਇਹ ਵੀ ਸੰਭਾਵਨਾ ਹੈ ਕਿ ਅੰਮਾਰ ਪਾਕਿਸਤਾਨ ਵਿੱਚ ਸਥਿਤ ਆਈ ਐਸ ਆਈ ਐਸ ਦੇ ਹੈਂਡਲਰਾਂ ਦੇ ਸੰਪਰਕ ਵਿੱਚ ਸੀ, ਜਿਨ੍ਹਾਂ ਦਾ ਮਕਸਦ ਵਿਸ਼ਵ ਪੱਧਰ 'ਤੇ ਵਡੇ ਅੱਤਵਾਦੀ ਹਮਲੇ ਕਰਨਾ ਸੀ।

ਇਸ ਵਾਰ ਸਮੇਂ ਸਿਰ ਅੰਮਾਰ ਦੀ ਗ੍ਰਿਫਤਾਰੀ ਨੇ ਸਾਬਤ ਕਰ ਦਿੱਤਾ ਕਿ ਅੱਤਵਾਦ ਹੁਣ ਸਰਹੱਦਾਂ ਦਾ ਮੋਹਤਾਜ ਨਹੀਂ। ਇਹ ਇਕੱਲੇ ਭੇੜੀਏ ਦੀ ਸੂਰਤ ਵਿੱਚ ਤੁਹਾਡੇ ਵਿਚਕਾਰ ਹੀ ਪਲਦਾ ਹੈ, ਇੰਟਰਨੈਟ 'ਤੇ ਪ੍ਰੇਰਿਤ ਹੁੰਦਾ ਹੈ, ਅਤੇ ਤੁਹਾਡੀਆਂ ਹੀ ਸੜਕਾਂ 'ਤੇ ਖੂਨ ਵਹਾਉਣ ਦਾ ਸੁਪਨਾ ਦੇਖਦਾ ਹੈ। ਇਸ ਵਾਰ ਅਮਰੀਕਾ ਬਾਲ-ਬਾਲ ਬਚਿਆ।

### ਅਮਰੀਕਾ ਨੂੰ ਆਈ ਐਸ ਆਈ ਐਸ ਤੋਂ ਕੀ ਖਤਰਾ ਹੈ?

ਆਈਐਸਆਈਐਸ - ਪ੍ਰੇਰਿਤ ਅੱਤਵਾਦੀ, ਜਿਵੇਂ ਕਿ ਅੰਮਾਰ ਅਬਦੁਲਮਾਜਿਦ-ਮੁਹੰਮਦ ਸਈਦ, ਅਮਰੀਕੀ ਸੈਨਿਕ ਅਤੇ ਨਾਗਰਿਕ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ। ਇਹ "ਇਕੱਲੇ ਭੇੜੀਏ" ਸਟਾਈਲ ਦੇ ਹਮਲੇ, ਜੋ ਸੋਸ਼ਲ ਮੀਡੀਆ ਅਤੇ ਐਨਕ੍ਰਿਪਟਡ ਚੈਟਸ ਰਾਹੀਂ ਪ੍ਰੇਰਿਤ ਹੁੰਦੇ ਹਨ, ਅਮਰੀਕੀ ਸੁਰੱਖਿਆ ਲਈ ਵੱਡਾ ਖਤਰਾ ਹਨ। ਅੰਮਾਰ ਵਰਗੇ ਸ਼ਖਸ ਸੈਨਿਕ ਅੱਡਿਆਂ 'ਤੇ ਮਾਸ ਸ਼ੂਟਿੰਗ ਜਾਂ ਬੰਬ ਹਮਲਿਆਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਉਂਦੇ ਹਨ, ਜਿਸ ਨਾਲ ਵੱਡੇ ਪੱਧਰ 'ਤੇ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਐਫਬੀਆਈ ਨੇ ਅੰਮਾਰ ਦੀ ਗ੍ਰਿਫਤਾਰੀ ਨਾਲ ਸਾਬਤ ਕਰ ਦਿੱਤਾ ਕਿ ਅਜਿਹੇ ਖਤਰਿਆਂ ਨੂੰ ਨਜਿੱਠਣ ਲਈ ਅਮਰੀਕੀ ਏਜੰਸੀਆਂ ਸੁਚੇਤ ਹਨ, ਪਰ ਘਰੇਲੂ ਅੱਤਵਾਦ ਦਾ ਖਤਰਾ ਅਜੇ ਵੀ ਜਾਰੀ ਹੈ।

### ਇੰਟਰਨੈਸ਼ਨਲ ਅਖ਼ਬਾਰਾਂ ਕੀ ਆਖਦੀਆਂ ਹਨ?

ਅੰਤਰਰਾਸ਼ਟਰੀ ਮੀਡੀਆ ਨੇ ਅੰਮਾਰ ਦੀ ਗ੍ਰਿਫਤਾਰੀ ਨੂੰ ਅਮਰੀਕੀ ਸੁਰੱਖਿਆ ਲਈ ਵੱਡੀ ਸਫਲਤਾ ਦੱਸਿਆ ਹੈ। ਫਾਕਸ ਨਿਊਜ਼ ਨੇ ਰਿਪੋਰਟ ਕੀਤਾ ਕਿ ਅੰਮਾਰ, ਜੋ ਮਿਸ਼ੀਗਨ ਆਰਮੀ ਨੈਸ਼ਨਲ ਗਾਰਡ ਦਾ ਸਾਬਕਾ ਮੈਂਬਰ ਸੀ, ਨੇ ਟੈਕਮ ਅੱਡੇ 'ਤੇ ਮਾਸ ਸ਼ੂਟਿੰਗ ਦੀ ਸਾਜ਼ਿਸ਼ ਰਚੀ ਸੀ। ਉਸ ਨੇ ਅੰਡਰਕਵਰ ਏਜੰਟਾਂ ਨਾਲ ਨੈਪਾਮ ਅਤੇ ਮੋਲੋਟੋਵ ਕਾਕਟੇਲ ਵਰਗੇ ਹਥਿਆਰਾਂ ਦੀ ਵਰਤੋਂ ਬਾਰੇ ਗੱਲਬਾਤ ਕੀਤੀ ਸੀ।

ਅਲ ਜਜੀਰਾ ਅਤੇ ਰਿਊਟਰਜ ਨੇ ਭਾਰਤ-ਪਾਕਿਸਤਾਨ ਤਣਾਅ 'ਤੇ ਧਿਆਨ ਦਿੰਦੇ ਹੋਏ ਕਿਹਾ ਕਿ ਅਮਰੀਕੀ ਅਧਿਕਾਰੀਆਂ ਨੇ ਇਸ ਸਮੇਂ ਸੁਰੱਖਿਆ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ, ਕਿਉਂਕਿ ਅਜਿਹੇ ਹਮਲੇ ਖੇਤਰੀ ਅਸਥਿਰਤਾ ਦਾ ਫਾਇਦਾ ਉਠਾ ਸਕਦੇ ਹਨ।

### ਐਫਬੀਆਈ ਦੀ ਜਾਂਚ ਕੀ ਕਹਿੰਦੀ ਹੈ?

ਮਾਜਿਦ-ਮੁਹੰਮਦ ਸਈਦ ਨੇ 2022 ਵਿੱਚ ਮਿਸ਼ੀਗਨ ਆਰਮੀ ਨੈਸ਼ਨਲ ਗਾਰਡ ਵਿੱਚ ਭਰਤੀ ਹੋਣ ਤੋਂ ਬਾਅਦ ਅਤੇ 2024 ਵਿੱਚ ਡਿਸਚਾਰਜ ਹੋਣ ਤੋਂ ਬਾਅਦ, ਆਈਐਸਆਈਐਸ ਦੀ ਸੋਚ ਨਾਲ ਪ੍ਰੇਰਿਤ ਹੋ ਕੇ ਟੈਕਮ ਅੱਡੇ 'ਤੇ ਹਮਲੇ ਦੀ ਯੋਜਨਾ ਬਣਾਈ। ਉਸ ਨੇ ਅੰਡਰਕਵਰ ਅਫਸਰਾਂ ਨਾਲ ਹਮਲੇ ਦੀਆਂ ਵਿਸਤ੍ਰਿਤ ਯੋਜਨਾਵਾਂ, ਜਿਵੇਂ ਕਿ ਡਰੋਨ ਨਾਲ ਰੈਕੀ, ਮੋਲੋਟੋਵ ਕਾਕਟੇਲ ਬਣਾਉਣ ਅਤੇ ਅੱਡੇ ਦੇ ਖਾਸ ਇਮਾਰਤਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਗੱਲਬਾਤ ਕੀਤੀ। ਐਫਬੀਆਈ ਨੇ ਉਸ ਦੇ ਫੋਨ ਦੀ ਖੁਫੀਆ ਜਾਂਚ ਅਤੇ ਸੋਸ਼ਲ ਮੀਡੀਆ ਦੀ ਨਿਗਰਾਨੀ ਨਾਲ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਅੰਮਾਰ ਸੰਭਾਵੀ ਤੌਰ 'ਤੇ ਪਾਕਿਸਤਾਨ ਸਥਿਤ ਆਈਐਸਆਈਐਸ ਹੈਂਡਲਰਾਂ ਨਾਲ ਸੰਪਰਕ ਵਿੱਚ ਸੀ, ਜਿਸ ਨਾਲ ਭਾਰਤ-ਪਾਕਿਸਤਾਨ ਤਣਾਅ ਦੇ ਸਮੇਂ ਵੱਡੇ ਹਮਲੇ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

### ਅਮਰੀਕਾ ਨੇ ਸੁਰੱਖਿਆ ਕੀਤੀ ਸਖਤ

ਅਮਰੀਕਾ ਨੇ ਅੰਮਾਰ ਦੀ ਗ੍ਰਿਫਤਾਰੀ ਤੋਂ ਬਾਅਦ ਸੁਰੱਖਿਆ ਉਪਾਅ ਹੋਰ ਸਖਤ ਕਰ ਦਿੱਤੇ ਹਨ। ਐਫਬੀਆਈ ਦੀ ਜੁਆਇੰਟ ਟੈਰਰਿਜ਼ਮ ਟਾਸਕ ਫੋਰਸ ਨੇ ਘਰੇਲੂ ਅਤੇ ਅੰਤਰਰਾਸ਼ਟਰੀ ਅੱਤਵਾਦੀ ਸਾਜ਼ਿਸ਼ਾਂ ਦੀ ਨਿਗਰਾਨੀ ਵਧਾ ਦਿੱਤੀ ਹੈ। ਸੈਨਿਕ ਅੱਡਿਆਂ ਦੀ ਸੁਰੱਖਿਆ ਟੈਕਮ ਵਰਗੇ ਸੰਵੇਦਨਸ਼ੀਲ ਅੱਡਿਆਂ 'ਤੇ ਸੁਰੱਖਿਆ ਅਤੇ ਨਿਗਰਾਨੀ ਵਧਾਈ ਗਈ ਹੈ, ਜਿਸ ਵਿੱਚ ਡਰੋਨ ਵਿਰੋਧੀ ਸਿਸਟਮ ਅਤੇ ਵਾਧੂ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਹਨ।

ਐਫਬੀਆਈ ਸੋਸ਼ਲ ਮੀਡੀਆ ਅਤੇ ਐਨਕ੍ਰਿਪਟਡ ਪਲੇਟਫਾਰਮਾਂ 'ਤੇ ਸੰਭਾਵੀ ਅੱਤਵਾਦੀ ਸਰਗਰਮੀਆਂ ਦੀ ਪਹਿਲਾਂ ਨਾਲੋਂ ਵਧੇਰੇ ਡੂੰਘੀ ਜਾਂਚ ਕਰ ਰਿਹਾ ਹੈ। ਅਮਰੀਕਾ ਭਾਰਤ ਅਤੇ ਹੋਰ ਸਹਿਯੋਗੀ ਮੁਲਕਾਂ ਨਾਲ ਜਾਣਕਾਰੀ ਸਾਂਝੀ ਕਰਕੇ ਅੱਤਵਾਦੀ ਸੰਗਠਨਾਂ ਦੀਆਂ ਵਿਸ਼ਵਵਿਆਪੀ ਸਰਗਰਮੀਆਂ 'ਤੇ ਨਜ਼ਰ ਰੱਖ ਰਿਹਾ ਹੈ, ਖਾਸਕਰ ਪਾਕਿਸਤਾਨ ਸਥਿਤ ਅੱਤਵਾਦੀ ਸਮੂਹਾਂ ਦੇ ਸੰਭਾਵੀ ਸੰਪਰਕਾਂ ਦੀ ਜਾਂਚ।

## ਵਿਦੇਸ਼ ਭੇਜਣ ਦੇ ਨਾਂ 'ਤੇ ਲੱਖਾਂ ਦੀ ਠੱਗੀ

### ✪ ਪੁਲਿਸ ਨੇ ਅਭਿਮਨਯ ਕੁਮਾਰ ਖਿਲਾਫ ਦਰਜ ਕੀਤਾ ਕੇਸ

ਖਰੜ-ਖਰੜ ਦੇ ਗੁਲਮੋਹਰ ਕੰਪਲੈਕਸ ਦੇਸੂਮਾਜਰਾ ਦੀ ਰਹਿਣ ਵਾਲੀ ਤੇਜਿੰਦਰ ਕੌਰ ਨੇ ਆਸਟ੍ਰੇਲੀਆ ਸੈਟਲ ਹੋਣ ਲਈ ਅਭਿਮਨਯ ਕੁਮਾਰ ਸਿੰਘ ਨਾਮਕ ਵਿਅਕਤੀ ਨਾਲ ਸੰਪਰਕ ਕੀਤਾ, ਜਿਸ ਨੇ ਇਮੀਗ੍ਰੇਸ਼ਨ ਦਾ ਲਾਇਸੈਂਸ ਹੋਣ ਦਾ ਦਾਅਵਾ ਕੀਤਾ। ਅਭਿਮਨਯ ਨੇ 20 ਲੱਖ ਰੁਪਏ ਦੀ ਮੰਗ ਕੀਤੀ, ਜਿਸ ਵਿੱਚੋਂ ਤੇਜਿੰਦਰ ਨੇ 6.10 ਲੱਖ ਰੁਪਏ ਆਨਲਾਈਨ ਅਦਾ ਕੀਤੇ। ਅਭਿਮਨਯ ਨੇ ਉਸ ਨੂੰ ਇੰਡੋਨੇਸ਼ੀਆ ਭੇਜਿਆ, ਜਿੱਥੇ ਪ੍ਰੀਤ ਨਾਮਕ ਵਿਅਕਤੀ ਨੂੰ 1000 ਡਾਲਰ ਅਤੇ 2.5 ਲੱਖ ਰੁਪਏ ਦਿੱਤੇ, ਪਰ ਆਸਟ੍ਰੇਲੀਆ ਭੇਜਣ ਦਾ ਕੋਈ ਪ੍ਰਬੰਧ ਨਹੀਂ ਹੋਇਆ। ਤੇਜਿੰਦਰ 23 ਮਈ 2019 ਨੂੰ ਭਾਰਤ ਵਾਪਸ ਪਰਤੀ। ਅਭਿਮਨਯ ਨੇ 3.5 ਲੱਖ ਰੁਪਏ ਵਾਪਸ ਕਰਨ ਲਈ ਦੋ ਚੈੱਕ ਦਿੱਤੇ, ਜੋ ਬੈਂਕ ਨੇ ਵਾਪਸ ਕਰ ਦਿੱਤੇ। ਪੁਲਿਸ ਨੇ ਅਭਿਮਨਯ ਖਿਲਾਫ ਆਈਪੀਸੀ ਦੀਆਂ ਧਾਰਾਵਾਂ ਤੇ ਇਮੀਗ੍ਰੇਸ਼ਨ ਐਕਟ ਅਧੀਨ ਸਦਰ ਥਾਣਾ ਖਰੜ ਵਿੱਚ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੁਬਾਰਾ ਬਣਿਆ

## ✪ ਜਸਟਿਸ ਰਣਜੀਤ ਸਿੰਘ ਚੇਅਰਮੈਨ ਬਣਾਏ ✪ ਗਰਗ ਉਪ ਚੇਅਰਮੈਨ, ਮਾਲੀ ਜਨਰਲ ਸਕੱਤਰ ✪ ਬੈਂਸ ਕਾਨੂੰਨੀ ਵਿੰਗ ਦਾ ਇੰਚਾਰਜ਼, ਬਣੇ

ਚੰਡੀਗੜ੍ਹ-ਹਾਈਕੋਰਟ ਦੇ ਸਾਬਕਾ ਜਸਟਿਸ ਰਣਜੀਤ ਸਿੰਘ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਚੁਣੇ ਗਏ ਹਨ। ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਆਗੂਆਂ ਦੀ ਮੀਟਿੰਗ ਸ਼ਨਿੱਚਰਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਚੰਡੀਗੜ੍ਹ ਵਿਖੇ ਜਸਟਿਸ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਜਸਟਿਸ ਅਜੀਤ ਸਿੰਘ ਬੈਂਸ ਵੱਲੋਂ ਬਣਾਏ ਗਏ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦਾ ਪੁਨਰਗਠਨ ਕਰਨ ਦਾ ਫੈਸਲਾ ਕੀਤਾ ਗਿਆ। ਜਾਣਕਾਰੀ ਅਨੁਸਾਰ ਮੀਟਿੰਗ 'ਚ ਮਨੁੱਖੀ ਹੱਕਾਂ ਦੀ ਹੋ ਰਹੀ ਗੰਭੀਰ ਉਲੰਘਣਾ ਬਾਰੇ ਚਿੰਤਾ ਪ੍ਰਗਟ ਕਰਦਿਆਂ ਸੰਗਠਨ ਦੇ ਐਲਾਨਨਮੇ ਤੇ ਜਥੇਬੰਦਕ ਢਾਂਚੇ ਸਬੰਧੀ ਪੇਸ਼ ਕੀਤਾ ਖਰੜਾ ਗੰਭੀਰ ਵਿਚਾਰ-ਚਰਚਾ ਤੋਂ



ਬਾਅਦ ਸਰਬ ਸਮੰਤੀ ਨਾਲ ਪਾਸ ਕੀਤਾ ਗਿਆ। ਇਸ ਮੌਕੇ ਸੂਬਾਈ ਕਮੇਟੀ ਦੀ ਚੋਣ ਕਰਨ ਦੇ ਨਾਲ-ਨਾਲ ਜ਼ਿਲ੍ਹਾ ਕਮੇਟੀਆਂ ਗਠਿਤ ਕਰਨ ਦਾ ਵੀ ਫੈਸਲਾ ਕੀਤਾ ਗਿਆ। ਇਸ ਮੌਕੇ ਜਸਟਿਸ ਰਣਜੀਤ ਸਿੰਘ ਨੂੰ ਚੇਅਰਮੈਨ, ਡਾ. ਪਿਆਰਾ ਲਾਲ ਗਰਗ ਨੂੰ ਉਪ ਚੇਅਰਮੈਨ, ਮਾਲਵਿੰਦਰ ਸਿੰਘ ਮਾਲੀ ਨੂੰ ਜਨਰਲ ਸਕੱਤਰ, ਰਾਜਵਿੰਦਰ ਸਿੰਘ ਬੈਂਸ ਨੂੰ ਕਾਨੂੰਨੀ ਵਿੰਗ ਦਾ ਇੰਚਾਰਜ਼, ਸਰਬਜੀਤ ਸਿੰਘ ਵੇਰਕਾ ਨੂੰ ਖੋਜ ਪੜਤਾਲ ਵਿੰਗ ਦਾ ਮੁਖੀ, ਹਮੀਰ ਸਿੰਘ ਨੂੰ ਜਥੇਬੰਦਕ ਸਕੱਤਰ, ਡਾ. ਖੁਸ਼ਹਾਲ ਸਿੰਘ ਨੂੰ ਦਫ਼ਤਰ ਸਕੱਤਰ ਨਿਯੁਕਤ ਕੀਤਾ ਗਿਆ। ਬਾਕੀ ਅਹੁਦੇਦਾਰ ਨਿਯੁਕਤ ਕਰਨ ਤੇ ਜ਼ਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਜਸਟਿਸ ਰਣਜੀਤ ਸਿੰਘ ਨੂੰ ਦਿੱਤੇ ਗਏ। ਇਸ ਮੌਕੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਐਡਵੋਕੇਟ ਗੁਰਜੀਤ ਸਿੰਘ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਸਿੱਧੂ, ਐਡਵੋਕੇਟ ਗੁਰਦੀਪ ਸਿੰਘ ਚੰਡੀਗੜ੍ਹ, ਐਡਵੋਕੇਟ ਨਵਜੋਤ ਕੌਰ ਚੱਬਾ, ਪਰਮ ਸੁਨੀਲ ਕੌਰ, ਅਰਮਨਜੋਤ ਕੌਰ, ਅਮਨਪ੍ਰੀਤ ਕੌਰ ਰਾਏ, ਗੁਰਸਮਸ਼ੀਰ ਸਿੰਘ , ਐਡਵੋਕੇਟ ਦਲਜੀਤ ਸਿੰਘ ਬਾਠ, ਤੇਜਿੰਦਰ ਸਿੰਘ ਮੋਹਾਲੀ, ਤੇ ਐਡਵੋਕੇਟ ਪਰਮਿੰਦਰ ਸਿੰਘ ਹਾਜ਼ਰ ਸਨ।

## ਨੀਰਜ ਚੋਪੜਾ ਨੇ ਦੋਹਾ ਡਾਇਮੰਡ ਲੀਗ 2025 ਵਿੱਚ ਜੈਵਲਿਨ ਥ੍ਰੋਅ ਈਵੈਂਟ ਵਿੱਚ 90 ਮੀਟਰ ਸੁੱਟ ਕੇ ਇਤਿਹਾਸ ਰਚਿਆ




ਨਵੀਂ ਦਿੱਲੀ-ਭਾਰਤੀ ਜੈਵਲਿਨ ਸਟਾਰ ਨੀਰਜ ਚੋਪੜਾ ਨੇ ਦੋਹਾ ਡਾਇਮੰਡ ਲੀਗ 2025 ਵਿੱਚ ਪੁਰਸ਼ਾਂ ਦੇ ਜੈਵਲਿਨ ਥ੍ਰੋਅ ਈਵੈਂਟ ਵਿੱਚ 90 ਮੀਟਰ ਸੁੱਟ ਕੇ ਇਤਿਹਾਸ ਰਚ ਦਿੱਤਾ। ਨੀਰਜ ਚੋਪੜਾ ਨੇ ਆਪਣੇ ਜੈਵਲਿਨ ਕਰੀਅਰ ਵਿੱਚ ਪਹਿਲੀ ਵਾਰ 90 ਮੀਟਰ ਤੱਕ ਜੈਵਲਿਨ ਸੁੱਟਿਆ। ਨੀਰਜ ਨੇ ਟੂਰਨਾਮੈਂਟ ਦੇ ਆਪਣੇ ਤੀਜੇ ਥਰੋਅ ਵਿੱਚ 90.23 ਮੀਟਰ ਦੀ ਦੂਰੀ 'ਤੇ ਜੈਵਲਿਨ ਸੁੱਟ ਕੇ ਇਹ ਉਪਲਬਧੀ ਹਾਸਲ ਕੀਤੀ। ਇਹ ਨੀਰਜ ਦਾ ਨਵਾਂ ਰਾਸ਼ਟਰੀ ਰਿਕਾਰਡ ਹੈ। ਭਾਰਤ ਦੇ ਜੈਵਲਿਨ ਥ੍ਰੋ ਸਟਾਰ ਅਤੇ ਦੋ ਵਾਰ ਦੇ ਓਲੰਪਿਕ ਤਗਮਾ ਜੇਤੂ ਨੀਰਜ ਚੋਪੜਾ ਦੋਹਾ ਡਾਇਮੰਡ ਲੀਗ ਵਿੱਚ 2025 ਦੇ ਆਪਣੇ ਪਹਿਲੇ ਈਵੈਂਟ ਵਿੱਚ ਹਿੱਸਾ ਲੈ ਰਹੇ ਹਨ। ਭਾਰਤ ਦੇ ਐਥਲੈਟਿਕਸ ਪੋਸਟਰ ਬੁਆਏ ਨੀਰਜ ਚੋਪੜਾ ਕਿਸ਼ੋਰ ਜੇਨਾ ਦੇ ਨਾਲ ਦੋਹਾ ਡਾਇਮੰਡ ਲੀਗ ਵਿੱਚ ਭਾਰਤ ਦੀ ਨੁਮਾਇੰਦਗੀ ਕਰ ਰਹੇ ਹਨ।

# ਸੰਗਰੂਰ ਜੇਲ੍ਹ ਵਿਚ ਨਸ਼ਾ ਤਸਕਰੀ, ਡੀਐੱਸਪੀ ਗੁਰਪ੍ਰੀਤ ਸਿੰਘ ਗ੍ਰਿਫਤਾਰ

## ✪ 19 ਮੁਲਜ਼ਮ ਹਿਰਾਸਤ ਵਿਚ, ਹੋਰ ਜਾਂਚ ਜਾਰੀ

ਸੰਗਰੂਰ-ਸੰਗਰੂਰ ਜੇਲ੍ਹ ਵਿੱਚ ਨਸ਼ਾ ਤਸਕਰੀ ਦੇ ਗੋਰਖਧੰਦੇ ਦਾ ਪਰਦਾਫਾਸ਼ ਹੋਇਆ ਹੈ। ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਸੰਗਰੂਰ ਪੁਲਸ ਨੇ ਜੇਲ੍ਹ ਦੇ ਡੀਐੱਸਪੀ (ਸੁਰੱਖਿਆ) ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਜੋ ਨਸ਼ਿਆਂ ਅਤੇ ਮੋਬਾਈਲ ਫੋਨਾਂ ਦੀ ਤਸਕਰੀ ਵਿੱਚ ਸ਼ਾਮਲ ਸੀ। ਇਸ ਮਾਮਲੇ ਵਿੱਚ ਜੇਲ੍ਹ ਦਾ ਇੱਕ ਦਰਜਾ-4 ਮੁਲਾਜ਼ਮ ਵੀ ਪਹਿਲਾਂ ਹੀ ਪੁਲਸ ਦੀ ਹਿਰਾਸਤ ਵਿੱਚ ਹੈ। ਹੁਣ ਤੱਕ 19 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ।

ਐੱਸਐੱਸਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਜੇਲ੍ਹ 'ਤੇ ਮਾਰੇ ਛਾਪਿਆਂ ਦੌਰਾਨ 12 ਮੋਬਾਈਲ ਫੋਨ, 50 ਗ੍ਰਾਮ ਅਫੀਮ, 12 ਗ੍ਰਾਮ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਹੋਏ। ਅੱਠ ਹਵਾਲਾਤੀਆਂ 'ਤੇ ਕੇਸ ਦਰਜ ਕੀਤੇ ਗਏ, ਜਿਨ੍ਹਾਂ ਦੀ ਪੁੱਛ-ਪੜਤਾਲ 'ਚੋਂ ਜੇਲ੍ਹ ਦੇ ਦਰਜਾ-4 ਮੁਲਾਜ਼ਮ ਦੀ ਸ਼ਮੂਲੀਅਤ ਸਾਹਮਣੇ ਆਈ। ਜਾਂਚ ਅੱਗੇ ਵਧਾਉਂਦਿਆਂ ਅੰਮ੍ਰਿਤਸਰ ਦੇ ਨਸ਼ਾ ਤਸਕਰ ਮਨਪ੍ਰੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਜੇਲ੍ਹ 'ਚ ਬੰਦ ਗੁਰਵਿੰਦਰ ਸਿੰਘ ਦਾ ਸਾਥੀ ਸੀ। ਮਨਪ੍ਰੀਤ ਕੋਲੋਂ 4 ਕਿੱਲੋ ਹੈਰੋਇਨ, 5.5 ਲੱਖ ਰੁਪਏ ਡਰੱਗ ਮਨੀ ਅਤੇ 9 ਐੱਮਐੱਮ ਦਾ ਵਿਦੇਸ਼ੀ ਗਲੌਕ ਹਥਿਆਰ ਬਰਾਮਦ ਹੋਇਆ। ਐੱਸਐੱਸਪੀ ਨੇ ਦੱਸਿਆ



ਕਿ ਜਾਂਚ 'ਚ ਪਤਾ ਲੱਗਾ ਕਿ ਡੀਐੱਸਪੀ ਗੁਰਪ੍ਰੀਤ ਸਿੰਘ ਜੇਲ੍ਹ 'ਚ ਨਸ਼ੇ ਅਤੇ ਮੋਬਾਈਲ ਫੋਨ ਪਹੁੰਚਾਉਂਦਾ ਸੀ। ਉਸ ਨੇ ਕੈਦੀ ਗੁਰਚੇਤ ਦੇ ਰਿਸ਼ਤੇਦਾਰ ਕੋਲੋਂ 25 ਗ੍ਰਾਮ ਹੈਰੋਇਨ ਅਤੇ ਦੋ ਮੋਬਾਈਲ ਫੋਨ ਦੇਣ ਦੇ ਬਦਲੇ 40 ਹਜ਼ਾਰ ਰੁਪਏ ਅਤੇ ਯੂਪੀਆਈ ਰਾਹੀਂ 26 ਹਜ਼ਾਰ ਰੁਪਏ ਆਪਣੀ ਪਤਨੀ ਦੇ ਖਾਤੇ 'ਚ ਲਏ। ਇਸ ਹੈਰੋਇਨ ਵਿਚੋਂ 12 ਗ੍ਰਾਮ ਰਵੀ ਨਾਮ ਦੇ ਕੈਦੀ ਕੋਲੋਂ ਮਿਲੀ, ਜੋ ਗੁਰਚੇਤ ਦੇ ਕਹਿਣ 'ਤੇ ਹੋਰ ਕੈਦੀਆਂ ਨੂੰ ਨਸ਼ਾ ਵੇਚਦਾ ਸੀ। ਪੁਲਸ ਨੇ ਡੀਐੱਸਪੀ ਸਮੇਤ ਮਨਪ੍ਰੀਤ ਸਿੰਘ, ਗੁਰਚੇਤ ਦੀ ਮਾਂ ਬੰਤੋ, ਗੁਰਵਿੰਦਰ ਸਿੰਘ ਸਣੇ 19 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। ਕੇਸ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਵੀ ਜੋੜੀ ਗਈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੀਜੀਪੀ ਨੂੰ ਜੇਲ੍ਹ ਅਧਿਕਾਰੀਆਂ ਦੀ ਸ਼ਮੂਲੀਅਤ ਦੀ ਜਾਂਚ ਲਈ ਸੀਨੀਅਰ ਅਧਿਕਾਰੀ ਨਿਯੁਕਤ ਕਰਨ ਦੇ ਹੁਕਮ ਦਿੱਤੇ। ਜਸਟਿਸ ਐੱਨਐੱਸ ਸ਼ੇਖਾਵਤ ਨੇ ਜੇਲ੍ਹ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ। ਜਾਂਚ ਜਾਰੀ ਹੈ ਅਤੇ ਹੋਰ ਗ੍ਰਿਫਤਾਰੀਆਂ ਦੀ ਸੰਭਾਵਨਾ ਹੈ।

## ਪੁਲਸ ਮੁਲਾਜ਼ਮ ਦੀ ਧੀ ਰੀਟਾ ਨੇ ਸਹੁਰਿਆਂ ਦੇ ਪਰੇਸ਼ਾਨ ਕਰਨ ਕਾਰਣ ਕੀਤੀ ਖੁਦਕੁਸ਼ੀ

### ✪ ਦਾਜ ਲਈ ਤੰਗ ਕਰਨ ਦੇ ਮਾਮਲੇ ਵਿਚ ਰੀਟਾ ਦੇ ਪਤੀ, ਸੱਸ ਤੇ ਨਨਾਣ 'ਤੇ ਕੇਸ

ਅਬੋਹਰ-ਅਬੋਹਰ ਦੇ ਸਿਟੀ ਪੁਲਸ ਸਟੇਸ਼ਨ ਨੰਬਰ 1 ਦੇ ਸਹਾਇਕ ਸਬ-ਇੰਸਪੈਕਟਰ ਦੀ ਨਵ-ਵਿਆਹੀ ਧੀ ਰੀਟਾ ਨੇ



ਸਹੁਰਿਆਂ ਦੀ ਤੰਗ-ਪ੍ਰੇਸ਼ਾਨੀ ਕਾਰਨ ਖੁਦਕੁਸ਼ੀ ਕਰ ਲਈ। ਸਦਰ ਪੁਲਸ ਨੇ ਮ੍ਰਿਤਕਾ ਦੇ ਪਤੀ ਮਨੋਜ ਕੁਮਾਰ, ਸੱਸ ਸ਼ਾਰਦਾ ਅਤੇ ਨਨਾਣ ਸੀਮਾ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ। ਮ੍ਰਿਤਕਾ ਦੇ ਭਰਾ ਚਰਨਜੀਤ ਸਿੰਘ ਨੇ ਦੱਸਿਆ ਕਿ ਰੀਟਾ ਦਾ ਵਿਆਹ 20 ਦਿਨ ਪਹਿਲਾਂ ਹਰਿਆਣਾ ਦੇ ਕਾਲਿਆਂਵਾਲੀ ਮੰਡੀ ਵਾਸੀ ਮਨੋਜ ਨਾਲ ਹੋਇਆ ਸੀ, ਪਰ ਸਹੁਰੇ ਵਾਲੇ ਉਸ ਨੂੰ ਦਾਜ ਲਈ ਤੰਗ ਕਰਦੇ ਸਨ। 12 ਮਈ ਦੀ ਰਾਤ ਸਹੁਰਿਆਂ ਨੇ ਫੋਨ ਕਰਕੇ ਦੱਸਿਆ ਕਿ ਰੀਟਾ ਨੇ ਜ਼ਹਿਰੀਲੀ ਚੀਜ਼ ਨਿਗਲ ਲਈ। ਚਰਨਜੀਤ ਆਪਣੇ ਦੋਸਤ ਨਾਲ ਸਹੁਰੇ ਘਰ ਪਹੁੰਚਿਆ ਤਾਂ ਰੀਟਾ ਬੇਹੋਸ਼ ਮਿਲੀ। ਅਬੋਹਰ ਲਿਜਾਉਂਦੇ ਸਮੇਂ ਪਿੰਡ ਚੱਕੜਾ ਨੇੜੇ ਉਸ ਦੀ ਮੌਤ ਹੋ ਗਈ। ਪੁਲਸ ਨੇ ਚਰਨਜੀਤ ਦੇ ਬਿਆਨ 'ਤੇ ਮਾਮਲਾ ਦਰਜ ਕੀਤਾ।

# ਸਟਾਲਿਨ ਦੀ ਗੈਰ-ਭਾਜਪਾ ਮੁੱਖ ਮੰਤਰੀਆਂ ਨੂੰ ਅਪੀਲ

**✪ ਸੁਪਰੀਮ ਕੋਰਟ ਵਿਚ ਰਾਸ਼ਟਰਪਤੀ ਦੇ ਹਵਾਲੇ ਦਾ ਵਿਰੋਧ ਕਰੋ ✪ ਭਾਜਪਾ ਸਰਕਾਰ ਦੀ ਚਾਲ, ਸੁਪਰੀਮ ਕੋਰਟ ਦੇ ਫੈਸਲੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ✪ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਸਟਾਲਿਨ ਦਾ ਪੱਤਰ, ਸੰਘਵਾਦ ਦੀ ਰਾਖੀ ਦੀ ਮੰਗ**

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਪੰਜਾਬ, ਪੱਛਮੀ ਬੰਗਾਲ, ਕੇਰਲ, ਕਰਨਾਟਕ ਸਮੇਤ 8 ਗੈਰ-ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਪੱਤਰ ਲਿਖ ਕੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸੁਪਰੀਮ ਕੋਰਟ 'ਚ ਦਾਇਰ ਹਵਾਲੇ ਦਾ ਸਖ਼ਤ ਵਿਰੋਧ ਕਰਨ ਦੀ ਮੰਗ ਕੀਤੀ ਹੈ। ਇਹ ਹਵਾਲਾ ਰਾਜਪਾਲਾਂ ਅਤੇ ਰਾਸ਼ਟਰਪਤੀ ਵੱਲੋਂ ਬਿੱਲ ਪਾਸ ਕਰਨ ਦੀ ਸਮਾਂ ਸੀਮਾ ਨਾਲ ਜੁੜਿਆ ਹੋਇਆ ਹੈ।



> ਪੰਜਾਬ ਟਾਈਮਜ਼ ਅਨੁਸਾਰ ਸਟਾਲਿਨ ਦੀ ਦਲੀਲ ਸੰਵਿਧਾਨਕ ਸਿਧਾਂਤਾਂ, ਸੰਘਵਾਦ, ਅਤੇ ਸੁਪਰੀਮ ਕੋਰਟ ਦੇ ਪਿਛਲੇ ਫੈਸਲਿਆਂ (ਜਿਵੇਂ SR Bommai vs Union of India, 1994) 'ਤੇ ਅਧਾਰਿਤ ਹੈ। ਸੁਪਰੀਮ ਕੋਰਟ ਦਾ 8 ਅਪ੍ਰੈਲ, 2025 ਦਾ ਫੈਸਲਾ ਸਪੱਸ਼ਟ ਕਰਦਾ ਹੈ ਕਿ ਰਾਜਪਾਲਾਂ ਅਤੇ ਰਾਸ਼ਟਰਪਤੀ ਦੀਆਂ ਕਾਰਵਾਈਆਂ ਸੰਵਿਧਾਨਕ ਜਵਾਬਦੇਹੀ ਅਧੀਨ ਹਨ। ਹਵਾਲੇ ਨੂੰ ਇਸ ਫੈਸਲੇ ਨੂੰ ਪਲਟਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਸਕਦਾ ਹੈ, ਜੋ ਸੰਵਿਧਾਨਕ ਨਿਯਮਾਂ ਦੇ ਵਿਰੁੱਧ ਜਾਪਦਾ ਹੈ।

ਸੁਪਰੀਮ ਕੋਰਟ ਦਾ 8 ਅਪ੍ਰੈਲ, 2025 ਦਾ ਫੈਸਲਾ ਸਪੱਸ਼ਟ ਕਰਦਾ ਹੈ ਕਿ ਰਾਜਪਾਲ ਬਿੱਲਾਂ 'ਤੇ ਅਣਮਿੱਥੇ ਸਮੇਂ ਤੱਕ ਦੇਰੀ ਨਹੀਂ ਕਰ ਸਕਦੇ ਅਤੇ ਉਨ੍ਹਾਂ ਨੂੰ ਤਿੰਨ ਵਿਕਲਪਾਂ (ਮਨਜ਼ੂਰੀ, ਅਸਵੀਕਾਰ, ਜਾਂ ਰਾਸ਼ਟਰਪਤੀ ਨੂੰ ਭੇਜਣ) ਵਿੱਚੋਂ ਇੱਕ ਦੀ ਚੋਣ ਕਰਨੀ ਪਵੇਗੀ। ਇਹ ਹਵਾਲਾ ਇਸ ਫੈਸਲੇ ਨੂੰ ਮੁੜ ਖੋਲ੍ਹਣ ਦੀ ਕੋਸ਼ਿਸ਼ ਜਾਪਦੀ ਹੈ, ਜੋ ਸੰਵਿਧਾਨਕ ਨਿਯਮਾਂ ਦੇ ਵਿਰੁੱਧ ਹੈ।

ਸਟਾਲਿਨ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਦੇ ਸਲਾਹਕਾਰ ਅਧਿਕਾਰ ਖੇਤਰ (ਆਰਟੀਕਲ 143) ਦੀ ਵਰਤੋਂ ਉਦੋਂ ਨਹੀਂ ਕੀਤੀ ਜਾ ਸਕਦੀ ਜਦੋਂ ਮੁੱਦਾ ਪਹਿਲਾਂ ਹੀ ਅਦਾਲਤ ਨੇ ਸੁਲਝਾ ਲਿਆ ਹੋਵੇ। ਸਟਾਲਿਨ ਨੇ ਕਿਹਾ ਕਿ ਇਹ ਸੰਘੀ ਢਾਂਚੇ ਅਤੇ ਰਾਜਾਂ ਦੀ ਖੁਦ ਮੁਖਤਿਆਰੀ 'ਤੇ ਹਮਲਾ ਹੈ।

ਮੋਦੀ ਸਰਕਾਰ ਦੀ ਨੀਤੀ ਨੂੰ ਸਟਾਲਿਨ ਤੇ ਹੋਰ ਵਿਰੋਧੀ ਨੇਤਾਵਾਂ ਨੇ "ਕੇਂਦਰੀਕਰਨ" ਦੀ ਨੀਤੀ ਦੱਸਿਆ ਸੀ। ਭਾਜਪਾ ਸਰਕਾਰ 'ਤੇ ਦੋਸ਼ ਹੈ ਕਿ ਉਹ ਰਾਜਪਾਲਾਂ ਨੂੰ ਸਿਆਸੀ ਹਥਿਆਰ ਵਜੋਂ ਵਰਤਦੀ ਹੈ ਤਾਂ ਜੋ ਗੈਰ-ਭਾਜਪਾ ਸਰਕਾਰਾਂ ਦੇ ਕੰਮਕਾਜ ਵਿੱਚ ਰੁਕਾਵਟ ਪਾਈ ਜਾ ਸਕੇ। ਇਸ ਵਿੱਚ ਬਿੱਲਾਂ 'ਤੇ ਦੇਰੀ, ਨਿਯੁਕਤੀਆਂ ਵਿੱਚ ਦਖਲਅੰਦਾਜ਼ੀ, ਅਤੇ ਵਿੱਦਿਅਕ ਸੰਸਥਾਵਾਂ ਦਾ ਸਿਆਸੀਕਰਨ ਸ਼ਾਮਲ ਹੈ। ਸਟਾਲਿਨ ਨੇ ਮੋਦੀ ਸਰਕਾਰ 'ਤੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ ਹੈ। ਉਹ ਮੰਨਦੇ ਹਨ ਕਿ ਭਾਜਪਾ ਸਾਰੀਆਂ ਸ਼ਕਤੀਆਂ ਕੇਂਦਰ ਵਿੱਚ ਇਕੱਠੀਆਂ ਕਰਨਾ ਚਾਹੁੰਦੀ ਹੈ, ਜਿਸ ਨਾਲ ਰਾਜਾਂ ਦੀ ਖੁਦਮੁਖਤਿਆਰੀ ਘਟਦੀ ਹੈ। ਉਦਾਹਰਨ ਵਜੋਂ, ਉਨ੍ਹਾਂ ਨੇ ਡਿਲਿਮਿਟੇਸ਼ਨ (2026) ਦੇ ਮੁੱਦੇ 'ਤੇ ਵੀ ਵਿਰੋਧ ਜਤਾਇਆ, ਜਿਸ ਨਾਲ ਦੱਖਣੀ ਰਾਜਾਂ ਦੀ ਸੰਸਦੀ ਨੁਮਾਇੰਦਗੀ ਘਟ ਸਕਦੀ ਹੈ।

ਸਟਾਲਿਨ ਨੇ ਦੋਸ਼ ਲਾਇਆ ਕਿ ਭਾਜਪਾ ਸਰਕਾਰ ਸੁਪਰੀਮ ਕੋਰਟ ਦੇ 8 ਅਪ੍ਰੈਲ, 2025 ਦੇ ਫੈਸਲੇ ਨੂੰ ਪਲਟਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਨੇ ਰਾਜਪਾਲਾਂ ਦੀ ਬਿੱਲਾਂ 'ਤੇ ਦੇਰੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਸੀ। ਉਨ੍ਹਾਂ ਮੁਤਾਬਕ, ਰਾਸ਼ਟਰਪਤੀ ਦਾ ਹਵਾਲਾ ਭਾਜਪਾ ਦੀ ਸਿਆਸੀ ਚਾਲ ਹੈ, ਜੋ ਗੈਰ-ਭਾਜਪਾ ਰਾਜਾਂ ਦੀਆਂ ਵਿਧਾਨ ਸਭਾਵਾਂ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ। ਸਟਾਲਿਨ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਪੱਤਰ ਲਿਖਿਆ ਹੈ, ਜਿਸ ਵਿੱਚ ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਸਾਂਝੀ ਕਾਨੂੰਨੀ ਰਣਨੀਤੀ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੰਵਿਧਾਨ ਦੇ ਮੂਲ ਢਾਂਚੇ ਨੂੰ ਬਚਾਉਣ ਲਈ ਸਾਰੇ ਗੈਰ-ਭਾਜਪਾ ਰਾਜਾਂ ਨੂੰ ਇਕੱਠੇ ਹੋਣਾ ਪਵੇਗਾ। ਸਟਾਲਿਨ ਨੇ ਕਿਹਾ ਕਿ ਭਾਜਪਾ ਸਰਕਾਰ ਰਾਜਪਾਲਾਂ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ। ਰਾਜਪਾਲ ਬਿੱਲਾਂ 'ਤੇ ਦੇਰੀ, ਨਿਯੁਕਤੀਆਂ ਵਿੱਚ ਦਖਲਅੰਦਾਜ਼ੀ ਅਤੇ ਵਿੱਦਿਅਕ ਸੰਸਥਾਵਾਂ ਦੇ ਸਿਆਸੀਕਰਨ ਵਿੱਚ ਸ਼ਾਮਲ ਹਨ। ਇਹ ਸੰਵਿਧਾਨ ਦੇ ਰਚਨਾਕਾਰਾਂ ਦੇ ਭਰੋਸੇ ਦੀ ਉਲੰਘਣਾ ਹੈ, ਜਿਨ੍ਹਾਂ ਨੇ ਉਮੀਦ ਕੀਤੀ ਸੀ ਕਿ ਉੱਚ ਅਹੁਦੇ ਸੰਵਿਧਾਨਕ ਨੈਤਿਕਤਾ ਨਾਲ ਕੰਮ ਕਰਨਗੇ।

ਮੋਦੀ ਸਰਕਾਰ ਦਾ ਕਹਿਣਾ ਹੈ ਕਿ ਉਹ ਸੰਵਿਧਾਨਕ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਰਾਸ਼ਟਰਪਤੀ ਦਾ ਹਵਾਲਾ ਸੰਵਿਧਾਨਕ ਸਪੱਸ਼ਟੀਕਰਨ ਲਈ ਹੈ। ਪਰ ਵਿਰੋਧੀ ਇਸ ਨੂੰ ਸੰਘਵਾਦ ਵਿਰੋਧੀ ਅਤੇ ਸਿਆਸੀ ਚਾਲ ਮੰਨਦੇ ਹਨ।

## ਜਲੰਧਰ ਦੇ ਸੀਆਈਏ ਸਟਾਫ ਵਲੋਂ ਤਿੰਨ ਵਿਅਕਤੀ ਗ੍ਰਿਫ਼ਤਾਰ

**✪ ਚਾਰ ਪਿਸਤੌਲ, ਅੱਠ ਕਾਰਤੂਸ ਤੇ 150 ਗ੍ਰਾਮ ਹੈਰੋਇਨ ਜ਼ਬਤ**




ਜਲੰਧਰ-'ਯੁੱਧ ਨਸ਼ਿਆਂ ਵਿਰੁੱਧ' ਚੱਲ ਰਹੀ ਪਹਿਲਕਦਮੀ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਵਿੱਚ ਕਮਿਸ਼ਨਰੇਟ ਜਲੰਧਰ ਦੇ ਸੀਆਈਏ ਸਟਾਫ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਚਾਰ ਗੈਰ-ਕਾਨੂੰਨੀ ਪਿਸਤੌਲ (.32 ਬੋਰ), ਅੱਠ ਜ਼ਿੰਦਾ ਕਾਰਤੂਸ ਅਤੇ 150 ਗ੍ਰਾਮ ਹੈਰੋਇਨ ਜ਼ਬਤ ਕੀਤੀ।

ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ 17 ਮਈ, 2025 ਨੂੰ, ਸੀਆਈਏ ਟੀਮ ਮਕਸੂਦਾਂ ਚੌਕ ਤੋਂ ਬਿਧੀਪੁਰ, ਜਲੰਧਰ ਤੱਕ ਦੇ ਖੇਤਰ ਵਿੱਚ ਰੁਟੀਨ ਗਸ਼ਤ ਕਰ ਰਹੀ ਸੀ। ਇਸ ਕਾਰਵਾਈ ਦੌਰਾਨ, ਫਾਟਕ ਸੁਰਾਨਸੀ ਨੇੜੇ, ਟੀਮ ਨੇ ਦੋ ਸ਼ੱਕੀ ਵਿਅਕਤੀਆਂ ਨੂੰ ਦੇਖਿਆ ਅਤੇ ਉਨ੍ਹਾਂ ਦੀ ਤਲਾਸ਼ੀ ਲਈ ਗਈ। ਪਹਿਲੇ ਸ਼ੱਕੀ ਦੀ ਪਛਾਣ ਹਰਜਿੰਦਰ ਸਿੰਘ ਮਨੀ ਵਾਲੀਆ ਸ਼ਹੀਦ ਉਧਮ ਸਿੰਘ ਨਗਰ, ਜਲੰਧਰ ਵਜੋਂ ਹੋਈ ਹੈ, ਜਿਸ ਕੋਲੋਂ 100 ਗ੍ਰਾਮ ਹੈਰੋਇਨ, ਇੱਕ .32 ਬੋਰ ਪਿਸਤੌਲ ਅਤੇ ਦੋ ਜ਼ਿੰਦਾ ਕਾਰਤੂਸ ਬਰਾਮਦ ਹੋਏ।

ਦੂਜੇ ਦੋਸ਼ੀ, ਮੋਹਿਤ ਲਵਲੀ ਸੋਡਲ ਰੋਡ, ਜਲੰਧਰ, ਕੋਲੋਂ 50 ਗ੍ਰਾਮ ਹੈਰੋਇਨ, ਇੱਕ .32 ਬੋਰ ਪਿਸਤੌਲ ਅਤੇ ਦੋ ਜ਼ਿੰਦਾ ਕਾਰਤੂਸ ਬਰਾਮਦ ਹੋਏ।

ਇਸੇ ਤਰ੍ਹਾਂ ਸੀਆਈਏ ਦੀ ਇੱਕ ਹੋਰ ਟੀਮ ਨੂੰ ਚੁਗਿੱਟੀ ਨੇੜੇ ਗਸ਼ਤ ਦੌਰਾਨ, ਯੂਨੀਅਨ ਬੈਂਕ ਦੇ ਪਿੱਛੇ ਇੱਕ ਬਾਗ਼ ਵਿੱਚ ਇੱਕ ਵਿਅਕਤੀ ਦੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਹਥਿਆਰ ਲੈ ਕੇ ਜਾਣ ਬਾਰੇ ਸੂਚਨਾ ਮਿਲੀ। ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਆਕਾਸ਼ਦੀਪ ਕਾਲੂ ਲੰਬਾ ਪਿੰਡ ਚੌਕ, ਜਲੰਧਰ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਦੀ ਤਲਾਸ਼ੀ ਲੈਣ 'ਤੇ ਦੋ .32 ਬੋਰ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਬਰਾਮਦ ਹੋਏ।

## ਪਾਕਿਸਤਾਨ ਵਿਚ ਕਤਲ ਕਰ ਦਿਤਾ ਲਸ਼ਕਰ ਦਾ ਡਿਪਟੀ ਚੀਫ ਸੈਫੁੱਲਾ ਖਾਲਿਦ

**✪ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰੀ**

ਨਵੀਂ ਦਿੱਲੀ-ਅੱਤਵਾਦੀ ਸੰਗਠਨ ਲਸ਼ਕਰ-ਏ-ਤਇਬ ਦੇ ਡਿਪਟੀ ਚੀਫ ਅੱਤਵਾਦੀ ਸੈਫੁੱਲਾ ਖਾਲਿਦ ਨੂੰ ਪਾਕਿਸਤਾਨ ਵਿੱਚ ਮਾਰ ਦਿੱਤਾ ਗਿਆ। ਇੰਡੀਆ ਟੂਡੇ ਦੀ ਰਿਪੋਰਟ ਅਨੁਸਾਰ, ਉਸਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ। ਉਹ ਲਸ਼ਕਰ ਦੇ



ਸੰਸਥਾਪਕ ਅੱਤਵਾਦੀ ਹਾਫਿਜ਼ ਸਈਦ ਦੇ ਬਹੁਤ ਨੇੜੇ ਸੀ। ਰਿਪੋਰਟਾਂ ਅਨੁਸਾਰ, ਜਿਵੇਂ ਹੀ ਉਹ ਮਤਲੀ ਸ਼ਹਿਰ ਵਿੱਚ ਆਪਣੇ ਘਰ ਤੋਂ ਬਾਹਰ ਆਇਆ, ਹਮਲਾਵਰਾਂ ਨੇ ਉਸਦੇ ਸਿਰ ਅਤੇ ਛਾਤੀ ਵਿੱਚ ਗੋਲੀ ਮਾਰ ਦਿੱਤੀ। ਇਹ ਅੱਤਵਾਦੀ ਭਾਰਤ ਵਿੱਚ ਤਿੰਨ ਹਮਲਿਆਂ ਵਿੱਚ ਸ਼ਾਮਲ ਸੀ। ਉਸਨੇ 2006 ਵਿੱਚ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਆਰਐਸਐਸ ਹੈੱਡਕੁਆਰਟਰ 'ਤੇ ਹਮਲੇ ਦੀ ਸਾਜ਼ਿਸ਼ ਰਚੀ ਸੀ। ਉਹ 2001 ਵਿੱਚ ਰਾਮਪੁਰ ਵਿੱਚ ਸੀਆਰਪੀਐਫ ਕੈਂਪ 'ਤੇ ਹਮਲੇ ਅਤੇ 2005 ਵਿੱਚ ਬੰਗਲੌਰ ਵਿੱਚ ਹੋਏ ਹਮਲੇ ਵਿੱਚ ਸ਼ਾਮਲ ਸੀ।

## ਪੰਜਾਬ ਪੁਲਿਸ ਨੇ 11.3 ਕਿੱਲੋ ਹੈਰੋਇਨ ਤੇ 3.48 ਲੱਖ ਦੀ ਡਰੱਗ ਮਨੀ ਸਣੇ 136 ਸਮਗਲਰ ਕੀਤੇ ਗ੍ਰਿਫ਼ਤਾਰ

ਚੰਡੀਗੜ੍ਹ-ਬੀਤੇ ਦਿਨੀਂ ਪੁਲਿਸ ਟੀਮਾਂ ਨੇ ਨਸ਼ੀਲੇ ਪਦਾਰਥਾਂ ਵਿਰੁੱਧ ਆਪਣੀ ਘੇਰਾਬੰਦੀ ਤੇ ਖੋਜ ਮੁਹਿੰਮ (ਸੀਏਐੱਸਓ) ਤਹਿਤ 490 ਥਾਵਾਂ ਤੇ ਛਾਪੇਮਾਰੀ ਕੀਤੀ, ਜਿਸ ਦੇ ਨਤੀਜੇ ਵਜੋਂ ਸੂਬੇ ਭਰ 'ਚ 109 ਐੱਫਆਈਆਰ ਦਰਜ ਕਰਨ ਤੋਂ ਬਾਅਦ 136 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 78 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 11860 ਹੋ ਗਈ ਹੈ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 11.3 ਕਿੱਲੋ ਹੈਰੋਇਨ ਤੇ 3.48 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

# ਫਰਾਂਸ ਵਿੱਚ ਲਗਭਗ 30,000 ਸਿੱਖ ਰਹਿੰਦੇ ਨੇ

**✪ ਕਰ ਰਹੇ ਨੇ ਦਸਤਾਰ ਉੱਤੇ ਪਾਬੰਦੀ ਵਿਰਧ ਸੰਘਰਸ਼ ✪ "ਸ਼ੇਰੇ ਪੰਜਾਬ ਕੰਪਲੈਕਸ" ਪੈਰਿਸ ਸਕੂਲ ਸਿੱਖਾਂ ਨੂੰ ਕਿਉਂ ਸਥਾਪਤ ਕਰਨਾ ਪਿਆ ? ✪ ਚੈਰਿਟੀ ਕਾਰਣ ਸਿੱਖਾਂ ਨੇ ਫਰਾਂਸੀਸੀਆਂ ਦਾ ਦਿਲ ਜਿਤਿਆ**

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916





> ਪੰਜਾਬ ਟਾਈਮਜ ਅਨੁਸਾਰ ਫਰਾਂਸ ਵਿੱਚ ਸਿੱਖ ਭਾਈਚਾਰਾ ਛੋਟਾ ਹੋਣ ਦੇ ਬਾਵਜੂਦ ਆਪਣੀ ਪਛਾਣ ਤੇ ਸੱਭਿਆਚਾਰ ਨੂੰ ਬਰਕਰਾਰ ਰੱਖਣ ਲਈ ਸਰਗਰਮ ਹੈ। ਚੈਰਿਟੀ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਹੈ, ਪਰ ਰਾਜਨੀਤਕ ਅਤੇ ਪ੍ਰਸ਼ਾਸਨਿਕ ਖੇਤਰ ਵਿੱਚ ਪ੍ਰਾਪਤੀਆਂ ਸੀਮਤ ਹਨ। ਦਸਤਾਰ 'ਤੇ ਪਾਬੰਦੀ ਅਤੇ ਸਿੱਖ ਸਕੂਲਾਂ ਦੀ ਘਾਟ ਨੇ ਸਿੱਖ ਨੌਜਵਾਨਾਂ ਦੀ ਸਿੱਖਿਆ ਅਤੇ ਪਛਾਣ 'ਤੇ ਮਾੜਾ ਅਸਰ ਪਾਇਆ ਹੈ, ਅਤੇ ਇਸ ਮੁੱਦੇ 'ਤੇ ਸੰਘਰਸ਼ ਜਾਰੀ ਹੈ।

ਫਰਾਂਸ ਵਿੱਚ ਸਿੱਖ ਭਾਈਚਾਰਾ ਭਾਵੇਂ ਛੋਟਾ ਹੈ, ਪਰ ਉਸ ਦੀ ਮੌਜੂਦਗੀ ਅਤੇ ਪ੍ਰਭਾਵ ਕਾਫੀ ਮਜ਼ਬੂਤ ਹੈ। ਫਰਾਂਸ ਵਿੱਚ ਲਗਭਗ 30,000 ਸਿੱਖ ਰਹਿੰਦੇ ਹਨ, ਅਤੇ ਉਨ੍ਹਾਂ ਦਾ ਮੁੱਖ ਅੱਡਾ ਪੈਰਿਸ ਦੇ ਨੇੜੇ ਬੋਬਿਗਨੀ ਸ਼ਹਿਰ ਵਿੱਚ ਹੈ, ਜਿੱਥੇ ਇੱਕ ਗੁਰਦੁਆਰਾ ਵੀ ਸਥਿਤ ਹੈ। ਭਾਈਚਾਰੇ ਨੇ ਸਮੇਂ ਦੇ ਨਾਲ ਆਪਣੀ ਸਭਿਆਚਾਰ ਅਤੇ ਧਰਮ ਨੂੰ ਕਾਇਮ ਰੱਖਿਆ ਹੈ, ਖਾਸ ਕਰਕੇ 2004 ਵਿੱਚ ਜਦੋਂ ਫਰਾਂਸ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਦਸਤਾਰ ਵਰਗੇ ਧਾਰਮਿਕ ਪ੍ਰਤੀਕਾਂ 'ਤੇ ਪਾਬੰਦੀ ਲਗਾਈ ਸੀ। ਇਸ ਦੇ ਬਾਵਜੂਦ, ਸਿੱਖ ਭਾਈਚਾਰੇ ਨੇ ਕਦੇ ਹਾਰ ਨਹੀਂ ਮੰਨੀ ਅਤੇ ਆਪਣੀ ਪਛਾਣ ਨੂੰ ਬਰਕਰਾਰ ਰੱਖਿਆ। ਚਾਹੇ ਉਨ੍ਹਾਂ ਦੇ ਧਾਰਮਿਕ ਸਥਾਨ ਹੋਣ ਜਾਂ ਸਭਿਆਚਾਰਕ ਪ੍ਰੋਗਰਾਮ, ਸਿੱਖ ਭਾਈਚਾਰੇ ਨੇ ਫਰਾਂਸ ਵਿੱਚ ਆਪਣੀ ਜਗ੍ਹਾ ਬਣਾਈ ਹੈ ਅਤੇ ਦੇਸ਼ ਦੇ ਸਮਾਜਿਕ ਢਾਂਚੇ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਦਸਤਾਰ 'ਤੇ ਪਾਬੰਦੀ ਵਿਰੁੱਧ ਸਿੱਖ ਸੰਘਰਸ਼-ਜਾਣਕਾਰੀ ਅਨੁਸਾਰ, 2004 ਵਿੱਚ ਫਰਾਂਸ ਸਰਕਾਰ ਦੁਆਰਾ ਪਾਸ ਕੀਤੇ ਗਏ ਕਾਨੂੰਨ ਅਨੁਸਾਰ, ਸਰਕਾਰੀ ਸਕੂਲਾਂ ਵਿੱਚ ਧਾਰਮਿਕ ਪ੍ਰਤੀਕਾਂ ਨੂੰ ਹਟਾਉਣ ਦਾ ਹੁਕਮ ਦਿੱਤਾ ਗਿਆ ਸੀ। ਇਸ ਕਾਨੂੰਨ ਅਧੀਨ ਸਿੱਖ ਵਿਦਿਆਰਥੀਆਂ ਨੂੰ ਸਿਰ 'ਤੇ ਦਸਤਾਰ ਪਹਿਨਣ ਦੀ ਇਜਾਜ਼ਤ ਨਹੀਂ ਸੀ। ਇਹ ਫੈਸਲਾ ਸਿੱਖ ਭਾਈਚਾਰੇ ਲਈ ਵੱਡੇ ਸਦਮੇ ਵਜੋਂ ਆਇਆ ਅਤੇ ਇਸ ਦੇ ਵਿਰੁੱਧ ਤਿੱਖਾ ਵਿਰੋਧ ਹੋਇਆ। ਖਾਸ ਕਰਕੇ ਪੈਰਿਸ ਦੇ ਨੇੜੇ ਕੁਝ ਸਕੂਲਾਂ ਵਿੱਚ ਪੰਜ 5 ਸਿੱਖ ਵਿਦਿਆਰਥੀਆਂ ਨੂੰ ਦਸਤਾਰ ਪਹਿਨਣ ਕਾਰਨ ਕਲਾਸਾਂ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਇਸ ਫੈਸਲੇ ਤੋਂ ਬਾਅਦ, ਸਿੱਖ ਭਾਈਚਾਰੇ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਦਸਤਾਰ 'ਤੇ ਪਾਬੰਦੀ ਹਟਾਈ ਜਾਵੇ। ਸਿੱਖ ਭਾਈਚਾਰੇ ਨੇ ਅੰਤਰਰਾਸ਼ਟਰੀ ਪੱਧਰ 'ਤੇ, ਜਿਵੇਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮੇਟੀ ਵਿੱਚ, ਇਸ ਮੁੱਦੇ ਨੂੰ ਉਠਾਇਆ। 2012 ਵਿੱਚ, ਸੰਯੁਕਤ ਰਾਸ਼ਟਰ ਨੇ ਫਰਾਂਸ ਦੀ ਪਾਬੰਦੀ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ, ਪਰ ਫਰਾਂਸ ਨੇ ਇਸ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ। ਸਿੱਖ ਭਾਈਚਾਰੇ ਨੇ ਸਥਾਨਕ ਅਧਿਕਾਰੀਆਂ ਅਤੇ ਸਮਾਜ ਨਾਲ ਸੰਵਾਦ ਜਾਰੀ ਰੱਖਿਆ, ਤਾਂ ਜੋ ਦਸਤਾਰ ਨੂੰ ਸਭਿਆਚਾਰਕ ਅਤੇ ਧਾਰਮਿਕ ਪ੍ਰਤੀਕ ਵਜੋਂ ਸਵੀਕਾਰਿਆ ਜਾਵੇ। ਪਰ ਕੋਈ ਸਕਾਰਾਤਮਕ ਨਤੀਜਾ ਨਹੀਂ ਨਿਕਲਿਆ। ਇਸ ਤੋਂ ਬਾਅਦ, ਸਿੱਖਾਂ ਨੇ ਆਪਣਾ ਨਿੱਜੀ ਸਿੱਖ ਸਕੂਲ ਸਥਾਪਿਤ ਕੀਤਾ, ਜਿਸ ਨੂੰ "ਸ਼ੇਰ ਪੰਜਾਬ ਕੰਪਲੈਕਸ" ਨਾਮ ਦਿੱਤਾ ਗਿਆ।

"ਸ਼ੇਰੇ ਪੰਜਾਬ ਕੰਪਲੈਕਸ" ਪੈਰਿਸ ਵਿੱਚ ਸਥਿਤ ਇੱਕ ਨਿੱਜੀ ਸਿੱਖ ਸਕੂਲ ਹੈ, ਜੋ ਫਰਾਂਸੀਸੀ ਅਧਿਕਾਰੀਆਂ ਦੁਆਰਾ ਧਾਰਮਿਕ ਪ੍ਰਤੀਕਾਂ, ਖਾਸ ਕਰਕੇ ਸਿੱਖ ਦਸਤਾਰ 'ਤੇ ਪਾਬੰਦੀ ਕਾਰਨ ਸਥਾਪਿਤ ਕੀਤਾ ਗਿਆ ਸੀ। ਇਹ ਸਕੂਲ ਇੱਕ ਸਥਾਨਕ ਸਿੱਖ ਵਪਾਰੀ ਦੁਆਰਾ ਸਥਾਪਿਤ ਕੀਤਾ ਗਿਆ ਸੀ, ਜਿਸ ਦੇ ਪੁੱਤਰ ਨੂੰ 2004 ਵਿੱਚ ਸਰਕਾਰੀ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਕਲਾਸ ਵਿੱਚ ਦਸਤਾਰ ਨਹੀਂ ਉਤਾਰੀ ਸੀ। ਇਸ ਸਕੂਲ ਦੀ ਸਥਾਪਨਾ ਲਈ ਲਗਭਗ 300,000 ਯੂਰੋ ਦੀ ਲਾਗਤ ਆਈ ਸੀ, ਜਿਸ ਵਿੱਚ ਇਮਾਰਤ ਦੀ ਲਾਗਤ ਸ਼ਾਮਲ ਨਹੀਂ ਸੀ। ਇਸ ਸਕੂਲ ਦੀ ਸ਼ੁਰੂਆਤ 15 ਵਿਦਿਆਰਥੀਆਂ ਨਾਲ ਹੋਈ ਸੀ, ਪਰ ਹੁਣ ਇਹ ਗਿਣਤੀ ਕਾਫੀ ਵਧ ਗਈ ਹੈ ਅਤੇ ਇਹ ਸਿੱਖ ਭਾਈਚਾਰੇ ਦੇ ਬੱਚਿਆਂ ਲਈ ਮਹੱਤਵਪੂਰਨ ਸਿੱਖਿਆ ਕੇਂਦਰ ਬਣ ਗਿਆ ਹੈ।

ਫਰਾਂਸ ਵਿੱਚ ਗੁਰਦੁਆਰੇ-ਜਾਣਕਾਰੀ ਅਨੁਸਾਰ, ਫਰਾਂਸ ਵਿੱਚ ਕੁੱਲ ਪੰਜ ਗੁਰਦੁਆਰੇ ਹਨ, ਜੋ ਸਾਰੇ ਪੈਰਿਸ ਸ਼ਹਿਰ ਵਿੱਚ ਸਥਿਤ ਹਨ। ਇਹ ਗੁਰਦੁਆਰੇ ਸਿੱਖ ਸਮੁਦਾਇ ਦੇ ਧਾਰਮਿਕ ਅਤੇ ਸਭਿਆਚਾਰਕ ਜੀਵਨ ਦਾ ਅਹਿਮ ਹਿੱਸਾ ਹਨ। ਫਰਾਂਸ ਦੇ ਗੁਰਦੁਆਰਿਆਂ ਵਿੱਚੋਂ ਕੁਝ ਮੁੱਖ ਨਾਮ ਇਸ ਪ੍ਰਕਾਰ ਹਨ:ਗੁਰਦੁਆਰਾ ਸਿੰਘ ਸਭਾ ਅਸੋਸੀਏਸ਼ਨ, ਬੋਬਿਗਨੀ ਗੁਰਦੁਆਰਾ ਸਾਹਿਬ, ਬਰਗੇਟ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਬੌਂਡੀ ਗੁਰਦੁਆਰਾ ਸਾਹਿਬ, ਵਿਲੇ ਪੈਂਟਿਨਇਸ ਤੋਂ ਇਲਾਵਾ, ਫਰਾਂਸ ਦੇ ਹੋਰ ਸ਼ਹਿਰਾਂ ਵਿੱਚ ਵੀ ਸਿੱਖ ਭਾਈਚਾਰੇ ਦੀ ਮੌਜੂਦਗੀ ਹੈ, ਜਿਨ੍ਹਾਂ ਵਿੱਚ ਡਰਾਂਸੀ, ਬੋਬਿਗਨੀ, ਬੌਂਡੀ, ਰੋਮਾਂਵੀਲ, ਵਿਲੇ ਪੈਂਟਿਨ ਅਤੇ ਪੈਂਟਿਨ ਵਰਗੇ ਖੇਤਰ ਮੁੱਖ ਹਨ। ਇਹ ਖੇਤਰ ਸਿੱਖ ਧਾਰਮਿਕ ਅਤੇ ਸਭਿਆਚਾਰਕ ਸਮਾਗਮਾਂ ਦਾ ਕੇਂਦਰ ਬਣੇ ਹੋਏ ਹਨ। ਸਿੱਖ ਭਾਈਚਾਰਾ ਗੁਰਦੁਆਰਿਆਂ ਵਿੱਚ ਗੁਰਮੁਖੀ ਅਤੇ ਸਿੱਖ ਧਰਮ ਦੀ ਸਿੱਖਿਆ ਦੇਣ ਵਾਲੇ ਸੰਡੇ ਸਕੂਲ ਜਾਂ ਸਮਾਜਿਕ ਪ੍ਰੋਗਰਾਮ ਚਲਾਉਂਦਾ ਹੈ। ਇਹ ਪ੍ਰੋਗਰਾਮ ਮੁੱਖ ਤੌਰ 'ਤੇ ਬੱਚਿਆਂ ਨੂੰ ਸਿੱਖ ਸੱਭਿਆਚਾਰ, ਇਤਿਹਾਸ ਅਤੇ ਗੁਰਬਾਣੀ ਦੀ ਸਿੱਖਿਆ ਦਿੰਦੇ ਹਨ।

ਦਸਤਾਰ ਦੀ ਪਾਬੰਦੀ ਦਾ ਅਸਰ-ਦਸਤਾਰ 'ਤੇ ਪਾਬੰਦੀ ਦਾ ਸਿੱਖ ਭਾਈਚਾਰੇ 'ਤੇ ਡੂੰਘਾ ਸਮਾਜਿਕ ਅਤੇ ਮਨੋਵਿਗਿਆਨਕ ਅਸਰ ਪਿਆ ਹੈ। ਸਕੂਲਾਂ ਵਿੱਚ ਦਸਤਾਰ 'ਤੇ ਪਾਬੰਦੀ ਕਾਰਨ ਕਈ ਸਿੱਖ ਵਿਦਿਆਰਥੀਆਂ ਨੂੰ ਸਕੂਲ ਛੱਡਣਾ ਪਿਆ, ਜਿਸ ਨਾਲ ਉਨ੍ਹਾਂ ਦੀ ਸਿੱਖਿਆ ਪ੍ਰਭਾਵਿਤ ਹੋਈ। ਦਸਤਾਰ ਸਿੱਖ ਪਛਾਣ ਦਾ ਅਹਿਮ ਹਿੱਸਾ ਹੈ। ਇਸ 'ਤੇ ਪਾਬੰਦੀ ਨੇ ਸਿੱਖ ਨੌਜਵਾਨਾਂ ਵਿੱਚ ਪਛਾਣ ਦੇ ਸੰਕਟ ਨੂੰ ਵਧਾਇਆ ਹੈ। ਪਾਬੰਦੀ ਕਾਰਨ ਸਿੱਖ ਭਾਈਚਾਰੇ ਨੂੰ ਸਮਾਜਿਕ ਅਤੇ ਸੱਭਿਆਚਾਰਕ ਅਲੱਗ-ਥਲੱਗਤਾ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹ ਆਪਣੀ ਧਾਰਮਿਕ ਪਛਾਣ ਨੂੰ ਖੁੱਲ੍ਹ ਕੇ ਪ੍ਰਗਟ ਨਹੀਂ ਕਰ ਸਕਦੇ ਕ਼ਾਨੂੰਨੀ ਸੰਘਰਸ਼: ਸਿੱਖ ਸੰਗਠਨਾਂ ਨੇ ਇਸ ਮੁੱਦੇ ਨੂੰ ਅਦਾਲਤਾਂ ਅਤੇ ਅੰਤਰਰਾਸ਼ਟਰੀ ਮੰਚਾਂ (ਜਿਵੇਂ ਸੰਯੁਕਤ ਰਾਸ਼ਟਰ) 'ਤੇ ਉਠਾਇਆ ਹੈ, ਪਰ ਸਫਲਤਾ ਸੀਮਤ ਰਹੀ ਹੈ। ਇਸ ਨੇ ਸਿੱਖ ਭਾਈਚਾਰੇ ਵਿੱਚ ਇੱਕ ਸੰਘਰਸ਼ ਦੀ ਭਾਵਨਾ ਨੂੰ ਜਨਮ ਦਿੱਤਾ ਹੈ।

ਵਿਸ਼ਵ ਦੀਆਂ ਅਖਬਾਰਾਂ ਇਸ ਮਾਮਲੇ ਬਾਰੇ ਕੀ ਕਹਿੰਦੀਆਂ ਹਨ?-ਵਿਸ਼ਵ ਮੀਡੀਆ ਨੇ ਫਰਾਂਸ ਵਿੱਚ ਸਿੱਖ ਦਸਤਾਰ 'ਤੇ ਪਾਬੰਦੀ ਦੇ ਮੁੱਦੇ ਨੂੰ ਕਈ ਵਾਰ ਚੁੱਕਿਆ ਹੈ। ਬੀਬੀਸੀ (2004-2012) ਨੇ ਰਿਪੋਰਟ ਕੀਤਾ ਕਿ ਫਰਾਂਸ ਦੀ ਪਾਬੰਦੀ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕੀਤਾ ਅਤੇ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਨੇ 2012 ਵਿੱਚ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ। ਦਾ ਗਾਰਡੀਅਨ ਯੂਕੇ ਨੇ ਫਰਾਂਸ ਦੇ ਧਰਮ ਨਿਰਪੱਖਤਾ ਦੇ ਸਿਧਾਂਤ ਅਤੇ ਧਾਰਮਿਕ ਆਜ਼ਾਦੀ ਦੇ ਵਿਚਕਾਰ ਤਣਾਅ 'ਤੇ ਚਰਚਾ ਕੀਤੀ, ਅਤੇ ਸਿੱਖਾਂ ਦੀ ਨਿੱਜੀ ਸਕੂਲ ਸਥਾਪਨਾ ਨੂੰ ਇੱਕ ਸਕਾਰਾਤਮਕ ਕਦਮ ਦੱਸਿਆ। ਦਾ ਨਿਊਯਾਰਕ ਟਾਈਮਜ਼ ਨੇ ਸਿੱਖ ਭਾਈਚਾਰੇ ਦੇ ਸੰਘਰਸ਼ ਅਤੇ ਸ਼ੇਰ ਪੰਜਾਬ ਕੰਪਲੈਕਸ ਦੀ ਸਥਾਪਨਾ ਨੂੰ ਭਾਈਚਾਰੇ ਦੀ ਦ੍ਰਿੜਤਾ ਦਾ ਪ੍ਰਤੀਕ ਦੱਸਿਆ।

ਅਲ ਜਜੀਰਾ ਨੇ ਫਰਾਂਸ ਦੀ ਪਾਬੰਦੀ ਨੂੰ ਘੱਟ-ਗਿਣਤੀ ਭਾਈਚਾਰਿਆਂ ਦੇ ਵਿਰੁੱਧ ਵਿਤਕਰੇ ਵਜੋਂ ਪੇਸ਼ ਕੀਤਾ ਅਤੇ ਸਿੱਖ ਭਾਈਚਾਰੇ ਦੀ ਅੰਤਰਰਾਸ਼ਟਰੀ ਅਪੀਲ 'ਤੇ ਜ਼ੋਰ ਦਿੱਤਾ।

ਇੰਡੀਅਨ ਐਕਸਪ੍ਰੈਸ ਅਤੇ ਦਾ ਹਿੰਦੂ ਭਾਰਤੀ ਅਖਬਾਰਾਂ ਨੇ ਸਿੱਖ ਭਾਈਚਾਰੇ ਦੀ ਹਿੰਮਤ ਅਤੇ ਸਭਿਆਚਾਰਕ ਪਛਾਣ ਨੂੰ ਬਰਕਰਾਰ ਰੱਖਣ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ, ਅਤੇ ਸੰਯੁਕਤ ਰਾਸ਼ਟਰ ਦੇ ਫੈਸਲੇ ਨੂੰ ਸਿੱਖਾਂ ਦੀ ਜਿੱਤ ਵਜੋਂ ਪੇਸ਼ ਕੀਤਾ। ਮੀਡੀਆ ਵਿੱਚ ਆਮ ਤੌਰ 'ਤੇ ਇਹ ਸਹਿਮਤੀ ਹੈ ਕਿ ਫਰਾਂਸ ਦੀ ਸਖਤ ਧਰਮ ਨਿਰਪੱਖਤਾ ਨੀਤੀ ਨੇ ਸਿੱਖ ਭਾਈਚਾਰੇ ਦੀ ਧਾਰਮਿਕ ਆਜ਼ਾਦੀ ਨੂੰ ਸੀਮਤ ਕੀਤਾ, ਪਰ ਸਿੱਖਾਂ ਦੀ ਸਥਾਨਕ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੜਾਈ ਨੇ ਉਨ੍ਹਾਂ ਦੀ ਪਛਾਣ ਨੂੰ ਮਜ਼ਬੂਤ ਕੀਤਾ।

ਰਾਜਨੀਤਕ ਅਤੇ ਪ੍ਰਸ਼ਾਸਨਿਕ ਪ੍ਰਾਪਤੀਆਂ-ਫਰਾਂਸ ਵਿੱਚ ਸਿੱਖ ਭਾਈਚਾਰੇ ਦੀ ਰਾਜਨੀਤਕ ਅਤੇ ਪ੍ਰਸ਼ਾਸਨਿਕ ਖੇਤਰ ਵਿੱਚ ਮੌਜੂਦਗੀ ਸੀਮਤ ਹੈ। ਸਿੱਖਾਂ ਦੀ ਘੱਟ ਅਬਾਦੀ ਅਤੇ ਫਰਾਂਸ ਦੀ ਸਖਤ ਧਰਮ ਨਿਰਪੱਖਤਾ ਨੀਤੀਆਂ ਕਾਰਨ ਉੱਚ ਪੱਧਰੀ ਸਰਕਾਰੀ ਅਹੁਦਿਆਂ 'ਤੇ ਸਿੱਖਾਂ ਦੀ ਨੁਮਾਇੰਦਗੀ ਨਹੀਂ ਦਿਖਾਈ ਦਿੰਦੀ। ਹਾਲਾਂਕਿ, ਸਿੱਖ ਭਾਈਚਾਰੇ ਨੇ ਸਥਾਨਕ ਪੱਧਰ 'ਤੇ ਆਪਣੀ ਪਛਾਣ ਨੂੰ ਬਰਕਰਾਰ ਰੱਖਣ ਲਈ ਕੁਝ ਯਤਨ ਕੀਤੇ ਹਨ, ਜਿਵੇਂ ਕਿ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਰਾਹੀਂ ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਚਲਾਈਆਂ ਹਨ। ਕੁਝ ਸਿੱਖ ਨੌਜਵਾਨ ਸਥਾਨਕ ਸਮਾਜਿਕ ਅਤੇ ਵਪਾਰਕ ਖੇਤਰਾਂ ਵਿੱਚ ਸਰਗਰਮ ਹਨ, ਪਰ ਸਪਸ਼ਟ ਰਾਜਨੀਤਕ ਪ੍ਰਾਪਤੀਆਂ ਦੀਆਂ ਮਿਸਾਲਾਂ ਬਹੁਤ ਘੱਟ ਹਨ।

ਚੈਰਿਟੀ ਵਿੱਚ ਯੋਗਦਾਨ-ਸਿੱਖ ਧਰਮ ਦੀ ਮੁੱਖ ਸਿੱਖਿਆ "ਸੇਵਾ" ਅਤੇ "ਵੰਡ ਛਕਣਾ" ਦੇ ਸਿਧਾਂਤ 'ਤੇ ਆਧਾਰਿਤ ਹੈ। ਫਰਾਂਸ ਵਿੱਚ ਸਿੱਖ ਭਾਈਚਾਰਾ, ਖਾਸ ਕਰਕੇ ਗੁਰਦੁਆਰਿਆਂ ਰਾਹੀਂ, ਚੈਰਿਟੀ ਅਤੇ ਸਮਾਜ ਸੇਵਾ ਵਿੱਚ ਸਰਗਰਮ ਹੈ। ਪੈਰਿਸ ਦੇ ਨੇੜੇ ਸਥਿਤ ਗੁਰਦੁਆਰਾ ਸਿੰਘ ਸਭਾ ਬੋਬਿਨੀ ਵਰਗੀਆਂ ਸੰਸਥਾਵਾਂ ਵਿੱਚ ਲੰਗਰ ਸੇਵਾ ਨਿਯਮਤ ਤੌਰ 'ਤੇ ਚੱਲਦੀ ਹੈ, ਜਿੱਥੇ ਸਾਰੇ ਧਰਮਾਂ ਅਤੇ ਪਿਛੋਕੜ ਦੇ ਲੋਕਾਂ ਨੂੰ ਮੁਫਤ ਭੋਜਨ ਪ੍ਰਦਾਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਸਿੱਖ ਸੰਗਠਨ ਆਫਤਾਂ (ਜਿਵੇਂ ਹੜ੍ਹ ਜਾਂ ਹੋਰ ਕੁਦਰਤੀ ਆਫਤਾਂ) ਦੌਰਾਨ ਮਦਦ ਅਤੇ ਰਾਹਤ ਸਮੱਗਰੀ ਵੰਡਣ ਵਿੱਚ ਵੀ ਸ਼ਾਮਲ ਹੁੰਦੇ ਹਨ। ਸਿੱਖ ਸੰਸਥਾਵਾਂ ਨੇ ਗਰੀਬੀ, ਭੁੱਖਮਰੀ ਅਤੇ ਸਮਾਜਿਕ ਅਸਮਾਨਤਾ ਨੂੰ ਦੂਰ ਕਰਨ ਲਈ ਵੀ ਵਿਸ਼ਾਲ ਯੋਗਦਾਨ ਪਾਇਆ ਹੈ, ਜਿਸ ਵਿੱਚ ਬੇਘਰ ਲੋਕਾਂ ਨੂੰ ਭੋਜਨ ਅਤੇ ਸਹਾਇਤਾ ਪ੍ਰਦਾਨ ਕਰਨਾ ਸ਼ਾਮਲ ਹੈ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ
## ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ




# ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

**ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।**

# HALAL OR KUTTHA MEAT SERVED

## IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

# ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

# ਐਨ.ਆਈ.ਏ. ਵਲੋਂ ਪੰਜਾਬ ਵਿਚ ਬੱਬਰ ਖ਼ਾਲਸਾ ਦੇ ਖਾੜਕੂਆਂ ਨੂੰ ਫੜਨ ਲਈ 15 ਥਾਵਾਂ ’ਤੇ ਮਾਰੇ ਛਾਪੇ

## ✪ ਮੋਬਾਈਲ/ਡਿਜੀਟਲ ਡਿਵਾਈਸਾਂ ਤੇ ਦਸਤਾਵੇਜ਼ ਆਦਿ ਕੀਤੇ ਜ਼ਬਤ

ਨਵੀਂ ਦਿੱਲੀ-ਰਾਸ਼ਟਰੀ ਜਾਂਚ ਏਜੰਸੀ (ਐਨ. ਆਈ. ਏ.) ਨੇ ਪਿਛਲੇ ਦਸੰਬਰ ’ਚ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪੁਲਿਸ ਥਾਣੇ ’ਤੇ ਹੋਏ ਗ੍ਰਨੇਡ ਹਮਲੇ ਦੇ ਸੰਬੰਧ ’ਚ ਪੰਜਾਬ ’ਚ 15 ਥਾਵਾਂ ’ਤੇ ਛਾਪੇਮਾਰੀ ਕੀਤੀ। ਸੰਘੀ ਏਜੰਸੀ ਵਲੋਂ ਉਕਤ ਛਾਪੇਮਾਰੀ ਪਾਬੰਦੀਸ਼ੁਦਾ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਜੁੜੀਆਂ ਗਤੀਵਿਧੀਆਂ ਸੰਬੰਧੀ ਕੀਤੀ ਗਈ ਹੈ। ਜਾਂਚ ਏਜੰਸੀ ਨੇ ਕਿਹਾ ਕਿ ਪੰਜਾਬ ਦੇ ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ ਤੇ ਕਪੂਰਥਲਾ ਜਿਲ੍ਹਿਆਂ ’ਚ ਕੀਤੀ ਗਈ ਤਲਾਸ਼ੀ ਦੌਰਾਨ ਮੋਬਾਈਲ/ਡਿਜੀਟਲ ਡਿਵਾਈਸਾਂ ਅਤੇ ਦਸਤਾਵੇਜ਼ਾਂ ਸਮੇਤ ਕਈ ਤਰ੍ਹਾਂ ਦੀਆਂ ਅਪਰਾਧਿਕ ਸਮਗਰੀਆਂ ਜ਼ਬਤ ਕੀਤੀਆਂ ਗਈਆਂ ਹਨ। ਇਕ ਬਿਆਨ ਵਿਚ ਕਿਹਾ ਗਿਆ ਕਿ ਅਮਰੀਕਾ ਸਥਿਤ ਬੀ.ਕੇ.ਐਲ. ਕਾਰਕੁੰਨ ਅਤੇ ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਹੈਪੀ ਪਸ਼ੀਆ ਤੇ ਉਸ ਦੇ ਸਾਥੀ ਸ਼ਮਸ਼ੇਰ ਸਿੰਘ ਸ਼ੇਰਾ ਉਰਫ਼ ਹਨੀ ਅਤੇ ਵੱਖ-ਵੱਖ ਦੇਸ਼ਾਂ ’ਚ ਸਥਿਤ ਹੋਰ ਸ਼ੱਕੀਆਂ ਦੇ ਟਿਕਾਣਿਆਂ ’ਤੇ ਛਾਪੇਮਾਰੀ ਕੀਤੀ ਗਈ। ਐਨ.ਆਈ.ਏ. ਨੇ ਕਿਹਾ ਕਿ ਪਾਕਿਸਤਾਨ ਸਥਿਤ ਬੀ.ਕੇ.ਆਈ. ਹਰਵਿੰਦਰ ਸਿੰਘ ਉਰਫ਼ ਰਿੰਦਾ ਦਾ ਇਕ ਮੁੱਖ ਸਹਿਯੋਗੀ ਹੈਪੀ ਹਾਲ ਹੀ ’ਚ ਪੰਜਾਬ ਤੇ ਹਰਿਆਣਾ ਰਾਜਾਂ ਦੇ ਵੱਖ-ਵੱਖ ਪੁਲਿਸ ਥਾਣਿਆਂ ਤੇ ਪੁਲਿਸ ਚੌਕੀਆਂ ’ਤੇ ਕਈ ਗ੍ਰਨੇਡ ਹਮਲਿਆਂ ਦੀ ਯੋਜਨਾ ਬਣਾਉਣ ਲਈ ਜ਼ਿੰਮੇਵਾਰ ਪਾਇਆ ਗਿਆ ਹੈ। ਘਣੀਏ ਕੇ ਬਾਂਗਰ ਪੁਲਿਸ ਥਾਣੇ ’ਤੇ ਹੈਂਡ ਗ੍ਰਨੇਡ ਹਮਲੇ ਨਾਲ ਸੰਬੰਧਿਤ ਮਾਮਲੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿ੍ਫਤਾਰ ਕੀਤਾ ਗਿਆ ਦੋਸ਼ੀ ਸ਼ਮਸ਼ੇਰ ਅਤੇ ਹੋਰ ਸਹਿਯੋਗੀਆਂ ਦੇ ਨਾਲ ਹੈਪੀ ਦੇ ਨਿਰਦੇਸ਼ਾਂ ’ਤੇ ਕੰਮ ਕਰ ਰਿਹਾ ਸੀ। ਇਹ ਵੀ ਪਾਇਆ ਗਿਆ ਕਿ ਵੱਖ-ਵੱਖ ਦੇਸ਼ਾਂ ’ਚ ਸਥਿਤ ਬੀ.ਕੇ.ਆਈ. ਦੇ ਕਾਰਕੁੰਨ ਭਾਰਤ-ਆਧਾਰਿਤ ਸਹਿਯੋਗੀਆਂ ਨੂੰ ਭਰਤੀ ਕਰਨ ਅਤੇ ਸਿਖਲਾਈ ਦੇਣ, ਅੱਤਵਾਦੀ ਸਮੂਹ ਦੇ ਫ਼ੀਲਡ ਆਪ੍ਰੇਟਿਵਾਂ ਨੂੰ ਫ਼ੰਡ, ਹਥਿਆਰ ਤੇ ਧਮਾਕਾਖੇਜ਼ ਸਮੱਗਰੀ ਪ੍ਰਦਾਨ ਕਰਨ ਲਈ ਇਕ ਅਪਰਾਧਿਕ ਸਾਜਿਸ਼ ’ਚ ਲੱਗੇ ਹੋਏ ਸਨ। ਵਿਦੇਸ਼ੀ ਆਧਾਰਿਤ ਨਾਮਜ਼ਦ ਖਾੜਕੂਆਂ ਤੇ ਹੈਂਡਲਰਾਂ ਵਲੋਂ ਸਾਜਿਸ਼ ਦਾ ਉਦੇਸ਼ ਭਾਰਤੀ ਧਰਤੀ ’ਤੇ ਖਾੜਕੂਆਂ ਕਾਰਵਾਈਆਂ ਨੂੰ ਅੰਜਾਮ ਦੇਣਾ ਸੀ।

ਐਨ. ਆਈ. ਏ. ਨੇ ਕਿਹਾ ਕਿ ਉਹ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ’ਤੇ ਦਰਜ ਮਾਮਲੇ ਦੀ ਜਾਂਚ ਜਾਰੀ ਰੱਖ ਰਹੀ ਹੈ।

### ਕਰਾਈਮ ਨਿਊਜ਼

## ਪੁੱਤ ਨੇ ਜਾਇਦਾਦ ਦੇ ਲਾਲਚ ’ਚ ਪਿਤਾ ਦਾ ਬੇਰਹਮੀ ਨਾਲ ਕੀਤਾ ਕਤਲ

ਫਤਿਹਗੜ੍ਹ ਸਾਹਿਬ-ਪਿੰਡ ਰਾਜਿੰਦਰ ਗੜ੍ਹ ਵਿੱਚ ਸੁਖਪ੍ਰੀਤ ਸਿੰਘ ਨੇ ਜਾਇਦਾਦ ਦੇ ਲਾਲਚ ਵਿੱਚ ਪਿਤਾ ਦਾ ਬੇਰਹਮੀ ਨਾਲ ਕਤਲ ਕਰਕੇ ਲਾਸ਼ ਨੂੰ ਨਹਿਰ ਵਿੱਚ ਸੁੱਟ ਦਿੱਤਾ ਅਤੇ ਭੈਣ ਨੂੰ ਪਿਤਾ ਦੇ ਬਾਰੇ ਝੂਠੀ ਜਾਣਕਾਰੀ ਦਿੱਤੀ ਜਿਸ ਦਾ ਖੁਲਾਸਾ ਜਲਦ ਹੋ ਗਿਆ। ਸੁਖਪ੍ਰੀਤ ਦਾ ਪਿਤਾ ਬਲਜਿੰਦਰ ਸਿੰਘ ਕਾਫੀ ਦਿਨਾਂ ਤੋਂ ਲਾਪਤਾ ਸੀ, ਪੁੱਤਰ ਨੇ ਭੈਣ ਨੂੰ ਇਹ ਜਾਣਕਾਰੀ ਦਿੱਤੀ ਤਾਂ ਉਸ ਨੂੰ ਸ਼ੱਕ ਹੋਇਆ। ਉਸ ਨੇ ਪੁਲਿਸ ਨੂੰ ਦੱਸਿਆ ਤਾਂ ਤਲਾਸ਼ ਸੁਰੂ ਹੋਈ ਜਲਦ ਹੀ ਬਲਜਿੰਦਰ ਦੀ ਲਾਸ਼ ਭਾਖੜਾ ਨਹਿਰ ਤੋਂ ਬਰਾਮਦ ਹੋਈ ਉਨ੍ਹਾਂ ਦੇ ਹੱਥ ਪਿਛੇ ਕਰਕੇ ਬੰਨ੍ਹੇ ਹੋਏ ਸਨ,ਮੂੰਹ ‘ਤੇ ਕੱਪੜਾ ਬੰਨ੍ਹਿਆ ਹੋਇਆ ਸੀ। ਬਲਜਿੰਦਰ ਸਿੰਘ ਦੀ ਧੀ ਐਨੀਪ੍ਰੀਤ ਕੌਰ ਨੇ ਪੁਲਿਸ ਨੂੰ ਜਾਣਕਾਰੀ ਦਿੱਤੀ ਕਿ ਭਰਾ ਸੁਖਪ੍ਰੀਤ ਸਿੰਘ ਪਿਤਾ ਤੋਂ 12 ਕਿੱਲੇ ਜ਼ਮੀਨ ਨੂੰ ਲੈ ਕੇ ਲੜਦਾ ਸੀ। ਪਤਨੀ ਨਾਲ ਮਿਲ ਕੇ ਉਸ ਨੇ ਪਿਤਾ ’ਤੇ ਪੇਚਕਸ ਨਾਲ ਹਮਲਾ ਵੀ ਕੀਤਾ ਸੀ। ਭੈਣ ਨੇ ਦੱਸਿਆ ਇੱਕ ਵਾਰ ਕਣਕ ਦੀ ਵਾਢੀ ਵੇਲੇ ਭਰਾ ਸੁਖਪ੍ਰੀਤ ਨੇ ਘਰ ਵਿੱਚ ਕਲੇਸ਼ ਕੀਤਾ ਸੀ। ਪੁਲਿਸ ਨੂੰ ਜਦੋਂ ਭੈਣ ਦੇ ਸਾਰੇ ਬਿਆਨਾਂ ’ਤੇ ਸ਼ੱਕ ਹੋਇਆ ਤਾਂ ਸੁਖਪ੍ਰੀਤ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਨੇ ਆਪਣਾ ਜੁਰਮ ਵੀ ਕਬੂਲ ਕਰ ਲਿਆ ਹੈ।

## ਪੰਜਾਬ ਪੁਲਿਸ ਨੇ ਸਭ ਤੋਂ ਵੱਡੀ ਨਸ਼ੇ ਦੀ ਖੇਪ 85 ਕਿਲੋ ਹੈਰੋਈਨ ਫੜੀ, ਇੰਗਲੈਂਡ ਤੱਕ ਜੁੜੇ ਤਾਰ

ਤਰਨਤਾਰਨ-ਪੰਜਾਬ ਪੁਲਿਸ ਨੇ 2025 ਦੀ ਹੁਣ ਤੱਕ ਦੀ ਸਭ ਤੋਂ ਵੱਡੀ ਨਸ਼ੇ ਦੀ ਖੇਪ ਬਰਾਮਦ ਕੀਤੀ ਹੈ। ਕੌਮਾਂਤਰੀ ਡਰੱਗ ਰੈਕੇਟ ਨੂੰ ਬੇਨਕਾਬ ਕਰਦੇ ਹੋਏ 85 ਕਿਲੋ ਹੈਰੋਈਨ ਜ਼ਬਤ ਕੀਤੀ ਗਈ ਹੈ। ਇਹ ਨੈੱਟਵਰਕ ਪਾਕਿਸਤਾਨ ਖੁਫਿਆ ਏਜੰਸੀ ਆਈਐਸਆਈ ਦੇ ਅਧੀਨ ਚੱਲ ਰਿਹਾ ਸੀ ਇਸ ਨੂੰ ਯੂਕੇ ਸਥਿਤ ਡਰੱਗ ਹੈਂਡਲਰ ਲੱਲੀ ਚੱਲਾ ਰਿਹਾ ਸੀ।ਪਾਕਿਸਤਾਨ ਸਥਿਤ ਇਸ ਨੈੱਟਵਰਕ ਦੇ ਪ੍ਰਬੰਧਕ ਅੰਮ੍ਰਿਤਸਰ ਦੇ ਪੰਡ ਭਿੱਟੇਵਾੜ ਦੇ ਅਮਰਜੋਤ ਸਿੰਘ ਉਰਫ਼ ਜੋਤਾ ਸੰਧੂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਦੇ ਮੁਤਾਬਿਕ ਅਮਰਜੋਤ ਸਰਹੱਦ ਪਾਰੋਂ ਡਰੱਗ ਦੀ ਤਸਕਰੀ ਦਾ ਧੰਦਾ ਕਰਦੇ ਹਨ ਅਤੇ ਇਸ ਨੂੰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਸਪਲਾਈ ਕੀਤਾ ਜਾਂਦਾ ਸੀ। ਪੁਲਿਸ ਨੇ ਉਸ ਦੇ ਟਿਕਾਣੇ ਤੋਂ 85 ਕਿਲੋ ਹੈਰੋਈਨ ਬਰਾਮਦ ਕੀਤੀ ਹੈ,ਜਿਸ ਦੀ ਕੌਮਾਂਤਰੀ ਬਜ਼ਾਰ ਵਿੱਚ ਤਕਰੀਬਨ 450 ਕਰੋੜ ਦੀ ਕੀਮਤ ਹੈ। ਪੁਲਿਸ ਨੇ ਵੱਖ-ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕਰ ਲਿਆ ਹੈ।

## ਸਾਬਕਾ ਫੌਜੀ ਪਤੀ ਨੂੰ ਨਾਜਾਇਜ਼ ਸਬੰਧਾਂ ਕਾਰਣ ਕੀਤਾ ਕਤਲ

### ✪ ਮੋਬਾਈਲ ਜਾਂਚ ਅਨੁਸਾਰ ਮਾਇਆ ਦੇ 54 ਤੋਂ ਵੱਧ ਪੁਰਸ਼ ਮਿੱਤਰਾਂ ਨਾਲ ਸੰਪਰਕ ਸਨ

ਸਿਕੰਦਰਪੁਰ-ਉੱਤਰ ਪ੍ਰਦੇਸ਼ ਵਿੱਚ ਸਿਕੰਦਰਪੁਰ ਦੇ ਖਰੀਦ ਦਿਆਰੇ ਵਿੱਚ ਸੇਵਾਮੁਕਤ ਫੌਜੀ ਦੇਵੇਂਦਰ ਰਾਮ ਦੀ ਹੱਤਿਆ ਦੀ ਘਟਨਾ ਨੇ ਸਨਸਨੀ ਮਚਾ ਦਿੱਤੀ। ਪਤਨੀ ਮਾਇਆ ਦੇਵੀ ਨੇ ਆਪਣੇ ਪ੍ਰੇਮੀ ਮਿਥਿਲੇਸ਼ ਪਟੇਲ ਅਤੇ ਦੋ ਹੋਰ ਮੁਲਜ਼ਮਾਂ, ਅਨਿਲ ਯਾਦਵ ਅਤੇ ਸਤੀਸ਼ ਯਾਦਵ, ਨਾਲ ਮਿਲ ਕੇ ਦੇਵੇਂਦਰ ਦੀ ਹੱਤਿਆ ਕੀਤੀ। ਉਸ ਦੇ ਸਰੀਰ ਨੂੰ ਵੱਖ-ਵੱਖ ਹਿੱਸਿਆਂ ਵਿੱਚ ਵੱਖ ਕਰਕੇ ਖਰੀਦ ਦਰੌਲੀ ਸਿਵਾਨ ਦੇ ਇੱਕ ਬਾਗ ਅਤੇ ਖੂਹ ਵਿੱਚ ਸੁੱਟ ਦਿੱਤਾ। 10 ਮਈ ਨੂੰ ਮਾਇਆ ਦੇਵੀ ਨੇ ਪਤੀ ਦੇ ਗੁੰਮਸ਼ੁਦਾ ਹੋਣ ਦੀ ਰਿਪੋਰਟ ਦਰਜ ਕਰਵਾਈ, ਪਰ ਪੁਲਿਸ ਜਾਂਚ ਵਿੱਚ ਦੇਵੇਂਦਰ ਦੇ ਮੋਬਾਈਲ ਦੀ ਲੋਕੇਸ਼ਨ ਘਰ ਵਿੱਚ ਹੀ ਮਿਲੀ, ਜਿਸ ਨੇ ਸ਼ੱਕ ਪੈਦਾ ਕੀਤਾ। 11 ਮਈ ਨੂੰ ਕੱਟੇ ਹੋਏ ਹੱਥ-ਪੈਰ ਮਿਲਣ ਤੋਂ ਬਾਅਦ ਪੁਲਿਸ ਨੇ ਮਾਇਆ ਦੀ ਸਖ਼ਤ ਪੁੱਛਗਿੱਛ ਕੀਤੀ, ਜਿਸ ਵਿੱਚ ਉਸ ਨੇ ਜੁਰਮ ਕਬੂਲ ਕਰ ਲਿਆ।



ਮੰਗਲਵਾਰ ਨੂੰ ਪੁਲਿਸ ਮੁਕਾਬਲੇ ਵਿੱਚ ਚਾਰਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਿਨ੍ਹਾਂ ਕੋਲੋਂ ਹਥਿਆਰ ਅਤੇ ਬੋਲੇਰੋ ਗੱਡੀ ਬਰਾਮਦ ਹੋਈ। ਮੁਕਾਬਲੇ ਦੌਰਾਨ ਅਨਿਲ ਯਾਦਵ ਜ਼ਖਮੀ ਹੋ ਗਿਆ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਅਤੇ ਮਿਲੇ ਅੰਗਾਂ ਦੀ ਡੀਐਨਏ ਜਾਂਚ ਜਾਰੀ ਹੈ। ਮੋਬਾਈਲ ਜਾਂਚ ਨੇ ਮਾਇਆ ਦੇ 54 ਤੋਂ ਵੱਧ ਪੁਰਸ਼ ਮਿੱਤਰਾਂ ਨਾਲ ਸੰਪਰਕ ਦਾ ਖੁਲਾਸਾ ਕੀਤਾ, ਜੋ ਇਸ ਹੱਤਿਆ ਦੀ ਯੋਜਨਾ ਦਾ ਹਿੱਸਾ ਸੀ। ਪੁਲਿਸ ਨੇ ਗੁਆਂਢੀਆਂ ਦੀਆਂ ਗਵਾਹੀਆਂ ਦੇ ਆਧਾਰ ’ਤੇ ਵੀ ਪੁਸ਼ਟੀ ਕੀਤੀ ਕਿ ਮਾਇਆ ਦੇ ਸੰਬੰਧਾਂ ਬਾਰੇ ਦੇਵੇਂਦਰ ਨੂੰ ਪਤਾ ਸੀ, ਪਰ ਉਸ ਨੇ ਕੁਝ ਨਹੀਂ ਕਿਹਾ।

## ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿਚ ਟਾਈਟਲਰ ਖ਼ਿਲਾਫ਼ ਜੀਕੇ ਦੇ ਬਿਆਨ ਦਰਜ



ਨਵੀਂ ਦਿੱਲੀ-ਇਥੋਂ ਦੀ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿੱਚ ਸਰਕਾਰੀ ਧਿਰ ਦੇ ਗਵਾਹ ਵਜੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਦੇ ਬਿਆਨ ਦਰਜ ਕਰਨ ਦੀ ਪ੍ਰਕਿਰਿਆ ਮੁਕੰਮਲ ਕਰ ਲਈ ਹੈ। ਜੀਕੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਪੈਨ ਡਰਾਈਵ ਮਿਲੀ ਹੈ ਜਿਸ ਵਿੱਚ ਕਥਿਤ ਤੌਰ ’ਤੇ ਟਾਈਟਲਰ ਦੀ ਆਵਾਜ਼ ਦੀ ਰਿਕਾਰਡਿੰਗ ਹੈ।

## ਪੰਜਾਬੀ ਕੁੜੀ ਹਰਮਨਦੀਪ ਦੇ ਕਾਤਲ ਨੂੰ 15 ਸਾਲ ਦੀ ਕੈਦ

### ✪ ਮਾਨਸਿਕ ਸਿਹਤ ਅਤੇ ਸਕਿਉਰਿਟੀ ’ਤੇ ਸਵਾਲ ਉਠੇ

ਬੀਸੀ-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ 24 ਸਾਲਾ ਪੰਜਾਬੀ ਕੁੜੀ ਹਰਮਨਦੀਪ ਕੌਰ ਦੇ ਕਾਤਲ, ਦਾਂਤੇ ਓਗਨੀਬੈਨੇ ਹੈਬਰਨ, ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। 26 ਫਰਵਰੀ 2022 ਨੂੰ ਨਸ਼ੇ ਦੀ ਹਾਲਤ ਵਿੱਚ ਹਮਲਾਵਰ, ਜੋ ਯੂਨੀਵਰਸਿਟੀ ਸਕਿਉਰਿਟੀ ਗਾਰਡ ਸੀ, ਨੇ ਹਰਮਨਦੀਪ ’ਤੇ ਬੇਰਹਿਮੀ ਨਾਲ ਹਮਲਾ ਕੀਤਾ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ।ਹਮਲੇ ਦੌਰਾਨ ਉਸ ਨੇ 10 ਮਿੰਟ ਤੋਂ ਵੱਧ ਸਮੇਂ ਤੱਕ ਹਰਮਨਦੀਪ ’ਤੇ ਵਾਰ ਕੀਤੇ, ਜਿਸ ਕਾਰਨ ਉਸ ਨੂੰ ਬਚਾਇਆ ਨਾ ਜਾ ਸਕਿਆ।

ਹਰਮਨਦੀਪ 2015 ਵਿੱਚ ਪੰਜਾਬ ਤੋਂ ਕੈਨੇਡਾ ਆਈ ਸੀ ਅਤੇ ਪੈਰਾਮੈਡਿਕ ਬਣਨ ਦਾ ਸੁਪਨਾ ਦੇਖਦੀ ਸੀ। ਅਦਾਲਤ ਵਿੱਚ ਪਰਿਵਾਰ ਨੇ ਸਖ਼ਤ ਸਜ਼ਾ ਦੀ ਮੰਗ ਕੀਤੀ। ਜੱਜ ਨੇ ਹਮਲੇ ਨੂੰ ਜ਼ਾਲਮਾਨਾ ਕਰਾਰ ਦਿੱਤਾ। ਬੀ.ਸੀ. ਸੁਪਰੀਮ ਕੋਰਟ ਦੇ ਜੱਜ ਨੇ ਕਿਹਾ ਕਿ ਮਾਨਸਿਕ ਤੌਰ ’ਤੇ ਬਿਮਾਰ ਅਤੇ ਨਸ਼ੇ ਵਿੱਚ ਧੁੱਤ ਹਮਲਾਵਰ ਨੇ ਬੇਹੱਦ ਜ਼ਾਲਮਾਨਾ ਢੰਗ ਨਾਲ ਕਤਲ ਕੀਤਾ। ਕੈਲੋਨਾ ਦੀ ਕੌਂਸਲਰ ਮੋਹਿਨੀ ਸਿੰਘ ਨੇ ਸਵਾਲ ਉਠਾਇਆ ਕਿ ਸਕਿਉਰਿਟੀ ਦਾ ਠੇਕੇਦਾਰ ਹੋਣ ਦੇ ਬਾਵਜੂਦ ਹਮਲਾਵਰ ਇਕੱਲੀ ਕੁੜੀ ਕੋਲ ਕੀ ਕਰ ਰਿਹਾ ਸੀ। ਉਨ੍ਹਾਂ ਨੇ ਮਾਨਸਿਕ ਬਿਮਾਰੀ ਦੇ ਮੁੱਦੇ ’ਤੇ ਵੀ ਚਿੰਤਾ ਜ਼ਾਹਰ ਕੀਤੀ, ਕਿਹਾ ਕਿ ਅਜਿਹੇ ਵਿਅਕਤੀਆਂ ਨੂੰ ਸਕਿਉਰਿਟੀ ਦੀ ਜ਼ਿੰਮੇਵਾਰੀ ਦੇਣ ਨਾਲ ਵਿਦਿਆਰਥੀਆਂ ਦੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ। ਮੋਹਿਨੀ ਨੇ ਨਵੇਂ ਪ੍ਰਵਾਸੀਆਂ ਨੂੰ ਖਤਰਨਾਕ ਨੌਕਰੀਆਂ ਵੱਲ ਧੱਕਣ ਦੀ ਸਮੱਸਿਆ ’ਤੇ ਵੀ ਰੌਸ਼ਨੀ ਪਾਈ।

## ਅਣਖ ਖ਼ਾਤਰ ਜਵਾਈ ’ਤੇ ਕੀਤਾ ਹਮਲਾ

### ✪ ਕੁਝ ਸਮਾਂ ਪਹਿਲਾਂ ਲੜਕੀ ਨਾਲ ਕੀਤੀ ਸੀ ਲਵ ਮੈਰਿਜ ✪ ਪੁਲਿਸ ਵਲੋਂ ਮੁਕੱਦਮਾ ਦਰਜ

ਲੁਧਿਆਣਾ-ਬੇਟੀ ਦੀ ਲਵ ਮੈਰਿਜ ਤੋਂ ਉਸ ਦੇ ਕੁੱਝ ਰਿਸ਼ਤੇਦਾਰ ਇਸ ਕਦਰ ਖਫਾ ਹੋ ਗਏ ਕਿ ਉਨ੍ਹਾਂ ਨੇ ਲੜਕੀ ਤੇ ਉਸ ਦੇ ਪਤੀ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ। ਇਸ ਮਾਮਲੇ ’ਚ ਥਾਣਾ ਡਵੀਜ਼ਨ ਨੰ. 5 ਦੀ ਪੁਲਿਸ ਨੇ ਪਿੰਡ ਝੱਮਟ ਦੇ ਰਹਿਣ ਵਾਲੇ ਰੌਸ਼ਨ ਦੀ ਸ਼ਿਕਾਇਤ ’ਤੇ ਹੈਬੋਵਾਲ ਕਲਾਂ ਦੇ ਵਾਸੀ ਗੋਲੂ ਤੇ ਲਾਲਾ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ। ਪੁਲਿਸ ਨੂੰ ਸ਼ਿਕਾਇਤ ਦਿੰਦਿਆਂ ਰੌਸ਼ਨ ਨੇ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਉਸ ਨੇ ਹਿਨਾ ਨਾਮ ਦੀ ਲੜਕੀ ਨਾਲ ਲਵ ਮੈਰਿਜ ਕੀਤੀ ਸੀ।

# ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਚਿੰਤਾਜਨਕ, ਸਰਕਾਰ ਨਹੀਂ ਦੇ ਰਹੀ ਧਿਆਨ

ਨਿਊਜ਼ ਵਿਸ਼ਲੇਸ਼ਣ

## ✪ ਡਾਕਟਰਾਂ, ਨਰਸਾਂ, ਸਿਹਤ ਸਹੂਲਤਾਂ ਦੀ ਸਰਕਾਰੀ ਹਸਪਤਾਲਾਂ ਵਿਚ ਵੱਡੀ ਘਾਟ ✪ ਹਾਈ ਕੋਰਟ ਵਲੋਂ ਵੀ ਗੰਭੀਰ ਚਿੰਤਾ ਪ੍ਰਗਟ ✪ ਪੀਜੀਆਈ ਵਿਚ ਡਾਕਟਰਾਂ ਤੇ ਨਰਸਾਂ ਦੀ ਵੱਡੀ ਕਮੀ

**ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਮਾੜੀ ਹਾਲਤ, ਡਾਕਟਰਾਂ ਅਤੇ ਨਰਸਾਂ ਦੀ ਕਮੀ, ਅਤੇ ਦਵਾਈਆਂ ਦੀ ਘਾਟ ਨੇ ਸੂਬੇ ਦੀ ਸਿਹਤ ਪ੍ਰਣਾਲੀ ਨੂੰ ਕਮਜ਼ੋਰ ਕਰ ਦਿੱਤਾ ਹੈ। ਪੀਜੀਆਈ ਵਰਗੀਆਂ ਸੰਸਥਾਵਾਂ ਵੀ ਸਟਾਫ ਦੀ ਕਮੀ ਨਾਲ ਜੂਝ ਰਹੀਆਂ ਹਨ। ਸਰਕਾਰ ਦੀਆਂ ਸਿਆਸੀ ਅਤੇ ਪ੍ਰਬੰਧਕੀ ਕੁਸ਼ਲਤਾਵਾਂ ਦੀ ਘਾਟ ਕਾਰਨ ਸਿਹਤ ਸੇਵਾਵਾਂ ਸੁਧਾਰਨ ਵਿੱਚ ਦੇਰੀ ਹੋ ਰਹੀ ਹੈ। ਅਦਾਲਤੀ ਦਖਲ ਅਤੇ ਜਨਹਿੱਤ ਪਟੀਸ਼ਨਾਂ ਨੇ ਸਰਕਾਰ 'ਤੇ ਦਬਾਅ ਵਧਾਇਆ ਹੈ, ਪਰ ਅਦਾਲਤੀ ਹੁਕਮਾਂ ਦੀ ਪੂਰੀ ਪਾਲਣਾ ਅਜੇ ਵੀ ਬਾਕੀ ਹੈ। ਸਰਕਾਰ ਨੂੰ ਸਿਹਤ ਖੇਤਰ ਵਿੱਚ ਵਧੇਰੇ ਬਜਟ ਅਲਾਟਮੈਂਟ, ਪਾਰਦਰਸ਼ੀ ਭਰਤੀ ਪ੍ਰਕਿਰਿਆ, ਅਤੇ ਬੁਨਿਆਦੀ ਢਾਂਚੇ ਦੇ ਸੁਧਾਰ 'ਤੇ ਜ਼ੋਰ ਦੇਣ ਦੀ ਲੋੜ ਹੈ।**

ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਚਿੰਤਾਜਨਕ ਹੈ, ਜਿਸ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਮਲੇਰਕੋਟਲਾ ਜ਼ਿਲ੍ਹੇ ਦੇ ਸਰਕਾਰੀ ਹਸਪਤਾਲ ਵਿਚ ਮੁੱਢਲੀਆਂ ਸਹੂਲਤਾਂ ਦੀ ਘਾਟ, ਜਿਵੇਂ ਕਿ ਗਾਇਨੀਕੋਲੋਜੀ, ਨੇਤਰ ਵਿਗਿਆਨ, ਰੇਡਿਓਲੋਜੀ, ਖੂਨ ਚੜ੍ਹਾਉਣ ਦੀ ਸਹੂਲਤ ਅਤੇ ਚਮੜੀ ਰੋਗ ਮਾਹਿਰਾਂ ਦੀ ਅਣਹੋਂਦ, ਨੇ ਸਿਹਤ ਸੇਵਾਵਾਂ ਦੀ ਮਾੜੀ ਸਥਿਤੀ ਨੂੰ ਸਾਹਮਣੇ ਲਿਆਂਦਾ ਹੈ। ਅਜਿਹੀ ਸਥਿਤੀ ਸਿਰਫ ਮਲੇਰਕੋਟਲਾ ਤੱਕ ਸੀਮਿਤ ਨਹੀਂ, ਸਗੋਂ ਸੂਬੇ ਦੇ ਜ਼ਿਆਦਾਤਰ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿੱਚ ਮੁੱਢਲੀਆਂ ਸਹੂਲਤਾਂ ਦੀ ਕਮੀ ਹੈ।

ਸਰਕਾਰੀ ਹਸਪਤਾਲਾਂ ਵਿੱਚ ਸਫਾਈ, ਬੁਨਿਆਦੀ ਢਾਂਚਾ ਤੇ ਆਧੁਨਿਕ ਮੈਡੀਕਲ ਸਾਜ਼ੋ-ਸਾਮਾਨ ਦੀ ਘਾਟ ਆਮ ਸਮੱਸਿਆ ਹੈ। ਸਰਕਾਰੀ ਡਿਸਪੈਂਸਰੀਆਂ ਵਿੱਚ ਮੁੱਢਲੀਆਂ ਦਵਾਈਆਂ, ਜਿਵੇਂ ਕਿ ਪੈਰਾਸੀਟਾਮੋਲ, ਐਂਟੀਬਾਇਓਟਿਕਸ, ਅਤੇ ਸ਼ੂਗਰ ਦੀਆਂ ਦਵਾਈਆਂ, ਅਕਸਰ ਉਪਲਬਧ ਨਹੀਂ ਹੁੰਦੀਆਂ,ਨਾ ਸਮੇਂ ਸਿਰ ਸਪਲਾਈ ਹੁੰਦੀਆਂ ਹਨ। ਇਸ ਕਾਰਨ ਮਰੀਜ਼ਾਂ ਨੂੰ ਪ੍ਰਾਈਵੇਟ ਹਸਪਤਾਲਾਂ ਵੱਲ ਜਾਣਾ ਪੈਂਦਾ ਹੈ, ਜਿੱਥੇ ਇਲਾਜ ਦਾ ਖਰਚ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ। ਸਰਕਾਰੀ ਹਸਪਤਾਲਾਂ ਵਿੱਚ ਆਧੁਨਿਕ ਮਸ਼ੀਨਰੀ, ਜਿਵੇਂ ਕਿ ਸੀਟੀ ਸਕੈਨ, ਐਮਆਰਆਈ, ਅਤੇ ਵੈਂਟੀਲੇਟਰ, ਦੀ ਘਾਟ ਹੈ। ਜਦਕਿ ਪ੍ਰਾਈਵੇਟ ਹਸਪਤਾਲ ਇਨ੍ਹਾਂ ਸਹੂਲਤਾਂ ਵਿਚ ਖਰਚ ਕਰਦੇ ਹਨ। ਪ੍ਰਾਈਵੇਟ ਹਸਪਤਾਲਾਂ ਵਿੱਚ ਸਫਾਈ ਅਤੇ ਮਰੀਜ਼ਾਂ ਦੀ ਦੇਖਭਾਲ ਦਾ ਪ੍ਰਬੰਧ ਬਿਹਤਰ ਹੁੰਦਾ ਹੈ, ਜਦਕਿ ਸਰਕਾਰੀ ਹਸਪਤਾਲਾਂ ਵਿੱਚ ਸਫਾਈ ਅਤੇ ਪ੍ਰਬੰਧਾਂ ਦੀ ਕਮੀ ਸਪਸ਼ਟ ਦਿਖਾਈ ਦਿੰਦੀ ਹੈ।

**ਡਾਕਟਰਾਂ ਅਤੇ ਨਰਸਾਂ ਦੀ ਕਮੀ-**ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਨਰਸਾਂ ਦੀ ਕਮੀ ਇੱਕ ਵੱਡੀ ਸਮੱਸਿਆ ਹੈ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ, ਸੂਬੇ ਵਿੱਚ ਮੈਡੀਕਲ ਅਫਸਰਾਂ, ਮਾਹਿਰ ਡਾਕਟਰਾਂ, ਅਤੇ ਨਰਸਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ। ਉਦਾਹਰਣ ਵਜੋਂ, ਮਲੇਰਕੋਟਲਾ ਦੇ ਸਰਕਾਰੀ ਹਸਪਤਾਲ ਵਿੱਚ ਗਾਇਨੀਕੋਲੋਜਿਸਟ, ਰੇਡਿਓਲੋਜਿਸਟ ਤੇ ਨੇਤਰ ਰੋਗ ਮਾਹਿਰਾਂ ਦੀ ਬਹੁਤ ਕਮੀ ਹੈ। ਸਰਕਾਰੀ ਅੰਕੜਿਆਂ ਮੁਤਾਬਕ, ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਲਗਭਗ 30-40% ਅਸਾਮੀਆਂ ਖਾਲੀ ਹਨ। ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਸਥਿਤ ਸਿਹਤ ਕੇਂਦਰਾਂ ਤੇ ਡਿਸਪੈਂਸਰੀਆਂ ਵਿੱਚ ਡਾਕਟਰਾਂ ਦੀ ਕਮੀ ਸਭ ਤੋਂ ਵੱਡੀ ਸਮੱਸਿਆ ਹੈ। ਇਸ ਕਾਰਨ ਮਰੀਜ਼ਾਂ ਨੂੰ ਸਹੀ ਸਮੇਂ 'ਤੇ ਨਰਸਿੰਗ ਸੇਵਾਵਾਂ ਨਹੀਂ ਮਿਲਦੀਆਂ।

ਸਿਹਤ ਵਿਭਾਗ ਨੂੰ ਸੂਬਾ ਸਰਕਾਰ ਵੱਲੋਂ ਪੂਰੀ ਤਰ੍ਹਾਂ ਵਿੱਤੀ ਸਹਾਇਤਾ ਨਹੀਂ ਮਿਲਦੀ। ਨਵੀਆਂ ਅਸਾਮੀਆਂ ਸਿਰਜਣ ਅਤੇ ਭਰਤੀ ਪ੍ਰਕਿਰਿਆ ਲਈ ਬਜਟ ਦੀ ਘਾਟ ਇੱਕ ਵੱਡੀ ਰੁਕਾਵਟ ਹੈ। ਡਾਕਟਰ ਅਤੇ ਨਰਸ ਪੇਂਡੂ ਖੇਤਰਾਂ ਵਿੱਚ ਸੇਵਾਵਾਂ ਦੇਣ ਤੋਂ ਝਿਜਕਦੇ ਹਨ ਕਿਉਂਕਿ ਉੱਥੇ ਸਹੂਲਤਾਂ ਦੀ ਕਮੀ ਅਤੇ ਜੀਵਨ ਪੱਧਰ ਸ਼ਹਿਰੀ ਜੀਵਨ ਵਰਗਾ ਨਹੀਂ ਹੁੰਦਾ। ਪ੍ਰਾਈਵੇਟ ਹਸਪਤਾਲਾਂ ਵਿੱਚ ਉੱਚ ਤਨਖਾਹ ਅਤੇ ਬਿਹਤਰ ਸਹੂਲਤਾਂ ਕਾਰਨ ਜ਼ਿਆਦਾਤਰ ਡਾਕਟਰ ਅਤੇ ਨਰਸ ਸਰਕਾਰੀ ਨੌਕਰੀਆਂ ਨੂੰ ਛੱਡ ਕੇ ਪ੍ਰਾਈਵੇਟ ਸੈਕਟਰ ਵੱਲ ਜਾ ਰਹੇ ਹਨ।

**ਪੀਜੀਆਈ ਚੰਡੀਗੜ੍ਹ ਵਿੱਚ ਡਾਕਟਰਾਂ ਅਤੇ ਨਰਸਾਂ ਦੀ ਕਮੀ-**ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈ), ਚੰਡੀਗੜ੍ਹ, ਜੋ ਕਿ ਇੱਕ ਪ੍ਰਮੁੱਖ ਸਰਕਾਰੀ ਸਿਹਤ ਸੰਸਥਾ ਹੈ, ਵੀ ਸਟਾਫ ਦੀ ਕਮੀ ਨਾਲ ਜੂਝ ਰਿਹਾ ਹੈ। ਪੀਜੀਆਈ ਵਿੱਚ ਵੱਖ-ਵੱਖ ਵਿਭਾਗਾਂ ਵਿੱਚ ਮਾਹਿਰ ਡਾਕਟਰਾਂ ਅਤੇ ਨਰਸਾਂ ਦੀਆਂ ਅਸਾਮੀਆਂ ਖਾਲੀ ਹਨ। ਅੰਕੜਿਆਂ ਅਨੁਸਾਰ, ਪੀਜੀਆਈ ਵਿੱਚ ਲਗਭਗ 15-20% ਡਾਕਟਰੀ ਅਸਾਮੀਆਂ ਅਤੇ 25% ਨਰਸਿੰਗ ਅਸਾਮੀਆਂ ਖਾਲੀ ਹਨ। ਇਸ ਦੇ ਨਾਲ ਹੀ, ਵਧਦੀ ਮਰੀਜ਼ਾਂ ਦੀ ਗਿਣਤੀ ਕਾਰਨ ਸਟਾਫ 'ਤੇ ਕੰਮ ਦਾ ਬੋਝ ਵੀ ਵੱਧ ਰਿਹਾ ਹੈ, ਜਿਸ ਨਾਲ ਸੇਵਾਵਾਂ ਦੀ ਗੁਣਵੱਤਾ ਪ੍ਰਭਾਵਿਤ ਹੋ ਰਹੀ ਹੈ।

**ਪੰਜਾਬ ਵਿੱਚ ਵਧੀਆ ਇਲਾਜ ਵਾਲੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲ**

* ਪੀਜੀਆਈ, ਚੰਡੀਗੜ੍ਹ ਸੂਬੇ ਦਾ ਸਭ ਤੋਂ ਵਧੀਆ ਸਰਕਾਰੀ ਹਸਪਤਾਲ ਹੈ, ਜਿੱਥੇ ਸਾਰੇ ਵੱਡੇ ਵਿਭਾਗਾਂ ਵਿੱਚ ਮਾਹਿਰ ਡਾਕਟਰ ਅਤੇ ਆਧੁਨਿਕ ਸਹੂਲਤਾਂ ਉਪਲਬਧ ਹਨ। ਹਾਲਾਂਕਿ, ਇੱਥੇ ਮਰੀਜ਼ਾਂ ਦੀ ਭੀੜ ਕਾਰਨ ਸੇਵਾਵਾਂ 'ਤੇ ਦਬਾਅ ਰਹਿੰਦਾ ਹੈ।

* ਸਿਵਲ ਹਸਪਤਾਲ, ਅੰਮ੍ਰਿਤਸਰ ਇੱਕ ਮਹੱਤਵਪੂਰਨ ਸਰਕਾਰੀ ਹਸਪਤਾਲ ਹੈ, ਜਿੱਥੇ ਜਨਰਲ ਸਰਜਰੀ, ਔਰਥੋਪੈਡਿਕਸ, ਅਤੇ ਗਾਇਨੀਕੋਲੋਜੀ ਵਰਗੀਆਂ ਸਹੂਲਤਾਂ ਮਿਲਦੀਆਂ ਹਨ। ਇਹ ਹਸਪਤਾਲ ਮੈਡੀਕਲ ਸਿੱਖਿਆ ਦੇ ਨਾਲ-ਨਾਲ ਵਧੀਆ ਇਲਾਜ ਸਹੂਲਤਾਂ ਵੀ ਪ੍ਰਦਾਨ ਕਰਦਾ ਹੈ। ਸਰਕਾਰੀ ਮੈਡੀਕਲ ਕਾਲਜ, ਫਰੀਦਕੋਟ ਵਿੱਚ ਵੀ ਵਧੀਆ ਸਿਹਤ ਸੇਵਾਵਾਂ ਮਿਲਦੀਆਂ ਹਨ, ਖਾਸ ਕਰਕੇ ਪੇਂਡੂ ਖੇਤਰਾਂ ਦੇ ਮਰੀਜ਼ਾਂ ਲਈ।

*** ਏਮਜ਼ ਬਠਿੰਡਾ 2019 ਵਿੱਚ ਸ਼ੁਰੂ ਹੋਇਆ ਅਤੇ 177 ਏਕੜ ਵਿੱਚ ਫੈਲਿਆ ਹੋਇਆ ਹੈ। ਇਸ ਵਿੱਚ 750 ਬਿਸਤਰੇ, 10 ਸਪੈਸ਼ਲਿਟੀ, 11 ਸੁਪਰ-ਸਪੈਸ਼ਲਿਟੀ ਵਿਭਾਗ, ਅਤੇ 16 ਆਪਰੇਸ਼ਨ ਥੀਏਟਰ ਹਨ। ਇਹ ਕਾਰਡੀਓਲੋਜੀ, ਨਿਊਰੋਸਰਜਰੀ, ਆਰਥੋਪੈਡਿਕਸ ਅਤੇ ਓਂਕੋਲੋਜੀ ਵਰਗੀਆਂ ਸੁਪਰ-ਸਪੈਸ਼ਲਿਟੀ ਸੇਵਾਵਾਂ ਪ੍ਰਦਾਨ ਕਰਦਾ ਹੈ। ਇਸ ਦੀਆਂ ਸਹੂਲਤਾਂ ਪੀਜੀਆਈ ਦੇ ਮੁਕਾਬਲੇ ਦੀਆਂ ਹਨ, ਖਾਸ ਕਰਕੇ ਸਰਕਾਰੀ ਸੈਕਟਰ ਵਿੱਚ। ਪੰਜਾਬ ਦੇ ਮਾਲਵਾ ਖੇਤਰ ਵਿੱਚ ਇਹ ਇੱਕ ਪ੍ਰਮੁੱਖ ਸਿਹਤ ਸੰਸਥਾ ਹੈ, ਜੋ ਸਸਤੀਆਂ ਦਰਾਂ 'ਤੇ ਉੱਚ-ਗੁਣਵੱਤਾ ਇਲਾਜ ਦਿੰਦੀ ਹੈ।**

*** ਫੋਰਟਿਸ ਹਸਪਤਾਲ, ਮੋਹਾਲੀ ਇਹ ਪੰਜਾਬ ਦਾ ਇੱਕ ਪ੍ਰਮੁੱਖ ਪ੍ਰਾਈਵੇਟ ਹਸਪਤਾਲ ਹੈ, ਜਿੱਥੇ ਕਾਰਡੀਓਲੋਜੀ, ਨਿਊਰੋਸਰਜਰੀ, ਅਤੇ ਔਰਥੋਪੈਡਿਕਸ ਵਿੱਚ ਵਧੀਆ ਸਹੂਲਤਾਂ ਮਿਲਦੀਆਂ ਹਨ।**

*** ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ : ਇਹ ਹਸਪਤਾਲ ਕੈਂਸਰ ਇਲਾਜ, ਕਾਰਡੀਓਲੋਜੀ, ਅਤੇ ਆਧੁਨਿਕ ਸਰਜਰੀਆਂ ਲਈ ਜਾਣਿਆ ਜਾਂਦਾ ਹੈ।**

*** ਡੀਐਮਸੀ ਹਸਪਤਾਲ, ਲੁਧਿਆਣਾ: ਇਹ ਲੁਧਿਆਣਾ ਅਤੇ ਆਸਪਾਸ ਦੇ ਖੇਤਰਾਂ ਵਿੱਚ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਦਾ ਹੈ, ਖਾਸ ਕਰਕੇ ਹਾਰਟ ਅਤੇ ਕਿਡਨੀ ਦੇ ਇਲਾਜ ਵਿੱਚ।**

*** ਅਪੋਲੋ ਹਸਪਤਾਲ, ਲੁਧਿਆਣਾ: ਇਹ ਵੀ ਇੱਕ ਵਧੀਆ ਪ੍ਰਾਈਵੇਟ ਹਸਪਤਾਲ ਹੈ, ਜਿੱਥੇ ਆਧੁਨਿਕ ਸਹੂਲਤਾਂ ਅਤੇ ਮਾਹਿਰ ਡਾਕਟਰ ਉਪਲਬਧ ਹਨ।**

**ਪੰਜਾਬ ਸਰਕਾਰ ਮੈਡੀਕਲ ਸਹੂਲਤਾਂ ਵਲ ਕਿਉਂ ਨਹੀਂ ਦੇ ਰਹੀ ਧਿਆਨ-ਪੰਜਾਬ ਸਰਕਾਰ ਦਾ ਸਿਹਤ ਖੇਤਰ ਵਿੱਚ ਬਜਟ ਅਲਾਟਮੈਂਟ ਕੁੱਲ ਜੀਡੀਪੀ ਦਾ 4-5% ਹੈ, ਜੋ ਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਪਦੰਡਾਂ ਤੋਂ ਘੱਟ ਹੈ। ਸਿਹਤ ਵਿਭਾਗ ਵਿੱਚ ਪ੍ਰਬੰਧਕੀ ਕੁਸ਼ਲੋਤਾ ਨਾ ਹੋਣਾ, ਜਿਵੇਂ ਕਿ ਫੰਡਾਂ ਦੀ ਦੁਰਵਰਤੋਂ ਅਤੇ ਅਧਿਕਾਰੀਆਂ ਦੀ ਜਵਾਬਦੇਹੀ ਦੀ ਘਾਟ, ਸਮੱਸਿਆ ਨੂੰ ਵਧਾਉਂਦੀ ਹੈ। ਸਰਕਾਰੀ ਨੌਕਰੀਆਂ ਵਿੱਚ ਘੱਟ ਤਨਖਾਹ ਅਤੇ ਮਾੜੀਆਂ ਸਹੂਲਤਾਂ ਕਾਰਨ ਡਾਕਟਰ ਅਤੇ ਨਰਸ ਪ੍ਰਾਈਵੇਟ ਸੈਕਟਰ ਵੱਲ ਜਾਂਦੇ ਹਨ।**

## ਪੰਜਾਬ ਸਰਕਾਰ ਵਿਰੁੱਧ ਅਦਾਲਤੀ ਫੈਸਲੇ

**ਪੰਜਾਬ ਦੇ ਸਰਕਾਰੀ ਹਸਪਤਾਲਾਂ ਦੀ ਮਾੜੀ ਹਾਲਤ ਨੂੰ ਲੈ ਕੇ ਕਈ ਜਨਹਿੱਤ ਪਟੀਸ਼ਨਾਂ ਅਦਾਲਤਾਂ ਵਿੱਚ ਦਾਇਰ ਕੀਤੀਆਂ ਗਈਆਂ ਹਨ। ਮਲੇਰਕੋਟਲਾ ਦੇ ਸਰਕਾਰੀ ਹਸਪਤਾਲ ਨਾਲ ਸਬੰਧਤ ਭੀਸ਼ਮ ਕਿੰਗਰ ਦੀ ਪਟੀਸ਼ਨ ਇਸ ਦੀ ਇੱਕ ਮਿਸਾਲ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿਹਤ ਵਿਭਾਗ ਨੂੰ ਵਿਸਥਾਰਤ ਹਲ਼ਫਨਾਮਾ ਦਾਇਰ ਕਰਨ ਦੇ ਹੁਕਮ ਦਿੱਤੇ ਹਨ, ਜਿਸ ਵਿੱਚ ਸਪਸ਼ਟ ਕਰਨਾ ਹੈ ਕਿ ਕਿਹੜੇ ਡਾਕਟਰ ਨਵੇਂ ਭਰਤੀ ਹੋਏ ਅਤੇ ਕਿਹੜੇ ਤਬਦੀਲ ਕੀਤੇ ਗਏ ਹਨ। ਇਸ ਤੋਂ ਇਲਾਵਾ, ਪਿਛਲੇ ਕੁਝ ਸਾਲਾਂ ਵਿੱਚ ਸਿਹਤ ਸੇਵਾਵਾਂ ਦੀ ਮਾੜੀ ਹਾਲਤ ਨੂੰ ਲੈ ਕੇ ਦਰਜਨਾਂ ਮਾਮਲੇ ਅਦਾਲਤਾਂ ਵਿੱਚ ਗਏ ਹਨ। ਇਨ੍ਹਾਂ ਵਿੱਚੋਂ ਕੁਝ ਮਾਮਲਿਆਂ ਵਿੱਚ ਅਦਾਲਤ ਨੇ ਸਰਕਾਰ ਨੂੰ ਸਿਹਤ ਸਹੂਲਤਾਂ ਸੁਧਾਰਨ, ਡਾਕਟਰਾਂ ਅਤੇ ਨਰਸਾਂ ਦੀ ਭਰਤੀ ਕਰਨ, ਅਤੇ ਦਵਾਈਆਂ ਦੀ ਸਪਲਾਈ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਪਰ, ਸਰਕਾਰ ਵੱਲੋਂ ਅਦਾਲਤੀ ਹੁਕਮਾਂ ਦੀ ਪੂਰੀ ਪਾਲਣਾ ਨਹੀਂ ਹੋਈ।**

**ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਕੁਝ ਸਾਲਾਂ ਵਿੱਚ ਸਿਹਤ ਸੇਵਾਵਾਂ ਨਾਲ ਸਬੰਧਤ ਕਈ ਮਹੱਤਵਪੂਰਨ ਫੈਸਲੇ ਸੁਣਾਏ ਹਨ:**

*** ਮਲੇਰਕੋਟਲਾ ਮਾਮਲੇ ਵਿੱਚ ਸਰਕਾਰ ਨੇ ਹਲ਼ਫਨਾਮੇ ਵਿੱਚ ਸਿਰਫ ਅੰਸ਼ਕ ਜਾਣਕਾਰੀ ਦਿੱਤੀ, ਜਿਸ 'ਤੇ ਅਦਾਲਤ ਨੇ ਨਾਰਾਜ਼ਗੀ ਪ੍ਰਗਟ ਕੀਤੀ। ਪੰਜਾਬ ਸਰਕਾਰ ਨੇ ਅਦਾਲਤੀ ਹੁਕਮਾਂ ਦੀ ਪਾਲਣਾ ਵਿੱਚ ਅਕਸਰ ਢਿੱਲ-ਮੱਠ ਦਿਖਾਈ ਹੈ। ਜਿਵੇਂ ਕਿ ਮਲੇਰਕੋਟਲਾ ਮਾਮਲੇ ਵਿੱਚ, ਸਰਕਾਰ ਨੇ ਦੱਸਿਆ ਕਿ 1000 ਮੈਡੀਕਲ ਅਫਸਰਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਪਰ ਅਦਾਲਤ ਨੇ ਸਪਸ਼ਟ ਕੀਤਾ ਕਿ ਸਰਕਾਰ ਦੇ ਹਲ਼ਫਨਾਮੇ ਵਿੱਚ ਪਾਰਦਰਸ਼ਤਾ ਦੀ ਘਾਟ ਹੈ। ਸਰਕਾਰ ਨੇ ਰੇਡੀਓ ਡਾਇਗਨੌਸਟਿਕ ਸੈਂਟਰ ਸਥਾਪਤ ਕਰਨ ਦਾ ਐਲਾਨ ਕੀਤਾ, ਪਰ ਇਸ ਦੀ ਪ੍ਰਗਤੀ ਅਜੇ ਸਪਸ਼ਟ ਨਹੀਂ ਹੈ। ਅਦਾਲਤ ਨੇ ਸਰਕਾਰ ਨੂੰ 17 ਜੁਲਾਈ 2025 ਤੱਕ ਵਿਸਥਾਰਤ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਹਨ।**

*** ਸਿਹਤ ਅਤੇ ਤੁਰੰਤ ਇਲਾਜ ਦਾ ਅਧਿਕਾਰ (2025) : ਅਦਾਲਤ ਨੇ ਇੱਕ ਪਟੀਸ਼ਨ ਨੂੰ ਰੱਦ ਕਰਦਿਆਂ ਕਿਹਾ ਕਿ ਸਿਹਤ ਅਤੇ ਤੁਰੰਤ ਮੈਡੀਕਲ ਸੇਵਾਵਾਂ ਦਾ ਮੁੱਢਲਾ ਅਧਿਕਾਰ ਪੂਰਾ ਹੋਣਾ ਚਾਹੀਦਾ ਹੈ। ਇਹ ਮਾਮਲਾ ਇੱਕ ਕਲੋਨੀ ਵਿੱਚ ਕਲੀਨਿਕ ਸਾਈਟਾਂ ਦੇ ਵਿਕਾਸ ਨਾਲ ਸਬੰਧਤ ਸੀ।**

*** ਪੰਜਾਬ ਸਿਹਤ ਵਿਭਾਗ ਨੇ ਬੇਟਾਡੀਨ ਔਇੰਟਮੈਂਟ ਨੂੰ ਸਬ-ਸਟੈਂਡਰਡ ਪਾਏ ਜਾਣ 'ਤੇ ਤੁਰੰਤ ਵਾਪਸ ਮੰਗਵਾਇਆ। ਅਦਾਲਤ ਨੇ ਸਿਹਤ ਵਿਭਾਗ ਦੀ ਇਸ ਕਾਰਵਾਈ ਨੂੰ ਸਹੀ ਠਹਿਰਾਇਆ ਅਤੇ ਗੁਣਵੱਤਾ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿਹਤ ਸੇਵਾਵਾਂ ਸੁਧਾਰਨ ਲਈ ਕਈ ਹੁਕਮ ਜਾਰੀ ਕੀਤੇ ਹਨ, ਪਰ ਸਰਕਾਰ ਨੇ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ। ਮਾਹਿਰਾਂ ਦਾ ਮੰਨਣਾ ਹੈ ਕਿ ਸਿਹਤ ਖੇਤਰ ਵਿੱਚ ਵਿੱਤੀ ਸਰੋਤ, ਪਾਰਦਰਸ਼ਤਾ, ਅਤੇ ਪ੍ਰਬੰਧਕੀ ਸੁਧਾਰਾਂ ਦੀ ਸਖਤ ਲੋੜ ਹੈ।**

**ਪੰਜਾਬ ਸਰਕਾਰ ਦਾ ਪੱਖ-ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮੰਨਿਆ ਕਿ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਅਤੇ ਸਿਹਤ ਸੇਵਾਵਾਂ ਦੀ ਕਮੀ ਨੂੰ ਹੱਲ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਉਹਨਾਂ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਤੇ ਡੀ-ਐਡਿਕਸ਼ਨ ਸੈਂਟਰਾਂ ਦੀ ਸਮਰੱਥਾ ਵਧਾਉਣ ਦੀ ਗੱਲ ਕੀਤੀ।**

# ਪੰਜਾਬੀ ਵਿਦਿਆਰਥੀਆਂ ਦੀ ਵਿਦੇਸ਼ ਪੜ੍ਹਾਈ ਔਖੀ ਹੋਈ

## ✪ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੇ ਬਦਲਿਆ ਰੁਝਾਨ, ਅਸੁਰੱਖਿਅਤ ਦੇਸ਼ਾਂ ਵੱਲ ਵਧਿਆ ਝੁਕਾਅ



ਬਠਿੰਡਾ-ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਦਾ ਸੁਪਨਾ ਵਿਦੇਸ਼ਾਂ ਵਿੱਚ ਪੜ੍ਹਾਈ ਕਰਕੇ ਚੰਗੀ ਨੌਕਰੀ ਅਤੇ ਜੀਵਨ ਸ਼ੈਲੀ ਹਾਸਲ ਕਰਨ ਦਾ ਹੁੰਦਾ ਹੈ, ਪਰ ਪੱਛਮੀ ਦੇਸ਼ਾਂ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੇ ਇਸ ਸੁਪਨੇ ਨੂੰ ਪ੍ਰਭਾਵਿਤ ਕੀਤਾ ਹੈ। ਅੰਕੜਿਆਂ ਅਨੁਸਾਰ, ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਪੜ੍ਹਾਈ ਲਈ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਇਸ ਦੇ ਨਾਲ ਹੀ, ਏਜੰਟਾਂ ਦੇ ਗੁੰਮਰਾਹਕੁੰਨ ਪ੍ਰਚਾਰ ਕਾਰਨ ਕਈ ਵਿਦਿਆਰਥੀ ਅਸੁਰੱਖਿਅਤ ਅਤੇ ਘੱਟ ਵਿਕਸਤ ਯੂਰਪੀ ਦੇਸ਼ਾਂ ਵੱਲ ਜਾ ਰਹੇ ਹਨ, ਜੋ ਉਨ੍ਹਾਂ ਦੇ ਭਵਿੱਖ ਲਈ ਚਿੰਤਾਜਨਕ ਸੰਕੇਤ ਹੈ।

### ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦਾ ਅਸਰ

ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ ਪੜ੍ਹਾਈ ਲਈ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ 2023 ਵਿੱਚ 1,30,730 ਸੀ, ਜੋ 2024 ਵਿੱਚ ਘਟ ਕੇ 86,110 ਰਹਿ ਗਈ। ਇਸੇ ਤਰ੍ਹਾਂ, ਕੈਨੇਡਾ ਵਿੱਚ 2023 ਵਿੱਚ 2,78,160 ਵਿਦਿਆਰਥੀਆਂ ਨੇ ਦਾਖਲਾ ਲਿਆ, ਪਰ 2024 ਵਿੱਚ ਇਹ ਗਿਣਤੀ 1,80,070 ਤੱਕ ਸੀਮਤ ਹੋ ਗਈ।

ਇੰਗਲੈਂਡ ਵਿੱਚ ਵੀ 2023 ਦੇ 1,19,738 ਦੇ ਮੁਕਾਬਲੇ 2024 ਵਿੱਚ 88,732 ਵਿਦਿਆਰਥੀਆਂ ਨੇ ਹੀ ਦਾਖਲਾ ਲਿਆ। ਇਹ ਕਮੀ ਸਖ਼ਤ ਵੀਜ਼ਾ ਨਿਯਮਾਂ, ਵਧਦੀਆਂ ਵਿੱਤੀ ਸ਼ਰਤਾਂ ਅਤੇ ਉੱਚ ਵੀਜ਼ਾ ਅਰਜ਼ੀ ਫੀਸਾਂ ਦਾ ਨਤੀਜਾ ਹੈ।

ਕੈਨੇਡਾ ਨੇ 2023-25 ਦੌਰਾਨ ਵਿਦਿਆਰਥੀ ਵੀਜ਼ਾ ਸਲਾਟਸ ਵਿੱਚ 35% ਕਟੌਤੀ ਕੀਤੀ, ਜਿਸ ਨਾਲ 2025 ਵਿੱਚ ਸਿਰਫ 2,50,000 ਵੀਜ਼ੇ ਜਾਰੀ ਕੀਤੇ ਜਾਣਗੇ। ਇਸੇ ਤਰ੍ਹਾਂ, ਆਸਟ੍ਰੇਲੀਆ ਨੇ 2025 ਲਈ 2,70,000 ਵਿਦਿਆਰਥੀਆਂ ਦੀ ਸੀਮਾ ਨਿਰਧਾਰਤ ਕੀਤੀ ਹੈ, ਅਤੇ ਵੀਜ਼ਾ ਫੀਸ ਨੂੰ ਏਯੂਡੀ 1600 ਤੱਕ ਵਧਾ ਦਿੱਤਾ ਹੈ। ਇੰਗਲੈਂਡ ਵਿੱਚ ਜਨਵਰੀ 2024 ਤੋਂ ਵਿਦਿਆਰਥੀਆਂ ਨੂੰ ਪਰਿਵਾਰਕ ਮੈਂਬਰਾਂ ਨੂੰ ਨਾਲ ਲਿਆਉਣ 'ਤੇ ਪਾਬੰਦੀ ਅਤੇ ਵਧਦੀਆਂ ਟਿਊਸ਼ਨ ਫੀਸਾਂ ਨੇ ਵੀ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਘਟਾਈ ਹੈ।

**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਨੂੰ ਸਥਾਨਕ ਪੱਧਰ 'ਤੇ ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਵਧਾਉਣ ਦੀ ਲੋੜ ਹੈ, ਤਾਂ ਜੋ ਨੌਜਵਾਨ ਅਸੁਰੱਖਿਅਤ ਮੰਜ਼ਿਲਾਂ ਵੱਲ ਜਾਣ ਦੀ ਬਜਾਏ ਆਪਣੇ ਦੇਸ਼ ਵਿੱਚ ਹੀ ਭਵਿੱਖ ਸੰਵਾਰ ਸਕਣ। ਇਸ ਦੇ ਨਾਲ ਹੀ, ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਏਜੰਟਾਂ ਦੇ ਝਾਂਸੇ ਵਿੱਚ ਆਉਣ ਦੀ ਬਜਾਏ ਪ੍ਰਮਾਣਿਤ ਸਿੱਖਿਆ ਸਲਾਹਕਾਰਾਂ ਦੀ ਮਦਦ ਲੈਣ ਅਤੇ ਚੰਗੀ ਤਰ੍ਹਾਂ ਖੋਜ ਕਰਕੇ ਹੀ ਵਿਦੇਸ਼ ਪੜ੍ਹਾਈ ਦਾ ਫੈਸਲਾ ਲੈਣ। ਪੰਜਾਬੀ ਵਿਦਿਆਰਥੀਆਂ ਦਾ ਵਿਦੇਸ਼ ਪੜ੍ਹਾਈ ਦਾ ਸੁਪਨਾ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਏਜੰਟਾਂ ਦੀ ਗੁੰਮਰਾਹਕੁੰਨ ਸਲਾਹ ਕਾਰਨ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਸਰਕਾਰ ਨੂੰ ਅਜਿਹੇ ਹੱਲ ਲੱਭਣ ਦੀ ਲੋੜ ਹੈ, ਜੋ ਨੌਜਵਾਨਾਂ ਨੂੰ ਸੁਰੱਖਿਅਤ ਅਤੇ ਸਥਾਈ ਭਵਿੱਖ ਪ੍ਰਦਾਨ ਕਰ ਸਕਣ।**

### ਪੰਜਾਬੀ ਵਿਦਿਆਰਥੀਆਂ ਦਾ ਵਾਪਸ ਪਰਤਣ ਦਾ ਰੁਝਾਨ

ਸਖ਼ਤ ਨੀਤੀਆਂ ਅਤੇ ਵੀਜ਼ਾ ਅਸਵੀਕਾਰੀ ਦਰਾਂ ਵਿੱਚ ਵਾਧੇ ਕਾਰਨ ਕਈ ਪੰਜਾਬੀ ਵਿਦਿਆਰਥੀ ਵਾਪਸ ਪੰਜਾਬ ਪਰਤ ਰਹੇ ਹਨ। ਹਾਲਾਂਕਿ ਸਹੀ ਅੰਕੜੇ ਉਪਲਬਧ ਨਹੀਂ ਹਨ, ਪਰ ਅੰਦਾਜ਼ਨ 2023-24 ਦੌਰਾਨ ਕੈਨੇਡਾ ਅਤੇ ਆਸਟ੍ਰੇਲੀਆ ਤੋਂ 10,000 ਤੋਂ ਵੱਧ ਪੰਜਾਬੀ ਵਿਦਿਆਰਥੀ ਵਾਪਸ ਪਰਤੇ ਹਨ, ਜਿਨ੍ਹਾਂ ਵਿੱਚੋਂ 700 ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਜਾਅਲੀ ਦਾਖਲਾ ਪੱਤਰਾਂ ਕਾਰਨ ਡਿਪੋਰਟ ਕੀਤਾ ਗਿਆ। ਚੰਡੀਗੜ੍ਹ ਯੂਨੀਵਰਸਿਟੀ ਨੇ ਅਜਿਹੇ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਪੇਸ਼ਕਸ਼ ਕੀਤੀ, ਪਰ ਵਾਪਸ ਪਰਤਣ ਵਾਲੇ ਵਿਦਿਆਰਥੀਆਂ ਨੂੰ ਆਰਥਿਕ ਅਤੇ ਮਾਨਸਿਕ ਤਣਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

### ਨਵੇਂ ਮੰਜ਼ਿਲਾਂ ਵੱਲ ਰੁਝਾਨ

ਪੱਛਮੀ ਦੇਸ਼ਾਂ ਦੀਆਂ ਸੀਮਤ ਸੰਭਾਵਨਾਵਾਂ ਕਾਰਨ ਪੰਜਾਬੀ ਵਿਦਿਆਰਥੀ ਹੁਣ ਜਰਮਨੀ, ਆਇਰਲੈਂਡ, ਰੂਸ, ਉਜ਼ਬੇਕਿਸਤਾਨ ਅਤੇ ਬੰਗਲਾਦੇਸ਼ ਵਰਗੇ ਦੇਸ਼ਾਂ ਵੱਲ ਝੁਕ ਰਹੇ ਹਨ। 2024 ਵਿੱਚ ਜਰਮਨੀ ਵਿੱਚ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ 34,702 ਵਧੀ, ਜਦਕਿ ਰੂਸ ਵਿੱਚ 31,400 ਅਤੇ ਉਜ਼ਬੇਕਿਸਤਾਨ ਵਿੱਚ 9,915 ਵਿਦਿਆਰਥੀਆਂ ਨੇ ਦਾਖਲਾ ਲਿਆ। ਜਰਮਨੀ ਦੀਆਂ ਘੱਟ ਟਿਊਸ਼ਨ ਫੀਸਾਂ ਅਤੇ ਉੱਚ ਗੁਣਵੱਤਾ ਵਾਲੀ ਸਿੱਖਿਆ ਨੇ ਪੰਜਾਬੀ ਵਿਦਿਆਰਥੀਆਂ ਨੂੰ ਆਕਰਸ਼ਿਤ ਕੀਤਾ ਹੈ, ਜਿਸ ਵਿੱਚ 99% ਵਾਧਾ ਦਰਜ ਕੀਤਾ ਗਿਆ।

ਪਰ, ਚਿੰਤਾ ਦੀ ਗੱਲ ਇਹ ਹੈ ਕਿ ਕਈ ਏਜੰਟ ਵਿਦਿਆਰਥੀਆਂ ਨੂੰ ਅਸੁਰੱਖਿਅਤ ਅਤੇ ਘੱਟ ਵਿਕਸਤ ਦੇਸ਼ਾਂ ਜਿਵੇਂ ਕਿ ਕਿਰਗਿਜ਼ਸਤਾਨ ਅਤੇ ਫਿਲੀਪੀਨਜ਼ ਵੱਲ ਭੇਜ ਰਹੇ ਹਨ, ਜਿੱਥੇ ਸਿੱਖਿਆ ਦੀ ਗੁਣਵੱਤਾ ਅਤੇ ਸੁਰੱਖਿਆ ਸਵਾਲਾਂ ਦੇ ਘੇਰੇ ਵਿੱਚ ਹੈ।

2020 ਵਿੱਚ 10,000 ਤੋਂ ਵੱਧ ਪੰਜਾਬੀ ਵਿਦਿਆਰਥੀ ਕਿਰਗਿਜ਼ਸਤਾਨ ਵਿੱਚ ਪੜ੍ਹ ਰਹੇ ਸਨ, ਜਿਸ ਦੀ ਸਿੱਖਿਆ ਪ੍ਰਣਾਲੀ ਅਤੇ ਰੁਜ਼ਗਾਰ ਸੰਭਾਵਨਾਵਾਂ ਸੀਮਤ ਹਨ।

### ਪੰਜਾਬੀ ਵਿਦਿਆਰਥੀਆਂ ਦੇ ਭਵਿੱਖ ਦੀਆਂ ਚੁਣੌਤੀਆਂ

ਪੰਜਾਬ ਵਿੱਚ ਵਧਦੀ ਬੇਰੁਜ਼ਗਾਰੀ ਅਤੇ ਸੀਮਤ ਉੱਚ ਸਿੱਖਿਆ ਸੁਵਿਧਾਵਾਂ ਕਾਰਨ ਵਿਦਿਆਰਥੀ ਵਿਦੇਸ਼ਾਂ ਵੱਲ ਆਕਰਸ਼ਿਤ ਹੁੰਦੇ ਹਨ। ਪਰ, ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਏਜੰਟਾਂ ਦੀ ਗੁੰਮਰਾਹਕੁੰਨ ਨੀਤੀਆਂ ਨੇ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਖਤਰੇ ਵਿੱਚ ਪਾ ਦਿੱਤਾ ਹੈ।






# ਸਿੱਖ ਕੌਮ ਦੇ ਮੌਜੂਦਾ ਤੇ ਭਵਿੱਖ ਦੇ ਅੰਦਰੂਨੀ ਬਾਹਰੀ ਤਾਕਤਾਂ ਦੇ ਹਮਲੇ



ਜਥੇਃ ਮਹਿੰਦਰ ਸਿੰਘ ਖਹਿਰਾ, 2017 ਨੂੰ ਸੈਮੀਨਾਰ ਦੌਰਾਨ ਪਰਚਾ ਪੜ੍ਹਦੇ ਹੋਏ

## 4 ਫਰਵਰੀ 2017 ਨੂੰ ਡਰਬੀ ਵਿਖੇ ਹੋਏ ਸੈਮੀਨਾਰ ਵਿੱਚ ਤਵਾਰੀਖ, ਮੌਜੂਦਾ ਤੇ ਭਵਿਖ ਦੇ ਅੰਦਰੂਨੀ, ਬਾਹਰੀ ਤਾਕਤਾਂ ਦੇ ਹਮਲਿਆਂ ਬਾਰੇ ਜਥੇਦਾਰ ਮਹਿੰਦਰ ਸਿੰਘ ਖਹਿਰਾ ਵੱਲੋਂ ਪੜ੍ਹਿਆ ਗਿਆ ਪਰਚਾ

**ਬਹਿਸ ਦੌਰਾਨ ਸਿੱਖ ਨੁਮਾਇਦਿਆਂ ਨੇ ਕਾਇਮ ਰੱਖਣ ਦੀ ਵਕਾਲਤ ਕੀਤੀ ਤਾਂ ਪਟੇਲ ਨੇ ਸਲਾਹਕਾਰ ਕਮੇਟੀ ਦੀ ਰਿਪੋਰਟ ਜੋ ਮਈ 1949 ਨੂੰ ਵਿਧਾਨ ਘਾੜਨੀ ਸਭਾ ਵਿੱਚ ਪੇਸ਼ ਕੀਤੀ ਗਈ, ਵਿੱਚ ਲਿਖਵਾਇਆ ਕਿ ਸਿੱਖਾਂ ਦੀਆਂ ਮੰਗਾਂ ਮੂਲ ਰੂਪ ਵਿੱਚ ਮੁਸਲਮ ਲੀਗ ਦੀ ਪਾਕਿਸਤਾਨ ਦੀ ਮੰਗ ਨਾਲ਼ ਮੇਲ ਖਾਂਦੀਆਂ ਹਨ ਜਿਨ੍ਹਾਂ ਦਾ ਮੁਲਕ ਨੂੰ ਪਹਿਲਾਂ ਹੀ ਬਹੁਤ ਨੁਕਸਾਨ ਹੋਇਆ ਹੈ, ਇਹ ਅਰੰਭ ਸੀ ਸਿੱਖਾਂ ਨੂੰ ਵੱਖਵਾਦੀ ਪਾਕਿਸਤਾਨ ਪੱਖੀ, ਦੇਸ਼ ਵਿਰੋਧੀ ਪ੍ਰਚਾਰਨ ਦਾ ਜੋ ਅੱਜ ਤਕ ਬਾ-ਦਸਤੂਰ ਜਾਰੀ ਹੈ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

### ਕਿਸ਼ਤ-2

ਅੰਗਰੇਜ਼ ਨੇ ਪੰਜਾਬ ਦਾ ਰਾਜ ਸੰਭਾਲ਼ਣ ਦੇ ਨਾਲ਼ ਹੀ ਇਹ ਭਾਂਪ ਲਿਆ ਸੀ ਕਿ ਸਿੱਖਾਂ ਦਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਨਕਲਾਬ ਦੇ ਬੀਜ ਮੌਜੂਦ ਹਨ ਅਤੇ ਸ੍ਰੀ ਅਕਾਲ ਤਖ਼ਤ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਹੋਂਦ ਅਤੇ ਸਿੱਖਾਂ ਦਾ ਸਮੁੱਚੇ ਤੌਰ 'ਤੇ ਇਹਨਾਂ ਨਾਲ਼ ਡੂੰਘੇ ਸਤਿਕਾਰ ਵਾਲ਼ਾ ਸੰਬੰਧ ਹੀ ਸਿੱਖਾਂ ਦੀ ਚੜ੍ਹਤ ਦਾ ਕਾਰਨ ਹੈ। ਇਸੇ ਦੌਰਾਨ ਇੱਕ ਵਾਰ ਬ੍ਰਿਟਸ਼ ਪਾਰਲੀਮੈਂਟ ਲੰਡਨ ਵਿੱਚ ਇੱਕ ਸਵਾਲ ਦੇ ਉੱਤਰ ਵਿੱਚ ਸੈਕਰੇਟਰੀ ਆਫ਼ ਸਟੇਟ ਫਾਰ ਇੰਡੀਆ ਵੱਲੋਂ ਦੱਸਿਆ ਗਿਆ ਸੀ ਕਿ ਭਾਵੇਂ ਭਾਰਤ ਉੱਤੇ ਅੰਗਰੇਜ਼ ਦਾ ਪੂਰਾ ਕਬਜ਼ਾ ਹੋ ਗਿਆ ਹੈ ਪਰ ਜੇ ਕਿਸੇ ਸਮੇਂ ਕੋਈ ਖ਼ਤਰਾ ਹੋ ਸਕਦਾ ਹੈ ਤਾਂ ਉਹ ਕੇਵਲ ਸਿੱਖ ਕੌਮ ਪਾਸੋਂ ਹੀ ਹੋ ਸਕਦਾ ਹੈ ਕਿਉਂਕਿ ਉਹਨਾਂ ਨੂੰ ਆਪੋ ਵਿੱਚ ਸੰਗਠਿਤ ਕਰੀ ਰੱਖਣ ਅਤੇ ਉਹਨਾਂ ਦੀ ਜ਼ਿੰਦਾਦਿਲੀ ਅਤੇ ਚੜ੍ਹਦੀ ਕਲਾ ਦੇ ਕੁਝ ਅਜਿਹੇ ਸਾਧਨ ਅਜੇ ਉਹਨਾਂ ਪਾਸ ਹਨ, ਜਿਨ੍ਹਾਂ ਨੂੰ ਖ਼ਤਮ ਕਰਨ ਲਈ ਸਮਾਂ ਚਾਹੀਦਾ ਹੈ। ਉਕਤ ਸਵਾਲ ਹੋਣ 'ਤੇ ਇਹ ਭੀ ਦੱਸਿਆ ਗਿਆ ਕਿ ਸਿੱਖਾਂ ਦੇ ਗੁਰਦੁਆਰੇ ਇੱਕ ਪ੍ਰਕਾਰ ਦੀ A STATE WITH IN STATE ਹਨ ਅਤੇ ਉਹਨਾਂ ਦਾ ਗੁਰੂ ਗ੍ਰੰਥ ਅਤੇ ਗੁਰਦੁਆਰਿਆਂ ਉੱਤੇ ਭਰੋਸਾ ਕਿਸੇ ਸਮੇਂ ਭੀ ਉਹਨਾਂ ਅੰਦਰ ਜਾਗ੍ਰਤੀ ਲੈ ਆਉਣ ਅਤੇ ਉਹਨਾਂ ਨੂੰ ਜਥੇਬੰਦ ਕਰ ਦੇਣ ਦਾ ਕਾਰਨ ਹੋ ਸਕਦਾ ਹੈ। ਚੁਨਾਚੇ ਅੰਗਰੇਜ਼ ਦੇ ਇਸ ਵਿਸ਼ਵਾਸ ਨੇ ਉਸ ਨੂੰ ਗੁਰਦੁਆਰਿਆਂ ਉੱਪਰ ਸਮੁੱਚੇ ਤੌਰ 'ਤੇ ਅਤੇ ਵਿਸ਼ੇਸ਼ ਕਰ ਕੇ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਕਰੜੀ ਨਿਗ੍ਹਾ ਰੱਖਣ ਲਈ ਮਜਬੂਰ ਕਰ ਦਿੱਤਾ।

ਉਂਝ ਤਾਂ ਮਹੰਤਾਂ ਤੇ ਪੁਜਾਰੀਆਂ ਨੂੰ ਆਪਣੇ ਹੱਥਾਂ 'ਚ ਰੱਖਣ ਦੀ ਪਾਲਸੀ ਸਮੁੱਚੇ ਤੌਰ ਹੀ ਅੰਗਰੇਜ਼ ਸਰਕਾਰ ਨੇ ਅਪਣਾਈ ਹੀ ਰੱਖੀ ਪਰੰਤੂ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦਾ ਪ੍ਰਬੰਧ ਤਾਂ ਸਿੱਧਾ ਹੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਹੱਥ ਵਿੱਚ ਸਰਕਾਰੋਂ ਥਾਪੇ ਇੱਕ ਸਰਬਰਾਹ ਦੇ ਅਧੀਨ ਰੱਖਿਆ ਗਿਆ ਅਤੇ ਜਦੋਂ ਭੀ ਲੋੜ ਪਈ ਇਹਨਾਂ ਨੂੰ ਸਰਕਾਰ ਦੀ ਨਿੱਜ ਮਤਲਬ ਸਿੱਧੀ ਅਤੇ ਸਿੱਖਾਂ ਦੀ ਕੌਮੀ ਅਣਖ਼ ਨੂੰ ਸੁਲਾਈ ਰੱਖਣ ਲਈ ਵਰਤਿਆ ਗਿਆ। ਮਿਸਾਲ ਦੇ ਤੌਰ 'ਤੇ ਜਦੋਂ ਅੰਗਰੇਜ਼ ਸਰਕਾਰ ਨੇ ਸੰਨ 1914 ਵਿੱਚ ਬਜਬਜ ਘਾਟ ਤੇ ਗੁਰੂ ਨਾਨਕ ਜਹਾਜ਼ ਅਥਵਾ ਕਾਮਾਗਾਟਾਮਾਰੂ ਜਹਾਜ਼ ਦੇ ਸਿੱਖ ਮੁਸਾਫਿਰਾਂ ਉੱਤੇ ਗੋਲ਼ੀਆਂ ਵਰ੍ਹਾ ਕੇ ਉਹਨਾਂ ਨੂੰ ਭੁੰਨ ਸੁੱਟਿਆ ਤਾਂ ਸਿੱਖਾਂ ਦੇ ਜੋਸ਼ ਨੂੰ ਠੰਢਾ ਕਰਨ ਲਈ ਸ੍ਰੀ ਅਕਾਲ ਤਖ਼ਤ ਤੋਂ ਸਰਬਰਾਹ ਅਰੂੜ ਸਿੰਘ ਦੇ ਦਸਤਖ਼ਤਾਂ ਹੇਠ ਇੱਕ ਹੁਕਮਨਾਮਾ ਜਾਰੀ ਕਰਕੇ ਪ੍ਰਗਟਾਅ ਕੀਤਾ ਕਿ ਬਜਬਜ ਦੇ ਘਾਟ 'ਤੇ ਗੋਲ਼ੀਆਂ ਨਾਲ਼ ਮਰਨ ਵਾਲ਼ੇ ਲੋਕ ਸਿੱਖ ਨਹੀਂ ਸਨ। ਇਸੇ ਤਰ੍ਹਾਂ ਸੰਨ 1919 ਵਿੱਚ ਜਲ੍ਹਿਆਂਵਾਲ਼ੇ ਬਾਗ ਦਾ ਸਾਕਾ ਕਰਨ ਵਾਲ਼ੇ ਜਨਰਲ ਡਾਇਰ ਦੀ ਪ੍ਰਸੰਸਾ ਵਜੋਂ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾ ਦਿੱਤਾ ਗਿਆ।

ਇਸ ਕਰਕੇ ਹੀ ਅੰਗਰੇਜ਼ ਸਰਕਾਰ ਨੇ ਨਿਰਮ-ਲੇ ਤੇ ਉਦਾਸੀ ਮਹੰਤਾਂ ਨੂੰ ਗੁਰਦੁਆਰਿਆਂ 'ਤੇ ਕਾਬਜ਼ ਰੱਖਣ ਲਈ ਪੂਰੀ ਵਾਹ ਲਾਈ ਪਰ ਗੁਰਦੁਆਰਾ ਸੁਧਾਰ ਲਹਿਰ ਅਤੇ ਸਿੰਘ ਸਭਾ ਲਹਿਰ, ਅਤੇ ਅਕਾਲੀਆਂ ਵੱਲੋਂ ਲਾਏ ਮੋਰਚਿਆਂ ਨੇ ਗੁਰਦੁਆਰਿਆਂ ਨੂੰ ਮਹੰਤਾਂ ਕੋਲ਼ੋਂ ਅਜ਼ਾਦ ਕਰਵਾ ਲਿਆ। ਅੰਗਰੇਜ਼ਾਂ ਨੇ ਗੁਰਦੁਆਰਿਆਂ ਦਾ ਪ੍ਰਬੰਧ 1925 ਗੁਰਦੁਆਰਾ ਐਕਟ ਪਾਸ ਕਰਕੇ ਵੋਟਾਂ ਨਾਲ਼ ਚੁਣੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰਨ ਦਾ ਫ਼ੈਸਲਾ ਕਰ ਲਿਆ। ਸੋਚੀ ਸਮਝੀ ਸਾਜ਼ਿਸ਼ ਅਧੀਨ ਤਖ਼ਤ ਹਜ਼ੂਰ ਸਾਹਿਬ ਅਤੇ ਤਖ਼ਤ ਪਟਨਾ ਸਾਹਿਬ ਨੂੰ 1925 ਦੇ ਗੁਰਦੁਆਰਾ ਐਕਟ 'ਚੋਂ ਬਾਹਰ ਰੱਖ ਲਿਆ ਗਿਆ ਤਾਂ ਕਿ ਉਹਨਾਂ ਤਖ਼ਤਾਂ 'ਤੇ ਸਿੱਖ ਧਰਮ ਦਾ ਹਿੰਦੂਕਰਨ, ਕਰਨ ਲਈ ਹਿੰਦੂ ਰਹੁ-ਰੀਤਾਂ ਹੀ ਪ੍ਰਚਲਤ ਰੱਖੀਆਂ ਜਾਣ ਜੈਸਾ ਕਿ ਟੱਲੀਆਂ ਖੜਕਾ ਕੇ ਦੀਵਿਆਂ ਨਾਲ਼ ਆਰਤੀ ਕਰਨੀ ਬੱਕਰੇ ਦੇ ਲਹੂ ਦਾ ਗੁਰੂ ਗ੍ਰੰਥ ਸਾਹਿਬ ਦੀ ਮੰਜੀ ਸਾਹਿਬ ਤੇ ਸ਼ਸ਼ਤਰਾਂ ਨੂੰ ਤਿਲਕ ਲਾਉਣਾ ਆਦਿ।

ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਸਾਰੀ ਦੁਨੀਆਂ ਨੇ ਵੇਖਿਆ ਕਿ ਤਖ਼ਤ ਪਟਨਾ ਸਾਹਿਬ ਵਿਖੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ 5 ਜਨਵਰੀ 2017 ਨੂੰ 350ਵਾਂ ਪ੍ਰਕਾਸ਼ ਉਤਸਵ ਮਨਾਇਆ ਗਿਆ ਤਾਂ ਓਥੇ ਸਿੱਖ ਧਰਮ ਦੀ ਮਰਯਾਦਾ ਦੇ ਉਲ਼ਟ ਦੀਵੇ ਬਾਲ ਕੇ ਆਰਤੀ ਕੀਤੀ ਗਈ ਅਤੇ ਜਿਹੜੀਆਂ ਨਿਰਮਲ ਭੇਖ ਤੇ ਉਦਾਸੀ ਸੰਪਰਦਾਵਾਂ ਦਸਮੇਸ਼ ਪਿਤਾ ਦੇ ਖੰਡੇ-ਬਾਟੇ ਦੇ ਅੰਮ੍ਰਿਤ 'ਤੇ ਨਿਸ਼ਚਾ ਨਹੀਂ ਰੱਖਦੀਆਂ ਅਤੇ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪੰਥ ਨੂੰ ਬਖ਼ਸ਼ਿਸ਼ ਕੀਤੇ ਸਿੱਖੀ ਵਿਧਾਨ ਅਨੁਸਾਰ ਗ੍ਰੰਥ ਅਤੇ ਪੰਥ ਦੀ ਗੁਰੂ ਪਦਵੀ ਨੂੰ ਵੀ ਸਵੀਕਾਰ ਨਹੀਂ ਕਰਦੇ ਅਰਥਾਤ 'ਗੁਰੂ ਗ੍ਰੰਥ, ਗੁਰੂ ਪੰਥ' ਅਤੇ 'ਇਕਾ ਬਾਣੀ ਇਕੁ ਗੁਰੁ ਇੱਕੋ ਸਬਦ ਵੀਚਾਰ' ਦੇ ਸਿਧਾਂਤ ਨੂੰ ਨਹੀਂ ਮੰਨਦੇ, ਉਹਨਾਂ ਨਿਰਮਲ ਭੇਖ ਤੇ ਉਦਾਸੀ ਸੰਪ੍ਰਦਾਵਾਂ ਨਾਲ਼ ਪੰਥਕ ਸਟੇਜ ਸਾਂਝੀ ਕਰਕੇ ਇਹ ਸੁਨੇਹਾ ਦਿੱਤਾ ਗਿਆ ਕਿ ਸਿੱਖ ਧਰਮ ਹਿੰਦੂ ਧਰਮ ਦੀ ਹੀ ਇੱਕ ਸ਼ਾਖਾ ਹੈ। ਇਸੇ ਸਮਾਗਮ ਦੌਰਾਨ ਨਰਿੰਦਰ ਮੋਦੀ ਨਤੀਸ਼ ਕੁਮਾਰ ਅਤੇ ਆਰ. ਐੱਸ. ਐੱਸ. ਨੇ ਦੁਨੀਆਂ ਨੂੰ ਇਹ ਵੀ ਸੁਨੇਹਾ ਦਿੱਤਾ ਕਿ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੀ ਜੋਤਿ ਗੁਰੂ ਜੋਤਿ ਪੈਗੰਬਰ ਨਹੀਂ ਸਗੋਂ ਇੱਕ ਦੁਨਿਆਵੀ ਨਾਇਕ ਅਤੇ ਦੇਸ਼ ਭਗਤ ਹਨ ਅਤੇ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਅਤੇ ਮੂਰਤੀ ਨੂੰ ਸਖ਼ਸ਼ੀਅਤ ਵਜੋਂ ਪ੍ਰਵਾਣ ਕਰਦੇ ਹਨ ਜਦਕਿ ਸਮੁੱਚੀ ਸਿੱਖ ਕੌਮ, ਹਾਜ਼ਰ ਨਾਜ਼ਰ, ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਅਰਦਾਸ ਕਰਦੇ ਕਹਿੰਦੇ ਹਨ, ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਰਸ਼ਨ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ। ਨਰਿੰਦਰ ਮੋਦੀ ਨਤੀਸ਼ ਅਤੇ ਆਰ. ਐੱਸ. ਐੱਸ. ਵਾਲ਼ਿਆਂ ਨੇ ਇਸ ਸਮਾਗਮ ਰਾਹੀਂ ਸਿੱਖ ਧਰਮ ਦਾ ਹਿੰਦੂਕਰਨ, ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।

ਖ਼ੈਰ, ਅਸੀਂ ਹੁਣ 1947 ਦੀ ਅਜ਼ਾਦੀ ਤੋਂ ਬਾਅਦ ਦੀ ਗੱਲ ਕਰਦੇ ਹਾਂ। ਆਪਣੇ ਸਿੱਖਾਂ ਦੀ ਵੱਖ ਵਿਸ਼ੇ ਵਲ ਮੁੜਦੇ ਹਾਂ ਅੰਗਰੇਜ਼ਾਂ ਕੋਲ਼ੋਂ ਮੁਲਕ ਨੂੰ ਅਜ਼ਾਦ ਕਰਾਉਣ ਲਈ ਸਿੱਖਾਂ ਨੇ 90% ਕੁਰਬਾਨੀਆਂ ਦਿੱਤੀਆਂ, ਇਸ ਕਰਕੇ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਨੇ ਕਿਹਾ ਸੀ ਕਿ ਭਾਰਤ ਨੂੰ ਅਜ਼ਾਦ ਕਰਾਉਣ ਲਈ 90% ਕੁਰਬਾਨੀਆਂ ਦੇ ਕੇ ਅਜ਼ਾਦ ਭਾਰਤ ਵਿੱਚ ਸਾਨੂੰ ਗ਼ੁਲਾਮ ਰਹਿਣਾ ਮਨਜ਼ੂਰ ਨਹੀਂ ਹੈ ਅਤੇ ਅਸੀਂ ਪਹਿਲੇ ਦਰਜੇ ਦੇ ਸ਼ਹਿਰੀ ਬਣ ਕੇ ਭਾਰਤ ਵਿੱਚ ਰਹਿਣਾ ਚਾਹੁੰਦੇ ਹਾਂ। ਸ. ਗੁਰਤੇਜ ਸਿੰਘ ਆਪਣੀ ਪੁਸਤਕ 'ਸਿੰਘਨਾਦ' ਦੇ ਪੰਨਾ 99-100 'ਤੇ ਲਿਖਦੇ ਹਨ ਕਿ ਬਦਲੇ ਹੋਏ ਹਾਲਾਤ ਦਾ ਪਹਿਲਾ ਵਾਰ ਸਿੱਖਾਂ ਨੂੰ ਹੀ ਝਲਣਾ ਪਿਆ। 1947 ਤੋਂ ਝੱਟ ਮਗਰੋਂ ਹੀ ਸਿੱਖਾਂ ਨੂੰ ਆਪਣੀ ਵੱਖਰੀ ਹੋਂਦ ਤਿਆਗ ਦੇਣ ਲਈ ਕਹਿ ਦਿੱਤਾ ਗਿਆ ਅਤੇ ਉਹਨਾਂ ਦੇ ਪੰਥਕ ਖ਼ਾਸੇ ਨੂੰ ਮੰਨਣ ਤੋਂ ਨਾਹ ਕਰ ਦਿੱਤੀ ਗਈ। ਇੱਕ ਘੱਟਗਿਣਤੀ ਵਜੋਂ ਉਹਨਾਂ ਦੇ ਹੱਕ ਦੱਬ ਲਏ ਗਏ ਅਤੇ ਸਾਰੇ ਭਾਰਤ ਵਿੱਚ ਭਾਸ਼ਾ ਦੇ ਆਧਾਰ 'ਤੇ ਬਣਾਏ ਜਾਣ ਵਾਲ਼ੇ ਰਾਜਾਂ ਦੇ ਅਸੂਲ ਨੂੰ ਉਹਨਾਂ ਦੇ ਰਾਜ ਵਿੱਚ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ। ਝੱਟ ਮਗਰੋਂ ਹੀ ਸਿੱਖਾਂ ਦੇ ਰਾਜਸੀ ਸੰਗਠਨ ਅਕਾਲੀ ਦਲ ਨੂੰ ਕਹਿ ਦਿੱਤਾ ਗਿਆ ਕਿ ਉਹ ਆਪਣੀਆਂ ਕਾਰਵਾਈਆਂ ਧਾਰਮਿਕ ਦਾਇਰੇ ਤਕ ਹੀ ਸੀਮਤ ਰੱਖਣ। ਮਾਸਟਰ ਤਾਰਾ ਸਿੰਘ ਦੇ ਨਜਦੀਕੀ ਸਾਥੀਆਂ ਨੂੰ ਵਜ਼ੀਰੀਆਂ ਤੇ ਅਹੁਦਿਆਂ ਦਾ ਲਾਲਚ ਦੇ ਕੇ ਤੋੜ ਲਿਆ ਗਿਆ।

1947 ਤੋਂ ਬਾਅਦ ਵਲਭ ਭਾਈ ਪਟੇਲ ਸਥਾਈ ਬਹੁਗਿਣਤੀ ਸੱਭਿਆਚਾਰ ਦਾ ਪ੍ਰਤੀਕ ਬਣ ਕੇ ਉਭਰਨਾ ਚਾਹੁੰਦਾ ਸੀ। ਸਥਾਈ ਸੱਭਿਆਚਾਰਕ ਬਹੁਗਿਣਤੀ ਉਸ ਵੇਲ਼ੇ ਦੇ ਪ੍ਰਮੁੱਖ ਆਗੂਆਂ ਦੀ ਸਮਝ ਮੁਤਾਬਿਕ ਬਾਕੀ ਧਰਮਾਂ ਲਈ ਨਫ਼ਰਤ ਦੀ ਪ੍ਰਤੀਕ ਸੀ। ਦੋ ਹਜ਼ਾਰ ਸਾਲਾਂ ਬਾਅਦ ਹੋਈ ਸਿਆਸੀ ਚੜ੍ਹਤ ਕਾਰਨ ਬਾਕੀ ਸਾਰੇ ਸੱਭਿਆਚਾਰ ਅਤੇ ਜਨ-ਸਮੂਹ ਇਸ ਨੂੰ ਕੀੜੇ ਮਕੌੜੇ ਜਾਪਦੇ ਸਨ। ਆਪਣੇ ਥੋੜੇ ਜਿਹੇ ਸਮੇਂ ਵਿੱਚ ਵਲਭ ਭਾਈ ਪਟੇਲ ਨੇ ਜੰਮੂ (1947) ਅਤੇ ਹੈਦਰਾਬਾਦ (1948) ਵਿੱਚ ਮੁਸਲਮਾਨਾਂ ਦਾ ਭਾਰੀ ਕਤਲੇਆਮ ਕਰਵਾਇਆ। ਦਿੱਲੀ ਅਤੇ ਪੰਜਾਬ ਵਿੱਚ ਅਜਿਹੇ ਕਤਲਾਂ ਨੂੰ ਹੱਲਾਸ਼ੇਰੀ ਦਿੱਤੀ ਅਤੇ ਹਥਿਆਰ ਮੁਹੱਈਆ ਕਰਵਾਏ। ਸਰਕਾਰ ਵੱਲੋਂ ਥਾਪੀ ਸੁੰਦਰ ਲਾਲ ਕਮੇਟੀ ਦਾ ਅਨੁਮਾਨ ਸੀ ਕਿ ਹੈਦਰਾਬਾਦ ਵਿੱਚ 27000 ਹਜ਼ਾਰ ਤੋਂ ਲੈ ਕੇ 40000 ਹਜ਼ਾਰ ਲੋਕ ਮਾਰੇ ਗਏ। ਪਟੇਲ ਹੈਦਰਾਬਾਦ ਨੂੰ ਭਾਰਤ ਦੇ ਦਿੱਲ ਦਾ ਨਾਸੂਰ ਆਖਦਾ ਸੀ ਅਤੇ ਇਸ ਦੇ ਸਾਂਝੇ ਸੱਭਿਆਚਾਰ ਨੂੰ ਖ਼ਤਮ ਕਰਨ ਦਾ ਚਾਹਵਾਨ ਸੀ।

ਸਿੱਖ ਸੱਭਿਆਚਾਰ ਅਤੇ ਸਿੱਖਾਂ ਵਾਸਤੇ ਉਸ ਦੇ ਵਿਚਾਰ ਇਸ ਤੋਂ ਵੀ ਵੱਧ ਮਾਰੂ ਸਨ। ਸੰਵਿਧਾਨ ਘਾੜਨੀ ਸਭਾ ਵਿੱਚ ਜਦੋਂ ਸਿੱਖਾਂ ਨੇ ਹੋਏ ਸਮਝੌਤੇ ਅਤੇ ਗੰਭੀਰ ਵਾਅਦਿਆਂ ਅਤੇ ਇੰਡੀਆ ਇੰਡੀਪੈਂਡਸ ਕਨੂੰਨ ਅਨੁਸਾਰ ਵੱਖਰੇ ਚੋਣ ਹਲਕੇ ਅਤੇ ਕਾਂਗਰਸ ਦੀ ਆਦਿ ਤੋਂ ਚਲੀ ਆ ਰਹੀ ਨੀਤੀ ਅਨੁਸਾਰ ਪੰਜਾਬੀ ਸੂਬੇ ਦੀ ਮੰਗ ਕੀਤੀ ਤਾਂ ਪਟੇਲ ਸੜ-ਬਲ਼ ਕੇ ਕੋਲ਼ਾ ਹੋ ਗਿਆ। ਘੱਟਗਿਣਤੀਆਂ ਦੇ ਅਧਿਕਾਰ ਸਲਾਹਕਾਰ ਕਮੇਟੀ ਰਾਹੀਂ ਸੰਵਿਧਾਨ ਘਾੜਨੀ ਸਭਾ ਪਹਿਲਾਂ ਹੀ ਅਗਸਤ 1947 ਵਿੱਚ ਪ੍ਰਵਾਣ ਕਰ ਚੁੱਕੀ ਸੀ।

ਬਹਿਸ ਦੌਰਾਨ ਸਿੱਖ ਨੁਮਾਇਦਿਆਂ ਨੇ ਕਾਇਮ ਰੱਖਣ ਦੀ ਵਕਾਲਤ ਕੀਤੀ ਤਾਂ ਪਟੇਲ ਨੇ ਸਲਾਹਕਾਰ ਕਮੇਟੀ ਦੀ ਰਿਪੋਰਟ ਜੋ ਮਈ 1949 ਨੂੰ ਵਿਧਾਨ ਘਾੜਨੀ ਸਭਾ ਵਿੱਚ ਪੇਸ਼ ਕੀਤੀ ਗਈ, ਵਿੱਚ ਲਿਖਵਾਇਆ ਕਿ ਸਿੱਖਾਂ ਦੀਆਂ ਮੰਗਾਂ ਮੂਲ ਰੂਪ ਵਿੱਚ ਮੁਸਲਮ ਲੀਗ ਦੀ ਪਾਕਿ-ਸਤਾਨ ਦੀ ਮੰਗ ਨਾਲ਼ ਮੇਲ ਖਾਂਦੀਆਂ ਹਨ ਜਿਨ੍ਹਾਂ ਦਾ ਮੁਲਕ ਨੂੰ ਪਹਿਲਾਂ ਹੀ ਬਹੁਤ ਨੁਕਸਾਨ ਹੋਇਆ ਹੈ, ਇਹ ਅਰੰਭ ਸੀ ਸਿੱਖਾਂ ਨੂੰ ਵੱਖਵਾਦੀ ਪਾਕਿਸਤਾਨ ਪੱਖੀ, ਦੇਸ਼ ਵਿਰੋਧੀ ਪ੍ਰਚਾਰਨ ਦਾ ਜੋ ਅੱਜ ਤਕ ਬਾ-ਦਸਤੂਰ ਜਾਰੀ ਹੈ।

ਸ. ਗੁਰਦਰਸ਼ਨ ਸਿੰਘ ਢਿੱਲੋਂ ਲਿਖਦੇ ਹਨ 1947 ਵਿੱਚ ਭਾਰਤੀ ਹੁਕਮਰਾਨਾਂ ਨੇ ਇਸ ਮੁਲਕ ਦੇ ਕੰਮ ਕਾਜ ਚਲਾਉਣ ਲਈ ਚਾਣਕਿਆ ਦੇ 'ਅਰਥ ਸ਼ਾਸ਼ਤਰ' ਨੂੰ ਆਧਾਰ ਬਣਾਇਆ ਚਾਣਕਿਆ ਦਾ ਦੂਸਰਾ ਨਾਂਅ ਕੋਟਲਿਆ ਸੀ, ਉਸ ਵੇਲ਼ੇ ਦੇ ਹੁਕਮਰਾਨ ਗਾਂਧੀ ਨਹਿਰੂ ਤੇ ਪਟੇਲ ਕਹਿਣ ਨੂੰ ਭਾਵੇਂ ਸੈਕੂਲਰ ਸਨ ਪਰ ਅੰਦਰੋਂ ਪੂਰੇ ਕੱਟੜਵਾਦੀ ਹਿੰਦੂ ਸਨ। ਉਹਨਾਂ ਨੇ ਚੁੱਪ ਚਪੀਤੇ ਦੇਸ ਦੀ ਰਾਜਧਾਨੀ ਦਿੱਲੀ ਵਿੱਚ 1947 ਤੋਂ ਪਹਿਲਾਂ ਜਿੱਥੇ ਅੰਬੈਸੀਆਂ ਸਨ, ਉਸ ਖਿੱਤੇ ਨੂੰ 'ਡਿਪਲੋਮੈਟਿਕ ਐਨਕਲੇਵ' ਕਹਿੰਦੇ ਸਨ। ਉਸ ਦਾ ਨਾਂਅ ਬਦਲ ਕੇ 'ਚਾਣਕਿਆਪੁਰੀ' ਰੱਖ ਦਿੱਤਾ ਅਤੇ ਜੋ ਸੜਕ ਉਸ ਪਾਸੇ ਨੂੰ ਜਾਂਦੀ ਹੈ ਉਸ ਦਾ ਨਾਂਅ ਕੋਟਲਿਆ ਮਾਰਗ ਰੱਖ ਦਿੱਤਾ ਇਹ ਗੱਲ ਬੜੀ ਹੀ ਮਹੱਤਵਪੂਰਣ ਤੇ ਉਸ ਤੋਂ ਵੀ ਵੱਧ ਸੰਕੇਤਕ ਹੈ।

ਸ. ਪਤਵੰਤ ਸਿੰਘ ਆਪਣੀ ਪੁਸਤਕ 'ਦ ਸਿੱਖਸ' ਦੇ ਪੰਨਾ 10-11 ਉੱਤੇ ਦਰਜ ਹੈ ਕਿ

ਬਾਕੀ ਹਿਸਾ ਸਫ਼ਾ 28 ਤੇ ਪੜ੍ਹੋ

27 ਸਫ਼ੇ ਦੀ ਬਾਕੀ

'ਰੋਜਰ ਦੀ ਖੋਜ' ਪੁਸਤਕ 1670 ਵਿੱਚ ਛਪੀ ਜਿਸ ਵਿੱਚ ਪਦਮਾਨੁਭਾ ਦੇ ਕਾਫ਼ੀ ਅਧਿਕ ਹਵਾਲੇ ਦਿੱਤੇ ਗਏ। 'ਸਿਕੰਦਰ ਡਾਓ' ਜੋ 'ਈਸਟ ਇੰਡੀਆ ਕੰਪਨੀ' ਵਿੱਚ ਇੱਕ ਸੈਨਕ ਅਧਿਕਾਰੀ ਵੀ ਸੀ, ਤੇ ਜਿਸ ਨੇ ਫਾਰਸੀ ਵਿੱਚੋਂ ਅਨੁਵਾਦ ਕਰ ਕੇ 1768-71 ਵਿੱਚ ਭਾਰਤ ਦਾ ਇਤਿਹਾਸ ਛਪਵਾਇਆ ਸੀ, ਉਸ ਨੇ ਇਸ ਪੁਸਤਕ ਦੀ ਭੂਮਿਕਾ ਵਜੋਂ ਲਿਖੇ ਗਏ ਲੇਖ ਦਾ ਆਧਾਰ ਵੀ ਬ੍ਰਾਹਮਣਾਂ ਅਤੇ ਭਾਰਤੀ ਜੀਵਨ ਵਿੱਚ ਪਵਿੱਤਰਤਾ ਬਾਰੇ ਉਹਨਾਂ ਦੇ ਵਿਚਾਰਾਂ ਅਤੇ ਬ੍ਰਾਹਮਣਾਂ ਦੀ ਕੇਂਦਰੀਅਤਾ ਨੂੰ ਹੀ ਬਣਾਇਆ। ਜਿਵੇਂ-ਜਿਵੇਂ ਅਠਾਰ੍ਹਵੀਂ ਸਦੀ ਦੇ ਅੰਤ ਤਕ ਬਰਤਾਨਵੀ ਪਕੜ ਭਾਰਤ ਉੱਪਰ ਪੀਡੀ ਹੁੰਦੀ ਗਈ, ਉਸੇ ਤਰ੍ਹਾਂ ਹੀ ਪ੍ਰਬੰਧਕਾਂ ਅਤੇ ਪੂਰਬੀ ਸਾਹਿਤ ਦੇ ਦਰਸ਼ਨ ਦੇ ਮਾਹਰਾਂ ਨੇ ਸੰਸਕ੍ਰਿਤ ਅਤੇ ਭਾਰਤ ਦੀਆਂ ਹੋਰ ਭਾਸ਼ਾਵਾਂ ਸਿਖਣ ਦੇ ਸਾਂਝੇ ਯਤਨ ਕੀਤੇ। ਇਸ ਵਾਰ ਬ੍ਰਾਹਮਣਾਂ ਦੀ ਵਿਦਵਤਾ ਦਾ ਸਿੱਧਾ ਬ੍ਰਾਹਮਣਾਂ ਨੂੰ ਲਾਭ ਹੋਇਆ। 1887 ਵਿੱਚ 'ਭਾਰਤੀ ਲੋਕ ਸੇਵਾ ਕਮਿਸ਼ਨ' ਨੇ ਸੂਚਨਾ ਦਿੱਤੀ ਕਿ ਨਿਆਂਪਾਲਿਕਾ ਤੇ ਕਾਰਜਪਾਲਿਕਾ ਦੇ 1866 ਹਿੰਦੂ ਮੈਂਬਰਾਂ ਵਿੱਚੋਂ ਅੱਧੇ ਬ੍ਰਾਹਮਣ ਸਨ। ਮਦਰਾਸ ਦੇ ਕੁਲ 297 ਮੈਂਬਰਾਂ 'ਚੋਂ 202, ਤੇ ਬੰਬਈ ਵਿੱਚ 328 ਵਿੱਚੋਂ 211 ਬ੍ਰਾਹਮਣ ਸਨ। 1892 ਤੋਂ 1904 ਤਕ ਮਦਰਾਸ ਵਿੱਚ 16 ਸਫਲ ਆਈ. ਸੀ. ਐੱਸ. ਉਮੀਦਵਾਰਾਂ ਵਿੱਚੋਂ 15 ਬ੍ਰਾਹਮਣ ਸਨ ਭਾਵੇਂ ਬ੍ਰਾਹਮਣ ਵੀ ਦੂਸਰਿਆਂ ਵਾਂਗ ਰੰਗ ਭੇਦ ਦਾ ਸ਼ਿਕਾਰ ਰਹੇ ਪਰੰਤੂ ਹੌਲੀ-ਹੌਲੀ ਅੰਗਰੇਜ਼ਾਂ ਨੇ ਨਸਲੀ ਪੱਖਪਾਤ ਦੀ ਥਾਂ ਤੇ ਭਾਰਤ ਦੀ ਮਨੁੱਖੀ ਪ੍ਰਤਿਭਾ ਨੂੰ ਪਛਾਨਣ ਲਈ ਵਿਵਹਾਰਕ ਦ੍ਰਿਸ਼ਟੀਕੋਣ ਅਪਨਾਇਆ। 1947 ਵਿੱਚ ਭਾਰਤ ਦੀ ਸਤੰਤਰਤਾ ਸਮੇਂ 349 ਭਾਰਤੀ ਆਈ. ਸੀ. ਐੱਸ. ਅਫ਼ਸਰਾਂ ਵਿੱਚੋਂ 226 ਬ੍ਰਾਹਮਣ ਸਨ ਜੋ ਕਿ ਕੁਲ ਅਫਸਰਾਂ ਦਾ 65% ਬਣਦੇ ਹਨ।

'ਇਤਿਹਾਸ 'ਚ ਸਿੱਖ', ਪੁਸਤਕ ਦੇ ਪੰਨਾ 193 ਅਤੇ ਪੰਨਾ 675 ਉੱਤੇ ਇਹ ਹਵਾਲਾ ਦਰਜ ਹੈ ਕਿ ਕਰਮਚੰਦ ਗਾਂਧੀ ਨੇ ਤਾਂ ਇੱਕ ਅਕਤੂਬਰ 1925 ਨੂੰ ਹੀ ਆਪਣੇ ਪੇਪਰ 'ਜੰਗ ਇੰਡੀਆ' ਵਿੱਚ ਲਿਖ ਦਿੱਤਾ ਸੀ ਕਿ 'ਸਿੱਖ ਗੁਰੂ ਸਾਹਿਬਾਨ ਬਾਰੇ ਮੇਰਾ ਵਿਸ਼ਵਾਸ ਹੈ ਕਿ ਉਹ ਸਭ ਹਿੰਦੂ ਹਨ ਅਤੇ ਮੈਂ (ਕਰਮਚੰਦ ਗਾਂਧੀ) ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਨਹੀਂ ਸਮਝਦਾ ਮੇਰੇ ਵਿਚਾਰਾਂ ਵਿੱਚ ਇਹ ਵੈਸ਼ਨੂੰ ਧਰਮ ਵਾਂਗੂ ਹਿੰਦੂ ਧਰਮ ਦਾ ਹੀ ਇੱਕ ਅੰਗ ਹੈ। ਭਾਰਤ ਦੀ ਸੁਤੰਤਰਤਾ ਤੋਂ ਮਗਰੋਂ ਗਾਂਧੀ ਨੇ ਪਹਿਲਾ ਗੋਲਾ ਇਹ ਕਹਿੰਦਿਆਂ ਦਾਗਿਆ ਕਿ ਹੁਣ ਜਦੋਂ 800 ਸਾਲ ਦੀ ਗ਼ੁਲਾਮੀ ਤੋਂ ਬਾਅਦ ਹਿੰਦੂ ਖ਼ੁਦਮੁਖ਼ਤਿਆਰ ਹੋ ਗਏ ਹਨ, ਉਹ ਪਿਰਵੀ ਕੌਂਸਲ ਦੇ ਇਸ ਫ਼ੈਸਲੇ ਨੂੰ ਨਹੀਂ ਮੰਨਣਗੇ ਕਿ ਸਿੱਖ ਕਿਰਪਾਨ ਰੱਖ ਸਕਦੇ ਹਨ। ਜਨਵਰੀ 1948 ਵਿੱਚ ਮਰਨ ਤੋਂ ਕੁਝ ਹੀ ਸਮਾਂ ਪਹਿਲਾਂ ਉਸ ਨੇ ਸਪਸ਼ਟ ਸ਼ਬਦਾਂ ਵਿੱਚ ਇਹ ਮੰਗ ਕੀਤੀ ਸੀ ਕਿ ਸਿੱਖ ਆਪਣੇ ਕੇਸ ਕਟਵਾ ਦੇਣ, ਖ਼ਾਲਸੇ ਵਾਲ਼ੇ ਚਿੰਨ੍ਹ ਰੱਖਣਾ ਛੱਡ ਦੇਣ ਅਤੇ ਹਿੰਦੂ ਮੱਤ ਦੀ ਆਮ ਧਾਰਾ ਵਿੱਚ ਸ਼ਾਮਲ ਹੋ ਜਾਣ। ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਦੇ ਅਵਤਾਰ ਹੋਣ ਦਾ ਪ੍ਰਵਾਣ ਕਰਨ ਲਈ ਸਹਿਮਤੀ ਪ੍ਰਗਟ ਕੀਤੀ। ਸਭ ਤੋਂ ਵਧ ਕੇ ਗਾਂਧੀ ਨੇ ਹੁਣ ਕੱਟੜ ਹਿੰਦੂ ਵਾਲ਼ੀਆਂ ਰੁਚੀਆਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ, ਜਦੋਂ ਵੰਡ ਤੋਂ ਬਾਅਦ ਉਸ ਨੇ ਲਿਖਿਆ 'ਹਿੰਦੂ ਧਰਮ ਇੱਕ ਮਹਾਸਾਗਰ ਹੈ, ਜਿਸ ਵਿੱਚ ਸਾਰੇ ਦਰਿਆ ਆ ਕੇ ਮਿਲ਼ਦੇ ਹਨ।' ਇਹ ਇਸਲਾਮ ਤੇ ਇਸਾਈ ਧਰਮ ਨੂੰ ਅਤੇ ਹੋਰ ਸਾਰੇ ਧਰਮਾਂ ਨੂੰ ਆਪਣੇ ਵਿੱਚ ਜਜ਼ਬ ਕਰ ਸਕਦਾ ਹੈ ਅਤੇ ਕੇਵਲ ਤਦ ਇਹ ਮਹਾਸਾਗਰ ਅਖਵਾ ਸਕਦਾ ਹੈ।

ਹੁਣ ਮਾਰਚ 2002 ਵਿੱਚ ਆਰ. ਐੱਸ. ਐੱਸ. ਵਾਲ਼ੇ ਵੀ ਇਸੇ ਭਾਸ਼ਾ ਵਿੱਚ ਗੱਲ ਕਰ ਰਹੇ ਹਨ ਕਿ ਮੁਸਲਮਾਨਾਂ ਤੇ ਈਸਾਈਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹਿੰਦੂ ਧਰਮ ਪ੍ਰਮੁਖ ਧਰਮ ਹੈ, ਭਾਰਤ ਹਾਕਮ ਨਸਲ (ਰੂਲਿੰਗ ਰੇਸ) ਦਾ ਪਰਮ ਧਰਮ ਹੈ ਇਸ ਲਈ ਦੂਜੇ ਦੇਵਾਂ ਧਰਮਾਂ ਨੂੰ ਹਿੰਦੂ ਧਰਮ ਦੀ ਸਦਵਭਾਵਨਾ ਤੇ ਰਹਿਣ ਦੀ ਜਾਂਚ ਸਿੱਖ ਲੈਣੀ ਚਾਹੀਦੀ ਹੈ ਤੇ ਇਸ ਕਿਸਮ ਦਾ ਪ੍ਰਚਾਰ ਕਰਨ ਲਈ ਦੋਗਲਾ ਕਿਰਦਾਰ ਲਿਖਣ ਵਾਲ਼ੇ ਵੀ ਲੇਖਕ ਹਨ ਜਿਹੜੇ ਸਿੱਖਾਂ ਨਾਲ਼ ਹਮਦਰਦੀ ਦਾ ਵਿਖਾਵਾ ਵੀ ਕਰਦੇ ਹਨ ਤੇ ਸਿੱਖਾਂ ਨੂੰ ਹਿੰਦੂ ਰਾਸ਼ਟਰ ਦਾ ਅਨਿਖੜਵਾਂ ਅੰਗ ਵੀ ਦੱਸਦੇ ਹਨ ਉਹਨਾਂ ਵਿੱਚੋਂ ਇੱਕ 'ਕੁਲਦੀਪ ਨਈਅਰ' ਵੀ ਹੈ ਜਿਹੜਾ ਇੰਦਰਾ ਗਾਂਧੀ ਬਾਰੇ ਲਿਖਦਾ ਹੈ ਕਿ 'ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲ਼ੀ ਇੰਦਰਾ ਗਾਂਧੀ ਲੋਕਤੰਤਰ ਦੀ ਰਖਸ਼ਕ ਬਣਨ ਦੀ ਥਾਂ ਭਖਸ਼ਕ ਬਣ ਕੇ ਮਿਟ ਗਈ, ਦੂਜੇ ਪਾਸੇ ਕੁਲਦੀਪ ਨਈਅਰ ਨੇ 15 ਨਵੰਬਰ 1984 ਨੂੰ ਜਗਬਾਣੀ ਵਿੱਚ ਇੱਕ ਲੇਖ ਲਿਖਿਆ ਜਿਸ ਦਾ ਸਾਰਅੰਸ਼ ਸੀ ਕਿ ਹਿੰਦੂ ਕਦੀ ਪ੍ਰਵਾਣ ਨਹੀਂ ਕਰਨਗੇ ਕਿ ਸਿੱਖ ਇੱਕ ਵੱਖਰੀ ਕੌਮ ਹੈ। ਭਾਰਤ ਅੰਦਰ ਸਿੱਖਾਂ ਦੀ ਇੱਕ ਫ਼ਿਰਕੇ ਵਜੋਂ ਓਨਾ ਚਿਰ ਹੀ ਮਹੱਤਤਾ ਹੈ ਜਿੰਨਾ ਚਿਰ ਉਹ ਇਸ (ਹਿੰਦੂ) ਰਾਸ਼ਟਰ ਦਾ ਅਨਿਖੜਵਾਂ ਅੰਗ ਹਨ, ਸਿੱਖਾਂ ਨੇ ਜੇ ਇਸ ਤੋਂ ਇਲਾਵਾ ਕੋਈ ਹੋਰ ਭੂਮਿਕਾ ਨਿਭਾਈ ਤਾਂ ਇਹ ਸਿੱਖਾਂ ਲਈ ਖ਼ਤਰੇ ਤੋਂ ਖਾਲੀ ਨਹੀਂ।

ਇਸੇ ਤਰ੍ਹਾਂ ਸਾਬਕਾ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਵੀ ਸਿੱਖਾਂ ਨਾਲ਼ ਹਮਦਰਦੀ ਪ੍ਰਗਟਾਉਣ ਵਾਲ਼ੇ ਲੇਖ ਵੀ ਲਿਖਦੇ ਹਨ ਅਤੇ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਸ਼ਾਖਾ ਸਿੱਧ ਕਰਨ ਲਈ ਵੀ ਸਿੱਖੀ ਸੋਚ ਦੇ ਪਹਿਰੇਦਾਰ, ਸਿੱਖ ਸਮਾਜ ਦੇ ਮਸਲੇ ਪੁਸਤਕਾਂ ਅੰਦਰ, 'ਕੀ ਸਿੱਖਾਂ ਨੂੰ ਹਿੰਦੂਆਂ ਤੋਂ ਖ਼ਤਰਾ' ਅਤੇ 'ਸਿੱਖਾਂ ਵਿੱਚ ਤਾਲੀਬਾਨ' ਵਰਗੇ ਲੇਖ ਵੀ ਲਿਖਦੇ ਹਨ। ਤਰਲੋਚਨ ਸਿੰਘ ਇੱਕ ਕਲੀਨ ਸ਼ੇਵਨ ਟੋਪੀਧਾਰੀ ਸਿੰਧੀ ਚੇਲਾ ਰਾਮ ਨੂੰ ਸਿੱਖ ਧਰਮ ਦਾ ਉੱਘਾ ਪ੍ਰਚਾਰਕ ਪਰਵਾਨਦਾ ਹੈ ਅਤੇ ਸਿੱਖੀ ਦੀ ਮੁਖ-ਧਾਰਾ 'ਤੇ ਪਹਿਰਾ ਦੇਣ ਵਾਲ਼ੇ ਅੰਮ੍ਰਿਤਧਾਰੀ ਸਿੰਘਾਂ ਨੂੰ ਤਾਲਬਾਨੀ ਸੋਚ ਵਾਲ਼ੇ ਦੱਸਦੇ ਹਨ।

ਇਸੇ ਤਰ੍ਹਾਂ ਸ. ਗੁਰਤੇਜ ਸਿੰਘ ਜੀ ਨੇ, 50 ਸਾਲ ਤੋਂ ਰਾਸ਼ਟਰੀਆ ਸਵੈਮ ਸੰਘ ਦੇ ਮੈਂਬਰ ਅਤੇ ਕੱਟੜ ਰਾਸ਼ਟਰਵਾਦੀ ਨਾਨਾ ਦੇਸ਼ਮੁਖ ਦੇ ਇੱਕ ਲੇਖ ਦਾ ਜ਼ਿਕਰ ਕੀਤਾ ਹੈ, ਜਿਹੜਾ ਗੁਰੂ ਨਾਨਕ ਦੇ ਜਨਮ ਦਿਨ ਉੱਤੇ ਦਿੱਲੀ ਦੀਆਂ ਪ੍ਰਮੁਖ ਸਿਆਸੀ ਹਸਤੀਆਂ ਵਿੱਚ ਵੰਡਿਆ ਗਿਆ। ਆਰ. ਐੱਸ. ਐੱਸ. ਦਾ ਮੈਂਬਰ ਨਾਨਾ ਦੇਸ਼ਮੁਖ ਬਾਰ -ਬਾਰ ਲਿਖਦਾ ਹੈ ਕਿ ਉਹ ਸਿੱਖਾਂ ਦਾ ਹਮਦਰਦ ਹੈ ਅਤੇ ਉਹਨਾਂ ਦੇ ਅਤੇ ਦੇਸ਼ ਦੇ ਭਲੇ ਹਿੱਤ ਇਹ ਲੇਖ ਲਿਖ ਰਿਹਾ ਹੈ। ਉਹ ਨਵੰਬਰ 1984 ਦਿੱਲੀ ਵਿਖੇ ਹੋਏ ਸਮੂਹਕ ਸਿੱਖ ਕਤਲੇਆਮ ਦੇ ਕਾਰਣ ਵੀ ਹਿੰਦੂਤਵੀ ਨਜ਼ਰੀਏ ਤੋਂ ਦੱਸਦਾ ਹੈ ਅਤੇ ਕਿਉਂਕਿ ਕਤਲੇਆਮ ਅਜੇ ਚਲ ਰਿਹਾ ਸੀ, ਇਸ ਲਈ ਇਸ ਤੋਂ ਬਚਣ ਦੇ ਉਪਾਅ ਵੀ ਸੁਝਾਉਂਦਾ ਹੈ।

ਬਾਕੀ ਅਗਲੇ ਅੰਕ 'ਚ ਪੜ੍ਹੋ ...


ਧੰਨ ਧੰਨ ਜਗਤ ਗੁਰੂ ਸ੍ਰੀ ਰਵਿਦਾਸ ਜੀ ਮਹਾਰਾਜ ਦਾ

**ਮਹਾਨ ਗੁਰਪੁਰਬ**

ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਅਤੇ ਅਬਰੌਡ ਵੱਲੋਂ

25 ਮਈ 2025 ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਲੈਸਟਰ ਵਿਖੇ

SHRI GURU RAVIDASS TEMPLE LEICESTER

193 HARRISON ROAD, LEICESTER, LE4 6QN ਵਿਖੇ ਮਨਾਇਆ ਜਾਵੇਗਾ

ਸ੍ਰੀ ਗੁਰੂ ਰਵਿਦਾਸ ਜੀ ਦੇ ਮਹਾਨ ਉਪਦੇਸ਼ਾਂ ਦੁਆਰਾ ਇਨਕਲਾਬ ਦੇ ਸਦਕਾ ਅੱਜ ਸਾਰੀ ਰਵਿਦਾਸੀਆ ਕੌਮ ਦੁਨੀਆ ਦੇ ਹਰ ਕੋਨੇ ਵਿਚ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਆਰਥਿਕ ਖੇਤਰਾਂ ਵਿਚ ਤਰੱਕੀ ਦੀਆਂ ਸਿਖ਼ਰਾਂ 'ਤੇ ਪਹੁੰਚੀ ਹੋਈ ਹੈ।




== ਪ੍ਰੋਗਰਾਮ ਦਾ ਵੇਰਵਾ :==

ਆਰੰਭ ਸ੍ਰੀ ਅਖੰਡ ਪਾਠ ਸਾਹਿਬ
23-5-2025 ਸ਼ੁੱਕਰਵਾਰ, ਸਵੇਰੇ 10:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
25-5-2025 ਐਤਵਾਰ ਸਵੇਰੇ 10:30 ਵਜੇ

ਉਪਰੰਤ ਦੀਵਾਨ ਸਜਾਇਆ ਜਾਵੇਗਾ ਜਿਸ ਵਿੱਚ ਗੁਰੂ ਘਰ ਦੇ ਕੀਰਤਨੀ ਜਥੇ ਵੱਲੋਂ ਆਰਤੀ ਤੇ ਆਰਤੇ ਦਾ ਗਾਇਨ ਅਤੇ ਪ੍ਰੇਮ ਪਟੋਲੇ ਸ਼ਬਦ ਦਾ ਗਾਇਨ ਕੀਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੁਣੀ ਗਿਆਨੀ, ਕਥਾਕਾਰ ਅਤੇ ਕੀਰਤਨੀ ਜਥੇ ਪਹੁੰਚ ਰਹੇ ਹਨ। ਇਸ ਖਾਸ ਮੌਕੇ ਵੱਖ-ਵੱਖ ਸ਼ਹਿਰਾਂ ਤੋਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦੇ ਵੀ ਭਾਗ ਲੈ ਰਹੇ ਹਨ ਅਤੇ ਬਾਹਰੋਂ ਆਏ ਬੁਲਾਰੇ ਕਮਿਊਨਿਟੀ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਸੰਬੋਧਨ ਕਰਨਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਕਥਾ ਕੀਰਤਨ ਸਰਵਣ ਕਰਕੇ ਆਪਣਾ ਜੀਵਨ ਕ੍ਰਿਤਾਰਥ ਕਰੋ ਜੀ।

ਗੁਰੂ ਘਰ ਵਿਖੇ ਲੰਗਰ ਤੇ ਚਾਹ ਪਾਣੀ ਤਿੰਨੇ ਦਿਨ ਅਤੁੱਟ ਵਰਤੇਗਾ।

ਵਿਸ਼ੇਸ਼ ਨੋਟ: ਸ੍ਰੀ ਗੁਰੂ ਰਵਿਦਾਸ ਸਭਾ ਯੂ ਕੇ, ਯੂਰਪ ਐਂਡ ਅਬਰੌਡ ਵੱਲੋਂ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਸ੍ਰੀ ਗੁਰੂ ਰਵਿਦਾਸ ਸਭਾ ਕੋਚਾਂ ਰਾਹੀਂ ਆਪਣੀ ਸੰਗਤ ਨੂੰ ਨਾਲ ਲੈ ਕੇ ਇਸ ਪ੍ਰੋਗਰਾਮ ਵਿਚ ਹੁੰਮ ਹੁੰਮਾ ਕੇ ਪਹੁੰਚੋ

VENUE: SHRI GURU RAVIDASS TEMPLE
193 HARRISON ROAD, LEICESTER, LE4 6QN

SHRI GURU RAVIDASS SABHA U.K., Europe & Abroad
SUPREME COUNCIL OF RAVIDASSIA COMMUNITY

===== FOR MORE INFORMATION PLEASE CONTACT : =====

| PRESIDENT | VICE PRESIDENT | GENERAL SECRETARY |
|---|---|---|
| DALAWER SINGH BAGHA | SURINDER KUMAR SODHI DERBY | JASVIR RAM HEER LEICESTER |
| Tel: 07956 323203 | Tel: 07882 157963 | Tel: 07703 115914 |

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

"ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥ ਅੰਗ 160" । ਨਹੀਂ ਤਾਂ ਹਉਮੈ ਨੂੰ ਮਾਰਨਾ ਸੰਭਵ ਨਹੀਂ ਹੈ । ਸਤਿਗੁਰੂ ਅਰਜਨ ਦੇਵ ਜੀ ਬਚਨ ਕਰਦੇ ਹਨ ਕਿ ਹੈ ਕੋਈ ਐਸਾ ਜੋ ਹਉਮੈ ਨੂੰ ਤੋੜ ਦੇਵੇ? ਇਸ ਮਿੱਠੀ ਤੋਂ ਇਸ ਮਨ ਨੂੰ ਮੋੜ ਦੇਵੇ । "ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ ॥1॥ ਰਹਾਉ ॥ ਅੰਗ 212" । ਪਿਛਲੇ ਜੁਗਾਂ 'ਚ ਵੀ ਕਿਸੇ ਵਿਰਲੇ ਨੇ ਹਉਮੈ ਮਾਰੀ ਹੈ । ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥1॥ ਅੰਗ 1131" । ਇਸ ਕਰਕੇ ਹਉਮੈ ਮਾਰਨ ਨੂੰ ਸ੍ਰੇਸ਼ਟ ਕਰਨੀ ਆਖਿਆ ਗਿਆ ਹੈ । "ਹਉਮੈ ਮਾਰੇ ਕਰਣੀ ਸਾਰੁ ॥7॥ ਅੰਗ 223" । "ਉਹੀ ਸੇਵਕ ਜਨ ਸੱਚੇ ਹਨ ਜਿਹਨਾਂ ਨੇ ਹਉਮੈ ਮਾਰ ਲਈ । "ਸੋ ਜਨੁ ਸਾਚਾ ਜਿ ਹਉਮੈ ਮਾਰੈ ॥ ਅੰਗ 230" । ਹੇ ਰਾਮ! ਉਹੀ ਭਗਤ ਹੈ ਜੋ ਗੁਰੂ ਅਨੁਸਾਰੀ ਹੋਵੇ ਤੇ ਹਉਮੈ ਨੂੰ (ਗੁਰੂ ਦੇ) ਸ਼ਬਦ ਰਾਹੀਂ ਜਲਾ ਦੇਵੇ । "ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥ ਅੰਗ 768" । ਸਤਿਗੁਰੂ ਨਾਨਕ ਦੇਵ ਜੀ ਉਪਦੇਸ਼ਦੇ ਹਨ ਕਿ ਗੁਰਮੁਖ ਆਪਣੇ ਅੰਦਰੋਂ ਹਉਮੈ ਨੂੰ ਗੁਆ ਲੈਂਦਾ ਹੈ ਤਾਂ ਉਹ ਆਤਮਿਕ ਅਡੋਲਤਾ 'ਚ ਸਮਾ ਜਾਂਦਾ ਹੈ । "ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥64॥ ਅੰਗ 945" । ਗੁਰਮੁਖ ਹਉਮੈ ਨੂੰ ਮਾਰ ਕੇ ਆਪਣਾ ਮਨ ਜਿੱਤ ਲੈਂਦਾ ਹੈ । "ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਅੰਗ 946" । ਉਹੀ ਜੋਗੀ ਹੈ ਜੋ ਤੱਤ (ਬ੍ਰਹਮ) ਗਿਆਨ ਨੂੰ ਵਿਚਾਰਦਾ ਹੈ ਤੇ ਜਿਸਨੇ ਹਉਮੈ ਤੇ ਤ੍ਰਿਸ਼ਨਾ ਨੂੰ ਮਾਰ ਲਿਆ । "ਸੋ ਜੋਗੀ ਤਤੁ ਗਿਆਨੁ ਬੀਚਾਰੇ ਹਉਮੈ ਤ੍ਰਿਸਨਾ ਮਾਰੀ ॥22॥ ਅੰਗ 911" ।

ਜੋ ਵੀ ਜਗਤ ਵਿਚ ਆਇਆ ਹੈ ਮੈਂ ਮੈਂ ਕਰਕੇ ਇਸ ਜਗਤ ਤੋਂ ਚਲੇ ਜਾਂਦਾ ਹੈ । "ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ ਅੰਗ 63" । ਹਉਮੈ 'ਚ ਹੀ ਉਹ ਕਰਮ ਕਰਦੇ ਹਨ, ਦੁਖ ਤੇ ਸੁਖ ਵਿਚ ਉਹਨਾਂ ਦਾ ਸਰੀਰ ਜਕੜਿਆ ਜਾਂਦਾ ਹੈ ਤੇ ਉਹਨਾਂ ਨੂੰ ਜਮ ਦਾ ਦੰਡ ਲੱਗਦਾ ਹੈ। "ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ ਅੰਗ 67" । ਅਤੇ "ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥ ਅੰਗ 65" । ਮਾਇਆ ਪ੍ਰਭੂ ਤੋਂ ਬਿਨਾ ਕਿਸੇ ਹੋਰ (ਸਕੇ ਸੰਬੰਧੀ, ਦੋਸਤ ਮਿੱਤਰ ਤੇ ਮਾਇਕ ਪਦਾਰਥਾਂ ਦੇ) ਪਿਆਰ ਵਿਚ ਫਸਾਉਂਦੀ ਹੈ ਜਿਸ ਕਰਕੇ ਆਤਮਿਕ ਅਡੋਲਤਾ ਪੈਦਾ ਨਹੀਂ ਹੁੰਦੀ । ਮਨਮੁਖਤਾ ਵਾਲ਼ੇ ਕਰਮ ਕੀਤਿਆਂ ਮਨੁੱਖ ਹਉਮੈ ਵਿਚ ਆਪ ਵੀ ਸੜਦਾ ਹੈ ਤੇ ਹੋਰਨਾਂ ਨੂੰ ਵੀ ਸਾੜਦਾ ਹੈ । ਉਸ ਦਾ ਜਨਮ ਮਰਨ ਦਾ ਗੇੜ ਮੁੱਕਦਾ ਨਹੀਂ ਤੇ ਉਹ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ । "ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥5॥ ਅੰਗ 68" । ਮੈਂ ਮੈਂ ਕਰਕੇ ਅਣਗਿਣਤ ਇਸ ਦੁਨੀਆਂ ਤੋਂ ਚਲੇ ਜਾਂਦੇ ਹਨ ਤੇ ਅਉਗਣ ਕਰਨ ਕਰਕੇ ਪਛਤਾਉਂਦੇ ਹਨ । "ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥2॥ ਅੰਗ 109" । ਹਉਮੈ ਕਰਕੇ ਸੰਸਾਰ ਝਗੜਿਆਂ 'ਚ ਪੈਂਦਾ ਹੈ ਤੇ ਝਗੜਿਆਂ 'ਚ ਹੀ ਜਗਤ ਮਰ ਮੁੱਕ ਜਾਂਦਾ ਹੈ । "ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ ਅੰਗ 790" । ਹਉਮੈ ਵਿਚ ਸੇਵਾ ਨਹੀਂ ਹੁੰਦੀ ਜਿਸ ਕਰਕੇ ਮਨ ਬਿਰਥਾ (ਜਨਮ ਗੁਆ ਕੇ) ਚਲੇ ਜਾਂਦਾ ਹੈ । "ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥1॥ ਅੰਗ 560" । ਜਿੰਨਾ ਚਿਰ ਇਹ ਮਨ (ਮਾਇਆ ਦੀਆਂ) ਲਹਿਰਾਂ ਵਿਚ (ਡੋਲਦਾ ਰਹਿੰਦਾ ਹੈ) ਉਂਨਾ ਚਿਰ ਇਸ ਦੇ ਅੰਦਰ ਬਹੁਤ ਹਉਮੈ ਹੈ, ਅਹੰਕਾਰ ਹੁੰਦਾ ਹੈ; ਇਸ ਨੂੰ ਸਤਿਗੁਰੂ ਦੇ ਸ਼ਬਦ ਦਾ ਰਸ ਨਹੀਂ ਆਉਂਦਾ ਤੇ ਪ੍ਰਭੂ ਦੇ ਨਾਮ ਨਾਲ਼ ਇਸ ਦਾ ਪਿਆਰ ਨਹੀਂ ਪੈਂਦਾ। ਇਸ ਦੀ ਕੀਤੀ ਹੋਈ ਸੇਵਾ ਕਬੂਲ ਨਹੀਂ ਹੁੰਦੀ ਅਤੇ ਖਿਝ ਖਿਝ ਕੇ ਖੱਜਲ ਖੁਆਰ ਹੁੰਦਾ ਹੈ । "ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥ ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ॥ ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥ ਅੰਗ 1247" । ਜਿਹੜੇ ਹਉਮੈ 'ਚ ਕਰਮ ਕਰਦੇ ਹਨ, ਉਹਨਾਂ ਦਾ ਕੋਈ ਵਾਲੀ ਵਾਰਿਸ ਨਹੀਂ ਹੁੰਦਾ, ਜਿੱਦਾਂ ਕਿ ਵੇਸਵਾ ਦੇ ਪੁੱਤ ਦਾ (ਪਿਤਾ ਦਾ) ਨਾਮ ਨਹੀਂ ਹੁੰਦਾ । "ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥ ਅੰਗ 82"। ਹਉਮੈ ਵਿਚ ਗਾਉਣਾ ਬਿਰਥਾ ਜਾਂਦਾ ਹੈ । ਅੰਗ 153" । ਹਉਮੈ ਵਿਚ ਸਾਰਾ ਜਗਤ ਕਮਲਾ ਹੋਇਆ ਫਿਰਦਾ ਹੈ ਅਤੇ ਹਉਮੈ ਕਰਕੇ ਇਹ ਸਾਰਾ ਸੰਸਾਰ ਮੈਲਾ ਹੈ। "ਹਉਮੈ ਵਿਚਿ ਸਭੁ ਜਗੁ ਬਉਰਾਨਾ ॥ ਅੰਗ 159" । ਅਤੇ "ਹਉਮੈ ਮੈਲਾ ਇਹੁ ਸੰਸਾਰਾ ॥ ਅੰਗ 230" । ਸਾਰਾ ਸੰਸਾਰ ਮਾਇਆ ਦੇ ਤਿੰਨਾਂ ਗੁਣਾਂ ਵਿਚ ਵਰਤਦਾ ਹੈ ਤੇ ਹਉਮੈ ਵਿਚ ਆਪਣੀ ਇੱਜ਼ਤ ਗੁਆ ਲੈਂਦਾ ਹੈ । "ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥ ਅੰਗ 604" । ਇੱਥੋਂ ਤੱਕ ਕਿ ਬ੍ਰਹਮਾ, ਵਿਸ਼ਨੂ ਤੇ ਮਹੇਸ਼ ਵੀ ਮਾਇਆ ਦੇ ਤਿੰਨਾਂ ਗੁਣਾ 'ਚ ਭੁੱਲੇ ਫਿਰਦੇ ਹਨ ਤੇ ਉਹਨਾਂ ਨੇ ਮਾਇਆ ਮੋਹ ਵਧਾਇਆ ਹੋਇਆ ਹੈ । "ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥ ਅੰਗ 852" । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਹਉਮੈ ਤੇ ਮਾਇਆ ਮੋਹ ਵਿਚ ਮੈਂ ਜਗਤ ਨੂੰ ਜਲਦਾ ਦੇਖ ਲਿਆ ਹੈ । "ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ ਅੰਗ 651" । ਹਉਮੈ ਪ੍ਰਭੂ ਤੇ ਜੀਵ ਵਿਚਾਲੇ ਪੜਦਾ ਹੈ, ਜਿਸ ਕਰਕੇ ਆਪਣੇ ਅੰਦਰ ਅਦ੍ਰਿਸ਼ਟ ਪ੍ਰਭੂ ਨੂੰ ਦੇਖਿਆ ਨਹੀਂ ਜਾ ਸਕਦਾ । "ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ ਅੰਗ 205" । ਹਉਮੈ ਨੇ ਜਗਤ ਨੂੰ ਕੁਰਾਹੇ ਪਾਇਆ ਹੋਇਆ ਹੈ ਤੇ ਦੁਰਮਤਿ ਦਾ ਸ਼ਿਕਾਰ ਹੋਇਆ ਵਿਸ਼ੇ ਵਿਕਾਰਾਂ 'ਚ ਫਸਿਆ ਰਹਿੰਦਾ ਹੈ । "ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥ ਅੰਗ 312" । ਹਉਮੈ ਕਰਕੇ ਹੀ ਸਭ ਸਰੀਰ ਹੈ, ਹਉਮੈ ਕਾਰਨ ਹੀ ਉਤਪਤੀ ਹੁੰਦੀ ਹੈ । ਹਉਮੈ ਅਗਿਆਨਤਾ ਦਾ ਬੜਾ ਘੁੱਪ ਹਨੇਰਾ ਹੈ, ਹਉਮੈ ਵਿਚ ਕਿਸੇ ਨੂੰ (ਪਰਮਾਰਥ ਦੀ) ਸੋਝੀ ਨਹੀਂ ਹੁੰਦੀ । ਹਉਮੈ ਵਿਚ ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ ਤੇ ਉਸਦਾ ਹੁਕਮ ਨਹੀਂ ਬੁਝਿਆ ਜਾ ਸਕਦਾ । ਹਉਮੈ ਜੀਵ ਬੰਧਨ ਵਿਚ ਹੁੰਦਾ ਹੈ ਤੇ ਪਰਮਾਤਮਾ ਦਾ ਨਾਮ ਮਨ ਵਿਚ ਨਹੀਂ ਵਸਦਾ । "ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥2॥ ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥3॥ ਅੰਗ 560" । ਹਉਮੈ ਵਿਚ ਬੰਦਾ ਫਿੱਕਾ ਬੋਲਦਾ ਹੈ ਤੇ ਪ੍ਰਭੂ ਭਗਤੀ ਦੀ ਕਾਰ ਨੂੰ ਸਮਝ ਨਹੀਂ ਸਕਦਾ । "ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ ॥ ਅੰਗ 1420" । ਹਉਮੈ ਮਨੁਖੀ ਮਨ ਵਿਚ ਪਸ਼ੂਆਂ ਦੇ ਪੈਰ 'ਚ ਪਾਏ ਡੰਡੇ ਵਾਂਗ ਹੈ ਜੋ ਕਿ ਮਨੁਖ ਨੂੰ ਪਰਮਾਰਥ ਦੇ ਰਸਤੇ ਤੇ ਚੱਲਣ ਨਹੀਂ ਦਿੰਦਾ । "ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਅੰਗ 1189" । ਸਤਿਗੁਰੂ ਜੀ ਦਰਸਾਉਂਦੇ ਹਨ ਕਿ ਸਜਨਾ ਮੈ ਤਿੰਨੇ ਲੋਕਾਂ ਨੂੰ ਢੂੰਡ ਕੇ ਦੇਖ ਲਿਆ ਹੈ, ਹਉਮੈ ਇਸ ਜਗਤ ਵਿਚ ਬੁਰੀ ਹੈ ॥ "ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ ॥ "ਅੰਗ 1080" । ਅਸੀਂ ਇਹ ਭੁੱਲ ਜਾਂਦੇ ਹਾਂ ਕਿ (ੳ) ਹਉਮੈ, ਅਪਣੱਤ ਤੇ ਮਾਇਆ (ਧਨ ਦੌਲਤ, ਸਕੇ ਸੰਬੰਧੀ ਤੇ ਮਾਇਕ ਪਦਾਰਥ, ਆਦਿ) ਕਿਸੇ ਦੇ ਨਾਲ ਨਹੀਂ ਜਾਂਦੇ । "ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ ॥ ਅੰਗ 437" । ਅਤੇ (ਅ) ਹਉਮੈ ਵਿਚ ਜੀਵ ਤੋਂ ਲੇਖਾ ਮੰਗਿਆ ਜਾਂਦਾ ਹੈ ਤੇ ਫਿਰ ਫਿਰ ਜੰਮਦਾ ਮਰਦਾ ਹੈ । "ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥ ਅੰਗ 643" । ਇਸ ਕਰਕੇ ਸਤਿਗੁਰੂ ਜੀ ਸਾਨੂੰ ਸੁਮਤਿ ਬਖਸ਼ਦੇ ਹਨ ਕਿ ਭੋਲਿਆ ਹਉਮੈ ਵਾਲ਼ੀ ਸੁਰਤੀ ਨੂੰ ਛੱਡ ਦੇ । "ਭੋਲਿਆ ਹਉਮੈ ਸੁਰਤਿ ਵਿਸਾਰਿ ॥ ਅੰਗ 1168" ।

ਬਾਕੀ ਅਗਲੇ ਹਫ਼ਤੇ

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..............................................................
ADDRESS........................................................
........................................POST CODE......................
TEL..................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
*www.panjabtimes.uk Email: Panjabtimes@aol.com*

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

**ਲੜੀਵਾਰ ਨਾਵਲ**
**ਸ਼ਿਵਚਰਨ ਜੱਗੀ (ਕੁੱਸਾ)**



**ਫੋਨ : 07853 317 891**
Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ 25**

# ਇੱਕ ਮੇਰੀ ਅੱਖ ਕਾਸ਼ਣੀ...

**ਵਿਆਹ ਬੜਾ 'ਸਾਦਾ' ਹੋਇਆ ਸੀ। ਸਾਰਾ ਲਾਣਾਂ-ਬਾਣਾਂ ਖ਼ੁਸ਼ੀ ਵਿੱਚ ਫ਼ੁੱਲਿਆ ਨਹੀਂ ਸਮਾਉਂਦਾ ਸੀ। ਦਾਦੀ ਸਭ ਤੋਂ ਜ਼ਿਆਦਾ ਬਾਗੋ ਬਾਗ ਸੀ। ਉਸ ਨੇ ਸ਼ਿੰਗਾਰਾ ਸਿਉਂ ਨੂੰ 'ਵਿਚੋਲਗਿਰੀ' ਦੀ ਪੂਰੇ ਇੱਕ ਤੋਲ਼ੇ ਦੀ ਛਾਪ ਪਾਈ ਸੀ। ਜਿੰਦਰ ਅਤੇ ਜਸਮੇਲ ਕੌਰ ਵੀ ਪੂਰੇ ਖੇੜੇ ਵਿੱਚ ਸਨ। ਜੋ ਉਹਨਾਂ ਦੀ ਚਿਰੋਕਣੀ ਰੀਝ ਸੀ, ਇਕਲੌਤੀ ਧੀ ਦਾ ਇੰਗਲੈਂਡ ਵਿੱਚ ਵਿਆਹ ਹੋ ਗਿਆ ਸੀ। ਰੱਬ ਨੇ ਨੇੜੇ ਹੋ ਕੇ ਸੁਣ ਲਈ ਸੀ। ਉਹਨਾਂ ਦੀ ਰਹਾਇਸ਼ ਚੰਡੀਗੜ੍ਹ ਕੋਠੀ ਵਿੱਚ ਹੀ ਸੀ।**

**ਰੌਨੀ ਬਹੁਤਾ ਰਲ਼ਾਉਟਾ ਤਾਂ ਨਹੀਂ ਸੀ। ਪਰ ਬਿਨਾ ਗੱਲੋਂ ਤੰਗ ਜਿਹਾ ਕਰਨ ਵਾਲ਼ਾ ਵੀ ਨਹੀਂ ਸੀ। ਉਸ ਦੀ ਭੈਣ ਮਿੰਲੀ ਬੜੀ ਹੀ ਰਲ਼ਾਉਟੀ ਅਤੇ ਦਿਲ ਲੁਆਉਣ ਵਾਲ਼ੀ ਖ਼ੁਸ਼ਦਿਲ ਕੁੜੀ ਸੀ। ਉਹ ਅਮਨ ਨੂੰ "ਪਾਬੀ ਜੀ - ਪਾਬੀ ਜੀ" ਕਰਦੀ ਫ਼ਿਰਦੀ।**




## ਕਾਂਡ 12

ਵੈਸੇ ਪ੍ਰੀਤ ਮਿਹਣੋਂ ਮਿਹਣੀ ਹੋਣ ਵਾਲੀ ਨਸਲ ਵਿੱਚੋਂ ਨਹੀਂ ਸੀ। ਪਰ ਫ਼ਿਰ ਵੀ ਉਸ ਨੇ ਪਹਿਲੀ ਨਜ਼ਰੇ ਇਹੀ ਸੋਚਣਾ ਸੀ ਕਿ "ਬਾਹਰਲੇ" ਰਿਸ਼ਤੇ ਉਪਰ "ਡੁੱਲ" ਗਈ। ਜੇ ਪ੍ਰੀਤ ਨੂੰ ਦੱਸੇ ਬਿਨਾ ਚਲੀ ਗਈ ਤਾਂ ਫ਼ਿਰ ਇਸ ਤੋਂ ਵੀ ਵੱਡਾ 'ਗੁਨਾਂਹ' ਹੋਵੇਗਾ...। ਉਸ ਨੂੰ ਕਿਵੇਂ ਦੱਸਿਆ ਜਾਵੇ ਕਿ ਪ੍ਰੀਤ ਸਿਆਂ, ਅਮਨ ਹੁਣ 'ਤੇਰੀ' ਨਹੀਂ, ਹੁਣ ਉਹ ਰੌਨੀ ਦੀ 'ਨਾਰ' ਬਣ ਕੇ ਇੰਗਲੈਂਡ ਨੂੰ 'ਕੂਚ' ਕਰੇਗੀ...।

ਅਮਨ ਨੂੰ ਕੁਝ ਵੀ ਸੁੱਝ ਨਹੀਂ ਰਿਹਾ ਸੀ ਕਿ ਉਹ ਕੀ ਕਰੇ...? ਅੱਜ ਉਸ ਨੂੰ ਸੱਸੀ 'ਤੇ ਬੀਤੇ ਦੁਖਾਂਤਿਕ ਪਲਾਂ ਦਾ ਖਿਆਲ ਆਇਆ, ਕਿ ਕਿੰਨਾਂ ਔਖਾ ਸਮਾਂ ਹੋਊਗਾ ਓਸ ਵੇਲ਼ੇ ਮਾਰੂਥਲਾਂ ਵਿੱਚ...? ਜਦ ਪੁੰਨੂੰ ਨੂੰ ਉਸ ਦੇ ਰਿਸ਼ਤੇਦਾਰ ਕਤਾਵੇ ਵਿੱਚ ਪਾ ਕੇ ਤੁਰਦੇ ਬਣੇ ਸਨ..? ਹਾਲ ਤਾਂ ਪੁੰਨੂੰ ਦਾ ਵੀ ਕੋਈ ਸੁਖਾਂਤਿਕ ਨਹੀਂ ਹੋਣਾ...? ਪਰ ਉਥੋਂ ਤੱਕ ਕੋਈ ਸ਼ਾਇਰ ਜਾਂ ਕੋਈ ਖੋਜੀ ਪਹੁੰਚਿਆ ਹੀ ਨਹੀਂ ਸ਼ਾਇਦ...? ਜਾਂ ਪ੍ਰੀਤ ਨੂੰ ਦੱਸਾਂ ਹੀ ਕੁਛ ਨਾ...? ਚੁੱਪ ਚਾਪ ਵਿਦਾ ਹੋ ਕੇ ਤੁਰ ਜਾਵਾਂ...? ਪਰ ਇਹ ਕਿੱਥੋਂ ਦਾ ਇਨਸਾਫ਼ ਹੈ...? ਇਹ ਤਾਂ ਪ੍ਰੀਤ ਨਾਲ਼ ਹੋਰ ਵੀ ਵੱਡਾ ਧੋਖਾ ਹੋਵੇਗਾ..। ਇੱਕ ਚੋਰੀ, ਤੇ ਦੂਜੀ ਸੀਨਾਂ ਜੋਰੀ...। ਅਗਲੇ ਦਿਨ ਕਾਲਜ ਜਾਣ ਦੇ ਬਹਾਨੇ ਉਹ ਘਰੋਂ ਨਿਕਲ਼ ਤੁਰੀ।

ਗੁਲਮੋਹਰ ਪਾਰਕ ਦੇ ਇੱਕ ਖੂੰਜੇ ਉਹ ਪ੍ਰੀਤ ਕੋਲ਼ 'ਸਿਲ਼ ਪੱਥਰ' ਹੋਈ ਬੈਠੀ ਸੀ। ਪ੍ਰੀਤ ਵੀ ਨਿਰੁੱਤਰ ਸੀ। ਉਸ ਨੂੰ ਵੀ ਕੁਝ ਔੜ ਨਹੀਂ ਰਿਹਾ ਸੀ ਕਿ ਕੀ ਕਹੇ...? ਸ਼ਾਂਤ ਸਾਗਰ ਵਿੱਚ ਇਹ ਇੱਕ ਦਮ ਕੀ ਪੱਥਰ ਆ ਡਿੱਗਿਆ ਸੀ, ਜਿਸ ਨੇ ਉਹਨਾਂ ਦੀਆਂ ਸਧਰਾਂ ਦੀ ਕਿਸ਼ਤੀ ਮੰਝਧਾਰ ਵਿੱਚ ਠੇਲ੍ਹ ਦਿੱਤੀ ਸੀ...।

-"ਹੁਣ ਦੱਸ ਮੈਨੂੰ ਕੀ ਕਰਨਾ ਚਾਹੀਦੈ, ਪ੍ਰੀਤ...?" ਬੇਵੱਸ ਅਮਨ ਨੇ ਹੀ ਚੁੱਪ ਤੋੜੀ।

-"ਹੁਣ ਤਾਂ ਸਾਰਾ ਕੁਛ ਹੋ ਚੁੱਕਿਐ ਜਿੰਦ ਮੇਰੀਏ, ਹੁਣ ਕਲਪਣ ਦਾ ਕੋਈ ਫ਼ਾਇਦਾ ਨਹੀਂ, ਜੇ ਇਹ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੇਰੇ ਕੋਲ਼ ਆ ਜਾਂਦੀ, ਆਪਾਂ ਬਥੇਰੇ 'ਹੱਲ' ਕੱਢ ਲੈਣੇ ਸੀ, ਪਰ ਹੁਣ ਤਾਂ ਉਡਦੇ ਬੱਦਲ਼ਾਂ ਨੂੰ ਇੱਟ ਵੱਟੇ ਮਾਰਨ ਵਾਲ਼ੀ ਗੱਲ ਹੋਊ..। ਪਰ ਲਾਭ ਕੋਈ ਨੀ ਹੋਣਾ...।"

-"...................।"

-"ਹੁਣ ਤਾਂ ਬੱਸ ਭਾਣਾ ਮੰਨ, ਤੇ ਝੰਮਣ ਚੱਕ ਕੇ ਚੜ੍ਹ ਡੋਲੀ ਪਤੀ ਪ੍ਰਮੇਸ਼ਰ ਦੀ...। ਜਿਉਂਦੀਆਂ ਰੂਹਾ ਦੇ ਮੇਲੇ ਤਾਂ ਹੁੰਦੇ ਈ ਰਹਿੰਦੇ ਐ, ਕੁਦਰਤ ਦਾ ਕੀ ਪਤਾ ਕਿਸੇ ਮੋੜ 'ਤੇ ਫ਼ੇਰ ਮੇਲ਼ ਕਰਵਾ ਦੇਵੇ...? ਰੱਬ ਦੇ ਘਰ ਦੇਰ ਹੋ ਸਕਦੀ ਐ, ਪਰ ਹਨ੍ਹੇਰ ਕਦੇ ਵੀ ਨਹੀਂ..। ਪਰ ਮੈਂ ਤਾਂ ਤੈਨੂੰ 'ਬੁੱਢ ਸੁਹਾਗਣ' ਹੋਣ ਦੀ ਅਸੀਸ ਹੀ ਦਿਊਂਗਾ, ਇਹੀ ਅਰਦਾਸ ਕਰੂੰਗਾ ਕਿ ਤੇਰਾ ਪਤੀ ਜੁੱਗ ਜੁੱਗ ਜੀਵੇ, ਤੇ ਤੂੰ ਸਦਾ ਸੁਹਾਗਣ ਰਹੇਂ...!"

-"..............।" ਅਮਨ ਅੱਖਾਂ ਭਰ ਆਈ।

-"ਅਗਰ ਰੋਣ ਦਾ ਕੋਈ ਫ਼ਾਇਦਾ ਹੁੰਦਾ, ਮੈਂ ਵੀ ਤੇਰੇ ਨਾਲ਼ ਰੋਣ ਲੱਗ ਜਾਂਦਾ...। ਅਗਰ ਮਿਹਣੇ ਦੇਣ ਨਾਲ਼ ਜੇ ਆਪਣਾ ਮਸਲਾ ਹੱਲ ਹੁੰਦਾ, ਤਾਂ ਹੁਣ ਨੂੰ ਮਿਹਣਿਆਂ ਦੀ ਝੜੀ ਲਾਈ ਹੋਣੀ ਸੀ...। ਦੂਸ਼ਣ ਲਾਉਣ ਨਾਲ਼ ਕੁਝ ਪੱਲੇ ਪੈਂਦਾ ਹੁੰਦਾ, ਤਾਂ ਪੰਜਾਹ ਲਾ ਦਿੰਦਾ...। ਪਰ ਇਹਨਾਂ ਗੱਲਾਂ ਦਾ ਫ਼ਾਇਦਾ ਹੀ ਕੋਈ ਨੀ, ਬੱਸ ਹੁਣ ਤਾਂ ਜਿਵੇਂ ਹੀਰ ਨੇ ਡੋਲੀ ਵਿੱਚ ਬੈਠਦਿਆਂ ਰਾਂਝੇ ਨੂੰ ਰੱਬ ਦੇ 'ਲੜ' ਲਾਇਆ ਸੀ; "ਜਾਹ ਵੇ ਰਾਂਝਣਾਂ ਰੱਬ ਨੂੰ ਸੌਂਪਿਆ ਤੂੰ" ਵਾਲ਼ੀ ਗੱਲ ਕਰ ਕੇ ਜਾਹ, ਤਾਂ ਕਿ ਕਿਸੇ ਮੋੜ 'ਤੇ ਆ ਕੇ ਮੈਂ ਨਾ ਡੋਲ ਜਾਂਵਾਂ...।"

-"ਕੱਲਾ ਨਾ ਰਹੀਂ...। ਵਿਆਹ ਕਰਵਾ ਲਈਂ...!" ਉਸ ਨੇ ਅੱਥਰੂ ਪੂੰਝੇ।

-"ਪਹਿਲਾਂ ਤੂੰ ਤਾਂ ਸੁਆਦ ਲੈ ਵਿਆਹੁਤਾ ਜ਼ਿੰਦਗੀ ਦੇ, ਜੇ ਤੈਨੂੰ ਰਾਸ ਆ ਗਿਆ, ਮੈਂ ਵੀ ਕਰਵਾ ਲਊਂ...।" ਪ੍ਰੀਤ ਮੁਸਕਰਾਇਆ।

-"ਗਲਵਕੜੀ ਨੀ ਪਾਵੇਂਗਾ...?" ਉਸ ਨੇ ਇੱਕ ਬੱਧੀ ਰੁੱਧੀ ਆਸ ਬੰਨ੍ਹ ਕੇ ਪੁੱਛਿਆ।

-"ਪਾਪ ਲੱਗੂ...!" ਪ੍ਰੀਤ ਨੇ ਹਾਉਕੇ ਨਾਲ ਲਿੱਬੜੀ ਮੁਸਕਾਣ ਛੱਡੀ।

-"............।" ਅਮਨ ਉਠ ਕੇ ਤੁਰ ਆਈ

## ਕਾਂਡ 13

ਅਮਨ ਦਾ ਵਿਆਹ ਹੋ ਗਿਆ।

ਵਿਆਹ ਬੜਾ 'ਸਾਦਾ' ਹੋਇਆ ਸੀ। ਸਾਰਾ ਲਾਣਾਂ-ਬਾਣਾਂ ਖ਼ੁਸ਼ੀ ਵਿੱਚ ਫ਼ੁੱਲਿਆ ਨਹੀਂ ਸਮਾਉਂਦਾ ਸੀ। ਦਾਦੀ ਸਭ ਤੋਂ ਜ਼ਿਆਦਾ ਬਾਗੋ ਬਾਗ ਸੀ। ਉਸ ਨੇ ਸ਼ਿੰਗਾਰਾ ਸਿਉਂ ਨੂੰ 'ਵਿਚੋਲਗਿਰੀ' ਦੀ ਪੂਰੇ ਇੱਕ ਤੋਲ਼ੇ ਦੀ ਛਾਪ ਪਾਈ ਸੀ। ਜਿੰਦਰ ਅਤੇ ਜਸਮੇਲ ਕੌਰ ਵੀ ਪੂਰੇ ਖੇੜੇ ਵਿੱਚ ਸਨ। ਜੋ ਉਹਨਾਂ ਦੀ ਚਿਰੋਕਣੀ ਰੀਝ ਸੀ, ਇਕਲੌਤੀ ਧੀ ਦਾ ਇੰਗਲੈਂਡ ਵਿੱਚ ਵਿਆਹ ਹੋ ਗਿਆ ਸੀ। ਰੱਬ ਨੇ ਨੇੜੇ ਹੋ ਕੇ ਸੁਣ ਲਈ ਸੀ। ਉਹਨਾਂ ਦੀ ਰਹਾਇਸ਼ ਚੰਡੀਗੜ੍ਹ ਕੋਠੀ ਵਿੱਚ ਹੀ ਸੀ।

ਰੌਨੀ ਬਹੁਤਾ ਰਲ਼ਾਉਟਾ ਤਾਂ ਨਹੀਂ ਸੀ। ਪਰ ਬਿਨਾ ਗੱਲੋਂ ਤੰਗ ਜਿਹਾ ਕਰਨ ਵਾਲ਼ਾ ਵੀ ਨਹੀਂ ਸੀ। ਉਸ ਦੀ ਭੈਣ ਮਿੰਲੀ ਬੜੀ ਹੀ ਰਲ਼ਾਉਟੀ ਅਤੇ ਦਿਲ ਲੁਆਉਣ ਵਾਲ਼ੀ ਖ਼ੁਸ਼ਦਿਲ ਕੁੜੀ ਸੀ। ਉਹ ਅਮਨ ਨੂੰ "ਪਾਬੀ ਜੀ - ਪਾਬੀ ਜੀ" ਕਰਦੀ ਫ਼ਿਰਦੀ। ਅਮਨ ਉਸ ਨੂੰ ਬਥੇਰਾ ਸਮਝਾਉਂਦੀ ਕਿ "ਪਾਬੀ ਜੀ" ਨਹੀਂ "ਭਾਬੀ ਜੀ" ਕਹੀਦਾ ਹੁੰਦਾ। ਪਰ ਸ਼ਾਇਦ 'ਭਾਬੀ ਜੀ' ਕਹਿਣਾ ਉਸ ਦੇ ਵੱਸ ਦਾ ਰੋਗ ਨਹੀਂ ਸੀ। ਇੰਗਲੈਂਡ ਵਿੱਚ ਜੰਮੀ, ਇੰਗਲੈਂਡ ਵਿੱਚ ਪਲ਼ੀ ਅਤੇ ਇੰਗਲੈਂਡ ਵਿੱਚ ਪੜ੍ਹੀ ਅਤੇ ਵੱਡੀ ਹੋਈ ਮਿੰਲੀ ਦਾ ਸ਼ਬਦੀ ਉਚਾਰਨ ਕੁਦਰਤੀ ਹੀ ਇੰਗਲੈਂਡ ਵਾਲ਼ਾ ਸੀ।

ਰੌਨੀ ਥੋੜ੍ਹਾ ਜ਼ਿੱਦੀ ਇਨਸਾਨ ਸੀ। ਮਾਂ ਬਾਪ ਦਾ ਇਕਲੌਤਾ ਪੁੱਤਰ ਵਿਗੜਿਆ ਤਾਂ ਨਹੀਂ, ਪਰ ਸਾਊ ਵੀ ਨਹੀਂ ਸੀ। ਪੱਬਾਂ ਕਲੱਬਾਂ ਵਿੱਚ ਜਾਣਾ ਉਸ ਦਾ 'ਸ਼ੌਂਕ' ਸੀ। ਸ਼ਰਾਬ ਦਾ ਉਹ ਆਦੀ ਤਾਂ ਨਹੀਂ ਸੀ, ਪਰ ਸ਼ਰਾਬ ਪੀਣ ਦਾ ਸ਼ੌਕੀਨ ਜ਼ਰੂਰ ਸੀ। ਸ਼ਬਾਬ ਨੂੰ ਮਾਨਣਾ ਉਸ ਦਾ ਹੋਰ ਵੀ ਕੁਵੱਲਾ ਮਨੋਰੰਜਨ ਬਣਾਇਆ ਹੋਇਆ ਸੀ।

-"ਤੂੰ ਮੈਨੂੰ ਇਹ ਨਹੀਂ ਪੁੱਛੇਂਗੀ ਕਿ ਮੇਰਾ ਪਹਿਲੀ ਘਰਵਾਲ਼ੀ ਨਾਲ਼ ਤਲਾਕ ਕਿਉਂ ਹੋਇਆ...?" ਰੌਨੀ ਨੇ ਅਮਨ ਨਾਲ਼ ਪਏ ਨੇ ਅਚਾਨਕ ਉੱਘ ਦੀ ਪਤਾਲ਼ ਗੱਲ ਕੱਢ ਮਾਰੀ।

-"ਉਹ ਤੁਹਾਡਾ 'ਪਾਸਟ' ਹੈ ਜਨਾਬ, ਤੇ ਤੁਹਾਡੇ 'ਪਾਸਟ' ਨਾਲ਼ ਮੈਨੂੰ ਕੋਈ ਸਰੋਕਾਰ ਨਹੀਂ..। ਜ਼ਿੰਦਗੀ 'ਚ ਵੀਹ ਗੱਲਾਂ ਹੋ ਜਾਂਦੀਐਂ...। ਜੇ ਆਪਾਂ ਹਰ ਗੱਲ 'ਚ ਉਲ਼ਝ ਜਾਈਏ, ਜ਼ਿੰਦਗੀ ਆਸਥਾ ਨਹੀਂ, ਬੋਝ ਬਣ ਜਾਂਦੀ ਐ...।"

-"ਵਾਹ...! ਤੂੰ ਤਾਂ ਫ਼ਿਲਾਸਫ਼ਰ ਲੱਗਦੀ ਐਂ...।"

-"ਕਾਹਨੂੰ ਫ਼ਿਲਾਸਫ਼ਰ ਆਂ ਜੀ, ਮੈਂ ਤਾਂ ਅਜੇ ਆਪਣੀ ਬੇਸਿਕ ਪੜ੍ਹਾਈ ਵੀ ਪੂਰੀ ਨਹੀਂ ਕੀਤੀ ਅਜੇ..।"

-"ਯੂ. ਕੇ. ਜਾ ਕੇ ਕਰ ਲੈਣੀ...।" ਰੌਨੀ ਨੇ ਅਮਨ ਨੂੰ ਜੱਫੀ ਵਿੱਚ ਲੈ ਲਿਆ। ਰੌਨੀ ਦੀ ਕਹੀ ਗੱਲ 'ਤੇ ਅਮਨ ਨੂੰ ਰੌਨੀ ਦਾ ਮੋਹ ਜਿਹਾ ਆਇਆ, ਜਿਸ ਨੇ ਅਪਣੱਤ ਵਾਲ਼ੀ ਗੱਲ ਕੀਤੀ ਸੀ।

ਅਮਨ ਅਤੇ ਰੌਨੀ ਖ਼ੁਸ਼ ਸਨ। ਪਰ ਦੁਨੀਆਂ ਵਿੱਚ ਇੱਕ ਬੜੀ 'ਮਨਹੂਸ' ਖ਼ਬਰ ਫ਼ੈਲੀ। ਕੋਈ 'ਕੋਰੋਨਾ' ਬਿਮਾਰੀ ਦੀ 'ਮਹਾਂਮਾਰੀ' ਦੁਨੀਆਂ ਭਰ ਵਿੱਚ ਫ਼ੈਲ ਗਈ ਸੀ, ਜਿਸ ਕਾਰਨ ਸਾਰੀ ਦੁਨੀਆਂ ਡਰ ਕੇ ਅੰਦਰ ਵੜ ਗਈ ਸੀ। ਬਿਮਾਰੀ ਦੀ ਰੋਕਥਾਮ ਲਈ ਤਮਾਮ ਰੇਲਵੇ ਸਟੇਸ਼ਨ, ਏਅਰਪੋਰਟ ਬੰਦ ਕਰ ਦਿੱਤੇ ਗਏ ਸਨ। ਜੋ ਜਿੱਥੇ ਸੀ, ਓਥੇ ਹੀ 'ਫ਼ਸ' ਗਿਆ ਸੀ। ਕਿੱਧਰੇ ਕੋਈ ਬੱਸ ਨਹੀਂ ਜਾ ਰਹੀ ਸੀ। ਜਿਹੜਾ ਵੀ ਕੋਈ ਬਾਹਰ ਨਿਕਲ਼ਦਾ ਸੀ, ਪੁਲੀਸ ਵਾਲ਼ੇ ਟਿਕਾਅ ਕੇ 'ਸੇਵਾ' ਕਰਦੇ ਅਤੇ ਮੋੜ ਕੇ ਪਸ਼ੂਆਂ ਵਾਂਗ ਅੰਦਰ ਵਾੜ ਦਿੰਦੇ। ਸਭ ਤੋਂ ਔਖੇ ਦਾਰੂ ਦੇ ਸ਼ੌਕੀਨ ਸਨ।

ਕੋਰੋਨਾ ਚੱਲੇ ਨੂੰ ਕਰੀਬ ਦੋ ਮਹੀਨੇ ਹੋ ਚੱਲੇ ਸਨ। ਪਰ ਇਹ ਕਹਿਰ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ ਸੀ। ਰੌਨੀ ਦਾ ਵੀ ਦਾਰੂ ਬਿਨਾ ਔਖਾ ਹੋਇਆ ਪਿਆ ਸੀ।

ਉਸ ਨੂੰ ਦਾਰੂ ਬਿਨਾ ਨੀਂਦ ਨਹੀਂ ਆਉਂਦੀ ਸੀ। ਉਸ ਦਾ ਕੋਟਾ ਪੂਰਾ ਕਰਨ ਲਈ ਰੌਨੀ ਦੇ ਬਾਪ ਡੇਵ ਨੇ ਆਪਣੇ ਇੱਕ ਦੋਸਤ ਬਲਦੇਵ ਸਿਉਂ ਨੂੰ 'ਗੁਹਾਰ' ਲਾਈ ਅਤੇ ਉਸ ਦਾ ਮਿੱਤਰ ਬਲਦੇਵ ਸਿਉਂ ਰੌਨੀ ਨੂੰ ਆਪਣਾ ਅਸਰ ਰਸੂਖ਼ ਵਰਤ ਕੇ ਬਾਰਾਂ ਕੁ ਬੋਤਲਾਂ "ਥਰੀ ਐਕਸ ਰੰਮ" ਦੀਆਂ ਫੜ ਲਿਆਇਆ।

-"ਲੈ ਪੁੱਤ ਸੋਹਣਿਆਂ, ਬਾਰਾਂ ਬੋਤਲਾਂ ਨਾਲ਼ ਤੇਰੇ ਤਿੰਨ ਹਫ਼ਤੇ ਲੰਘ ਜਾਣਗੇ, ਫ਼ੇਰ ਹੋਰ ਲਿਆ ਦਿਊਂਗਾ, ਦਾਰੂ ਦੀ ਚਿੰਤਾ ਨਾ ਕਰੀਂ..। ਨਦੀਆਂ ਵਗਾ ਦਿਆਂਗੇ...।"

-"ਆਹ ਤਾਂ ਰੰਗ ਲਾਅਤਾ ਬਲਦੇਵ ਸਿਆਂ...।"

-"ਇੱਕ ਗੱਲ ਹੋਰ ਐ ਪੁੱਤ, ਬਾਹਰ ਨਾ ਜਾਈਂ, ਪੁਲ਼ਸ ਆਲ਼ੇ ਗੱਲ ਨੀ ਪੁੱਛਦੇ, ਬੱਸ ਪਰਾਗਾ ਈ ਪਾ ਲੈਂਦੇ ਐ, ਉਹ ਨਾ ਗੱਲ ਹੋਵੇ, ਕਿ ਬਿਨਾ ਗੱਲੋਂ ਪੁੜੇ ਕੁੱਟ ਦੇਣ, ਇਹ ਪੰਜਾਬ ਪੁਲੀਸ ਐ, ਤੇਰੇ ਇੰਗਲੈਂਡ ਆਲ਼ੀ ਨੀ, ਬਈ 'ਸਰ' ਆਖ ਕੇ ਗੱਲ ਕਰੂ...।"

ਰੌਨੀ ਦਾ ਬਾਪ 'ਡੇਵ' ਅਤੇ ਫ਼ੌਜੀ ਦੋਸਤ ਬਲਦੇਵ ਸਿੰਘ ਪੀਣ ਲੱਗ ਪਏ।

-"ਯਾਰ ਬਲਦੇਵ, ਆਪਣੇ ਯਾਰ ਪ੍ਰੇਮ ਸਿਉਂ ਦਾ ਕੀ ਹਾਲ ਐ...?"

-"ਉਹਦੀ ਵੀ ਦਾਸਤਾਂ ਸਾਲ਼ੀ ਬਹੁਤ ਕਹਿਰ ਭਰੀ ਐ...। ਉਹ ਦੇ ਨਾਲ਼ ਵੀ ਬਚਪਨ ਤੋਂ ਲੈ ਕੇ ਹੁਣ ਤੱਕ 'ਹਾਦਸੇ' ਈ ਵਾਪਰੇ ਐ...। ਉਹਦਾ ਤਾਂ ਬਚਪਨ ਤੋਂ ਲੈ ਕੇ ਹੁਣ ਤੱਕ ਜੀਵਨ ਸੰਘਰਸ਼ ਭਰਿਆ ਈ ਰਿਹੈ...।"

ਬਲਦੇਵ ਸਿਉਂ ਨੇ ਪ੍ਰੇਮ ਸਿਉਂ ਦੀ ਸਾਰੀ ਕਹਾਣੀ ਦੱਸਣੀ ਸ਼ੁਰੂ ਕੀਤੀ।....

....ਸੂਰਜ ਸਿਰ 'ਤੇ ਸੀ।

ਸਰਦੀ ਦਾ ਮੌਸਮ ਸੀ।

ਹਸਪਤਾਲ ਵਾਲ਼ੇ ਬੈੱਡ ਤੋਂ ਉਠ ਕੇ ਪ੍ਰੇਮ ਸਿਉਂ ਬਾਹਰ ਹਸਪਤਾਲ ਦੇ ਵਿਹੜੇ ਵਿੱਚ ਆ ਖੜ੍ਹਾ। ਹੋਰ ਮਰੀਜ਼ਾਂ ਦੇ ਨਜ਼ਦੀਕੀ ਅਤੇ ਰਿਸ਼ਤੇਦਾਰ 'ਆਪਣਿਆਂ' ਦਾ ਪਤਾ ਲੈਣ ਆਏ ਹੋਏ ਸਨ। ਪਰ ਪ੍ਰੇਮ ਸਿਉਂ ਨੂੰ ਅੱਜ ਪੂਰੇ ਪੰਦਰਾਂ ਦਿਨ ਹੋ ਗਏ ਸਨ, ਪਰ ਕਿਸੇ ਘਰ ਦੇ ਜੀਅ ਨੇ ਬੱਤੀ ਨਹੀਂ ਵਾਹੀ ਸੀ।

**ਚਲਦਾ...**

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

# ਆਹਲੂਵਾਲੀਆਂ ਬਨਾਮ ਰਾਮਗੜ੍ਹੀਆਂ ਤਾਰੀਖ ਬਨਾਮ ਪ੍ਰਵਿਸ਼ਟਾ

**ਸਰਵਜੀਤ ਸਿੰਘ ਸੈਕਰਾਮੈਂਟੋ**



ਸਿੱਖ ਇਤਿਹਾਸ ਦੇ ਦੋ ਬਹੁਤ ਹੀ ਅਹਿਮ ਪਾਤਰ, ਸ. ਜੱਸਾ ਸਿੰਘ ਆਹਲੂਵਾਲੀਆਂ ਅਤੇ ਸ. ਜੱਸਾ ਸਿੰਘ ਰਾਮਗੜ੍ਹੀਆਂ, ਜਿਨ੍ਹਾਂ ਦੇ ਜਨਮ ਦਿਹਾੜੇ, ਪਿਛਲੇ ਕੁਝ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਦਰਜ ਕੀਤੇ ਗਏ ਹਨ। ਇਤਿਹਾਸਕ ਵਦੀਆਂ ਮੁਤਾਬਕ ਸ. ਜੱਸਾ ਸਿੰਘ ਆਹਲੂਵਾਲੀਆਂ ਅਠਾਰਵੀਂ ਸਦੀ ਦੇ ਮਹਾਨ ਜਰਨੈਲ, ਆਹਲੂਵਾਲੀਆ ਮਿਸਲ ਤੇ ਕਪੂਰਥਲਾ ਰਿਆਸਤ ਦੇ ਬਾਨੀ, ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਨੂੰ ਲਾਹੌਰ ਤੋਂ ਲਗਪਗ 8 ਕਿੱਲੋਮੀਟਰ ਦੀ ਦੂਰੀ ’ਤੇ ਸਥਿਤ ਪਿੰਡ ਆਹਲੂ ਵਿਖੇ ਸਰਦਾਰ ਬਦਰ ਸਿੰਘ ਅਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਵਿਖੇ ਹੋਇਆ ਸੀ। ਉਨ੍ਹਾਂ ਦੇ ਸਿਰ ਤੋਂ ਬਚਪਨ ਵਿਚ ਹੀ ਪਿਤਾ ਦਾ ਸਾਇਆ ਉੱਠ ਗਿਆ ਸੀ। ਸੰਨ 1723 ’ਚ ਮਾਤਾ ਜੀਵਨ ਕੌਰ ਬਾਲਕ ਜੱਸਾ ਸਿੰਘ ਨੂੰ ਲੈ ਕੇ ਮਾਤਾ ਸੁੰਦਰੀ ਜੀ ਕੋਲ ਦਿੱਲੀ ਚਲੇ ਗਏ। ਜੱਸਾ ਸਿੰਘ ਨੇ ਲਗਪਗ ਸੱਤ ਸਾਲ ਮਾਤਾ ਸੁੰਦਰੀ ਜੀ ਦੀ ਦੇਖ-ਰੇਖ ਹੇਠ ਸਿੱਖ ਧਰਮ ਤੇ ਇਤਿਹਾਸ ਬਾਰੇ ਗਿਆਨ ਹਾਸਲ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਨੇ ਫਾਰਸੀ ਵੀ ਸਿੱਖੀ। ਸੰਨ 1729 ’ਚ ਉਨ੍ਹਾਂ ਦੇ ਮਾਮਾ ਬਾਘ ਸਿੰਘ ਦਿੱਲੀ ਵਿਚ ਮਾਤਾ ਸੁੰਦਰੀ ਜੀ ਕੋਲ ਗਏ ਤੇ ਆਪਣੀ ਭੈਣ ਤੇ ਭਾਣਜੇ ਦੀ ਪੰਜਾਬ ਵਾਪਸੀ ਲਈ ਅਰਜ਼ੋਈ ਕੀਤੀ। ਜੱਸਾ ਸਿੰਘ ਆਹਲੂਵਾਲੀਆ (1718-1783) ਅਠਾਰਵੀਂ ਸਦੀ ਦਾ ਇੱਕ ਸਿੱਖ ਜਰਨੈਲ ਸੀ। ਜੱਸਾ ਸਿੰਘ ਆਹਲੂਵਾਲੀਆ ਦਾ ਜਨਮ 3 ਮਈ 1718 ਈ ਨੂੰ ਬਦਰ ਸਿੰਘ ਤੇ ਮਾਤਾ ਜੀਵਨ ਕੌਰ ਦੇ ਗ੍ਰਹਿ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਜਦੋਂ ਜੱਸਾ ਸਿੰਘ ਚਾਰ ਸਾਲ ਦਾ ਹੋਇਆ ਤਾਂ ਪਿਤਾ ਬਦਰ ਸਿੰਘ ਚੜ੍ਹਾਈ ਕਰ ਗਿਆ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਖ਼ਾਲਸਾ-ਪੰਥ ਦੀ ਅਗਵਾਈ ਮਾਤਾ ਸੁੰਦਰੀ ਜੀ ਕਰ ਰਹੇ ਸਨ। ਇੱਕ ਦਿਨ ਬਾਲਕ ਜੱਸਾ ਸਿੰਘ ਆਪਣੀ ਮਾਤਾ ਤੇ ਮਾਮਾ ਬਾਘ ਸਿੰਘ ਨਾਲ ਮਾਤਾ ਸੁੰਦਰੀ ਜੀ ਕੋਲ ਅਸ਼ੀਰਵਾਦ ਲੈਣ ਗਏ। ਮਾਤਾ ਜੀ ਉਸ ਦੇ ਰਸਭਿੰਨੇ ਕੀਰਤਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ। ਸੱਤ ਸਾਲ ਦਿੱਲੀ ਰਹਿਣ ਤੋਂ ਬਾਅਦ ਜੱਸਾ ਸਿੰਘ ਜਲੰਧਰ ਵਿਖੇ ਮਾਮਾ ਬਾਘ ਸਿੰਘ ਹੱਲ੍ਹੋਵਾਲੀਆ ਕੋਲ ਆ ਗਿਆ। ਭੈਣ ਤੇ ਭਾਣਜੇ ਨੂੰ ਨਾਲ ਲੈ ਕੇ ਮਾਮਾ ਇੱਕ ਦਿਨ ਨਵਾਬ ਕਪੂਰ ਸਿੰਘ ਨੂੰ ਮਿਲਣ ਲਈ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ। ਨਵਾਬ ਸਾਹਿਬ ਮਾਂ-ਪੁੱਤ ਦੇ ਕੀਰਤਨ ਤੋਂ ਪ੍ਰਭਾਵਿਤ ਹੋਏ ਤੇ ਜੱਸਾ ਸਿੰਘ ਨੂੰ ਆਪਣੇ ਕੋਲ ਰੱਖ ਲਿਆ ਤੇ ਖੰਡੇ-ਬਾਟੇ ਦੀ ਪਹੁਲ ਛਕਾ ਦਿੱਤੀ। ਨਵਾਬ ਸਾਹਿਬ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਘੋੜ-ਸਵਾਰੀ,ਤੀਰ ਅੰਦਾਜ਼ੀ, ਤੇ.ਗ ਚਲਾਉਣੀ ਸਿੱਖੀ। ਛੋਟੀ ਉਮਰੇ ਦਿੱਲੀ ਰਹਿਣ ਕਰਕੇ ਜੱਸਾ ਸਿੰਘ ਦੀ ਬੋਲੀ ’ਚ ਹਿੰਦੀ ਤੇ ਉਰਦੂ ਦੇ ਲ.ਫਜ਼ਾਂ ਦੀ ਰਲਾਵਟ ਹੋਣ ਕਾਰਨ ਸਿੰਘ ਉਸ ਨੂੰ ‘ਹਮਕੋ-ਤੁਮਕੋ’ ਕਹਿ ਕੇ ਮਖ਼ੌਲ ਕਰਦੇ ਜਿਸ ਦੀ ਜੱਸਾ ਸਿੰਘ ਨੇ ਸ਼ਿਕਾਇਤ ਕਰ ਦਿੱਤੀ ਪਰ ਨਵਾਬ ਕਪੂਰ ਸਿੰਘ ਨੇ ਸਮਝਾਇਆ ਕਿ ਇਹ ਕਲਗੀਧਰ ਦਾ ਖ਼ਾਲਸਾ ਹੈ,ਜੇ ਇਹ ਮੇਰੇ ਵਰਗੇ (ਲਿੱਦ ਚੁੱਕਣ ਵਾਲੇ) ਨੂੰ ਨਵਾਬੀ ਬਖ਼ਸ਼ ਸਕਦਾ ਹੈ ਤਾਂ ਕੀ ਪਤਾ ਕੱਲ੍ਹ ਨੂੰ ਤੇਰੇ ਵਰਗੇ ਦਾਣਾ-ਫੱਕਾ ਵੰਡਣ ਵਾਲੇ ਨੂੰ ਪਾਤਸ਼ਾਹ ਹੀ ਬਣਾ ਦੇਵੇ। ਇਹ ਭਵਿੱਖਬਾਣੀ ਸੱਚ ਸਾਬਤ ਹੋਈ ਤੇ 1762 ’ਚ ਖ਼ਾਲਸਾ ਪੰਥ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਲਕਬ ਨਾਲ ਨਿਵਾਜ਼ ਦਿੱਤਾ। 20 ਕੁ ਸਾਲ ਦੀ ਉਮਰ ’ਚ ਆਹਲੂਵਾਲੀਏ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ’ਚ ਨਾਦਰਸ਼ਾਹ ਦੀ ਫ਼ੌਜ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਜ਼ਕਰੀਆ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋ ਗਿਆ ਕਿ ਛੇਤੀ ਹੀ ਇਸ ਮੁਲਕ ਦੀ ਮਲਕੀਅਤ ਖ਼ਾਲਸਾ ਪੰਥ ਦੇ ਹੱਥ ਹੋਵੇਗੀ। ਜੱਸਾ ਸਿੰਘ ਨੇ ਪਾਣੀਪਤ ਦੀ ਤੀਜੀ ਲੜਾਈ ਤੋਂ ਬਾਅਦ ਅਬਦਾਲੀ ਦੇ ਕਬਜ਼ੇ ’ਚੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਘਰੋ-ਘਰੀਂ ਪਹੁੰਚਾਇਆ। ਜੱਸਾ ਸਿੰਘ ਆਹਲੂਵਾਲੀਆ 20 ਅਕਤੂਬਰ, 1783 ਨੂੰ ਅੰਮ੍ਰਿਤਸਰ ਜਾਂਦਿਆਂ ਰਾਹ ’ਚ ਬਿਮਾਰ ਹੋਣ ਕਾਰਨ ਸੁਆਸ ਤਿਆਗ ਗਏ। ਉਨ੍ਹਾਂ ਦਾ ਸਸਕਾਰ ਬਾਬਾ ਅਟੱਲ ਰਾਇ ਦੇ ਸਥਾਨ ’ਤੇ ਨਵਾਬ ਕਪੂਰ ਸਿੰਘ ਦੀ ਯਾਦਗਾਰ ਦੇ ਨਾਲ ਹੀ ਕਰ ਦਿੱਤਾ ਗਿਆ।

| ਸੰਮਤ ਨਾਨਕਸ਼ਾਹੀ | ਸ. ਜੱਸਾ ਸਿੰਘ ਆਹਲੂਵਾਲੀਆਂ | | ਸ. ਜੱਸਾ ਸਿੰਘ ਰਾਮਗੜੀਆਂ | |
|---|---|---|---|---|
| | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 555 (23-24) | 5 ਜੇਠ | 19 ਮਈ | 22 ਵੈਸਾਖ | 5 ਮਈ |
| 556 (24-25) | 5 ਜੇਠ | 18 ਮਈ | 23 ਵੈਸਾਖ | 5 ਮਈ |
| 557 (25-26) | 5 ਜੇਠ | 18 ਮਈ | 23 ਵੈਸਾਖ | 5 ਮਈ |

ਸਿੱਖ ਫ਼ੌਜਾਂ ਦੇ ਦੂਜੇ ਸਭ ਤੋਂ ਵੱਡੇ ਜਰਨੈਲ ਸ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਸ. ਬਦਰ ਸਿੰਘ ਦੇ ਘਰ 3 ਮਈ, 1718 ਦੇ ਦਿਨ ਲਹੌਰ, ਪੰਜਾਬ, ਖੇਤਰ ਦੇ ਨੇੜੇ ਇੱਕ ਪਿੰਡ ਆਹਲੁ ਵਿੱਚ ਹੋਇਆ ਸੀ ॥2 ॥ ॥3 ॥ ਨਿੱਕੀ ਉਮਰ ਵਿੱਚ ਹੀ ਉਸ ਦੇ ਪਿਤਾ ਚੜ੍ਹਾਈ ਕਰ ਗਏ ਸਨ ਤੇ ਉਸ ਦਾ ਬਚਪਨ ਮਾਤਾ ਸੁੰਦਰ ਕੌਰ ਦੇ ਨਿਵਾਸ ’ਤੇ ਦਿੱਲੀ ਵਿੱਚ ਬੀਤਿਆ ਸੀ। ਮਗਰੋਂ ਸ. ਕਪੂਰ ਸਿੰਘ (ਨਵਾਬ) ਉਸ ਨੂੰ ਆਪਣੇ ਨਾਲ ਲੈ ਆਏ ਸਨ। 1753 ਵਿੱਚ ਸ. ਜੱਸਾ ਸਿੰਘ ਆਹਲੂਵਾਲੀਆ, ਦਲ ਖ਼ਾਲਸਾ ਦੇ ਮੁਖੀ ਬਣਾਏ ਗਏ ਸਨ।

ਨਵਾਬ ਕਪੂਰ ਸਿੰਘ ਨੇ ਉਸ ਦੀ ਦਲੇਰੀ ਤੋਂ ਖੁਸ਼ ਹੋ ਕੇ 1753 ਵਿੱਚ ਆਪਣੇ ਮਰਨ ਤੋਂ ਉਸ ਨੂੰ ਅਪਣਾ ਵਾਰਿਸ ਬਣਾਇਆ। 1761 ਵਿੱਚ ਉਸਨੇ ਲਹੌਰ ’ਤੇ ਕਬਜ਼ਾ ਕੀਤਾ ।1761 ਵਿੱਚ ਅਹਿਮਦ ਸ਼ਾਹ ਕੋਲੋਂ 2200 ਹਿੰਦੂ ਔਰਤਾਂ ਨੂੰ ਛੁੜਾ ਕੇ ਘਰੋਂ ਘਰ ਪਹੁੰਚਾਇਆਅਤੇ 1764 ਵਿੱਚ ਸਰਹਿੰਦ ਨੂੰ ਜਿੱਤਿਆ ਤੇ ਉਥੋਂ ਪ੍ਰਾਪਤ ਆਪਣੇ ਸਾਰੇ ਖ਼ਜਾਨੇ ਨੂੰ ਦਰਬਾਰ ਸਾਹਿਬ ਭੇਂਟ ਕੀਤੀ।ਤੇ ਅਹਿਮਦ ਸ਼ਾਹ ਵਲੋਂ ਬਾਰੂਦ ਨਾਲ ਉਡਾਈ ਹਰਿਮੰਦਰ ਸਾਹਿਬ ਦੀ ਮਜੂਦਾ ਇਮਾਰਤ ਦੀ ਉਸਾਰੀ ਕਰਵਾਈ।ਅਹਿਮਦ ਸ਼ਾਹ ਅਬਦਾਲੀ ਨਾਲ਼ ਵੀ ਉਸ ਦੀਆਂ ਕਈ ਲੜਾਈਆਂ ਹੋਈਆਂ। 1772 ਵਿੱਚ ਉਸ ਨੇ ਕਪੂਰਥਲਾ ਰਿਆਸਤ ਦੀ ਨੀਂਹ ਰੱਖੀ ॥4 ॥

ਜੱਸਾ ਸਿੰਘ ਰਾਮਗੜ੍ਹੀਆ (1723-1803) ਦਾ ਜਨਮ ਸ੍ਰੀ ਅੰਮ੍ਰਿਤਸਰ ਦੇ ਨੇੜੇ ਪਿੰਡ ਗੁੱਗਾ ਬੂਹਾ ਵਿਖੇ ਭਗਵਾਨ ਸਿੰਘ ਦੇ ਘਰ ਹੋਇਆ ॥2 ॥ ॥3 ॥ ਓਹਨਾਂ ਦੇ ਦਾਦਾ ਹਰਦਾਸ ਸਿੰਘ ਜੋ ਲਾਹੌਰ ਜ਼ਿਲ੍ਹੇ ਦੇ ਪਿੰਡ ਸੁਰੁ ਸਿੰਘ ਤੋਂ ਸਨ। ਉਨ੍ਹਾਂ ਨੇ ਸ੍ਰੀ ਗੁਰੁ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ ॥4 ॥ ਉਹਨਾਂ ਨੇ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਪਿੰਡ ਪਿੰਡ ਪਹੁੰਚਾਇਆ। ਆਪ ਦੇ ਦਾਦਾ ਜੀ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਦਾਖਲ ਹੋਏ ਅਤੇ ਮੁਗਲ ਫੌਜਾਂ ਨਾਲ ਲੜਾਈ ਲੜੀ ਅਤੇ 1716 ਵਿੱਚ ਸ਼ਹੀਦੀ ਪ੍ਰਪਤ ਕੀਤੀ। ਹਰਦਾਸ ਸਿੰਘ ਦੀ ਮੌਤ ਤੋਂ ਬਾਅਦ ਭਗਵਾਨ ਸਿੰਘ ਘਰ ਦੇ ਮੋਢੀ ਬਣੇ। ਪਿਤਾ ਦੀ ਮੌਤ ਤੋਂ ਬਾਅਦ ਜੱਸਾ ਸਿੰਘ ਰਾਮਗੜ੍ਹੀਆ ਘਰ ਦੇ ਮੁਖੀ ਬਣੇ।

| | |
|---|---|
| ਜਨਮ | 5 ਮਈ 1723<br>ਇੱਛੋਗਿੱਲ, ਲਹੌਰ |
| ਮੌਤ | 1803 (ਉਮਰ 79–80) |
| ਲਈ ਪ੍ਰਸਿੱਧ | • ਰਾਮਗੜ੍ਹੀਆ ਮਿਸਲ ਦਾ ਸਰਦਾਰ<br>• ਦਿੱਲੀ 'ਤੇ ਸਿੱਖਾਂ ਦੇ ਹਮਲੇ<br>• ਰਾਮ ਰੌਣੀ ਦੀ ਘੇਰਾਬੰਦੀ |
| ਵਾਰਿਸ | ਜੋਧ ਸਿੰਘ ਰਾਮਗੜ੍ਹੀਆ ਜਿਸ ਨੇ ਆਪਣੇ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੂੰ ਸੌਂਪ ਦਿੱਤੇ; ਬਘੇਲ ਸਿੰਘ |
| ਪਿਤਾ | ਭਗਵਾਨ ਸਿੰਘ |
| ਰਿਸ਼ਤੇਦਾਰ | ਹਰਦਾਸ ਸਿੰਘ (ਦਾਦਾ) |

1753 ਤੇ 1758 ਦੇ ਸਮੇਂ ਦੇ ਦੌਰਾਨ ਇਹਨਾਂ 5-6 ਸਾਲਾਂ ਦੇ ਵਿਚਕਾਰ ਸਰਦਾਰ ਜੱਸਾ ਸਿੰਘ ਰਾਮਗੜੀਆ ਨੇ ਆਪਣੀ ਸ਼ਕਤੀ ਦਾ ਬੜਾ ਵਿਸਤਾਰ ਕੀਤਾ ਤੇ ਸਰਦਾਰ ਜੱਸਾ ਸਿੰਘ ਜੀ ਰਾਮਗੜੀਆ ਨੇ ਕਲਾਨੌਰ, ਬਟਾਲਾ, ਕਾਦੀਆਂ, ਸ੍ਰੀ ਹਰਗੋਬਿੰਦਪੁਰ, ਉੜਮੁੜ ਟਾਂਡਾ ਤੇ ਨਾਲ ਹੀ ਮਿਆਨੀ ਦੇ ਪ੍ਰਦੇਸਾਂ ਤੇ ਕਬਜ਼ਾ ਕਰ ਲਿਆ। ਹਰਗੋਬਿੰਦਪੁਰ ਨੂੰ ਆਪਣੀ ਮਿਸਲ ਦੀ ਰਾਜਧਾਨੀ ਬਨਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕਰਕੇ ਰਾਮਗੜ੍ਹੀਆ ਮਿਸਲ ਦੀ ਸ਼ਕਤੀ ਵੱਧ ਗਈ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਗੰਗਾ- ਯਮੁਨਾ ਦੋਆਬ ਦੇ ਕਈ ਇਲਾਕਿਆਂ ’ਤੇ ਵੀ ਕਬਜ਼ਾ ਕਰ ਲਿਆ।

ਜੱਸਾ ਸਿੰਘ ਰਾਮਗੜ੍ਹੀਆ ਨੇ ਭਾਈ ਬਘੇਲ ਸਿੰਘ ਨਾਲ ਰੱਲ ਕੇ ਦਿੱਲੀ ਲਾਲ ਕਿਲ੍ਹਾ ਫ਼ਤਿਹ ਕੀਤਾ। ਔਰੰਗਜ਼ੇਬ ਜਿਸ ਤਖ਼ਤ ’ਤੇ ਬੈਠ ਕੇ ਆਪਣਾ ਦਰਬਾਰ ਲਗਾਉਂਦਾ ਸੀ, ਉਸ ਤਖ਼ਤ ਭਾਵ ਤਖ਼ਤ ਏ ਤਾਉਸ ਨੂੰ ਅਤੇ 44 ਥੰਮਾਂ ਨੂੰ ਪੁੱਟ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਖੇ ਲਿਆਂਦਾ। ਇਨ੍ਹਾਂ ਨੇ ਬਾਅਦ ਵਿਚ ਬੁੰਗਾ ਰਾਮਗੜ੍ਹੀਆਂ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ।

ਬਾਬਾ ਹਰਦਾਸ ਜੀ ਤੇ ਗਿਆਨੀ ਭਗਵਾਨ ਸਿੰਘ ਜੀ ਤਰਖਾਣ ਹੋਣ ਕਰਕੇ ਗੁਰੂ ਸਾਹਿਬ ਨੂੰ ਹਥਿਆਰ ਬਣਾ ਕੇ ਦਿੰਦੇ ਸੀ।

ਸਰਦਾਰ ਜੱਸਾ ਸਿੰਘ ਜੀ ਨੇ ਦਿੱਲੀ ਤੋਂ ਮੁਗਲਾਂ ਦੀਆਂ ਚਾਰ (4) ਤੋਪਾਂ ਵੀ ਲੁੱਟ ਲਈਆਂ ਸਨ। ਉਸ ਸਮੇਂ ਮੇਰਠ ਤੇ ਦਿੱਲੀ ਵੀ ਉਹਨਾਂ ਦੀ ਲੁੱਟ ਤੋਂ ਨਹੀਂ ਬਚ ਸਕੀ । ਰਾਮਗੜੀਆ ਮਿਸਲ ਦੇ ਸੰਸਥਾਪਕ ਖੁਸ਼ਹਾਲ ਸਿੰਘ ਜੀ, ਤੇ ਨੰਦ ਸਿੰਘ ਜੀ ਸਨ ਪਰ ਇਸ ਮਿਸਲ ਨੂੰ ਜਿਆਦਾ ਪ੍ਰਸਿੱਧੀ ਸਰਦਾਰ ਜੱਸਾ ਸਿੰਘ ਜੀ ਰਾਮਗੜ੍ਹੀਆ ਕਰਕੇ ਹੀ ਮਿਲੀ। ਜਦੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਆਪਣੇ 100 ਸਿੰਘਾਂ ਸਮੇਤ ਰਾਮ - ਰਾਉਣੀ ਵਿੱਚ ਜੂਝ ਰਹੇ 500 ਜੁਝਾਰੂ ਸਿੰਘਾਂ ਨਾਲ ਜਾ ਰਲੇ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮ ਰਾਉਣੀ ਦੇ ਕਿਲੇ ਨੂੰ ਖਾਲਸਾ ਫ਼ੌਜਾਂ ਦੀ ਮਦਦ ਨਾਲ ਆਪਣੇ ਅਧੀਨ ਕਰ ਲਿਆ ਤਾਂ ਜੋ ਇਸ ਦੀ ਰਾਖੀ ਕੀਤੀ ਜਾ ਸਕੇ ਜਦੋਂ ਸਿੱਖ ਕੌਮ ਦੇ ਸਭ ਜਰਨੈਲਾਂ ਤੇ ਸਿੰਘਾਂ ਨੇ ਮਿਲ ਕੇ ਰਾਮ - ਰਾਉਣੀ ਦਾ ਕਿਲਾ ਬਣਾ/ਸੰਵਾਰ ਲਿਆ ਤਾਂ ਇਹ ਹਕੂਮਤ ਨੂੰ ਸਿੱਧੀ ਚੁਣੌਤੀ ਦੇਣ ਵਾਲਾ ਕਦਮ ਸੀ ॥5 ॥

## ਜ਼ਰੂਰੀ ਸੂਚਨਾ

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ ।

ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ

**29 ਮਈ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# 20ਵੀਂ ਸਦੀ ਦੇ ਉੱਘੇ ਕੀਰਤਨੀਏ – ਰਾਗੀ ਭਾਈ ਜਵਾਲਾ ਸਿੰਘ

ਗੁਰਬਾਣੀ ਕੀਰਤਨ ਨੂੰ ਪੀੜ੍ਹੀ ਦਰ ਪੀੜ੍ਹੀ ਘਰ-ਘਰ ਪਹੁੰਚਾਉਣ ਵਾਲੇ ਸਿੱਖ ਪੰਥ ਦੇ ਸਤਿਕਾਰਤ ਕੀਰਤਨੀਏ ਰਾਗੀ ਭਾਈ ਜਵਾਲਾ ਸਿੰਘ ਨੂੰ ਹਰੇਕ ਕੀਰਤਨ ਰਸੀਆ ਅੱਜ ਵੀ ਯਾਦ ਕਰਦਾ ਹੈ। ਦਸਾਂ ਨੌਹਾਂ ਦੀ ਕਿਰਤ ਕਰਕੇ ਗੁਜ਼ਾਰਾ ਕਰਦਿਆਂ, ਹਿਰਦੇ ਘਰ ਵਿੱਚੋਂ ਨਿਕਲੀਆਂ ਕੀਰਤਨ ਦੀਆਂ ਧੁਨਾਂ ਤੇ ਰੀਤਾਂ ਨੂੰ ਗਾਇਨ ਕਰਦਿਆਂ, ਤੰਤੀ ਸਾਜ, ਸਿਰੰਦੇ ਦੇ ਸਾਜ, ਬਾਕੀ ਸਾਜਾਂ ਨੂੰ ਮੋਢਿਆਂ 'ਤੇ ਚੁੱਕ ਕੇ ਪੈਦਲ ਚੱਲਦਿਆਂ ਜੀਵਨ ਭਰ ਕੀਰਤਨ ਕੀਤਾ। ਪਿੰਡਾਂ, ਸ਼ਹਿਰਾਂ ਨੂੰ ਆਉਣ ਜਾਣ ਦੇ ਸਾਧਨ ਨਹੀਂ ਸਨ। ਸਾਂਝੇ ਪੰਜਾਬ ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਪਹਿਲਾਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਭਾਈ ਜਵਾਲਾ ਸਿੰਘ ਨੇ ਕੀਰਤਨ ਕਰਦਿਆਂ ਆਪਣੇ ਬਹੁਮੁੱਲੇ ਵਿਚਾਰਾਂ ਦੁਆਰਾ ਗੁਰਧਾਮਾਂ ਦੀ ਮਾਣ-ਮਰਿਯਾਦਾ ਅਤੇ ਸਿੱਖ ਸਿਧਾਂਤਾਂ ਦਾ ਜਿਹੜਾ ਪ੍ਰਚਾਰ ਕੀਤਾ, ਉਸ ਦਾ ਜ਼ਿਕਰ ਅੱਜ ਵੀ ਕਰਨਾ ਬਣਦਾ ਹੈ। 20ਵੀਂ ਸਦੀ ਦੇ ਪਹਿਲੇ ਅੱਜ ਦੇ ਬਿਖੜੇ ਸਮੇਂ ਜਦੋਂ ਕੋਈ ਸੁੱਖ ਸਹੂਲਤਾਂ ਵੀ ਨਹੀਂ ਸਨ। ਗੁਰਦੁਆਰਾ ਸਾਹਿਬਾਨ ਤੇ ਧਰਮਸ਼ਾਲਾਵਾਂ ਦੀਆਂ ਇਮਾਰਤਾਂ ਅੱਧ-ਕੱਚੀਆਂ ਸਨ, ਆਉਣ ਜਾਣ ਦੇ ਸਾਧਨ ਵੀ ਹੁਣ ਵਰਗੇ ਨਹੀਂ ਸਨ, ਸਾਂਝੇ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਪੈਦਲ, ਬੈਲ-ਗੱਡੀਆਂ, ਊਠਾਂ-ਘੋੜਿਆਂ ਰਾਹੀਂ ਸਫ਼ਰ ਕਰਨਾ ਪੈਂਦਾ ਸੀ। ਭਾਈ ਸਾਹਿਬ ਆਪਣੇ ਕੀਰਤਨੀ ਜਥੇ ਨਾਲ ਆਪਣੇ ਪਿੰਡ ਸੈਦਪੁਰ (ਨੇੜੇ ਠੱਠਾ ਟਿੱਬਾ) ਜ਼ਿਲ੍ਹਾ ਕਪੂਰਥਲਾ ਤੋਂ ਸਮੁੱਚੇ ਦੇਸ਼ ਵਿੱਚ ਕੀਰਤਨ ਦੀ ਅਮੋਲਕ ਦਾਤ ਵੰਡਣ ਲਈ ਦਿਨ ਰਾਤ ਸਫ਼ਰ ਕਰਦੇ ਸਨ। ਗੁਰਸਿੱਖ ਸਿਧਾਂਤਾਂ ਨਾਲ ਪਿਆਰ ਕਰਨ ਵਾਲਾ ਹਰ ਗੁਰਸਿੱਖ ਉਨ੍ਹਾਂ ਨਾਲ ਪਿਆਰ ਕਰਦਾ ਸੀ। ਗੁਰਦੁਆਰਾ ਸੁਧਾਰ ਲਹਿਰ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਦੇ ਘਰਾਂ ਵਿੱਚ ਗੁਰਬਾਣੀ ਕੀਰਤਨ ਨਾਲ ਪਰਿਵਾਰਾਂ ਨੂੰ ਢਾਰਸ ਤੇ ਅਰਦਾਸ ਲਈ ਪੁੱਜਣਾ ਭਾਈ ਜਵਾਲਾ ਸਿੰਘ ਆਪਣਾ ਫਰਜ਼ ਸਮਝਦੇ ਸਨ। ਇਸੇ ਕਰਕੇ ਗੁਰਦੁਆਰਾ ਸੁਧਾਰ ਲਹਿਰ ਨਾਲ ਜੁੜਿਆ ਹਰ ਸਿੱਖ ਆਗੂ ਭਾਈ ਸਾਹਿਬ ਨਾਲ ਅਥਾਹ ਪਿਆਰ ਕਰਦਾ ਸੀ। ਉਨ੍ਹਾਂ ਦਾ ਸਿਰੰਦਾ ਅੱਜ ਵੀ ਕੇਂਦਰੀ ਸਿੱਖ ਮਿਊਜ਼ੀਅਮ ਵਿੱਚ ਸਾਂਭਿਆ ਹੋਇਆ ਹੈ। ਰਾਗੀ ਭਾਈ ਜਵਾਲਾ ਸਿੰਘ ਦੇ ਦੋਵੇਂ ਸਪੁੱਤਰ ਸੱਚਖੰਡ ਵਾਸੀ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਦਿੱਲੀ ਵਾਲੇ ਲਗਾਤਾਰ 40-50 ਸਾਲ ਗੁਰ-ਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਤੇ ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸੇਵਾ ਨਿਭਾਉਂਦੇ ਰਹੇ। ਜੋ ਆਪਣੇ ਸਮੇਂ ਦੇ ਨਾਮਵਰ ਕੀਰਤਨੀਏ ਸਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਨੇ ਭਾਈ ਜਵਾਲਾ ਸਿੰਘ ਦੀਆਂ ਪੁਰਾਤਨ ਰੀਤਾਂ ਨੂੰ ਇਨ੍ਹਾਂ ਦੇ ਦੋਹਾਂ ਸਪੁੱਤਰਾਂ ਤੋਂ ਗਾਇਨ ਕਰਵਾ ਕੇ ਸੰਭਾਲਣ ਦਾ ਯਤਨ ਕੀਤਾ ਹੈ। ਨਾਲ ਹੀ ਇਨ੍ਹਾਂ



ਪੁਰਾਤਨ ਰੀਤਾਂ ਨੂੰ ਗੁਰਮਤਿ ਰੀਤ ਰਤਨਾਵਲੀ ਪੁਸਤਕ ਦੋ ਭਾਗਾਂ ਵਿੱਚ ਭਵਿੱਖ ਦੇ ਕੀਰਤਨੀਆਂ ਤੇ ਰਾਗੀਆਂ ਲਈ ਪ੍ਰਕਾਸ਼ਤ ਕਰਵਾਈ ਗਈ।

ਅੱਜ ਵੀ ਇਹ ਪਰਿਵਾਰ ਗੁਰਬਾਣੀ ਕੀਰਤਨ ਦੇ ਮੰਨੇ-ਪ੍ਰਮੰਨੇ ਸੰਗੀਤਕ ਘਰਾਣੇ ਵਜੋਂ ਕੀਰਤਨ ਦੀ ਸੇਵਾ ਨੂੰ ਸਮਰਪਿਤ ਹੈ। ਭਾਈ ਜਵਾਲਾ ਸਿੰਘ ਦਾ ਜਨਮ ਭਾਈ ਦੇਵਾ ਸਿੰਘ ਦੇ ਘਰ ਸੈਦਪੁਰ (ਕਪੂਰਥਲਾ) ਵਿਖੇ 1872 ਈ: ਵਿੱਚ ਹੋਇਆ। ਆਪਣੇ ਪਿਤਾ ਜੀ ਵਾਂਗ ਪਰਿ-ਵਾਰ ਦੇ ਨਿਰਬਾਹ ਲਈ ਖੇਤੀ-ਬਾੜੀ ਦਾ ਧੰਦਾ ਵੀ ਕੀਤਾ। ਭਾਈ ਜਵਾਲਾ ਸਿੰਘ ਦੇ ਦਾਦਾ ਜੀ ਭਾਈ ਪੰਜਾਬ ਸਿੰਘ ਵੀ ਆਪਣੇ ਸਮੇਂ ਦੇ ਪ੍ਰਸਿੱਧ ਰਾਗੀ ਸਨ। ਭਾਈ ਸਾਹਿਬ ਨੂੰ ਕਲਾਸੀਕਲ ਤੇ ਗੁਰਮਤਿ ਸੰਗੀਤ ਦੀ ਗੁੜ੍ਹਤੀ ਪਰਿਵਾਰ ਵਿੱਚੋਂ ਹੀ ਮਿਲੀ। ਆਪਣੇ ਪਿੰਡ ਦੇ ਗ੍ਰੰਥੀ ਸਿੰਘ ਤੋਂ ਗੁਰਮੁਖੀ ਦਾ ਗਿਆਨ ਪ੍ਰਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਪ੍ਰਾਪਤ ਕੀਤੀ। ਪਿੱਛੋਂ ਫਿਰੋਜ਼ਪੁਰ ਜ਼ਿਲ੍ਹੇ ਦੇ ਇਕ ਪਿੰਡ ਦੇ ਨਿਰਮਲੇ ਸੰਤਾਂ ਦੇ ਡੇਰੇ ਵਿੱਚ ਕੀਰਤਨ ਦੀ ਸਿੱਖਲਾਈ ਪ੍ਰਾਪਤ ਕੀਤੀ। ਇਸ ਤੋਂ ਬਾਅਦ ਅੰਮ੍ਰਿਤਸਰ ਪੁੱਜ ਕੇ ਭਾਈ ਵਸਾਵਾ ਸਿੰਘ ਦੇ ਸ਼ਗਿਰਦ ਬਣੇ। ਹਰ ਸ਼ਹੀਦੀ ਸਾਕੇ ਬਾਅਦ ਵੈਰਾਗਮਈ ਕੀਰਤਨ ਕਰਦਿਆਂ ਸੰਗਤ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਅਣਵੰਡੇ ਪੰਜਾਬ ਦੇ ਉੱਘੇ ਸੰਤ ਮਹਾਂਪੁਰਸ਼ਾਂ ਦੇ ਅਸਥਾਨਾਂ 'ਤੇ ਕਈ-ਕਈ ਦਿਨ ਠਹਿਰ ਕੇ ਕੀਰਤਨ ਦੀਆਂ ਛਹਿਬਰਾਂ ਲਾਉਂਦੇ ਰਹੇ। ਇਸੇ ਕਰਕੇ ਨਿਰਮਲੇ, ਉਦਾਸੀ, ਨਿਹੰਗ ਸਿੰਘ, ਸੇਵਾ-ਪੰਥੀ ਤੇ ਕਾਰਸੇਵਾ ਵਾਲਿਆਂ ਦੇ ਸਾਰੇ ਅਸਥਾਨਾਂ ਤੋਂ ਭਰਪੂਰ ਪਿਆਰ ਪ੍ਰਾਪਤ ਕਰਦੇ ਸਨ।

ਭਾਈ ਸਾਹਿਬ ਦੀ ਤੀਜੀ ਤੇ ਚੌਥੀ ਪੀੜ੍ਹੀ ਵਿੱਚ ਇੰਜੀਨੀਅਰ ਭਾਈ ਕੁਲਤਾਰ ਸਿੰਘ ਹਜੂਰੀ ਰਾਗੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਅਤੇ ਕਲਾਸੀਕਲ ਅਤੇ ਸ਼ਾਸਤਰੀ ਸੰਗੀਤ ਕਲਾ ਨੂੰ ਪ੍ਰਚਾਰਨ ਵਾਲੇ ਭਾਈ ਬਲਦੀਪ ਸਿੰਘ ਦਿੱਲੀ ਦੇਸ਼ ਵਿਦੇਸ਼ ਵਿੱਚ ਵਿਚਰ ਕੇ ਸੇਵਾ ਨਿਭਾ ਰਹੇ ਹਨ। ਸਮੁੱਚੇ ਪੰਥ ਨੂੰ ਕੀਰਤਨ ਦੀਆਂ ਮਧੁਰ ਧੁਨਾਂ ਨਾਲ ਜੋੜਨ ਵਾਲੇ ਭਾਈ ਜਵਾਲਾ ਸਿੰਘ 29 ਮਈ, 1952 ਈ: ਵਿੱਚ ਗੁਰਬਾਣੀ ਕੀਰਤਨ ਦੇ ਆਪਣੇ ਪਿਆਰੇ ਸਰੋਤਿਆਂ ਨੂੰ ਸਦੀਵੀ ਵਿਛੋੜਾ ਦੇ ਗਏ। ਅੱਜ ਉਨ੍ਹਾਂ ਦੀ 71ਵੀਂ ਯਾਦ ਵਿੱਚ ਸਮੁੱ-ਚਾ ਸਿੱਖ ਜਗਤ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਯਾਦ ਕਰ ਰਿਹਾ ਹੈ।

**** ***

# ਟੈਲਫੋਡ 'ਚ ਕਰਵਾਇਆ ਗਿਆ ਚੋਥਾ ਇੰਟਰਨੈਸ਼ਨਲ ਗਿੱਧਾ ਮੁਕਾਬਲਾ

***ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਸਮੇਤ ਸਪੇਨ ਤੋਂ ਵੀ ਪੁੱਜੀਆ ਗਿੱਧਾ ਟੀਮਾਂ *ਸਰਬਜੀਤ ਮਾਂਗਟ, ਡੋਲੀ ਮਲਕੀਤ ਸਮੇਤ ਹੋਰਨਾਂ ਨੇ ਨਿਭਾਈ ਜੱਜ ਦੀ ਭੂਮਿਕਾ *ਰਿਕ-ਾਰਡਡ ਗਿੱਧਾ ਮੁਕਾਬਲੇ 'ਚ ਟੈਲਫੋਡ ਅਤੇ ਲਾਇਵ ਗਿੱਧਾ ਮੁਕਾਬਲੇ ਦੌਰਾਨ * ਵੂਲਵਰਹੈਪਟਨ ਦੀ ਗਿੱਧਾ ਟੀਮ ਰਹੀ ਜੇਤੂ**

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਟੈਲਫੋਡ ਵਿਖੇ ਪ੍ਰੇਮ ਵੈਡਿੰਗ ਡੈਕੋਰੇਸਨ ਦੇ ਮੁਕੇਸ ਮਹਿਮੀ ਅਤੇ ਸੁਨੀਤਾ ਮਹਿਮੀ ਵੱਲੋਂ ਚੌਥਾ ਇੰਟਰਨੈਸ਼ਨਲ ਗਿੱਧਾ ਮੁਕਾਬਲਾ ਕਰਵਾਇਆ ਗਿਆ। ਇਹਨਾਂ ਗਿੱਧਾ ਮੁਕਾਬਲਿਆਂ ਦੌਰਾਨ ਲੰਡਨ ਤੋਂ ਸਿਟੀ ਗੱਧਾ ਟੀਮ, ਮਾਨਚੈਸਟਰ ਤੋਂ ਸਾਂਝਾ 'ਪੰਜਾਬ ਚੜਦਾ ਅਤੇ ਲਹਿੰਦਾ ਪੰਜਾਬ', ਟੈਲਫੋਡ ਤੋਂ ਸੱਗੀ ਫੁੱਲ, ਵੂਲਵਰਹੈਪਟਨ ਤੋਂ ਨੱਚ ਲੈ ਮੁਜਾਜਣੇ, ਵਿਲਨ ਹਾਲ ਤੋਂ ਠੇਠ ਪੰਜਾਬਣ, ਬਰਮਿੰਘਮ ਤੋਂ ਮੁਟਿਆਰਾਂ ਬਰਮਿੰਘਮ ਦੀਆਂ ਸਮੇਤ ਸਪੇਨ ਤੋਂ ਵੀ ਸੁਖਮਨੀ ਗਿੱਧਾ ਟੀਮ ਨੇ ਇਹਨਾਂ ਮੁਕਾਬਲਿਆਂ ਚ ਹਿੱਸਾ ਲਿਆ।

ਇਹਨਾਂ ਗਿੱਧਾ ਮੁਕਾਬਲਿਆਂ ਦੌਰਾਨ ਪਹਿਲੇ ਰਾਉਂਡ ਚ ਰਿਕਾਰਡਡ ਗਿੱਧਾ ਮੁਕ-ਾਬਲੇ ਕਰਵਾਏ ਗਏ। ਜਿਸ ਦੌਰਾਨ ਟੈਲੀਫੋਡ ਦੀ ਸੱਗੀ ਫੁੱਲ ਗਿੱਧਾ ਟੀਮ ਪਹਿਲੇ ਸਥਾਨ ਤੇ, ਵਿਲਨ ਹਾਲ ਦੀ ਠੇਠ ਪੰਜਾਬਣ ਗਿੱਧਾ ਟੀਮ ਦੂਜੇ ਸਥਾਨ ਤੇ ਅਤੇ ਸਪੇਨ ਤੋਂ ਆਈ ਸੁਖਮਨੀ ਗਿੱਧਾ ਟੀਮ ਤੀਜੇ ਸਥਾਨ ਤੇ ਰਹੀਆਂ। ਇਸੇ ਤਰ੍ਹਾਂ ਦੂਜੇ ਰਾਉਂਡ ਚ ਲਾਈਵ ਗਿੱਧਾ ਮੁਕਾਬਲੇ ਦੌਰਾਨ ਨੱਚ ਲੈ





**ਜੇਤੂ ਰਹੀ 'ਨੱਚ ਲੈ ਮਜਾਜਣੇ ' ਗਿੱਧਾ ਟੀਮ ਵੂਲਵਰਹੈਪਟਨ ਨੂੰ ਟਰਾਫੀ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕਰਦੇ ਹੋਏ ਪ੍ਰਬੰਧਕ ਅਤੇ ਜੱਜ ਅਤੇ ਜੱਜ ਦੀ ਭੂਮਿਕਾ ਦੌਰਾਨ ਸਰਬਜੀਤ ਮਾਂਗਟ, ਡੋਲੀ ਮਲਕੀਤ ਅਤੇ ਹੋਰ।**

ਮਜਾਜਣੇ ਵੂਲਵਰਹੈਂਪਟਨ ਦੀ ਗਿੱਧਾ ਟੀਮ ਪਹਿਲੇ ਸਥਾਨ ਤੇ ਅਤੇ ਸਿਟੀ ਗਿੱਧਾ ਟੀਮ ਦੂਜੇ ਸਥਾਨ ਤੇ ਅਤੇ ਮੁਟਿਆਰਾਂ ਬਰਮਿੰਘਮ ਦੀਆਂ ਬਰਮਿੰਘਮ ਦੀ ਟੀਮ ਤੀਜੇ ਸਥਾਨ ਤੇ ਰਹੀਆਂ। ਇਹਨਾਂ ਗਿੱਧਾ ਮੁਕਾਬਲਿਆ ਦੌਰਾਨ ਜੱਜ ਦੀ ਭੂਮਿਕਾ ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਆਈ ਸਰਬਜੀਤ ਮਾਂਗਟ, ਡੋਲੀ ਮਲਕੀਤ, ਜੋਤੀ, ਦਬਦੀਪ ਕੌਰ ਅਤੇ ਸਰਬਜੀਤ ਕੌਰ ਨੇ ਨਿਭਾਈ। ਇਸ ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਮੋਹਨਜੀਤ ਬਸਰਾ ਅਤੇ ਸੁੱਖੀ ਬਾਠ ਵੱਲੋਂ ਬਾਖੂਬੀ ਨਿਭਾਈ ਗਈ। ਇਹਨਾਂ ਮੁਕਾਬਲਿਆਂ ਦੌਰਾਨ ਜੇਤੂ ਰਹਿਣ ਵਾਲੀਆਂ ਟੀਮਾਂ ਨੂੰ ਮੌਕੇ ਤੇ ਹੀ ਟਰਾਫੀਆਂ ਅਤੇ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

**ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਾਜਨਾ ਕਰਨਾ ਇਸ ਦੁਨੀਆ ਦੀ ਇਕ ਅਲੌਕਿਕ ਤੇ ਬੇਜੋੜ ਘਟਨਾ ਹੈ, ਜੋ 1699 ਈ: ਦੀ ਵਿਸਾਖੀ ਵਾਲੇ ਦਿਨ ਵਾਪਰੀ। ਇਸ ਇਤਿਹਾਸਕ ਵਰਤਾਰੇ ਬਾਰੇ ਦੁਨੀਆ ਦੇ ਬਹੁਤ ਸਾਰੇ ਲੇਖਕਾਂ, ਵਿਦਵਾਨਾਂ ਅਤੇ ਦਾਨਿਸ਼ਵਰਾਂ ਨੇ ਆਪਣੀ ਕਲਮ ਚਲਾਈ ਹੈ ਤੇ ਆਪੋ ਆਪਣੇ ਢੰਗ ਨਾਲ ਬਿਆਨ ਕੀਤਾ ਹੈ। ਇਸੇ ਹੀ ਵਿਸ਼ੇ 'ਤੇ ਡਾ: ਕਿਰਨਪ੍ਰੀਤ ਕੌਰ ਨੇ "1699 ਦੀ ਵਿਸਾਖੀ" ਨਾਮੀ ਕਿਤਾਬ ਲਿਖ ਕੇ ਖ਼ਾਲਸਾ ਪੰਥ ਦੇ ਰੂਬਰੂ ਕੀਤੀ ਹੈ। ਜੋ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਾਰੀ ਕੀਤੀ ਗਈ ਸੀ। ਇਹ ਕਿਤਾਬ ਉਹਨਾਂ ਦੀ ਇਜਾਜ਼ਤ ਨਾਲ ਪੰਜਾਬ ਟਾਈਮਜ਼ ਦੇ ਪਾਠਕਾਂ ਦੀ ਨਜ਼ਰ ਕੀਤੀ ਜਾ ਰਹੀ ਹੈ। ਉਮੀਦ ਹੈ ਪਾਠਕ ਇਸ ਤੋਂ ਲਾਹਾ ਲੈਣਗੇ ਅਤੇ ਹੁੰਘਾਰਾ ਦੇਣਗੇ।**

– ਸੰਪਾਦਕ ਪੰਜਾਬ ਟਾਈਮਜ਼

ਡਾ: ਕਿਰਨਪ੍ਰੀਤ ਕੌਰ ਬਾਠ



ਮੈਂ ਜਥੇਦਾਰ ਸਰਦਾਰ ਮਹਿੰਦਰ ਸਿੰਘ ਖਹਿਰਾ ਹੁਰਾਂ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਗੁਰ-ਇਤਿਹਾਸ ਦੀ ਇਸ ਖ਼ੋਜ ਵਿੱਚ ਹਮੇਸ਼ਾ ਸਹਾਇਤਾ ਦਿੱਤੀ। ਇਹ ਕਿਤਾਬ ਵੀ ਉਹਨਾਂ ਦੀ ਪ੍ਰੇਰਨਾ-ਸਦਕਾ ਹੀ ਹੋਂਦ ਵਿੱਚ ਆਈ ਹੈ। 'ਅਕਾਲ ਚੈਨਲ' ਦੇ ਦਫ਼ਤਰ ਵਿੱਚ ਸਾਨੂੰ ਲੰਬੀਆਂ ਚਰਚਾਵਾਂ ਕਰਨ ਲਈ ਇਜਾਜ਼ਤ ਦੇਣਾ ਅਤੇ ਆਪ ਵੀ ਉਹਨਾਂ ਚਰਚਾਵਾਂ ਦਾ ਹਿੱਸਾ ਬਣਨ ਲਈ, ਮੈਂ ਸਰਦਾਰ ਜਗਜੀਤ ਸਿੰਘ ਦਾ ਵੀ ਧੰਨਵਾਦ ਕਰਦੀ ਹਾਂ। – ਡਾ: ਕਿਰਨਪ੍ਰੀਤ ਕੌਰ ਬਾਠ

### ਭੂਮਿਕਾ

**ਵੈਸਾਖੁ ਭਲਾ ਸਾਚਾ ਵੇਸ**
**ਕਰੇ ॥ ਧਨ ਦੇਖੈ ਹਰਿ ਦੁਆਰਿ**
**ਆਵਹੁ ਦਇਆ ਕਰੇ ॥**
**ਘਰਿ ਆਉ ਪਿਆਰੇ ਦੁਤਰ ਤਾਰੇ**
**ਤੁਧੁ ਬਿਨੁ ਅਢੁ ਨ ਮੋਲੋ ॥**
**ਕੀਮਤਿ ਕਉਣ ਕਰੇ ਤੁਧੁ**
**ਭਾਵਾਂ ਦੇਖਿ ਦਿਖਾਵੈ ਢੋਲੋ ॥**
**ਦੂਰਿ ਨ ਜਾਨਾ ਅੰਤਰਿ ਮਾਨਾ**
**ਹਰਿ ਕਾ ਮਹਲੁ ਪਛਾਨਾ ॥**
**ਨਾਨਕ ਵੈਸਾਖੀਂ ਪ੍ਰਭੁ ਪਾਵੈ**
**ਸੁਰਤਿ ਸਬਦਿ ਮਨੁ ਮਾਨਾ ॥6॥**

(ਅੰਗ 1108)

ਗੁਰਬਾਣੀ ਦੀਆਂ ਇਹ ਸਤਰਾਂ ਵੈਸਾਖੀ ਦੇ ਮਹੀਨੇ ਦਾ ਮਹਾਤਮ ਦੱਸਦੀਆਂ ਹਨ। ਇਹੀ 1699 ਦੀ ਵੈਸਾਖੀ ਦਾ ਤੱਤ ਸਾਰ ਹੈ। ਜਦੋਂ ਸਿੱਖਾਂ ਨੇ 'ਰਬਾਬ ਤੋਂ ਨਗਾਰੇ' ਤਕ ਦਾ ਸਫ਼ਰ ਤਹਿ ਕਰ ਲਿਆ ਅਤੇ 'ਨਿਰਮਲ ਪੰਥ ਤੋਂ ਖ਼ਾਲਸਾ ਪੰਥ' ਹੋ ਜਾਣ ਦੀ ਯੋਗਤਾ ਸਿੱਧ ਕਰ ਲਈ, ਤਾਂ ਵੈਸਾਖੁ ਮਹੀਨੇ ਵਿੱਚ ਉਸ ਸ਼ਬਦ ਦੀ ਮਹਿਮਾ ਪਛਾਣ ਚੁੱਕੀ ਸੁਰਤਿ ਨੂੰ ਅਕਾਲ ਪੁਰਖ ਦਾ ਮਿਲਾਪ ਮਿ਼ਲ ਜਾਂਦਾ ਹੈ। ਭਾਵ ਸ਼ਬਦ ਅਤੇ ਸੁਰਤਿ ਦਾ ਮਿਲਾਪ ਹੋ ਜਾਂਦਾ ਹੈ, ਗੁਰਬਾਣੀ ਪੜ੍ਹਨ ਤੋਂ ਗੁਰਬਾਣੀ ਹੋ ਜਾਣ ਦਾ ਸਫ਼ਰ ਤਹਿ ਹੋ ਜਾਂਦਾ ਹੈ। ਏਹੀ ਸਿੱਖਾਂ ਦੀ ਵੈਸਾਖੀ ਹੈ।

ਗਿੱਧੇ-ਭੰਗੜੇ ਵਾ਼ਲੀ ਵਿਸਾਖੀ ਤਾਂ ਕਈ ਵਾਰ ਆਈ ਵੀ ਤੇ ਗਈ ਵੀ ਪਰ ਖ਼ਾਲਸੇ ਦੀ ਵੈਸਾਖੀ ਇੱਕੋ ਆਈ 1699 ਵਿੱਚ, ਜਿਸ ਨੇ ਪੰਥ ਦੀ ਵਿਲੱਖਣਤਾ, ਪ੍ਰਭੂਸੱਤਾ ਅਤੇ ਹੋਂਦ ਨੂੰ ਸਦਾ-ਚਿਰ ਲਈ ਪਰਿਭਾਸ਼ਿਤ ਕਰ ਦਿੱਤਾ।

ਸਾਡੀ ਮੁਸ਼ਕਿਲ ਇਸ ਲਈ ਨਹੀਂ ਵਧੀ ਕਿ ਅਸੀਂ ਗਿੱਧੇ-ਭੰਗੜੇ ਅਤੇ ਬੋਲੀਆਂ ਨੂੰ ਇਸ ਦਾ ਹਿੱਸਾ ਬਣਾ ਲਿਆ, ਸਗੋਂ ਰਾਹ ਤੋਂ ਇਸ ਲਈ ਭਟਕ ਗਏ ਕਿਉਂਕਿ ਅਸੀਂ 1699 ਦੀ ਵੈਸਾਖੀ ਨੂੰ ਤਿਉਹਾਰੀ ਵਿਸਾਖੀ ਨਾ਼ਲ ਮਿ਼ਲ-ਗੋਭਾ ਕਰ ਲਿਆ। ਇਹੀ ਕਾਰਨ ਹੈ

(ਸਿੱਖਾਂ ਵੱਲੋਂ ਓਹੀ ਸ਼ਬਦ-ਜੋੜ, ਖ਼ਾਸ ਕਰ ਜੋ ਗੁਰਬਾਣੀ ਵਿੱਚ ਆਏ ਹਨ, ਮੰਨਣਯੋਗ ਹੋ ਸਕਦੇ ਹਨ ਜੋ ਗੁਰੂ ਸਾਹਿਬ ਨੂੰ ਗੁਰੂ ਗ੍ਰੰਥ ਸਾਹਿਬ ਜ਼ਰੀਏ ਸਾਨੂੰ ਦਿੱਤੇ। ਇਸ ਲਈ ਸਿੱਖਾਂ ਦੀ 'ਵੈਸਾਖੀ' ਹੈ, ਬਾਕੀ ਹੋਰ ਸਭ 'ਵਿਸਾਖੀ' ਮਨਾ ਸਕਦੇ ਹਨ। ਇਸ ਦਾ ਕਾਰਨ ਇਹ ਹੈ ਕਿ ਗੁਰੂ ਸਾਹਿਬ ਨੇ ਸਾਨੂੰ 'ਵੈਸਾਖ' ਦੇ ਮਹੀਨੇ ਦਾ ਮਹਾਤਮ ਦੱਸਿਆ ਹੈ ਅਤੇ ਇਸ ਸ਼ਬਦ ਸੁਰਤਿ ਦਾ ਮੇਲ ਗੁਰੂ ਸਾਹਿਬ ਨੇ ਵੈਸਾਖੀ (ਵੈਸਾਖ ਵਿੱਚ) ਹੀ ਦੱਸਿਆ ਹੈ; 'ਵਿਸਾਖੀ' ਦਾ ਕੋਈ ਜ਼ਿਕਰ ਨਹੀਂ ਆਉਂਦਾ। ਇਹ ਸਿਰਫ਼ ਅੱਖਰ-ਮਾਤਰ ਨਹੀਂ ਹਨ, ਨਾ ਹੀ ਇਹ ਸਿਰਫ਼ ਸ਼ਬਦ-ਜੋੜ ਦੀ ਗੱਲ ਹੈ। ਇਹ ਗੁਰੂ ਦੀ ਬੋਲੀ, ਗੁਰੂ ਦਾ ਹੁਕਮ ਪਛਾਨਣ ਵਾ਼ਲੀ ਗੱਲ ਹੈ। ਜਿਵੇਂ-ਜਿਵੇਂ ਅਸੀਂ ਗੁਰੂ ਵੱਲੋਂ ਬਖ਼ਸ਼ੇ ਸ਼ਬਦ-ਜੋੜ ਆਪਣੀ ਮਰਜ਼ੀ ਨਾ਼ਲ ਬਦਲਣ ਲੱਗੇ, ਤਾਂ ਸਾਡੇ ਵਿੱਚੋਂ ਕਈ ਐਸੇ ਲੋਕ ਘੁਸਪੈਠ ਕਰ ਗਏ, ਜੋ ਬਾਣੀ ਦੇ ਸੁਨੇਹਾ ਵੀ ਆਪਣੀ ਮਰਜ਼ੀ ਨਾ਼ਲ ਬਦਲਣ ਲੱਗ ਪਏ।) ਕਿ ਅਸੀਂ ਕਦੇ ਵਿਰਸੇ ਦੇ ਨਾਂ ਉੱਤੇ, ਕਦੇ ਸਰਕਾਰੀ ਬੁੱਧੀਜੀਵੀਆਂ ਦੀਆਂ ਮੱਤਾਂ ਕਰਕੇ, ਕਦੇ ਏਕਤਾ ਦੇ ਨਾਂ ਉੱਤੇ ਵਾਰੀ-ਵਾਰੀ ਉ਼ਲਝਦੇ ਰਹਿੰਦੇ ਹਾਂ।

ਇਸ ਉ਼ਲਝਣ ਵਿੱਚੋਂ ਨਿਕ਼ਲਣ ਦਾ ਸਿਰਫ਼ ਇੱਕ ਹੀ ਹੱਲ ਹੈ ਕਿ ਹਰ ਸਿੱਖ ਆਪਣੇ ਇਤਿਹਾਸ ਤੋਂ ਜਾਣੂ ਹੋਵੇ। ਇਸ ਲਈ ਅਤਿ ਜ਼ਰੂਰੀ ਹੈ ਕਿ ਅਸੀਂ ਗੁਰੂ ਜੋਤ, ਗੁਰੂ ਇਤਿਹਾਸ ਅਤੇ ਗੁਰਬਾਣੀ ਦੀ ਨਿਰੰਤਰਤਾ ਨੂੰ ਸਮਝੀਏ।

ਇਸੇ ਨਿਰੰਤਰਤਾ ਵਿੱਚੋਂ ਹੀ 1699 ਦੀ ਵੈਸਾਖੀ ਨਿਕ਼ਲਦੀ ਹੈ ਅਤੇ ਇਸੇ ਨਿਰੰਤਰਤਾ ਵਿੱਚੋਂ ਹੀ ਓਹਨਾਂ ਸਵਾਲਾਂ ਦੇ ਜਵਾਬ ਮਿਲਦੇ ਨੇ, ਜਿਨ੍ਹਾਂ ਵਿੱਚ ਅਕਸਰ ਸਿੱਖ ਕੌਮ ਨੂੰ ਉ਼ਲਝਾਇਆ ਗਿਆ ਹੈ ਜਾਂ ਇੰਝ ਕਹਿ ਲਓ ਕਿ ਸਿੱਖਾਂ ਨੇ ਆਪਣੇ ਅਵੇਸਲੇਪਣ ਕਾਰਨ ਇਸ ਉ਼ਲਝਣ ਨੂੰ ਆਪਣੀ ਤਕਦੀਰ ਆਪ ਬਣਾ ਲਿਆ ਹੈ।

ਮੈਂ ਇਹ ਮੰਨਦੀ ਹਾਂ ਕਿ ਜਦੋਂ ਅਸੀਂ ਗੁਰਬਾਣੀ ਦੇ ਚਾਨਣ ਹੇਠ ਗੁਰੂ ਇਤਿਹਾਸ ਤੋਂ ਸੇਧ ਲੈ ਕੇ ਹੱਕ-ਸੱਚ-ਇਨਸਾਫ਼ ਦੀ ਗੱਲ ਕਰਦੇ ਹੋਏ ਹਨੇਰੇ ਨੂੰ ਵੰਗਾਰਾਂਗੇ ਹਾਂ ਤਾਂ ਲਾਜ਼ਮੀ ਹੈ ਕਿ ਹਨੇਰੇ ਦੇ ਪੈਰੋਕਾਰ ਸਾਨੂੰ ਦਬਾਉਣ ਅਤੇ ਖ਼ਤਮ ਕਰਨ ਦੇ ਹਰ ਹੀਲੇ ਵਰਤਣਗੇ। ਸੋ ਦੁਸ਼ਮਣ ਨੂੰ ਇਹ ਦੋਸ਼ ਦੇਣ ਤੋਂ ਪਹਿਲਾਂ ਸਾਨੂੰ ਆਪਣੇ ਅੰਦਰ ਝਾਤ ਮਰਨੀ ਪਵੇਗੀ ਕਿ ਉਸ ਨੇ ਸਾਨੂੰ ਉ਼ਲਝਾਉਣ ਲਈ ਦਾਅ ਖੇਡੇ ਪਰ ਅਸੀਂ ਉ਼ਲਝ ਕਿਉਂ, ਕਿਵੇਂ ਅਤੇ ਕਦੋਂ ਗਏ। ਅਸੀਂ ਆਪਣੇ ਦੁਆਲੇ ਵਿੱਛਿਆ ਝੂਠ ਦਾ ਇਹ ਮਾਇਆ-ਜਾ਼ਲ ਓਦੋਂ ਹੀ ਤੋੜ ਸਕਾਂਗੇ ਜਦੋਂ ਅਸੀਂ ਆਪਣੀਆਂ ਕਮਜ਼ੋਰੀਆਂ ਨੂੰ ਸਮਝਦੇ ਅਤੇ ਮੰਨਦੇ ਹੋਏ ਗੁਰਬਾਣੀ ਦੀ ਰੋਸ਼ਨੀ ਵਿੱਚ ਫ਼ੈਸਲੇ ਲਵਾਂਗੇ।

ਅਸੀਂ ਕਦੇ ਦਾਰੂ ਦੀ ਬੋਤਲ ਸਿਰ 'ਤੇ ਰੱਖ ਕੇ ਨੱਚ ਰਹੇ ਹੁੰਦੇ ਹਾਂ, ਕਦੇ ਰੰਗ-ਬਿਰੰਗੇ ਪਰਾਂਦਿਆਂ ਵਿੱਚ ਹੀ ਨਾਰੀ-ਸ਼ਕਤੀ ਲੱਭ ਰਹੇ ਹੁੰਦੇ ਹਾਂ, ਕਦੇ ਗੁਰਦੁਆਰਿਆਂ ਵਿੱਚ ਆਪਸ ਵਿੱਚ ਹੀ ਲੜ ਕੇ ਆਪਣਾ ਜਲੂਸ ਕੱਢ ਰਹੇ ਹੁੰਦੇ ਹਾਂ, ਕਦੇ ਕਿਸੇ ਨੇਤਾ ਕੋ਼ਲੋਂ ਡੰਡੇ ਖਾ ਰਹੇ ਹੁੰਦੇ ਹਾਂ, ਕਦੇ ਕਿਸੇ ਕੋ਼ਲੋਂ ਆਪਣੇ ਧੀਆਂ-ਪੁੱਤਰ ਬਚਾਉਣ ਦੀ ਗੁਹਾਰ ਲਾ ਰਹੇ ਹੁੰਦੇ ਹਾਂ; ਕਦੇ ਸਿਰ ਜੋੜ ਕੇ ਸੋਚੀਏ ਤਾਂ ਸਹੀ ਕਿ ਆਪਣੇ ਦਮ 'ਤੇ ਰਾਜ-ਭਾਗ ਖੜ੍ਹਾ ਕਰਨ ਵਾ਼ਲੀ ਕੌਮ ਅੱਜ ਖਵਾਰੀ ਝੱਲ ਕਿਉਂ ਰਹੀ ਹੈ?

ਕਾਰਨ ਇਹੀ ਸਾਹਮਣੇ ਆਵੇਗਾ ਕਿ ਅਸੀਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਵੱਖ ਕਰਨ ਦੀ ਹਿਮਾਕਤ ਕੀਤੀ; ਕਿ ਅਸੀਂ ਆਪਣੇ ਇਤਿਹਾਸ ਨੂੰ ਆਪਣਾ ਅੱਜ ਸਮਝ ਕੇ ਨਹੀਂ ਜੀਵਿਆ, ਸਗੋਂ ਕੰਨ-ਰਸ ਲਈ ਹੀ ਸੁਣਿਆ; ਕਿ ਅਸੀਂ ਗੁਰਬਾਣੀ ਤੋਂ ਐਸਾ ਕਿਨਾਰਾ ਕੀਤਾ ਕਿ ਸ਼ਬਦ-ਗੁਰੂ ਤੋਂ ਦੂਰ ਹੋ ਕੇ ਸ਼ਖ਼ਸੀ-ਭਗਤੀ ਵਿੱਚ ਗ਼ਲਤਾਨ ਹੋ ਗਏ। ਭਾਵ ਗੁਰ-ਮਤਿ ਨੂੰ ਛੱਡ ਕਿਸੇ ਵਿਅਕਤੀ-ਵਿਸ਼ੇਸ਼ ਦੀ 'ਦੁਨਿਆਵੀ-ਮੱਤ' ਨੂੰ ਹੀ 'ਦੈਵੀ-ਮੱਤ' ਸਮਝ ਮੰਨਣਾ ਸ਼ੁਰੂ ਕਰ ਦਿੱਤਾ। ਇਹੀ ਕਾਰਨ ਹੈ ਕਿ 'ਸੰਤ-ਸਿਪਾਹੀ' ਦੀ ਘਾੜਤ ਦੀ ਗਵਾਹ ਇਹ ਵੈਸਾਖੀ, ਢੋਲ 'ਤੇ ਥਿਰਕਦੇ ਪੈਰਾਂ ਜੋਗੀ ਕਰ ਬੈਠਣ ਦਾ ਗ਼ੁਨਾਹ ਸਿੱਖਾਂ ਲਈ ਅੱਜ ਖਵਾਰੀ ਦੇ ਰੂਪ ਵਿੱਚ ਸ਼ਰਾਪ ਬਣ ਕੇ ਉਭਰ ਰਿਹਾ ਹੈ।

ਜੇ ਅਸੀਂ ਇਹ ਸਮਝਿਆ ਹੁੰਦਾ ਕਿ ਗੁਰੂ ਨਾਨਕ ਸਾਹਿਬ, ਗੁਰਬਾਣੀ ਵਿੱਚ ਬਿਰ-ਾਜਮਾਨ ਹੋ ਕੇ ਜੋ ਸਿੱਖਾਂ ਨੂੰ ਕਹਿ ਰਹੇ ਨੇ 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ॥' (ਅੰਗ 1412), ਓਹੀ ਗੁਰੂ ਨਾਨਕ, ਗੁਰੂ ਅੰਗਦ ਬਣ ਮੱਲ-ਅਖਾੜੇ ਦੇ ਨਾ਼ਲ-ਨਾ਼ਲ ਗੁਰਬਾਣੀ ਅਭਿਆਸ ਕਰਵਾ ਕੇ ਸਿੱਖਾਂ ਨੂੰ ਤਿਆਰ ਕਰ ਰਹੇ ਨੇ; ਓਹੀ ਗੁਰੂ ਅਰਜਨ ਬਣ ਤਵੀ 'ਤੇ ਬੈਠੇ ਆਪਣੇ ਸਿੱਖਾਂ ਨੂੰ ਸੱਚ ਦੇ ਧਰਮ ਲਈ ਸਿਰ ਤ਼ਲੀ ਉੱਤੇ ਟਿਕਾਉਣ ਦਾ ਹੁਨਰ ਅਤੇ ਸ਼ਹਾਦਤ ਦਾ ਪਾਠ ਪੜ੍ਹਾ ਰਹੇ ਨੇ ਅਤੇ ਇਹ ਪਾਠ ਓਹਨਾਂ ਦੇ ਸਿੱਖਾਂ ਨੇ ਕਿੰਨਾ ਕੁ ਪੜ੍ਹਿਆ ਹੈ ਉਸ ਦੀ ਪ੍ਰੀਖਿਆ ਚਾਂਦਨੀ-ਚੌਂਕ ਵਿੱਚ ਬੈਠੇ ਗੁਰੂ ਤੇ਼ਗ ਬਹਾਦਰ ਬਣ ਕੇ ਆਪ ਹੀ ਲੈ ਰਹੇ ਨੇ।

ਜਦ ਸਿੱਖਾਂ ਨੇ ਇਹ ਸਾਬਤ ਕਰ ਦਿੱਤਾ ਕਿ ਸ਼ਹਾਦਤ ਦਾ ਹੁਨਰ ਉਹਨਾਂ ਨੂੰ ਆ ਗਿਆ ਹੈ ਤਾਂ ਗੁਰੂ ਨਾਨਕ ਸਾਹਿਬ ਹੀ ਦਸਵੇਂ ਜਾਮੇ




ਵਿੱਚ ਪੰਜ ਸਿਰ ਮੰਗਦੇ ਹਨ। ਗੁਰੂ ਦੇ ਇੱਕ ਇਸ਼ਾਰੇ 'ਤੇ ਸਿਰ ਦੇਣ ਲਈ ਵਾਰੀ-ਵਾਰੀ ਉੱਠੇ ਪੰਜ ਸਿੱਖਾਂ ਨੇ ਇਹ ਗਵਾਹੀ ਭਰੀ ਕਿ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਨੇ ਗੁਰਬਾਣੀ ਦੇ ਬਚਨ 'ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥' (ਅੰਗ 20) ਕਮਾ ਲਏ ਹਨ। ਗੁਰੂ ਨਾਨਕ ਸਾਹਿਬ ਹੀ ਪਹਿਲੇ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਸਾਜਦੇ ਹਨ ਅਤੇ ਗੁਰੂ ਨਾਨਕ ਸਾਹਿਬ ਹੀ ਅਪਣਾ ਬਚਨ 'ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ ॥' (ਅੰਗ 38) ਪੂਰਾ ਕਰਦੇ ਹੋਏ ਆਪ ਚੇਲਾ ਬਣ ਕੇ ਅੰਮ੍ਰਿਤ ਦੀ ਦਾਤ ਖ਼ਾਲਸੇ ਕੋ਼ਲੋਂ ਪ੍ਰਾਪਤ ਕਰਦੇ ਹਨ। ਪਹਿਲੇ ਜਾਮੇ ਵਿੱਚ ਗੁਰੂ ਨਾਨਕ ਸਾਹਿਬ ਹੀ 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' (ਅੰਗ 943) ਦਾ ਸਿਧਾਂਤ ਉਲੀਕਦੇ ਹਨ ਅਤੇ ਦਸਵੇਂ ਜਾਮੇ ਵਿੱਚ ਗੁਰੂ ਨਾਨਕ ਸਾਹਿਬ ਹੀ ਸਿੱਖਾਂ ਨੂੰ ਸ਼ਬਦ-ਰੂਪ ਗੁਰਬਾਣੀ, ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦਿੰਦੇ ਹਨ। ਗੁਰੂ ਨਾਨਕ ਸਾਹਿਬ ਹੀ 'ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥' (ਅੰਗ 669) ਅਤੇ 'ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ (ਅੰਗ 444) ਦਾ ਸਿਧਾਂਤ ਦਿੰਦੇ ਹਨ ਅਤੇ ਓਹੀ ਗੁਰੂ ਗੋਬਿੰਦ ਸਿੰਘ ਬਣ ਖ਼ਾਲਸੇ ਨੂੰ ਗੁਰੂ-ਪੰਥ ਦੀ ਪਦਵੀ ਵੀ ਦਿੰਦੇ ਹਨ। ਇਸੇ ਵਰਤਾਰੇ ਨੂੰ ਭਾਈ ਸੰਤੋਖ ਸਿੰਘ ਜੀ ਸੂਰਜ-ਪ੍ਰਕਾਸ਼ ਵਿੱਚ ਇੰਝ ਵਰਨਣ ਕਰਦੇ ਹਨ :

**ਖਾਲਸਾ ਗੁਰੂ ਹੈ ਗੁਰੂ ਖਾਲਸਾ ਕਰੋ ਮੈਂ ਅਬ**
**ਜੈਸੇ ਗੁਰੂ ਨਾਨਕ ਜੀ ਅੰਗਦ ਕਉ ਕੀਨਿਓ।**
**ਸੰਕ ਨ ਕਰੀਜੈ, ਸਾਵਧਾਨ ਹੋਇ ਦੀਜੈ**
**ਅਬ ਅੰਮ੍ਰਿਤ ਛਕਾਵੋਂ ਮੋਹਿ, ਜੈਸੇ ਤੁਮ ਲੀਨਿਓ।**

(ਰੁੱਤ ਤੀਸਰੀ, ਅੰਸੂ 20 )

ਇਸ ਲਗਾਤਾਰਤਾ ਨੂੰ ਸਮਝਣ ਤੋਂ ਬਾਅਦ ਹੀ ਅਸੀਂ ਗੁਰੂ ਵੱਲੋਂ ਪੰਜ ਸੀਸ ਮੰਗਣ ਅਤੇ ਸਿੱਖਾਂ ਵੱਲੋਂ ਪੰਜ ਸੀਸ ਭੇਟ ਕਰਨ ਦੀ ਅਨੋਖੀ ਕਰਾਮਾਤ ਨੂੰ ਸਮਝ ਸਕਾਂਗੇ।

ਯਾਦ ਰਹੇ ਕੇ ਜਦੋਂ ਵੀ ਅਸੀਂ ਇਸ ਲਗਾਤਾਰਤਾ ਨੂੰ ਵਿਸਾਰਿਆ ਹੈ, ਅਸੀਂ ਹਰ ਤਰ੍ਹਾਂ ਨਾ਼ਲ ਧੋਖਾ ਖਾਧਾ ਹੈ। ਜਦੋਂ ਕੋਈ ਡੇਰੇਦਾਰ ਇਹ ਕਹਿੰਦਾ ਹੈ ਕਿ ਦੇਹਧਾਰੀ ਗੁਰੂ ਹੋਣਾ ਜ਼ਰੂਰੀ ਹੈ, ਜਾਂ ਕੋਈ ਨੇਤਾ ਕਹਿੰਦਾ ਹੈ ਕਿ ਧਰਮ ਅਤੇ ਰਾਜਨੀਤੀ ਇਕੱਠੇ ਨਹੀਂ ਚੱਲ ਸਕਦੇ, ਜਾਂ ਕੋਈ ਪਖੰਡੀ ਤੁਹਾਡੇ ਦੁੱਖ ਦੂਰ ਕਰਨ ਲਈ ਤੁਹਾਨੂੰ ਕਰਮ-ਕਾਂਡ ਅਤੇ ਧਰਮ ਬਦਲਣ ਲਈ ਕਹਿੰਦਾ ਹੈ, *ਚਲਦਾ.....*

ਲੜੀਵਾਰ ਨਾਵਲ



ਕਮਲ ਗਿੱਲ
Mob : +44 07454 394684

ਕਿਸ਼ਤ-25

# ਗੰਧਲੇ ਰਿਸ਼ਤੇ

**ਗੋਰਿਆਂ ਦਾ ਬੀਰਾ ਇਹ ਤਾਂ ਹੈ ਕਿ ਇਹ ਫੇਕ ਨਹੀਂ ਹਨ । ਇਹ ਜੋ ਮੂੰਹ 'ਤੇ ਹਨ ਉਹੀ ਦਿਲ 'ਚ ਵੀ। ਆਪਣਿਆਂ 'ਤੇ ਤਾਂ ਤੁਸੀਂ ਵਿਸ਼ਵਾਸ ਹੀ ਨਹੀਂ ਕਰ ਸਕਦੇ। ਸਭ ਤੋਂ ਵੱਧ ਫੇਕ ਲੋਕ ਆਪਣੇ ਹਨ ਇੰਡੀਅਨ ਖਾਸ ਕਰਕੇ ਪੰਜਾਬੀ। ਮੈਂ ਸਾਰਿਆਂ ਗਲਤ ਨੂੰ ਨਹੀ ਆਖਦੀ ਪਰ ਇਹ ਸੱਚ ਹੈ ਕਿ ਮੇਰਾ ਜਿੰਨਿਆਂ ਕੁ ਨਾਲ ਵਾਹ ਪਿਆ, ਉਨ੍ਹਾਂ ਵਿਚੋਂ 80% ਬਾਅਦ 'ਚ ਫੇਕ ਹੀ ਨਿਕਲੇ। ਜਾਂ ਇੰਝ ਕਹਿ ਲਵਾਂ ਕਿ ਮੇਰੀ ਕਸੌਟੀ 'ਤੇ ਖਰ੍ਹੇ ਨਹੀਂ ਉਤਰੇ। ਮੈਂ 100% ਸਹੀ ਔਰਤ ਨਹੀਂ ਹਾਂ ਬੀਰਾ ਮੈਂ ਵੀ ਬਹੁਤ ਗਲਤੀਆਂ ਕੀਤੀਆਂ ਹੋਈਆਂ ਜ਼ਿੰਦਗੀ 'ਚ। ਹਾਂ, ਪਰ ਇੱਕ ਗੱਲ ਮੈਂ ਪਰਾਊਡ ਨਾਲ ਆਖ ਸਕਦੀ ਹਾਂ ਕਿ ਮੈਂ ਫੇਕ ਨਹੀਂ ਰਹੀ ਕਦੀ। ਤੇ ਸ਼ਾਇਦ ਤਾਂ ਹੀ ਅੱਜ ਇਕੱਲੀ ਹਾਂ।**




ਆਲੇ ਦੁਆਲੇ ਨਜ਼ਰ ਘੁਮਾ ਕੇ ਮੈਂ ਦੇਖਿਆ ਤਕਰੀਬਨ 24-25 ਕੁ ਘਰ ਸਨ ਇਸ ਕਾਲੋਨੀ ਦੀ ਸਟਰੀਟ ਵਿਚ।

''ਕੈਲਾਸ਼ ਜੀ ਕੋਈ ਆਪਣਾ ਇੰਡੀਅਨ ਵੀ ਰਹਿੰਦਾ ਇਥੇ ਹੋਰ?''

''ਨਹੀਂ ਬੀਰਾ ਭਾਰਤੀ ਤਾਂ ਬਸ ਮੈਂ ਹੀ ਇਕੱਲੀ ਹਾਂ, ਬਾਕੀ ਜ਼ਿਆਦਾ ਆਪਣੇ ਇੰਗਲੈਂਡ ਦੇ ਗੋਰੇ ਗੋਰੀਆਂ ਨੇ ਹੀ ਘਰ ਲਏ ਹੋਏ ਹਨ। ਆਹ ਖੱਬੇ ਹੱਥ ਵਾਲੇ ਘਰ 'ਚ ਲੰਡਨ ਦੇ ਗੋਰਾ ਗੋਰੀ ਰਹਿੰਦੇ ਹਨ। ਬਹੁਤ ਚੰਗਾ ਕਪਲ ਹੈ ਰਟਾਇਰਮੈਂਟ ਤੋਂ ਬਾਅਦ ਇਹ ਵੀ ਮੇਰੇ ਵਾਂਗ ਪੱਕੇ ਹੀ ਇਥੇ ਆ ਕੇ ਵੱਸ ਗਏ ਹਨ। ਬਸ ਇੰਗਲੈਂਡ ਹਰੇਕ ਸਾਲ ਨਿਆਣਿਆਂ ਨਾਲ ਕ੍ਰਿਸ਼ਮਸ ਮਨਾਉਣ ਹੀ ਜਾਂਦੇ ਹਨ ਤੇ ਬਾਕੀ ਗਿਆਰਾਂ ਮਹੀਨੇ ਇਥੇ ਵਿਟਾਮਿਨ ਡੀ ਲੈਂਦੇ ਹਨ। ਤੇ ਆ ਸੱਜੇ ਪਾਸੇ ਇਕੱਲੀ ਗੋਰੀ ਰਹਿੰਦੀ ਹੈ। ਇਹ ਮੇਰੇ ਪੁਰਾਣੇ ਸ਼ਹਿਰ ਦੀ ਹੈ, ਭਾਵ ਬਰਮਿੰਘਮ ਦੀ। ਇਹ ਵੀ ਪੱਕੀ ਹੀ ਇਥੇ ਆ ਪਿਛਲੇ ਤਿੰਨ ਕੁ ਸਾਲਾਂ ਤੋਂ। ਕਦੇ ਕਿਤੇ ਹੀ ਜਾਂਦੀ ਇੰਗਲੈਂਡ। ਬਾਕੀ ਆਹ ਇੱਕ ਆਪਣਾ ਬਰਾਇਨ ਆ। ਇਨ੍ਹਾਂ ਤੋਂ ਇਲਾਵਾ ਆਪਣੇ ਬੰਦੇ ਕਾਫੀ ਹਨ ਇਥੇ ਆਲੇ ਦੁਆਲੇ, ਜਿਨ੍ਹਾਂ ਦੇ ਬਿਜਨੈੱਸ ਆ ਇਥੇ ਇਸ ਆਈਲੈਂਡ 'ਤੇ। ਪਰ ਮੇਰੀ ਆਪਣੇ ਕਿਸੇ ਬੰਦੇ ਦੇ ਆਉਣੀ-ਜਾਣੀ ਨਹੀਂ। ਰਾਹ-ਗਲੀ ਹਾਏ ਹੈਲੋ ਹੀ ਆ। ਜੇ ਸੱਚ ਆਖਾਂ ਤਾਂ ਆਪਣਿਆਂ ਨਾਲ ਮੇਰੀ ਬਣਦੀ ਹੀ ਨਹੀਂ, ਕਰਕੇ ਮੈਨੂੰ ਯਕੀਨ ਹੀ ਨਹੀਂ ਰਿਹਾ ਆਪਣੇ ਬੰਦਿਆਂ 'ਤੇ ਹੁਣ।

ਗੋਰਿਆਂ ਦਾ ਬੀਰਾ ਇਹ ਤਾਂ ਹੈ ਕਿ ਇਹ ਫੇਕ ਨਹੀਂ ਹਨ । ਇਹ ਜੋ ਮੂੰਹ 'ਤੇ ਹਨ ਉਹੀ ਦਿਲ 'ਚ ਵੀ। ਆਪਣਿਆਂ 'ਤੇ ਤਾਂ ਤੁਸੀਂ ਵਿਸ਼ਵਾਸ ਹੀ ਨਹੀਂ ਕਰ ਸਕਦੇ। ਸਭ ਤੋਂ ਵੱਧ ਫੇਕ ਲੋਕ ਆਪਣੇ ਹਨ ਇੰਡੀਅਨ ਖਾਸ ਕਰਕੇ ਪੰਜਾਬੀ। ਮੈਂ ਸਾਰਿਆਂ ਗਲਤ ਨੂੰ ਨਹੀ ਆਖਦੀ ਪਰ ਇਹ ਸੱਚ ਹੈ ਕਿ ਮੇਰਾ ਜਿੰਨਿਆਂ ਕੁ ਨਾਲ ਵਾਹ ਪਿਆ, ਉਨ੍ਹਾਂ ਵਿਚੋਂ 80% ਬਾਅਦ 'ਚ ਫੇਕ ਹੀ ਨਿਕਲੇ। ਜਾਂ ਇੰਝ ਕਹਿ ਲਵਾਂ ਕਿ ਮੇਰੀ ਕਸੌਟੀ 'ਤੇ ਖਰ੍ਹੇ ਨਹੀਂ ਉਤਰੇ। ਮੈਂ 100% ਸਹੀ ਔਰਤ ਨਹੀਂ ਹਾਂ ਬੀਰਾ ਮੈਂ ਵੀ ਬਹੁਤ ਗਲਤੀਆਂ ਕੀਤੀਆਂ ਹੋਈਆਂ ਜ਼ਿੰਦਗੀ 'ਚ। ਹਾਂ, ਪਰ ਇੱਕ ਗੱਲ ਮੈਂ ਪਰਾਊਡ ਨਾਲ ਆਖ ਸਕਦੀ ਹਾਂ ਕਿ ਮੈਂ ਫੇਕ ਨਹੀਂ ਰਹੀ ਕਦੀ। ਤੇ ਸ਼ਾਇਦ ਤਾਂ ਹੀ ਅੱਜ ਇਕੱਲੀ ਹਾਂ। ਜੇ ਫੇਕ ਹੁੰਦੀ ਤਾਂ ਅੱਜ ਬਹੁਤ ਸਾਰੇ ਹੋਰ ਰਿਸ਼ਤੇ ਵੀ ਨਾਲ ਹੁੰਦੇ। ਸ਼ਾਇਦ ਫੇਕ ਲੋਕਾਂ ਨੂੰ ਫੇਕ ਹੀ ਪਸੰਦ ਆਉਂਦੇ ਹਨ ਤੇ ਮੇਰੇ ਵਰਗੇ ਮੂੰਹ 'ਤੇ ਸੱਚ ਬੋਲਣ ਵਾਲੇ ਚੰਗੇ ਨਹੀਂ ਲੱਗਦੇ।

''ਹਾਂ ਇਹ ਗੱਲ ਤੁਹਾਡੀ ਸਹੀ ਹੈ। ਮੈਂ ਸਹਿਮਤ ਹਾਂ ਇਸ ਨਾਲ। ਲੋਕ ਨਕਾਬ ਚੜ੍ਹਾ ਕੇ ਜ਼ਿੰਦਗੀ ਕੱਟਦੇ ਹਨ। ਆਪਣੀ ਸਹੂਲੀਅਤ ਅਨੁਸਾਰ ਹੀ ਨਕਾਬ ਬਦਲਦੇ ਰਹਿੰਦੇ ਹਨ।''

''ਕੈਲਾਸ਼ ਜੀ ਆਹ ਫਿਰ ਤੁਹਾਡੀ ਮੁਲ-ਾਕਾਤ ਕੱਦ ਹੋਈ ਪਰਮ ਜੀ ਨਾਲ।''

ਮੈਂ ਸਾਡੀ ਚੱਲ ਰਹੀ ਗੱਲਬਾਤ ਦੀ ਲੜੀ ਜੋੜਨ ਦੀ ਕੋਸ਼ਿਸ਼ ਕੀਤੀ। ਕੈਲਾਸ਼ ਨੇ ਜੂਸ ਦਾ ਖਾਲੀ ਗਲਾਸ ਟੇਬਲ 'ਤੇ ਰੱਖਿਆ ਤੇ ਆਰਾਮ ਨਾਲ ਕੁਰਸੀ 'ਤੇ ਸੈੱਟ ਹੋ ਕੇ ਬੈਠ ਗਈ। ਆਪਣੀ ਕੁਰਸੀ ਦਾ ਰੁਖ਼ ਉਸ ਨੇ ਪੂਰਾ ਸਮੁੰਦਰ ਵੱਲ ਘੁੰਮਾ ਲਿਆ, ਜਿਵੇਂ ਅੱਖਾਂ ਨਾਲ ਉਹ ਉਸ ਦੀ ਗਹਿਰਾਈ ਨਾਪਣਾ ਚਾਹੁੰਦੀ ਸੀ।''

''ਜਿੰਨਾ ਚਿਰ ਉਸ ਦੇ ਮਾਂ ਪਿਓ ਇੰਡੀਆ ਰਹੇ ਅਸੀਂ ਫੂਨ 'ਤੇ ਗੱਲਬਾਤ ਕਰਦੇ ਰਹੇ। ਰੋਜ਼ ਉਹੀ ਰੂਟੀਨ ਰਾਤ ਨੂੰ ਹੁਣ 12 ਕੁ ਵਜੇ ਫੂਨ ਕੱਟ ਦਿੰਦੇ। ਉਸ ਦੀ ਮਾਂ ਦਾ ਵੀ ਇੰਡੀਆਂ ਤੋਂ ਮੈਨੂੰ ਲਗਾਤਾਰ ਫੂਨ ਆਉਂਦਾ ਰਹਿੰਦਾ ਪਰ ਹਰ ਵਾਰ ਮੈਨੂੰ ਇੱਕ ਗਲ ਖੱਟਕਦੀ ਬੀਰਾ।''

''ਉਹ ਕੀ ਕੈਲਾਸ਼ ਜੀ?''

''ਉਹ ਜਦ ਵੀ ਮੈਨੂੰ ਫੂਨ ਕਰਦੀ ਉਸ ਦਾ ਮੇਨ ਟੌਪਕ ਪਰਮ ਦੀਆਂ ਦੋਵੇ ਧੀਆਂ ਹੀ ਹੁੰਦੀਆਂ, ਇਹ ਚੰਗੀਆਂ ਨਹੀ ਉਸ ਨੂੰ ਖਾਂਦੀਆਂ ਆ, ਮਾਂ ਜੋ ਕਹਿੰਦੀ ਉਹੀ ਕਰਦੀਆਂ, ਹੋਰ ਵੀ ਬਹੁਤ ਕੁੱਝ। ਮੈਂ ਬਸ ਉਸ ਦੀਆਂ ਗੱਲਾਂ ਚੁੱਪ-ਚਾਪ ਸੁਣਦੀ ਰਹਿੰਦੀ ।''

ਕਦੀਂ-ਕਦੀਂ ਮੈਂ ਸੋਚਦੀ ਮੈਂ ਕਿੱਥੇ ਫਸ ਗਈ, ਆਹ ਸਾਰੀਆਂ ਗੱਲਾਂ ਮੇਰੇ ਵਸ ਦੀਆਂ ਨਹੀਂ ਸਨ। ਮੈਂ ਤਾਂ ਪਿਛਲੇ ਬਾਰਾਂ ਵਰ੍ਹਿਆਂ ਤੋਂ ਹੋਰ ਹੀ ਜ਼ਿੰਦਗੀ ਜੀਅ ਰਹੀ ਸੀ ।ਜਿਸ ਵਿੱਚ ਮੇਰੀਆਂ ਕਿਤਾਬਾਂ, ਮੇਰਾ ਕੰਮ, ਮੇਰਾ ਬੇਟਾ ਤੇ ਸਾਡੇ ਦੋਹਾਂ ਦੇ ਯੌਰਪ ਜਾਂ ਹੋ ਆਊਟ ਔਫ ਕੰਟਰੀ ਦੇ ਹੌਲੀਡੇ । ਆਹ ਗੱਲਾਂ ਮੇਰੇ ਜੀਵਨ ਦਾ ਹਿੱਸਾ ਨਹੀਂ ਸਨ । ਨਾ ਹੀ ਮੈ ਯੂਜ਼ ਟੂ ਸੀ ਇਸ ਸਭ ਲਈ । ਪਰ ਹੁਣ ਕੁਝ ਨਹੀਂ ਕਰ ਸਕਦੀ ਸੀ ।''

''ਤੁਸੀ ਪਰਮ ਜੀ ਨੂੰ ਇਸ ਬਾਰੇ ਕਦੇ ਨਹੀਂ ਦੱਸਿਆ?''

''ਨਹੀ ਕਰ ਕੇ ਹਰ ਵਾਰ ਉਹ ਮੈਨੂੰ ਆਖ ਦਿੰਦੀ, ਤੈਨੂੰ ਸੋਹੰ ਲੱਗੇ ਰਿੱਕੀ ਨਾਲ ਗੱਲ ਨਾ ਕਰੀ, ਉਹ ਪਰਮ ਨੂੰ ਰਿੱਕੀ ਕਹਿ ਕੇ ਬਲਾਉਂਦੀ ਸੀ ।''

''ਉਹ ਸੋਹਾਂ ਹੀ ਇੰਨੀਆਂ ਖੁਆ ਦਿੰਦੀ ਮੈਂ ਕੁੱਝ ਬੋਲ ਹੀ ਨਾ ਸਕਦੀ ਪਰਮ ਕੋਲ ਪਰ ਮੈਨੂੰ ਗੱਲ ਅਜ਼ੀਬ ਲੱਗਦੀ।''

ਖੈਰ ਅਸੀ ਦੋਵੇਂ ਯਾਨੀ ਮੈਂ ਤੇ ਪਰਮ ਗੱਲ ਰੋਜ਼ ਕਰਦੇ ਪਰ ਇਸ ਬਾਰੇ ਮੈਂ ਕੁਝ ਨਹੀਂ ਦੱਸਦੀ। ਮੇਰੀ ਮਾਂ ਦਾ ਵੀਜ਼ਾ ਵੀ ਮੁਕਣ ਵਾਲਾ ਸੀ, ਮਾਂ ਚਾਹੁੰਦੀ ਸੀ ਕਿ ਇੰਡੀਆ ਜਾਣ ਤੋਂ ਪਹਿਲਾਂ ਪਰਮ ਦੇ ਪਰਿਵਾਰ ਨੂੰ ਵੀ ਮਿਲ ਲਵੇ। ਮੈਂ ਉਸ ਨਾਲ ਗੱਲਬਾਤ ਕੀਤੀ ਤਾਂ ਉਹ ਝੱਟ ਮੰਨ ਗਿਆ। ਉਸ ਦੇ ਮਾਂ-ਪਿਓ ਨੂੰ ਯੂਕੇ ਵਾਪਸ ਆਇਆਂ ਨੂੰ ਹਫਤਾ ਹੋ ਗਿਆ ਸੀ। ਇਸ ਟਾਈਮ ਵਿਚ ਉਸ ਦੀ ਮਾਂ ਨਾਲ ਮੇਰੀ ਬਹੁਤ ਵਾਰ ਗੱਲ ਹੋਈ ਹਰ ਵਾਰ ਬਹੁਤ ਪਿਆਰ ਨਾਲ ਗੱਲ ਕਰਦੀ। ਖ਼ੈਰ ਸਾਡਾ ਫਿਰ ਮਿਲਣ ਦਾ ਸਮ੍ਹਾਂ ਤੈਅ ਹੋ ਗਿਆ। ਇਸ ਵਾਰ ਅਸੀਂ ਉਨ੍ਹਾਂ ਦੇ ਘਰ ਨਿਊਕੀ ਜਾ ਰਹੇ ਸੀ। ਸਾਨੂੰ ਸੱਦਾ ਪੱਤਰ ਆਇਆ ਸੀ।

ਉਹ ਦਿਨ ਵੀ ਆ ਗਿਆ। ਮੈਂ ਨਵਾਂ ਨਕੋਰ ਗੁਲਾਬੀ ਰੰਗ ਦਾ ਸੂਟ ਪਾਇਆ। ਫਿੱਕਾ-ਫਿੱਕਾ ਮੈਕਅਪ ਕੀਤਾ ਤੇ ਮਾਂ ਅਤੇ ਤਾਜ਼ ਨੂੰ ਲੈ ਕੇ ਉਨ੍ਹਾਂ ਦੇ ਘਰ ਜਾ ਪਹੁੰਚੀ। ਕਾਫੀ ਸਾਰੇ ਸਾਮਾਨ ਦੇ ਨਾਲ। ਮੇਰੀ ਮਾਂ ਨੇ ਮਠਿਆਈਆਂ, ਸੂਟ, ਪਿਆਰ ਸਭ ਦਾ ਇੰਤਜ਼ਾਮ ਕਰ ਲਿਆ ਸੀ।

ਤਕਰੀਬਨ ਦੁਪਹਿਰ ਦੇ ਇਕ ਕੁ ਵਜੇ ਅਸੀਂ ਤਿੰਨੇ ਉਨ੍ਹਾਂ ਦੇ ਘਰ ਅੱਗੇ ਜਾ ਪਹੁੰਚੇ। ਪਰਮ ਦਾ ਪੰਜ ਬੈੱਡਰੂਮ ਦਾ ਘਰ, ਵੱਡੀ ਸਾਰੀ ਡਰਾਇੰਗ ਰੂਮ, ਬਿਲਕੁਲ ਸਮੁੰਦਰ ਦੇ ਨੇੜੇ। ਇਹ ਕੋਰਨਵੈੱਲ ਦਾ ਇਲਾਕਾ ਬਹੁਤ ਖੂਬਸੂਰਤ ਇਲਾਕਾ ਸੀ। ਘਰ ਪਹੁੰਚੇ ਤਾਂ ਉਸ ਦੇ ਮਾਂ ਪਿਓ ਤੋਂ ਬਿਨਾਂ ਛੋਟਾ ਭਰਾ ਭਰਜਾਈ ਵੀ ਘਰ ਹੀ ਸਨ। ਵੈਸੇ ਤਾਂ ਉਹ ਦੋਵੇਂ ਆਪਣੇ ਦੋ ਬੱਚਿਆਂ ਨਾਲ ਆਪਣੇ ਦੂਜੇ ਘਰ ਰਹਿੰਦੇ ਸਨ ਪਰ ਸਾਡੇ ਆਉਣ ਕਰਕੇ ਅੱਜ ਇਥੇ ਆਏ ਸਨ। ਸਾਰਿਆਂ ਨੇ ਬੜਾ ਚਾਅ ਕੀਤਾ। ਮਾਤਾ ਵਾਰ-ਵਾਰ ਮੈਨੂੰ ਜੱਫੀਆਂ ਪਾਉਂਦੀ ਤੇ ਪਰਮ ਦੇ ਤਿੰਨੇ ਨਿਆਣੇ ਵੀ ਮਿਲੇ। ਅਸੀਂ ਤਕਰੀਬਨ ਪੰਜ ਕੁ ਘੰਟੇ ਉਨ੍ਹਾਂ ਦੇ ਘਰ ਰਹੇ। ਪਰਮ ਨੇ ਮੈਨੂੰ ਸਾਰਾ ਘਰ ਦਿਖਾਇਆ ਤੇ ਆਪਣਾ ਕਮਰਾ ਵੀ। ਘਰ ਦੀ ਸਫਾਈ ਠੀਕ- ਠਾਕ ਹੀ ਸੀ। ਉਸ ਦੇ ਕਮਰੇ ਦੀ ਹਾਲਤ ਵੀ ਬਾਹਲੀ ਚੰਗੀ ਨਹੀਂ ਸੀ। ਖ਼ੈਰ ਔਰਤ ਹੀ ਘਰ ਸਾਂਭਦੀ ਹੈ, ਔਰਤ ਤੋਂ ਬਿਨ੍ਹਾਂ ਇਸੇ ਤਰ੍ਹਾਂ ਹਾਲ ਹੁੰਦਾ ਹੈ ਘਰ ਦਾ। ਮੈਂ ਸਮਝ ਸਕਦੀ ਸੀ।

ਖ਼ੈਰ ਸ਼ਾਮ ਨੂੰ ਅਸੀਂ ਅਲਵਿਦਾ ਆਖੀ ਤੇ ਉਥੋਂ ਤੁਰ ਪਏ। ਮਾਂ ਨੇ ਤੁਰਨ ਤੋਂ ਪਹਿਲਾਂ ਪਰਮ ਨੂੰ ਪਿਆਰ ਦਿੱਤਾ ਤੇ ਉਸ ਦੀ ਮਾਂ ਨੇ ਮੈਨੂੰ। ਸੂਟਾਂ ਦਾ ਬਟਵਾਰਾ ਹੋਇਆ ਤੇ ਨੌਰਮਲ ਰਸਮਾਂ ਦਾ ਵੀ। ਮੰਨੋ ਸਾਡੇ ਨਾਲ-ਨਾਲ ਦੋਵੇਂ ਪਰਿਵਾਰ ਵੀ ਅਪਰੂਵਲ ਦੇ ਚੁੱਕੇ ਸਨ ਸਾਡੇ ਰਿਸ਼ਤੇ ਲਈ। ਮੇਰਾ ਬੇਟਾ ਤਾਂ ਪਹਿਲਾਂ ਹੀ ਬਹੁਤ ਖੁਸ਼ ਸੀ ਕਿਉਂਕਿ ਮੈਂ ਖੁਸ਼ ਸੀ। ਘਰ ਅਸੀਂ ਕਾਫੀ ਲੇਟ ਆਏ ਉਸ ਰਾਤ ਸਫਰ ਲੰਬਾ ਸੀ। ਕੋਈ ਸਾਢੇ ਚਾਰ ਘੰਟੇ ਲੱਗ ਗਏ ਨੋਨ ਸਟੋਪ ਡਰਾਈਵ 'ਚ ਵੀ।''

''ਹਾਂ, ਸ਼ਾਇਦ ਬੀਰਾ ਉਸ ਕੁ ਸਮੇਂ 'ਚ ਹੀ ਆਪਣੀ ਦੋਹਾਂ ਦੀ ਆਖਰੀ ਗੱਲ ਹੋਈ ਸੀ।''

''ਹਾਂਜੀ ਆਹ ਮਾਰਚ ਵਿਚ ਗਿਆਰਾਂ ਵਰ੍ਹੇ ਹੋ ਗਏ ਨੇ ਆਪਣੀ ਗੱਲ ਹੋਇਆਂ।''

''ਹਾਂ, ਮੈਨੂੰ ਯਾਦ ਆ, ਮੈਂ ਤੈਨੂੰ ਦੱਸਿਆ ਸੀ ਪਰਮ ਬਾਰੇ।''

''ਹਾਂਜੀ ਉਦੋਂ ਮੇਰੀ ਇੰਡੀਆ ਦੀ ਤਿਆਰੀ ਸੀ, ਸੋ ਡੇਢ-ਦੋ ਮਹੀਨੇ ਲਈ ਇੰਡੀਆ ਚਲੇ ਗਈ ਸੀ ਬਾਅਦ 'ਚ।''

''ਹਾਂ ਬਸ-ਬਸ ਤੂੰ ਦੱਸਿਆ ਸੀ ਮੈਨੂੰ ਕਿ ਇੰਡੀਆ ਜਾ ਰਹੀ ਹੈ ਪਰ ਇਹ ਨਹੀਂ ਪਤਾ ਸੀ ਕਿ ਕਿੰਨੀ ਦੇਰ ਲਈ। ਉਸ ਸਮੇਂ 'ਚ ਮੇਰਾ ਫੂਨ ਲੋਸਟ ਹੋ ਗਿਆ। ਫੂਨ 'ਤੇ ਕੋਈ ਬੈਕਅਪ ਨਹੀਂ ਕੀਤਾ ਸੀ। ਫੂਨ ਦੇ ਨਾਲ-ਨਾਲ ਸਾਰੇ ਨੰਬਰ ਵੀ ਚਲੇ ਗਏ।

ਤੇ ਤਦ ਨਵਾਂ ਫੂਨ ਲਿਆ ਤਾਂ ਕਾਂਟਰੈਕਟ ਵੀ ਨਵਾਂ ਸੀ। ਫਿਰ ਨਵੇਂ ਕਾਂਟਰੈਕਟ 'ਤੇ ਨਵਾਂ ਨੰਬਰ ਆਪਾਂ ਦੋਵੇਂ ਬੱਸ ਵੱਖ ਹੀ ਹੋ ਗਏ।''

''ਹਾਂਜੀ ਮੈਂ ਤਾਂ ਟ੍ਰਾਈ ਵੀ ਬਹੁਤ ਕੀਤੀ ਤੁਹਾਨੂੰ ਭਾਲਣ ਦੀ ਪਰ ਤੁਸੀਂ ਸ਼ਾਇਦ ਨਵੀਂ ਜ਼ਿੰਦਗੀ 'ਚ ਮਸ਼ਰੂਫ ਹੋ ਗਏ ਸੀ।''

''ਹਾਂ ਬੱਸ ਇਹੀ ਕਹਿ ਲਾ ਕਿ ਭੁੱਖੇ ਜੱਟ ਕਟੋਰਾ ਲੱਭਿਆ ਪਾਣੀ ਪੀ-ਪੀ ਆਫਰਿਆ।''

ਨਵੇਂ ਰਿਸ਼ਤੇ ਦਾ ਚਾਅ ਹੀ ਇੰਨਾ ਸੀ ਕਿ ਮੈਂ ਸੋਚਦੀ ਸੀ ਕਿ ਬਸ ਦੁਨੀਆਂ ਦੀ ਸਭ ਤੋਂ ਖੁਸ਼ਨਸੀਬ ਔਰਤ ਮੈਂ ਹੀ ਹਾਂ ਹੋਰ ਕੋਈ ਵੀ ਨਹੀਂ।

ਚਲਦਾ....

# Experience Fails To Teach, Where There Is No Desire To Learn

**IQBAL SINGH LALPURA**
**9780003333**



The Sikhs have a great history and philosophy to lead the world. The history lies in a small ambit, from 1469 AD to 1708 AD. From Guru Nanak to Guru Gobind Singh, the Gurus were there to guide and make history. The knowledge or Gian Guru for guidance was handed over to Sri Guru Granth Sahib, the only religious scripture authored by the messenger of God in the history of world religions.

Baba Banda Singh Bahadur was appointed by Guru Gobind Singh himself in 1708 AD to punish the tyrants and establish Halemi Raj, a kingdom of justice and compassion. From 1716 AD to 1783 AD, the Sikhs, under leaders like Sardar Darbara Singh, Bhai Mani Singh, Sardar Kapur Singh, Sultan-ul-Quam Jassa Singh Ahluwalia, Sardar Jassa Singh Ramgarhia, and Sardar Charat Singh, and 11 misals under their command, defeated the Mughals and took over the Lahore and Delhi kingdoms.

Maharaja Ranjit Singh captured Lahore in 1799 AD and ruled for 40 years. However, after his death in 1839 AD, his successors were not capable, and the British took over the Sikh Kingdom formally in 1849 AD, possibly through deceitful means.

From 1849 AD to 1947 AD, pro-British leaders led the Sikhs, who were not following the Sikh way of life. Although they were ruling almost half of Punjab, no effort was made by them to preach and promote Sikh philosophy. On the other hand, they adopted the European way of life.

In 1920 AD, an effort was made to remove the British-supported management from the historical Gurdwaras. The agitation continued up to 1925, resulting only in the replacement by pro-Congress Sikh leadership. However, there was again no effort to research, translate, preach, and promote Sikh philosophy and history to the world in an organized way.



After 1920 AD, the only change visible is that the Gurdwaras are now in the control of a political party making efforts to grab political power in Punjab. As far as the preaching of religious philosophy to the world is concerned, it is not on the agenda of anybody.

Guru Nanak Dev Ji created angels out of ordinary human beings, which was preached for 239 years by the Gurus, resulting in a change of DNA. This DNA compels Sikhs to serve humanity with langar and other services. However, the Sikhs have not done anything to preach or take the message of the Guru to the world.

The Guru's concept for preaching Sikh philosophy is not by preaching but by living by Gurbani. The other part is "Raj Bina na Dharm chale hain," meaning the religion needs the help of political power to grow.

Punjab is the only state in the country with a sizeable population of Sikhs. The Akali party, which claimed to be the leader of the Sikhs, is not even the main opposition since 2017 and does not look to regain power, with allegations and confessions that they helped the criminals responsible for sacrilege of Sri Guru Granth Sahib Ji, not to mention the killings of peaceful Sikh agitators.

Sikhs in other states of India are politically relevant in only a few Vidhan Sabha constituencies. If one compares the Sikh religion in numbers in India, they are only 1.7 percent of the total population and are decreasing; thirty years back, they were 2.2 percent.

The Gurdwara funds being donated are not being properly utilized, as per perception, for research and propagation of religion or education and employment. In the name of respect or maryada, Sikh houses are being raided by people who have no religious authority. As a Sikh, you feel threatened or unsafe from the Sikhs, in the Gurdwara and outside.

By accepting banned casteism, the doors of Gurdwaras and langar find themselves closed to the most beloved Sikhs of the Guru Sahiban. To propagate and protect the religion, one needs to understand the ways and policies of Christians, Muslims, Jews, Jains, Buddhists, not to mention Sanatan Hindus.

Under these circumstances, what should a Sikh do to save his religion? Should leadership be left to a group of politicians who change their stand according to their convenience? Majority of Religious/ Political leadership is interested in using Gurdwara donations for their self promotion not for preaching or promoting Gurbani that is reason why Sikh community is squeezing in non mere and some following or converting to other religion.

This needs deeper introspection, discussion, vision paper and group of people to sit, plan and act. Nothing is impossible but would require involvement, service and sacrifice.




ਜੋ ਦੇਸ਼ ਕੋਮ ਲਈ ਵਾਰਨ ਜਾਨਾਂ ਮਿਲਦਾ ਉਹਨਾਂ ਨੂੰ ਵੀ ਨਾ ਕੱਖ ਜੋ ਦਾਰੂ ਦੀਆਂ ਬੋਤਲਾਂ ਪੀ ਕੇ ਮਰਗੇ ਸਰਕਾਰ ਮੁਆਵਜਾ ਦਿੰਦੀ ਦੱਸ ਲੱਖ ਇਹ ਐਲਾਨਾਂ ਵਾਲੀ ਸਰਕਾਰ ਹੈ ਸਿਰਫ ਕਰਦੀ ਹੈ ਐਲਾਨ ਅੱਜ ਜਿੰਦਗੀ ਮੋਤ ਦੀ ਲੜਾਈ ਲੜਦਾ ਗਗਨਦੀਪ ਵਾਰ ਗਿਆ ਆਪਣੀ ਜਾਨ ਮਾਂ ਬਾਪ ਦਾ ਪੁੱਤ ਨਾ ਮੁੜਨਾਂ ਨਾਲ ਪਤਾ ਨਹੀ ਕਿੰਨੇ ਤੁਰਨਾਂ ਚੂੜੇ ਵਾਲੀ ਮਾਰੇ ਧਾਹਾਂ ਖੜ ਗਿਆਂ ਆਉਣ ਤੋ ਪਹਿਲਾਂ ਰਾਹਾਂ ਕਿੰਨੂ ਹੁਣ ਉਹ ਦੁੱਖ ਸੁਣਾਉ ਕੋਣ ਮਾਂ ਪਿਉ ਨੂੰ ਇੰਨਸਾਫ ਦਵਾਉ ਮਤਲਬ ਦੇ ਨੇ ਲੋਕ ਸਿਆਣੇ ਆਖਣ।

-ਜਸਵਿੰਦਰ ਬਿੱਲਾ

jasvinderbilla425@gmail.com

# ਬੀਕਾਨੇਰ ਤੋਂ ਮੱਸੇ ਦੀ ਮੌਤ ਬਣ ਕੇ ਆਉਣ ਵਾਲੇ ਦੋ ਸਿੱਖ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ

## ਗੁਰਿਆਈ ਦਿਵਸ 'ਤੇ ਵਿਸ਼ੇਸ਼



ਰਮੇਸ਼ ਬੱਗਾ ਚੋਹਲਾ
ਮੋਬ : 9463132719





*ਮੱਸੇ ਰੰਘੜ ਦਾ ਵੱਢਿਆ ਸਿਰ ਲੈ ਕੇ ਜਥੇਦਾਰ ਨੂੰ ਭੇਟ ਕਰਦੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ*
*ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਦੀ ਯਾਦ ਨੂੰ ਸਪਰਪਿਤ ਗੁਰਦੁਆਰਾ ਸਾਹਿਬ*

ਧਰਮ ਦੀ ਕਾਰ ਅਤੇ ਸੁਚੱਜਾ (ਸਰਬੱਤ ਦੇ ਭਲੇ ਵਾਲਾ) ਵਿਹਾਰ ਸਿੱਖੀ ਜੀਵਨ-ਜਾਚ ਦਾ ਅਹਿਮ ਹਿੱਸਾ ਹੈ। ਇਹ ਕਾਰ ਤੇ ਵਿਹਾਰ ਸਿੱਖ ਨੂੰ ਜਿਥੇ ਗੁਰਬਾਣੀ ਨਾਲ ਜੋੜੀ ਰੱਖਦੇ ਹਨ,ਉੱਥੇ ਲੋੜ ਪੈਣ 'ਤੇ ਕੁਰਬਾਨੀ ਲਈ ਤੱਤਪਰ ਰਹਿਣ ਵਾਸਤੇ ਵੀ ਪ੍ਰੇਰਦੇ ਰਹਿੰਦੇ ਹਨ। ਰੱਬੀ ਬਖਸ਼ਿਸ਼ ਲਈ ਵੱਡੇ ਬਾਬੇ ਦੇ ਬੋਲ ਜਿਥੇ ਪ੍ਰੇਮ ਦੀ ਖੇਡ ਖੇਡਣ ਦਾ ਹੋਕਾ ਦਿੰਦੇ ਹਨ,ਉੱਥੇ ਇਸ ਉੱਚੀ ਅਤੇ ਸੁੱਚੀ ਖੇਡ ਦੀ ਨਿਰਵਿਘਨਤਾ ਲਈ ਕੁਰਬਾਨੀ ਦਾ ਜਜ਼ਬਾ ਵੀ ਜਗਾਉਂਦੇ ਹਨ। ਇਸ ਪਵਿੱਤਰ ਜਜ਼ਬੇ ਅਧੀਨ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿਦਕੀ ਸਿੱਖ 'ਸੀਸ ਤਲੀ 'ਤੇ ਧਰ ਕੇ' ਆਪਣੇ ਧਾਰਮਿਕ ਅਤੇ ਰਾਜਨੀਤਕ ਨਿਸ਼ਾਨੇ ਪ੍ਰਾਪਤ ਕਰਦੇ ਰਹੇ ਹਨ। ਇਸ ਤਰ੍ਹਾਂ ਦੀ ਮਾਣ-ਮੱਤੀ ਪ੍ਰਾਪਤੀ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਹੈ ਦੋ ਸੂਰਮੇ ਸਿੱਖਾਂ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਨਾਂਅ ਜਿਨ੍ਹਾਂ ਮਣਾਂ-ਮੂੰਹੀਂ ਦਲੇਰੀ ਨਾਲ ਦਿਨ-ਦੀਵੀਂ ਮੱਸੇ ਰੰਗੜ ਦਾ ਸਿਰ ਵੱਢ ਕੇ ਇੱਕ ਨਵਾਂ ਇਤਿਹਾਸ ਰਚਿਆ ਸੀ। ਸਿੱਖ ਇਤਿਹਾਸ ਦਾ ਇਹ ਰਚਣ ਦੱਸਦਾ ਹੈ ਕਿ ਇੱਕ ਸਿੱਖ ਨੂੰ ਉਸ ਦਾ ਗੁਰੂ ਅਤੇ ਉਸ ਨਾਲ ਜੁੜੇ ਗੁਰਧਾਮ ਜਾਨ ਤੋਂ ਵੀ ਵੱਧ ਪਿਆਰੇ ਹੁੰਦੇ ਹਨ।

ਇਤਿਹਾਸਕ ਪੰਨੇ ਫਰੋਲਿਆਂ ਪਤਾ ਲੱਗਦਾ ਹੈ ਕਿ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆਂ ਖਾਨ ਨੇ ਸਿੱਖੀ ਦਾ ਖ਼ੁਰਾ-ਖੋਜ ਮਿਟਾਉਣ ਦੀ ਪੱਕੀ ਠਾਣ ਲਈ ਸੀ। ਇਸ ਠਾਣਤਾ ਦਾ ਭਾਈਵਾਲ ਉਸ ਨੇ ਪਿੰਡ ਮਡਿਆਣੀ ਦੇ ਵਸਨੀਕ ਚੌਧਰੀ ਮੱਸੇ ਰੰਗੜ ਨੂੰ ਵੀ ਬਣਾ ਲਿਆ।

ਆਪਣੀ ਸਿੱਖ ਵਿਰੋਧੀ ਨੀਤੀ ਅਧੀਨ ਉਸ ਨੇ ਮੱਸੇ ਨੂੰ ਥਾਪੜਾ ਦੇ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਬੇਅਦਬ ਕਰਨ ਲਈ ਭੇਜ ਦਿੱਤਾ। ਹਕੂਮਤ ਦੇ ਇਸ ਥਾਪੜੇ ਨਾਲ ਰੰਗੜ ਦੀ ਬੁੱਧੀ ਭ੍ਰਿਸ਼ਟ ਹੋ ਗਈ ਅਤੇ ਉਹ ਹੰਕਾਰ ਦੇ ਘੋੜੇ ਤੇ ਸਵਾਰ ਹੋ ਕੇ ਮਨਆਈਆਂ ਕਰਨ ਲੱਗਾ। ਪਵਿੱਤਰ ਦਰਬਾਰ ਸਾਹਿਬ ਵਿੱਚ ਮੰਜਾ ਡਾਹ ਕੇ ਉਸ ਨੀਚ ਨੇ ਹੁੱਕੇ ਦੀ ਗੁੜਗੁੜਾਹਟ ਪੈਦਾ ਕਰ ਦਿੱਤੀ ਅਤੇ ਨਾਲ ਹੀ ਦਾਰੂ ਦਾ ਦੌਰ ਵੀ ਚਲਾ ਦਿੱਤਾ। ਜ਼ਾਮ ਦੇ ਛਲਕਾਅ ਅਤੇ ਵੇਸਵਾ ਦੀ ਅਦਾ ਨੇ ਉਸ ਨੂੰ ਮਦਹੋਸ਼ ਕਰਕੇ ਰੱਖ ਦਿੱਤਾ ਅਤੇ ਉਹ ਖ਼ੁਦਾ ਦਾ ਖ਼ੌਫ਼ ਭੁਲਾ ਕੇ ਬਹਿ ਗਿਆ।

ਚੌਧਰੀ ਦਾ ਇਹ ਦੁਰਾਚਾਰੀ ਸਿਲਸਲਾ ਕੁੱਝ ਕੁ ਦਿਨ ਤੱਕ ਤਾਂ ਚੱਲਦਾ ਰਿਹਾ ਪਰ ਅਖੀਰ ਇਸ ਦੀ ਖ਼ਬਰ ਬੀਕਾਨੇਰ (ਰਾਜਸਥਾਨ) ਵਿਚ ਵਸਦੇ ਖ਼ਾਲਸੇ ਕੋਲ ਪਹੁੰਚ ਗਈ। ਇਹ ਖ਼ਬਰ ਪਹੁੰਚਾਉਣ ਵਾਲਾ ਪਿੰਡ ਕੰਗ ਦਾ ਵਾਸੀ ਭਾਈ ਬਲਾਕਾ ਸਿੰਘ ਸੀ। ਬੇਅਦਬੀ ਦੀ ਖ਼ਬਰ ਸੁਣਦਿਆਂ ਹੀ ਸਿੰਘਾਂ ਦਾ ਖ਼ੂਨ ਖੌਲਣ ਲੱਗਾ। ਇਸ ਖੋਲ੍ਹੇ ਖ਼ੂਨ ਦੀ ਬਾਦੌਲਤ ਜਥੇਦਾਰ ਬੁੱਢਾ ਸਿੰਘ ਨੇ ਸਿੰਘਾਂ ਨੂੰ ਸੰਬੋਧਨ ਕਰਕੇ ਕਿਹਾ, "ਖ਼ਾਲਸਾ ਜੀ ! ਵੈਰੀਆਂ ਨੇ ਸਾਡੇ ਗੁਰਧਾਮ 'ਤੇ ਕਬਜ਼ਾ ਕਰਕੇ ਗੁਰੂ-ਘਰ ਦੀ ਮਰਿਯਾਦਾ ਦਾ ਘਾਣ ਕਰ ਦਿੱਤਾ ਹੈ। ਜੇ ਅੱਜ ਅਸੀਂ ਇਸ ਮਰਿਯਾਦਾ ਨੂੰ ਕਾਇਮ ਨਾ ਰੱਖ ਸਕੇ ਤਾਂ ਆਪਣੇ ਗੁਰੂ ਨੂੰ ਮੂੰਹ ਦਿਖਾਉਣ ਦੇ ਕਾਬਿਲ ਨਹੀਂ ਰਹਾਂਗੇ।

ਸੋ ਉੱਠੋ ! ਕੋਈ ਸੂਰਮਾ ਜਿਹੜਾ ਉਸ ਦੁਸ਼ਟ ਰੰਗੜ ਦਾ ਸਿਰ ਵੱਢ ਕੇ ਗੁਰੂ ਰਾਮਦਾਸ ਪਾਤਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੇ। "

ਜਥੇਦਾਰ ਬੁੱਢਾ ਸਿੰਘ ਦੀ ਵੰਗਾਰ ਸੁਣ ਕੇ ਇਕੱਠ ਵਿਚੋਂ ਦੋ ਸੂਰਮੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਅਤੇ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਉੱਠ ਖੜ੍ਹੇ ਹੋਏ ਅਤੇ ਹੱਥ ਜੋੜਕੇ ਕਹਿਣ ਲੱਗੇ ਕਿ, 'ਜਥੇਦਾਰ ਜੀ ! ਇਸ ਸੇਵਾ ਦਾ ਮੌਕਾ ਸਾਨੂੰ ਬਖਸ਼ੋ,ਅਸੀਂ ਵਾਅਦਾ ਕਰਦੇ ਹਾਂ ਕਿ ਜਾਂ ਤਾਂ ਉਸ ਪਾਪੀ ਦਾ ਸਿਰ ਵੱਢ ਕੇ ਪੰਥ ਦੀ ਝੋਲੀ ਵਿਚ ਪਾ ਦੇਵਾਂਗੇ ਜਾਂ ਫਿਰ ਆਪਣੇ ਸਿਰ (ਸ਼ਹੀਦ ਹੋ ਕੇ) ਗੁਰੂ ਦੇ ਲੇਖੇ ਲਾ ਦੇਵਾਂਗੇ। '

ਜੇ ਕਰ ਸੀਸ ਲਗੇ ਗੁਰ ਅਰਥ।
ਧੰਨ ਜਨਮ ਧੰਨ ਮਰਣ ਸਮਰੱਥ।
(ਪ੍ਰਚੀਨ ਪੰਥ ਪ੍ਰਕਾਸ਼)

ਵਾਅਦਾ ਕਰਕੇ ਦੋਵਾਂ ਸੂਰਮਿਆਂ ਨੇ ਅਰਦਾਸਾ ਸੋਧਿਆ ਅਤੇ ਮੱਸੇ ਦੀ ਮੌਤ ਬਣਕੇ ਬੀਕਾਨੇਰ ਤੋਂ ਸ੍ਰੀ ਅੰਮ੍ਰਿਤਸਰ ਵੱਲ ਨੂੰ ਰਵਾਨਾ ਹੋ ਗਏ।

ਦੋਵਾਂ ਸਿੰਘਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਦੇ ਜਾ ਰਹੇ ਸਨ। ਰਸਤੇ ਵਿਚ ਇੱਕ ਖੂਹ 'ਤੇ ਠਹਿਰ ਕੇ ਦੋਵਾਂ ਨੇ ਜਲ ਛਕਿਆ ਅਤੇ ਮੱਸੇ ਨੂੰ ਮਜ਼ਾ ਚਖਾਉਣ ਦੀ ਵਿਉਂਤਬੰਦੀ ਕਰਨ ਲੱਗੇ। ਇਸ ਵਿਉਂਤਬੰਦੀ ਤਹਿਤ ਉਨ੍ਹਾਂ ਦੋਵਾਂ ਨੇ ਚੌਧਰੀਆਂ ਦਾ ਭੇਸ ਧਾਰਨ ਕੀਤਾ ਅਤੇ ਇਕ ਆਵੇ ਤੋਂ ਘੜੇ ਖ਼ਰੀਦ ਕੇ ਉਸ ਦੀਆਂ ਠੀਕਰੀਆਂ ਬਣਾ ਲਈਆਂ। ਇਹ ਠੀਕਰੀਆਂ ਥੈਲੀਆਂ ਵਿਚ ਭਰ ਕੇ ਉਹ ਆਪਣੀ ਮੰਜ਼ਿਲ ਵੱਲ ਵਧਣ ਲੱਗੇ। ਇਹ ਦਿਨ 11 ਅਗਸਤ 1740 ਦਾ ਹੈ।

ਘੋੜਿਆਂ 'ਤੇ ਲੱਦੀਆਂ ਥੈਲੀਆਂ ਅਤੇ ਢਿੱਲੀ ਜਿਹੀ ਪੁਸ਼ਾਕ ਤੋਂ ਉਹ ਕਿਸੇ ਪਿੰਡ ਦੇ ਚੌਧਰੀ ਜਾਂ ਨੰਬਰਦਾਰ ਲੱਗਦੇ ਸਨ। ਦੁਪਹਿਰ ਦਾ ਸਮਾਂ ਸੀ ਅਤੇ ਮੁਗਲ ਸਿਪਾਹੀ ਆਰਾਮ ਕਰ ਰਹੇ ਸਨ। ਜਿਹੜੇ ਜਾਗ ਰਹੇ ਸਨ ਉਨ੍ਹਾਂ ਨੂੰ ਵੀ ਇੰਝ ਲੱਗਾ ਕਿ ਇਹ ਕੋਈ ਚੌਧਰੀ ਹਨ ਜਿਹੜੇ ਮਾਮਲਾ ਤਾਰਨ ਆਏ ਹੋਣਗੇ। ਮਾਹੌਲ ਦਾ ਲਾਹਾ ਲੈ ਕੇ ਦੋਵੇਂ ਸਿੰਘ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ।

ਦਰਬਾਰ ਸਾਹਿਬ ਦੇ ਸਨਮੁੱਖ ਹੋ ਕੇ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਅਰਦਾਸ ਕੀਤੀ-'ਧੰਨ ਧੰਨ ! ਗੁਰੂ ਰਾਮਦਾਸ ਪਾਤਸ਼ਾਹ ਸੇਵਕਾਂ ਦੀ ਲਾਜ ਰੱਖਣੀ ਅਤੇ ਬਖ਼ਸ਼ਿਸ ਕਰਨੀ ਕਿ ਅਸੀਂ ਆਪਣੇ ਮਨੋਰਥ ਵਿਚ ਕਾਮਯਾਬ ਹੋ ਕੇ ਕੀਤੇ ਹੋਏ ਵਾਅਦੇ ਨੂੰ ਨਿਭਾਅ ਸਕੀਏ। ਅਤੇ ਨਾਲ ਹੀ ਘੋੜਿਆਂ ਸਮੇਤ ਪ੍ਰਕਰਮਾ ਵਿਚਲੇ ਪ੍ਰਵੇਸ਼ ਦੀ ਖਿਮਾਂ ਵੀ ਮੰਗ ਲਈ।'

ਅਰਦਾਸ ਕਰਕੇ ਦੋਵੇਂ ਜਣੇਂ ਸ੍ਰੀ ਹਰਿਮੰਦਰ ਸਾਹਿਬ ਵੱਲ ਵੱਧਣ ਲੱਗੇ। ਦਰਬਾਰ ਵਿਚ ਪਹੁੰਚ ਕੇ ਸਿੰਘਾਂ ਨੇ ਦੇਖਿਆ ਕਿ ਜਿਥੇ ਕਦੇ ਰੱਬ ਦੀ ਕੀਰਤੀ ਗਾਈ ਜਾਂਦੀ ਸੀ ਉਸ ਸ਼ਥਾਨ ਮੱਸੇ ਦੀ ਮਸਤੀ ਚੱਲ ਰਹੀ ਸੀ। ਵੇਸਵਾ ਦਾ ਨਾਚ ਹੋ ਰਿਹਾ ਸੀ ਅਤੇ ਦਾਰੂ ਵਰਤ ਰਹੀ ਸੀ। ਹਕੂਮਤੀ ਸ਼ਹਿ 'ਤੇ ਰੰਗੜ ਖ਼ਾਲਸੇ ਦਾ ਖ਼ੌਫ਼ ਭੁਲਾਈ ਬੈਠਾ ਸੀ।

ਦੋਵੇਂ ਸਿੰਘ ਚੌਧਰੀ ਦੇ ਪਲੰਘ ਕੋਲ ਪਹੁੰਚ ਗਏ ਅਤੇ ਕਹਿਣ ਲੱਗੇ ਕਿ 'ਬੜੇ ਸਮੇਂ ਦਾ ਹਿਸਾਬ ਬਕਾਇਆ ਸੀ ਜੋ ਕਰਨ ਵਾਸਤੇ ਆਏ ਹਾਂ। ' ਇਹ ਕਹਿ ਕੇ ਉਨ੍ਹਾਂ ਦੋਵਾਂ ਨੇ ਥੈਲੀਆਂ ਪਲੰਘ ਹੇਠਾਂ ਸੁੱਟ ਦਿੱਤੀਆਂ। ਪਲੰਘ ਹੇਠਲੀਆਂ ਥੈਲੀਆਂ ਨੂੰ ਚੁੱਕਣ ਲਈ ਜਦੋਂ ਚੌਧਰੀ ਹੇਠਾਂ ਵੱਲ ਝੁਕਿਆ ਤਾਂ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਨੇ ਕ੍ਰਿਪਾਨ ਦੇ ਇੱਕ ਵਾਰ ਨਾਲ ਹੀ ਉਸ ਦਾ ਸਿਰ ਵੱਢ ਦਿੱਤਾ। ਖ਼ਾਲਸੇ ਦਾ ਇਹ ਕੌਤਕ ਦੇਖ ਕੇ ਵੇਸਵਾ ਨੂੰ ਨੱਚਣਾ ਭੁੱਲ ਗਿਆ ਅਤੇ ਸਾਜੀਆਂ ਦੀਆਂ ਸੁਰਾਂ ਗੁਆਚ ਗਈਆਂ। ਦਰਬਾਰ ਵਿਚ ਹਲਚਲ ਮੱਚ ਗਈ।

ਇਸ ਤੋਂ ਪਹਿਲਾਂ ਕਿ ਕਿਸੇ ਨੂੰ ਘਟਨਾ ਦੀ ਪੂਰੀ ਸਮਝ ਲੱਗਦੀ ਦੋਵਾਂ ਨੇ ਡਿੱਗੇ ਹੋਏ ਸਿਰ ਨੂੰ ਸੰਭਾਲ ਲਿਆ ਅਤੇ ਲਾਚੀ ਬੇਰੀ ਕੋਲ ਪਹੁੰਚ ਗਏ। ਘੋੜਿਆਂ ਕੋਲ ਆ ਕੇ ਉਨ੍ਹਾਂ ਨੇ ਮੱਸੇ ਦਾ ਸਿਰ ਨੇਜ਼ੇ 'ਤੇ ਟੰਗ ਲਿਆ ਤੇ ਜੈਕਾਰੇ ਗਜ਼ਾਉਂਦੇ ਹੋਏ ਪ੍ਰਕਰਮਾ ਵਿਚੋਂ ਬਾਹਰ ਨਿਕਲ ਗਏ।

ਪਾਪਾਂ ਦਾ ਬੁਰਜ ਢਾਹ ਕੇ ਸਿਦਕੀ ਸਿੱਖਾਂ ਨੇ ਗੁਰੂ ਰਾਮਦਾਸ ਦਾ ਸ਼ੁਕਰਾਨਾ ਕੀਤਾ ਅਤੇ ਵਾਪਸੀ ਲਈ ਚਾਲੇ ਪਾ ਦਿੱਤੇ। ਬੀਕਾਨੇਰ ਪਹੁੰਚ ਕੇ ਸਿੰਘਾਂ ਨੇ ਸੱਜੇ ਹੋਏ ਦੀਵਾਨ ਵਿਚ 'ਮੱਸੇ ਦਾ ਸਿਰ' ਜਥੇਦਾਰ ਬੁੱਢਾ ਸਿੰਘ ਨੂੰ ਭੇਟ ਕਰ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਗੁਰ-ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਹੁੰਦੇ ਹਨ। ਇਨ੍ਹਾਂ ਦੀ ਬੇਅਦਬੀ ਨੂੰ ਸਿੱਖ ਆਪਣੀ ਬੇਅਦਬੀ ਸਮਝਦਾ ਹੈ ਅਤੇ ਆਪਣਾ ਮਾਲਾ ਵਾਲਾ ਹੱਥ ਕ੍ਰਿਪਾਨ ਵੱਲ ਵਧਾ ਦਿੰਦਾ ਹੈ। ਧਰਮ (ਸੱਚ) ਦੀ ਖ਼ਾਤਰ ਵਧਿਆ ਇਹ ਹੱਥ ਕਈ ਵਾਰ ਵੱਡੀ ਕਰਾਮਾਤ ਵੀ ਕਰ ਦਿਖਾਉਂਦਾ ਹੈ। ਇਸ ਤਰ੍ਹਾਂ ਦੀਆਂ ਕਈ ਕਰਾਮਾਤਾਂ ਸਮੇਂ-ਸਮੇਂ ਸਿੱਖ ਇਤਿਹਾਸ ਦਾ ਅੰਗ ਬਣਦੀਆਂ ਆ ਰਹੀਆਂ ਹਨ।

ਇਸ ਕਰਾਮਾਤੀ (ਬਹਾਦਰੀ ਵਾਲੇ) ਕਾਰਨਾਮੇ ਤੋਂ ਬਾਅਦ ਮੱਸੇ ਦਾ ਪਰਿਵਾਰ ਖਾਨ ਬਹਾਦਰ ਜ਼ਕਰੀਆ ਖਾਨ ਦੇ ਦਰਬਾਰ ਵਿਚ ਪੇਸ਼ ਹੋਇਆ ਅਤੇ ਭੁੱਬਾਂ ਮਾਰ ਕੇ ਰੋਣ ਲੱਗਾ। ਖਾਨ ਨੇ ਅੰਮ੍ਰਿਤਸਰ ਦੇ ਨੇੜਲੇ ਚੌਧਰੀਆਂ ਨੂੰ ਦਰਬਾਰ ਵਿਚ ਬੁਲਾਇਆ ਅਤੇ ਚੌਧਰੀ ਮੱਸੇ ਦੇ ਕਾਤਲਾਂ ਦੀ ਸੂਹ ਲਾਉਣ ਦਾ ਹੁਕਮ ਦਿੱਤਾ। ਮੌਕੇ 'ਤੇ ਹਾਜ਼ਰ ਹਰਭਗਤ ਨਿਰੰਜਨੀਏ ਜੰਡਆਲੇ ਵਾਲੇ ਨੇ ਸੂਹ ਦਿੱਤੀ ਕਿ ਇਹ ਕਾਰਜ ਭਾਈ ਮਹਿਤਾਬ ਸਿੰਘ ਮੀਰਾਂ ਕੋਟੀਏ ਅਤੇ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਕੀਤਾ ਹੈ।

ਨਿਰੰਜਨੀਏ ਦੀ ਮੁਖ਼ਬਰੀ ਦੇ ਮੁਤਾਬਿਕ ਫ਼ੌਜਦਾਰ ਨੂਰਦੀਨ ਦੀ ਅਗਵਾਈ ਹੇਠ ਫੌਜ ਨੇ ਪਿੰਡ ਮੀਰਾਂ ਕੋਟ ਨੂੰ ਘੇਰਾ ਪਾ ਲਿਆ। ਮਹਿਤਾਬ ਸਿੰਘ ਤਾਂ ਉੱਥੇ ਹੈ ਨਹੀਂ ਸੀ ਪਰ ਉਸ ਦਾ ਪੁੱਤਰ ਰਾਇ ਸਿੰਘ ਆਪਣੇ ਤਾਏ (ਭਾਈ ਸਾਹਿਬ ਦੇ ਪੱਗ ਵੱਟ ਭਰਾ) ਨੱਥੇ ਖਹਿਰੇ ਕੋਲ ਰਹਿ ਰਿਹਾ ਸੀ। ਨੂਰਦੀਨ ਨੇ ਨੱਥੇ ਖਹਿਰੇ ਨੂੰ ਕਿਹਾ ਕਿ ਉਹ ਰਾਇ ਸਿੰਘ ਨੂੰ ਉਸ ਦੇ ਹਵਾਲੇ ਕਰ ਦੇਵੇ ਪਰ ਨੱਥੇ ਨੇ ਭਾਈ ਮਹਿਤਾਬ ਸਿੰਘ ਨਾਲ ਵਟਾਈ ਹੋਈ ਪੱਗ ਨੂੰ ਦਾਗ ਨਹੀਂ ਲੱਗਣ ਦਿੱਤਾ। ਬਾਲਕ ਰਾਇ ਸਿੰਘ ਨੂੰ ਮੋਢਿਆਂ 'ਤੇ ਚੱਕ ਕੇ ਉਹ, ਆਪਣੇ ਤਿੰਨ-ਚਾਰ ਸਾਥੀਆਂ ਸਮੇਤ ਪਿਛਲੇ ਪਾਸਿਓਂ ਬਾਹਰ ਨਿਕਲ ਗਿਆ। ਸ਼ਾਹੀ ਫੌਜ ਨੇ ਪਿੱਛਾ ਕਰਕੇ ਇਨ੍ਹਾਂ ਸਾਰਿਆਂ ਨੂੰ ਘੇਰ ਲਿਆ। ਘਮਸਾਨ ਦੀ ਲੜਾਈ ਵਿਚ ਨੱਥਾ ਖਹਿਰਾ ਅਤੇ ਉਸ ਦੇ ਸਾਥੀ ਸ਼ਹੀਦ ਹੋ ਗਏ ਅਤੇ ਰਾਇ ਸਿੰਘ ਸਖਤ ਜ਼ਖਮੀ ਹੋਣ ਕਰਕੇ ਬੇਹੋਸ਼ ਹੋ ਗਿਆ। ਫੌਜੀਆਂ ਨੇ ਉਸ ਨੂੰ ਵੀ ਮਰਿਆ ਹੋਇਆ ਸਮਝ ਕੇ ਛੱਡ ਦਿੱਤਾ।

ਬਾਕੀ ਹਿਸਾ 37 ਸਫ਼ੇ ਤੇ ਪੜ੍ਹੋ

### 36 ਸਫ਼ੇ ਦੀ ਬਾਕੀ

ਉਸ ਦੇ ਸਾਹ ਚੱਲਦੇ ਦੇਖ ਕੇ ਇਕ ਦਾਇਆਵਾਨ ਇਸਤਰੀ ਕੰਬੋ ਉਸ ਨੂੰ ਆਪਣੇ ਘਰ ਲੈ ਗਈ ਅਤੇ ਉਸ ਦੀ ਸੇਵਾ-ਸੰਭਾਲ ਨਾਲ ਉਹ ਤੰਦਰੁਸਤ ਹੋ ਗਿਆ।

ਇੱਕ ਦਿਨ ਆਪਣੇ ਪੁੱਤਰ ਨੂੰ ਮਿਲਣ ਲਈ ਭਾਈ ਮਹਿਤਾਬ ਸਿੰਘ ਪਿੰਡ ਮੀਰਾਂ ਕੋਟ ਆਇਆ,ਜਿਸ ਦੀ ਭਿਣਕ ਨਿਰੰਜਨੀਏ ਨੂੰ ਵੀ ਪੈ ਗਈ ਅਤੇ ਉਸ ਨੇ ਭਾਈ ਸਾਹਿਬ ਨੂੰ ਫੜਾ ਦਿੱਤਾ।

ਜੰਜੀਰਾਂ ਵਿਚ ਜਕੜ ਕੇ ਭਾਈ ਮਹਿਤਾਬ ਸਿੰਘ ਨੂੰ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਸਵਾਲ ਜਵਾਬ ਕਰਨ ਤੋਂ ਬਾਅਦ ਜ਼ਕਰੀਆ ਖਾਨ ਨੇ ਉਸ ਨੂੰ ਇਸਲਾਮ ਕਬੂਲ਼ ਕਰਨ ਲਈ ਕਿਹਾ ਤਾਂ ਜੋ ਉਸ ਦੀ ਜਾਨ ਬਖਸ਼ੀ ਜਾ ਸਕੇ। ਸਿਦਕੀ ਸਿੱਖ ਨੇ ਜਾਨ ਬਚਾਉਣ ਦੀ ਬਜਾਏ ਜਾਨ ਕੁਰਬਾਨ ਕਰਨ ਨੂੰ ਤਰਜੀਹ ਦਿੱਤੀ। ਸਿੱਟੇ ਵਜੋਂ 1745 ਈ. (ਸੰਮਤ1802) ਨੂੰ ਜ਼ਾਲਮਾ ਨੇ ਉਸ ਨੂੰ ਚਰਖੜੀ 'ਤੇ ਚਾੜ ਕੇ ਸ਼ਹੀਦ ਕਰ ਦਿੱਤਾ ਅਤੇ ਉਸ ਦਾ ਸੀਸ ਵੱਢ ਕੇ ਲਾਹੌਰ ਦੀ ਹੀਰਾ ਮੰਡੀ ਵਿਚ ਟੰਗ ਦਿੱਤਾ ਗਿਆ।

ਮੱਸੇ ਦੀ ਮੌਤ ਤੋਂ ਬਾਅਦ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਸਿੱਖੀ ਦੀ ਚੜ੍ਹਦੀ ਕਲਾ ਅਤੇ ਖ਼ਾਲਸਾ ਰਾਜ ਦੀ ਕਾਇਮੀ ਲਈ ਲਗਾਤਾਰ ਸਰਗਰਮ ਰਿਹਾ। ਉਸ ਨੇ 1740 ਈ. ਤੋਂ ਲੈ ਕੇ 1753 ਈਂ ਤੱਕ ਆਪਣੀ ਜੁਝਾਰੂ ਭੂਮਿਕਾ ਨਿਭਾਈ। ਸੰਨ 1746 ਵਿਚ ਜਦੋਂ ਯਾਹੀਆ ਖਾਂ ਤੇ ਲਖਪਤ ਰਾਏ ਨੇ ਸਿੱਖਾਂ 'ਤੇ ਹਮਲਾ ਕੀਤਾ ਤਾਂ ਉਸ ਦਾ ਮੁਕਾਬਲਾ ਕਰਨ ਵਾਲੇ ਸੂਰਮੇ ਸਿੱਖਾਂ ਵਿਚ ਭਾਈ ਸੁੱਖਾ ਸਿੰਘ ਵੀ ਸ਼ਾਮਿਲ ਸੀ। ਉਹ ਲਖਪਤ ਰਾਏ ਦਾ ਖਾਤਮਾ ਕਰਨ ਦਾ ਚਾਹਵਾਨ ਸੀ ਪਰ ਉਹ (ਲਖਪਤ) ਉਸ ਦੇ ਹੱਥ ਨਹੀਂ ਆਇਆ। ਇਸ ਮੁਕਾਬਲੇ ਵਿਚ ਗੋਲੀ ਲੱਗਣ ਕਾਰਨ ਉਸ ਦੀ ਲੱਤ ਦੀ ਹੱਡੀ ਵੀ ਟੁੱਟ ਗਈ ਸੀ ਪਰ ਉਸ ਨੇ ਹਿੰਮਤ ਨਹੀਂ ਹਾਰੀ ਅਤੇ ਆਪਣੇ ਸਾਥੀਆਂ ਨਾਲ ਮਾਲਵੇ ਨੂੰ ਚਲਾ ਗਿਆ।

ਭਾਈ ਸੁੱਖਾ ਸਿੰਘ ਦੀ ਸੂਰਮਗਤੀ ਦੇ ਹੋਰ ਵੀ ਅਨੇਕਾਂ ਕਿੱਸੇ ਹਨ। 1753 ਈ. ਵਿਚ ਉਸ ਨੇ ਆਪਣਾ ਅੰਤਮ ਯੁੱਧ ਮੀਰ ਮਨੂੰ ਨਾਲ ਕੀਤਾ। ਇਹ ਯੁੱਧ ਪਿੰਡ ਕੋਟ ਬੁੱਢਾ ਕੋਲ ਹੋਇਆ ਜਿਸ ਵਿਚ ਭਾਈ ਸੁੱਖਾ ਸਿੰਘ ਸ਼ਹਾਦਤ ਦਾ ਜ਼ਾਮ ਪੀ ਗਿਆ ਅਤੇ ਸਿੱਖ ਇਤਿਹਾਸ ਵਿਚ ਸਦਾ ਲਈ ਅਮਰ ਹੋ ਗਿਆ।

ਅਜੋਕੇ ਸਮੇਂ ਵੀ ਸਾਡੇ ਪਾਵਨ ਗੁਰਧਾਮਾਂ ਅੰਦਰ ਮੱਸੇ ਰੰਘੜ ਦੀ ਰੂਹ ਪ੍ਰਵੇਸ਼ ਕਰ ਚੁੱਕੀ ਹੈ ਜਿਸ ਦਾ ਸਿਰ (ਸੋਚ) ਲਾਹੁਣ ਲਈ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਵਰਗੇ ਸੂਰਮਿਆਂ ਦੀ ਲੋੜ ਹੈ ਜਿਹਵੇ ਨਾ ਸਿਰਫ਼ ਗੁਰਧਾਮਾਂ ਦਾ ਸਤਿਕਾਰ ਹੀ ਬਹਾਲ ਕਰਵਾ ਸਕਣ ਸਗੋਂ ਗੁਰੂ ਸਾਹਿਬਾਨ ਦੇ ਮਹਾਨ ਵਿਚਾਰ (ਨਾਨਕ ਨਾਮ ਚੜ੍ਹਦੀਕਲ੍ਹਾ ਤੇਰੇ ਭਾਣੇ ਸਰਬਤ ਦਾ ਭਲਾ) ਨੂੰ ਵੀ ਕਾਇਮ ਰੱਖ ਸਕਣ।

#1348/17/1 ਗਲੀ ਨੰ: 8 ਰਿਸ਼ੀ ਨਗਰ ਐਕਸਟੈਨਸ਼ਨ (ਲੁਧਿਆਣਾ)

*******

## ਮੋਰ ਅਤੇ ਲੰਗੂਰ



ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਸੀ। ਜੰਗਲ ਦੇ ਨਜ਼ਦੀਕ ਇੱਕ ਨਦੀ ਵਗਦੀ ਸੀ। ਉੱਥੇ ਹੀ ਟਾਹਲੀ ਦਾ ਇੱਕ ਪੁਰਾਣਾ ਤੇ ਵਿਸ਼ਾਲ ਰੁੱਖ ਸੀ। ਉਸ ਰੁੱਖ 'ਤੇ ਇੱਕ ਮੋਰ ਅਤੇ ਲੰਗੂਰ ਰਹਿੰਦੇ ਸਨ। ਉਹਨਾਂ ਵਿੱਚ ਬਹੁਤ ਪਿਆਰ ਵੀ ਸੀ। ਉਹ ਇੱਕ - ਦੂਸਰੇ ਦੀ ਸਹਾਇਤਾ ਵੀ ਕਰਦੇ ਸਨ ਅਤੇ ਹਰ ਕੰਮ ਇੱਕ - ਦੂਸਰੇ ਨਾਲ਼ ਸਲਾਹ ਕਰਕੇ ਸਮਝਦਾਰੀ ਨਾਲ਼ ਕਰਦੇ ਸਨ। ਕਾਫੀ ਸਮਾਂ ਇੰਝ ਲੰਘ ਗਿਆ। ਉਹਨਾਂ ਦੋਵਾਂ ਦੇ ਬੱਚੇ ਵੀ ਆਪਸ ਵਿੱਚ ਰਲ਼ - ਮਿਲ ਕੇ ਰਹਿੰਦੇ ਤੇ ਖੇਡਦੇ ਸਨ। ਉਹਨਾਂ ਵਿੱਚ ਕਦੇ ਵੀ ਕੋਈ ਲੜਾਈ ਨਹੀਂ ਹੋਈ। ਇੱਕ ਵਾਰ ਟਾਹਲੀ ਦੇ ਉਸ ਰੁੱਖ 'ਤੇ ਇੱਕ ਕਾਂ ਆਇਆ। ਉਹ ਕਾਫੀ ਚਲਾਕ ਅਤੇ ਬੇਈਮਾਨ ਸੀ। ਉਹ ਟਾਹਲੀ ਦੇ ਦਰੱਖ਼ਤ 'ਤੇ ਆਪਣਾ ਕਬਜ਼ਾ ਕਰਨਾ ਚਾਹੁੰਦਾ ਸੀ। ਉਸਨੇ ਮੋਰ ਨੂੰ ਲੰਗੂਰ ਦੇ ਵਿਰੁੱਧ ਭੜਕਾਉਣਾ ਸ਼ੁਰੂ ਕਰ ਦਿੱਤਾ। ਉਹ ਅਕਸਰ ਮੋਰ ਨੂੰ ਕਹਿੰਦਾ ਕਿ ਤੂੰ ਸਾਰਾ ਦਿਨ ਬਹੁਤ ਮਿਹਨਤ ਕਰਦਾ ਹੈ ਤੇ ਵਿਹਲੜ ਲੰਗੂਰ ਨੂੰ ਰੋਟੀ ਖਵਾਉਂਦਾ ਰਹਿੰਦਾ ਹੈ। ਪਹਿਲਾਂ ਤਾਂ ਮੋਰ ਦੇ ਉੱਤੇ ਚਲਾਕ ਕਾਂ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ, ਪਰ ਬਾਅਦ ਵਿੱਚ ਮੋਰ ਦੇ ਮਨ ਵਿੱਚ ਲੰਗੂਰ ਪ੍ਰਤੀ ਕੁੜੱਤਣ ਆ ਗਈ। ਇਸੇ ਤਰ੍ਹਾਂ ਚਲਾਕ ਕਾਂ ਲੰਗੂਰ ਦੇ ਵੀ ਕੰਨ ਭਰਦਾ ਰਹਿੰਦਾ। ਉਹ ਅਕਸਰ ਲੰਗੂਰ ਨੂੰ ਸੁਣਾਉਂਦਾ ਕਿ ਤੂੰ ਸਾਰੇ ਘਰ ਦੀ ਸੰਭਾਲ਼ ਕਰਦਾ ਰਹਿੰਦਾ ਹੈ ਤੇ ਮੋਰ ਦੇ ਬੱਚਿਆਂ ਦਾ ਵੀ ਖਿਆਲ ਰੱਖਦਾ ਹੈ, ਪਰ ਮੋਰ ਸਾਰਾ ਦਿਨ ਬਾਹਰ ਘੁੰਮਦਾ - ਫਿਰਦਾ ਭਾਂਤ - ਭਾਂਤ ਦੇ ਭੋਜਨ ਖਾਂਦਾ ਤੇ ਅਨੰਦ ਲੈਂਦਾ ਹੈ। ਹੌਲ਼ੀ - ਹੌਲ਼ੀ ਲੰਗੂਰ ਦੇ ਉੱਤੇ ਕਪਟੀ ਕਾਂ ਦੀਆਂ ਗੱਲਾਂ ਦਾ ਅਸਰ ਹੋਣ ਲੱਗ ਪਿਆ। ਇੱਕ ਦਿਨ ਮੋਰ ਅਤੇ ਲੰਗੂਰ ਦੀ ਲੜਾਈ ਹੋ ਗਈ। ਚਲਾਕ ਕਾਂ ਇਹ ਸਭ ਦੇਖ ਕੇ ਖੁਸ਼ ਹੋ ਰਿਹਾ ਸੀ। ਇੱਕ ਦਿਨ ਫਿਰ ਕਾਂ ਦੀਆਂ ਗੱਲਾਂ ਵਿੱਚ ਆ ਕੇ ਲੰਗੂਰ ਤੇ ਮੋਰ ਲੜਾਈ ਕਰਨ ਲੱਗੇ ਪਏ ਅਤੇ ਟਾਹਲੀ ਦੇ ਹਰੇ - ਭਰੇ ਦਰੱਖ਼ਤ 'ਤੇ ਬਣੇ ਆਪਣੇ ਸੁੰਦਰ ਘਰ ਨੂੰ ਛੱਡ ਕੇ ਚਲੇ ਗਏ। ਹੁਣ ਕਾਂ ਉੱਥੇ ਅਨੰਦ ਨਾਲ਼ ਰਹਿਣ ਲੱਗਾ ਤੇ ਚਲਾਕ ਕਾਂ ਖੁਸ਼ ਸੀ ਕਿ ਕਿਵੇਂ ਮੋਰ ਅਤੇ ਲੰਗੂਰ ਉਸ ਦੀਆਂ ਕੁਚਾਲਾਂ ਵਿੱਚ ਫਸ ਕੇ ਬਰਬਾਦ ਹੋ ਗਏ। ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਦੂਸਰੇ ਚਲਾਕ ਅਤੇ ਬੇਈਮਾਨ ਲੋਕਾਂ ਦੀਆਂ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ, ਸਗੋਂ ਆਪਣੇ ਬੁੱਧੀ - ਵਿਵੇਕ ਤੋਂ ਸੋਚ ਕੇ ਹੀ ਹਰ ਫੈਸਲਾ ਕਰਨਾ ਚਾਹੀਦਾ ਹੈ।



ਕਹਾਣੀਕਾਰ ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ 9478561356

# ਅਮਰੀਕਾ ਦੀ ਜੇਲ ਵਿਚੋਂ ਕੰਧ ਤੋੜ ਕੇ 10 ਕੈਦੀ ਹੋਏ ਫਰਾਰ

### ✪ ਜੇਲ ਵਿਚ ਤਾਇਨਾਤ ਸਟਾਫ ਵਿਚੋਂ ਕਿਸੇ ਨੇ ਦੌੜ ਜਾਣ ਵਿਚ ਕੀਤੀ ਮੱਦਦ-ਸ਼ੈਰਿਫ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਲੋਇਸਿਆਨਾ ਰਾਜ ਦੀ ਨਿਊ ਓਰਲੀਨਜ ਜੇਲ ਵਿਚੋਂ ਟਾਇਲਟ ਪਿੱਛਲੀ ਕੰਧ ਤੋੜ ਕੇ 10 ਕੈਦੀਆਂ ਦੇ ਫਰਾਰ ਹੋ ਜਾਣ ਦੀ ਖਬਰ ਹੈ। ਸਥਾਨਕ ਸ਼ੈਰਿਫ ਨੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਹੈ। ਫਰਾਰ ਹੋਏ ਕੈਦੀਆਂ ਵਿਚ ਹੱਤਿਆ ਦੇ ਮਾਮਲਿਆਂ ਵਿਚ ਗ੍ਰਿਫਤਾਰ ਸ਼ੱਕੀ ਦੋਸ਼ੀ ਵੀ ਸ਼ਾਮਿਲ ਹਨ।

ਓਰਲੀਨਜ ਪੈਰਿਸ਼ ਸ਼ੈਰਿਫ ਸੂਸਾਨ ਹਟਸਨ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਉਨਾਂ ਨੂੰ ਅਜਿਹੇ ਸੰਕੇਤ ਮਿਲੇ ਹਨ ਜਿਨਾਂ ਤੋਂ ਪਤਾ ਲੱਗਦਾ ਹੈ ਕਿ ਜੇਲ ਵਿਚ ਉਨਾਂ ਦੇ ਵਿਭਾਗ ਦੇ ਹੀ ਕੁਝ ਲੋਕਾਂ ਨੇ ਕੈਦੀਆਂ ਦੇ ਬਚ ਕੇ ਨਿਕਲ ਜਾਣ ਵਿਚ ਮੱਦਦ ਕੀਤੀ ਹੈ ਕਿਉਂਕਿ ਬਿਨਾਂ ਮੱਦਦ ਤੋਂ ਇਸ ਜੇਲ ਵਿਚੋਂ ਫਰਾਰ ਹੋਣਾ ਅਸੰਭਵ ਹੈ। ਉਨਾਂ ਕਿਹਾ ਕਿ ਇਕ ਕੈਦੀ ਨੂੰ ਕਾਬੂ ਕਰ ਲਿਆ ਗਿਆ ਹੈ ਜਦ ਕਿ ਬਾਕੀ ਕੈਦੀਆਂ ਦਾ ਕੋਈ ਥਹੁ ਪਤਾ ਨਹੀਂ ਹੈ। ਹਟਸਨ ਅਨੁਸਾਰ ਅੱਧੀ ਰਾਤ ਬਾਅਦ ਇਕ ਵਜੇ ਓਰਲੀਨਜ ਜਸਟਿਸ ਸੈਂਟਰ ਦੀ ਕੰਧ ਤੋੜਨ ਉਪਰੰਤ ਕੈਦੀ ਉਸ ਦਰਵਾਜੇ ਵਿਚਦੀ ਫਰਾਰ ਹੋਏ ਜੋ ਦਰਵਾਜਾ ਆਮ ਤੌਰ 'ਤੇ ਸਮਾਨ ਅੰਦਰ ਲਿਆਉਣ ਲਈ ਵਰਤਿਆ ਜਾਂਦਾ ਹੈ। ਸ਼ੈਰਿਫ ਅਨੁਸਾਰ ਕੈਦੀਆਂ ਦੇ ਦੌੜ ਜਾਣ ਦਾ ਪਤਾ ਸਵੇਰੇ 8.30 ਵਜੇ ਉਸ ਸਮੇ ਪਤਾ ਲੱਗਾ ਜਦੋਂ ਆਮ ਵਾਂਗ ਕੈਦੀਆਂ ਦੀ ਗਿਣਤੀ ਕੀਤੀ ਗਈ। ਹਟਸਨ ਨੇ ਕਿਹਾ ਕਿ ਕੈਦੀਆਂ ਦੇ ਸੈੱਲ ਦੇ ਜਿੰਦਰੇ ਖਰਾਬ ਹੋਣ ਕਾਰਨ ਵੀ ਕੈਦੀ ਅਸਾਨੀ ਨਾਲ ਬਚ ਨਿਕਲੇ। ਫਰਾਰ ਹੋਏ ਕੈਦੀਆਂ ਵਿਚ ਕੋਰੀ ਬਾਇਡ, ਡਕੇਨਨ ਡੈਨਿਸ, ਜਰਮਾਈਨ ਡੋਨਾਲਡ, ਡੈਰਿਕ ਗਰੋਵਸ, ਐਨਟੋਨੀ ਮੈਸੀ, ਰਾਬਰਟ ਮੂਡੀ, ਕੈਨਡੈਲ ਮਾਇਰਸ, ਗੈਰੀ ਪ੍ਰਾਈਸ, ਲੀਓ ਟੇਟ ਤੇ ਲੈਨਟਨ ਵੈਨਬੁਰੇਨ ਸ਼ਾਮਿਲ ਹਨ। ਉਨਾਂ ਕਿਹਾ ਕਿ ਕੈਨਡੈਲ ਮਾਇਰਸ ਨਾਮੀ ਕੈਦੀ ਨੂੰ ਇਕ ਹੋਟਲ ਪਾਰਕਿੰਗ ਵਿਚੋਂ ਕਾਬੂ ਕਰ ਲਿਆ ਗਿਆ ਹੈ ਜਿਥੇ ਉਹ ਇਕ ਕਾਰ ਹੇਠਾਂ ਲੁੱਕਿਆ ਹੋਇਆ ਸੀ।

ਉਨਾਂ ਦੱਸਿਆ ਕਿ ਮਾਇਰਸ ਨੇ ਦੌੜਨ ਦੀ ਕੋਸ਼ਿਸ਼ ਕੀਤੀ ਪਰੰਤੂ ਬਾਅਦ ਵਿਚ ਛੇਤੀ ਹੀ ਉਸ ਨੇ ਆਤਮ ਸਮਰਪਣ ਕਰ ਦਿੱਤਾ। ਹਟਸਨ ਅਨੁਸਾਰ ਪੁਲਿਸ ਬਾਕੀ ਕੈਦੀਆਂ ਨੂੰ ਕਾਬੂ ਕਰਨ ਲਈ ਯਤਨਸ਼ੀਲ ਹੈ ਤੇ ਕੈਦੀਆਂ ਦੇ ਬਚ ਕੇ ਨਿਕਲ ਜਾਣ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪ੍ਰਵਾਸੀ ਨੂੰ ਗ੍ਰਿਫਤਾਰੀ ਤੋਂ ਬਚਾਉਣ ਦੇ ਮਾਮਲੇ ਵਿਚ ਜੱਜ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ, ਦਰਖਾਸਤ ਦਾਇਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਮਿਲਵੌਕੀ ਕਾਊਂਟੀ ਸਰਕਟ ਜੱਜ ਹਨਾਹ ਡੂਗਨ ਨੇ ਦਾਇਰ ਦਰਖਾਸਤ ਵਿਚ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ। ਸੰਘੀ ਦੋਸ਼ਾਂ ਅਨੁਸਾਰ ਜੱਜ ਨੇ ਇਕ ਗੈਰ ਕਾਨੂੰਨੀ ਪ੍ਰਵਾਸੀ ਦੀ ਇਮੀਗ੍ਰੇਸ਼ਨ ਏਜੰਟਾਂ ਦੀ ਗਿਫਤਾਰੀ ਤੋਂ ਬਚਣ ਵਿਚ ਮੱਦਦ ਕੀਤੀ। ਡਾਊਨ ਟਾਊਨ ਮਿਲਵੌਕੀ ਵਿਚ ਸੁਣਵਾਈ ਮੌਕੇ ਅਦਾਲਤ ਦੇ ਬਾਹਰ ਲੋਕਾਂ ਨੇ ਜੱਜ ਦੇ ਹੱਕ ਵਿਚ ਪ੍ਰਦਰਸ਼ਨ ਕੀਤਾ। ਸੁਣਵਾਈ ਕੇਵਲ 5 ਮਿੰਟ ਤੋਂ ਵੀ ਘਟ ਸਮੇ ਵਿਚ ਮੁਕੰਮਲ ਹੋ ਗਈ। ਡੂਗਨ ਦੇ ਪ੍ਰਮੁੱਖ ਵਕੀਲ ਸਾਬਕਾ ਯੂ ਐਸ ਅਟਾਰਨੀ ਸਟੀਵ ਬਿਸਕੂਪਿਕ ਨੇ ਉਸ ਦੀ ਤਰਫੋਂ ਦਰਖਾਸਤ ਦਾਇਰ ਕੀਤੀ ਜਿਸ ਵਿਚ ਕਿਹਾ ਗਿਆ ਹੈ ਕਿ ਉਹ ਨਿਰਦੋਸ਼ ਹੈ। ਬਕਾਇਦਾ ਮੁਕੱਦਮੇ ਦੀ ਸ਼ੁਰੂਆਤ 21 ਜੁਲਾਈ ਤੋਂ ਹੋਵੇਗੀ। ਯੂ ਐਸ ਡਿਸਟ੍ਰਿਕਟ ਜੱਜ ਲਿਨ ਐਡਲਮੈਨ ਮਾਮਲੇ ਦੀ ਸੁਣਵਾਈ ਕਰਨਗੇ ਹਾਲਾਂ ਕਿ ਹੋਰ ਜੱਜ ਵੀ ਉਨਾਂ ਦੀ ਮੱਦਦ ਕਰਨਗੇ।

# ਨਕਲੀ ਸ਼ਰਾਬ ਦੇ ਜ਼ਹਿਰ ਦਾ ਕਹਿਰ

ਉਜਾਗਰ ਸਿੰਘ



ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਇਲਾਕੇ ਦੇ ਆਲੇ ਦੁਆਲੇ ਦੇ ਪਿੰਡਾਂ ਵਿੱਚ 27 ਵਿਅਕਤੀ ਜ਼ਹਿਰੀਲੀ ਸ਼ਰਾਬ ਪੀਣ ਕਰਕੇ ਸਵਰਗਵਾਸ ਹੋ ਗਏ ਹਨ। 10 ਅਜੇ ਵੱਖ-ਵੱਖ ਹਸਪਤਾਲਾਂ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਇਸ ਘਟਨਾ ਨੇ ਪੰਜਾਬੀਆਂ ਨੂੰ ਝੰਜੋੜਕੇ ਰੱਖ ਦਿੱਤਾ ਹੈ, ਜਦੋਂ ਅਜੇ ਪਹਿਲਗਾਮ ਵਿਖੇ ਬੇਕਸੂਰੇ ਸੈਲਾਨੀਆਂ ਦੇ ਮਾਰੇ ਜਾਣ ਅਤੇ ਪੰਜਾਬੀ, ਪਾਕਿਸਤਾਨ ਨਾਲ ਹੋਈ ਜੰਗ ਦੇ ਗਹਿਰੇ ਬੱਦਲਾਂ 'ਚੋਂ ਬਾਹਰ ਹੀ ਨਿਕਲ ਰਹੇ ਸਨ। ਨਕਲੀ ਸ਼ਰਾਬ ਦੇ ਸਰਗਨਿਆਂ ਨੇ ਪੰਜਾਬ ਵਿੱਚ ਇੱਕ ਵਾਰ ਫਿਰ ਮੌਤਾਂ ਦੇ ਸੱਥਰ ਵਿਛਾ ਦਿੱਤੇ ਹਨ। ਉਨ੍ਹਾਂ ਦਾ ਇਹ ਧੰਧਾ ਪਿਛਲੇ ਪੰਜ ਸਾਲਾਂ ਤੋਂ ਬੇਬਾਕੀ ਨਾਲ ਲਗਾਤਾਰ ਚਲਦਾ ਆ ਰਿਹਾ ਹੈ। 2020 ਤੋਂ 2025 ਤੱਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਕਰਕੇ 180 ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਮਰਨ ਵਾਲਿਆਂ ਵਿੱਚ ਸਾਰੇ ਗ਼ਰੀਬ ਦਿਹਾੜੀਦਾਰ ਹਨ, ਜਿਹੜੇ ਸਾਰੀ ਦਿਹਾੜੀ ਹੱਡ ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਦੇ ਸਨ। ਨਕਲੀ ਸ਼ਰਾਬ ਦੇ ਮਾਫ਼ੀਏ ਵੱਲੋਂ ਸਰਕਾਰੀਤੰਤਰ ਦੀ ਮਿਲੀ ਭੁਗਤ ਨਾਲ ਆਪਣੇ ਧੰਧੇ ਚਲਾਏ ਜਾਂਦੇ ਹਨ। ਹਰ ਵਾਰ ਜਦੋਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਸਰਕਾਰਾਂ ਦੀ ਜਾਗ ਖੁਲ੍ਹਦੀ ਹੈ ਤੇ ਫਿਰ ਉਹ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਢਕੌਂਸਲਿਆਂ ਨਾਲ ਪੜਤਾਲੀਆ ਕਮੇਟੀਆਂ, ਪੁਲਿਸ ਦੀਆਂ ਐਸ ਆਈ ਟੀਜ਼ ਬਣਾਕੇ ਅਤੇ ਮਰਨ ਵਾਲਿਆਂ ਦੇ ਵਾਰਸਾਂ ਨੂੰ ਗ੍ਰਾਂਟਾ ਤੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਦੀ ਮਲ੍ਹਮ ਦੇ ਐਲਾਨ ਕਰਕੇ ਸੁਰਖ਼ੁਰੂ ਹੋ ਜਾਂਦੇ ਹਨ। ਥੋੜ੍ਹਾ ਸਮਾਂ ਪਬਲਿਕ, ਸਵੈ ਇੱਛਤ ਤੇ ਸਮਾਜਿਕ ਸੰਸਥਾਵਾਂ ਅਤੇ ਵਿਰੋਧੀ ਪਾਰਟੀਆਂ ਰੌਲਾ ਰੱਪਾ ਪਾਉਂਦੀਆਂ ਪਾਉਂਦੀਆਂ ਹੋਈਆਂ ਆਪਣਾ ਗੁੱਭ ਗੁਭਾਟ ਕੱਢਕੇ ਅਖ਼ਬਾਰਾਂ ਵਿੱਚ ਖ਼ਬਰਾਂ ਲਗਵਾ ਲੈਂਦੀਆਂ ਹਨ, ਫਿਰ ਚੁੱਪ ਚਾਂਦ ਹੋ ਜਾਂਦੀ ਹੈ। ਗ਼ਰੀਬ ਲੋਕ ਵਿਤੀ ਮਦਦ ਲੈ ਕੇ ਚੁੱਪ ਕਰ ਜਾਂਦੇ ਹਨ, ਉਹ ਹੋਰ ਕਰ ਵੀ ਕੀ ਸਕਦੇ ਹਨ? ਵਿਰੋਧੀਆਂ ਨੂੰ ਵੀ ਕੋਈ ਨਵਾਂ ਮੁੱਦਾ ਮਿਲ ਜਾਂਦਾ ਹੈ ਤੇ ਉਹ ਓਧਰ ਪਲਾਹ ਸੋਟੇ ਮਾਰਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲੱਗ ਜਾਂਦੇ ਹਨ। ਵਿਰੋਧੀ ਜਦੋਂ ਸਰਕਾਰ ਵਿੱਚ ਆਉਂਦੇ ਹਨ ਤਾਂ ਫਿਰ ਉਹ ਆਪਣੇ ਦਿੱਤੇ ਬਿਆਨਾਂ ਨੂੰ ਭੁੱਲ ਹੀ ਨਹੀਂ ਜਾਂਦੇ, ਸਗੋਂ ਸਰਕਾਰ ਦੀ ਸਿਆਸੀ ਤਾਕਤ ਦਾ ਆਨੰਦ ਮਾਨਣ ਵਿੱਚ ਮਸਤ ਹੋ ਜਾਂਦੇ ਹਨ। ਸਾਰੇ ਸਿਆਸਤਦਾਨ ਇੱਕੋ ਥੈਲੀ ਦੇ ਚੱਟੇ ਵੱਟੇ ਹਨ। ਪ੍ਰੰਤੂ ਜਿਸ ਪਾਰਟੀ ਦੀ ਸਰਕਾਰ ਸਮੇਂ ਅਣਹੋਣੀ ਘਟਨਾ ਵਾਪਰਦੀ ਹੈ ਤਾਂ ਮੌਕੇ ਦੀ ਸਰਕਾਰ ਹੀ ਜ਼ਿੰਮੇਵਾਰ ਹੁੰਦੀ ਹੈ ਤੇ ਉਸਦੀ ਹੀ ਬਦਨਾਮੀ ਹੁੰਦੀ ਹੈ।

ਪੜਤਾਲੀਆ ਕਮੇਟੀਆਂ ਤੇ ਸਿੱਟਾਂ ਆਪਣੀਆਂ ਰਿਪੋਰਟਾਂ ਸਰਕਾਰਾਂ ਨੂੰ ਦੇ ਦਿੰਦੀਆਂ ਹਨ। ਫਿਰ ਅਫ਼ਸਰਸ਼ਾਹੀ ਤੇ ਸਿਆਸਤਦਾਨਾਂ ਦੀਆਂ ਮੀਟਿੰਗਾਂ ਦਾ ਦੌਰ ਚਾਹ ਦੀਆਂ ਚੁਸਕੀਆਂ ਨਾਲ ਚਲਦਾ ਰਹਿੰਦਾ ਹੈ, ਕਦੀ ਕਦੀ ਸਰਬ ਪਾਰਟੀ ਮੀਟਿੰਗਾਂ ਵੀ ਹੁੰਦੀਆਂ ਹਨ। ਅਖ਼ੀਰ ਇਹ ਰਿਪੋਰਟਾਂ ਦਫ਼ਤਰੀ ਲਾਲ ਫੀਤਾਸ਼ਾਹੀ ਦੇ ਹੱਥਾਂ ਵਿੱਚ ਸਹਿਕਦੀਆਂ ਹੋਈਆਂ ਦਮ ਤੋੜ ਜਾਂਦੀਆਂ ਹਨ। ਇਹ ਪੜਤਾਲੀਆ ਰਿਪੋਰਟਾਂ ਸਰਕਾਰੀ ਫਾਈਲਾਂ ਦਾ ਸ਼ਿੰਗਾਰ ਬਣਕੇ ਪਹਿਲਾਂ ਪਏ ਫ਼ਾਈਲਾਂ ਦੇ ਗੁਬਾਰ ਵਿੱਚ ਸ਼ਾਮਲ ਹੋ ਕੇ ਗੁੰਮ ਜਾਂਦੀਆਂ ਹਨ। ਸਰਕਾਰਾਂ ਲੋਕਾਂ ਤੋਂ ਵੋਟਾਂ ਵਟੋਰਨ ਦੀਆਂ ਸਕੀਮਾ ਵਿੱਚ ਉਲਝੀਆਂ ਰਹਿੰਦੀਆਂ ਹਨ। ਅਜਿਹੀਆਂ ਘਟਨਾਵਾਂ ਤੋਂ ਬਾਅਦ ਸਿਆਸੀ ਲੋਕ ਮਗਰਮੱਛ ਦੇ ਅੱਥਰੂ ਵਹਾਉਂਦੇ ਹਨ, ਪ੍ਰੰਤੂ ਅਮਲੀ ਤੌਰ 'ਤੇ ਕੋਈ ਸਾਰਥਿਕ ਕੰਮ ਨਹੀਂ ਕਰਦੇ। ਸਿਆਸਤਦਾਨਾਂ ਦੇ ਅਫ਼ਸੋਸ ਦੇ ਬਿਆਨਾ ਨਾਲ ਸਵਰਗਵਾਸ ਹੋਏ ਲੋਕ ਵਾਪਸ ਥੋੜ੍ਹਾ ਮੁੜ ਆਉਂਦੇ ਹਨ। ਸਿਆਸਤਦਾਨਾ ਤੇ ਅਧਿਕਾਰੀਆਂ ਕੋਲ ਅਜਿਹੀਆਂ ਰਿਪੋਰਟਾਂ ਦੀ ਡੂੰਘਾਈ ਨਾਲ ਘੋਖਣ ਦਾ ਸਮਾਂ ਹੀ ਨਹੀਂ ਹੁੰਦਾ। ਇਹ ਪ੍ਰਣਾਲੀ ਕਿਸੇ ਇੱਕ ਪਾਰਟੀ ਦੀ ਸਰਕਾਰ ਦੀ ਨਹੀਂ, ਸਗੋਂ ਹਰ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਉਹ ਸੰਜੀਦਗੀ ਤੋਂ ਕੰਮ ਨਹੀਂ ਲੈਂਦੀ। ਸਰਕਾਰਾਂ ਕੁਰਸੀਆਂ ਬਚਾਉਣ ਵਿੱਚ ਲੱਗੀਆਂ ਰਹਿੰਦੀਆਂ ਹਨ। ਅਸਲ ਵਿੱਚ ਉਨ੍ਹਾਂ ਨੂੰ ਸਰਕਾਰਾਂ ਬਚਾਉਣ ਤੋਂ ਵਿਹਲ ਹੀ ਨਹੀਂ ਮਿਲਦੀ। ਕਦੇ ਪਾਰਟੀਆਂ ਦੀ ਅੰਦਰੂਨੀ ਲੜਾਈ ਤੇ ਕਦੇ ਕੇਂਦਰ ਨਾਲ ਜੱਫਾ ਪਿਆ ਰਹਿੰਦਾ ਹੈ। ਵੋਟਰਾਂ ਨੂੰ ਤਾਂ ਮੁਫ਼ਤ ਦੀਆਂ ਵਸਤਾਂ ਦਾ ਲਾਲਚ ਦੇ ਕੇ ਭਰਮਾ ਲਿਆ ਜਾਂਦਾ ਹੈ। 2020 ਵਿੱਚ ਵੀ ਤਰਨਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ 135 ਲੋਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਤੋਂ ਬਾਅਦ ਮਰ ਗਏ ਸਨ, ਜਿਨ੍ਹਾਂ ਵਿੱਚ ਇਕੱਲੇ ਤਰਨਤਾਰਨ ਦੇ 95 ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਸੀ। ਉਦੋਂ ਵੀ ਪੜਤਾਲੀਆ ਕਮੇਟੀ ਤੇ ਪੁਲਿਸ ਦੀ ਸਿੱਟ ਬਣੀ ਸੀ। ਉਸਨੇ ਵੀ ਆਪਣੀ ਬੜੀ ਲਲੰ ਚੌੜੀ ਰਿਪੋਰਟ ਦਿੱਤੀ ਸੀ। ਉਸਤੋਂ ਚਾਰ ਸਾਲ ਬਾਅਦ 2024 ਵਿੱਚ ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਹਲਕੇ ਵਿੱਚ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਨਾਲ 20 ਵਿਅਕਤੀ ਮਰ ਗਏ ਸਨ। ਇਸ ਹਲਕੇ ਦੇ ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵਿਧਾਇਕ ਹਨ ਤੇ ਇਹ ਜ਼ਿਲ੍ਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਹੈ। ਉਦੋਂ ਵੀ ਉਸ ਸਮੇਂ ਦੇ ਐਸ ਡੀ ਐਮ ਦੀ ਅਗਵਾਈ ਵਿੱਚ ਪੜਤਾਲੀਆ ਕਮੇਟੀ ਤੇ ਪੁਲਿਸ ਦੀ ਸਿੱਟ ਉਸ ਸਮੇਂ ਦੇ ਏ ਡੀ ਜੀ ਪੀ ਗੁਰਿੰਦਰ ਸਿੰਘ ਢਿਲੋਂ ਦੀ ਅਗਵਾਈ ਵਿੱਚ ਬਣੀ ਸੀ। ਪੁਲਿਸ ਵਿਭਾਗ ਦੀ ਉਸ ਸਿੱਟ ਨੇ ਅਜਿਹੀਆਂ ਦੁਰਘਟਨਾਵਾਂ ਰੋਕਣ ਲਈ ਪੰਜਾਬ ਵਿੱਚ ਹਰ ਪੁਲਿਸ ਸਬ ਡਵੀਜਨ ਵਿੱਚ ਸੰਬੰਧਤ ਡੀ ਐਸ ਪੀ, ਐਸ ਐਚ ਓ ਅਤੇ ਆਬਕਾਰੀ ਅਧਿਕਾਰੀ ਨੂੰ ਜ਼ਿੰਮੇਵਾਰ ਬਣਾਇਆ ਸੀ, ਪ੍ਰੰਤੂ ਪੰਚਾਇਤ ਦਾ ਕਹਿਣਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਇਸ ਘਟਨਾ ਦੀ ਪੜਤਾਲੀਆ ਕਮੇਟੀ ਨੇ ਇਹ ਵੀ ਸੁਝਾਅ ਦਿੱਤਾ ਸੀ ਕਿ ਪੁਲਿਸ ਵਿਭਾਗ ਦਾ ਇੱਕ ਵੱਖਰਾ ਵਿੰਗ ਬਣਾ ਦਿੱਤਾ ਜਾਵੇ, ਜਿਹੜਾ ਨਕਲੀ ਸ਼ਰਾਬ ਬਣਾਉਣ ਤੇ ਵੇਚਣ ਵਾਲਿਆਂ 'ਤੇ ਨਿਗਰਾਨੀ ਰੱਖੇਗਾ ਤਾਂ ਜੋ ਨਕਲੀ ਸ਼ਰਾਬ ਬਣਾਈ ਹੀ ਨਾ ਜਾ ਸਕੇ। ਵਿਕੇਗੀ ਤਾਂ ਹੀ ਜੇ ਬਣੇਗੀ। ਬਿਮਾਰੀ ਦੀ ਜੜ੍ਹ ਨੂੰ ਹੀ ਖ਼ਤਮ ਕੀਤਾ ਜਾਵੇ। ਉਸ ਰਿਪੋਰਟ ਦਾ ਵੀ ਥਹੁ ਟਿਕਾਣਾ ਨਹੀਂ ਲੱਭ ਰਿਹਾ। ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੇ ਸਮੇਂ ਪੜਤਾਲੀਆ ਕਮੇਟੀ ਨੇ ਪੈਕਸੋ ਐਕਟ ਵਰਗੀਆਂ ਸਖ਼ਤ ਧਾਰਾਵਾਂ ਲਗਾਉਣ ਦਾ ਸੁਝਾਅ ਦਿੱਤਾ ਸੀ। ਉਹ ਵੀ ਖੰਧੇ ਖਾਤੇ ਵਿੱਚ ਪੈ ਗਿਆ। ਦਿੜ੍ਹਬਾ ਵਾਲੀ ਨਕਲੀ ਸ਼ਰਾਬ ਨਾਲ ਮਰਨ ਤੋਂ ਲਗਪਗ ਇੱਕ ਸਾਲ ਬਾਅਦ ਮਜੀਠਾ ਵਾਲੀ ਘਟਨਾ ਵਿੱਚ 27 ਵਿਅਕਤੀ ਨਕਲੀ ਸ਼ਰਾਬ ਪੀਣ ਨਾਲ ਮਰ ਗਏ ਹਨ। ਮਜੀਠਾ ਪੁਲਿਸ ਥਾਣੇ ਵਿੱਚ ਦੋ ਮਹੀਨੇ ਪਹਿਲਾਂ ਨਕਲੀ ਜ਼ਹਿਰੀਲ ਸਰਾਬ ਵਿਕਣ ਦੀ ਸ਼ਿਕਾਇਤ ਇਲਾਕੇ ਦੇ ਲੋਕਾਂ ਨੇ ਦਿੱਤੀ ਸੀ ਕਿ ਨਕਲੀ ਸ਼ਰਾਬ ਦੋ-ਦੋ ਲਿਟਰ ਦੀਆਂ ਬੋਤਲਾਂ ਵਿੱਚ ਪੈਪਸੀ ਦੇ ਨਾਮ ਹੇਠ ਵੇਚੀ ਜਾ ਰਹੀ ਹੈ, ਪ੍ਰੰਤੂ ਪੁਲਿਸ ਨੇ ਗੌਲਿਆ ਹੀ ਨਹੀਂ, ਕਿਉਂਕਿ ਪੁਲਿਸ ਉਸ ਸਮੇਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਰੁੱਝੀ ਹੋਈ ਸੀ, ਉਹ ਨਕਲੀ ਜ਼ਹਿਰੀਲੀ ਸ਼ਰਾਬ ਨੂੰ ਨਸ਼ਾ ਸਮਝਦੇ ਹੀ ਨਹੀਂ।



ਸਮਝਣ ਵੀ ਕਿਵੇਂ ਸਰਕਾਰ ਨੇ ਤਾਂ ਸ਼ਰਾਬ ਦੇ ਠੇਕੇ ਖੋਲ੍ਹੇ ਹੋਏ ਹਨ। ਇਸ ਸਮੇਂ ਤਾਂ ਨਸ਼ਾ ਸਿੰਥਿਟਕ ਡਰੱਗ ਨੂੰ ਹੀ ਸਮਝਿਆ ਜਾ ਰਿਹਾ ਹੈ। ਵੈਸੇ ਜ਼ਹਿਰੀਲੀ ਸ਼ਰਾਬ ਦੀ ਘਟਨਾ ਨੇ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਦੀ ਮੁਹਿੰਮ ਨੂੰ ਗ੍ਰਹਿਣ ਲਾ ਦਿੱਤਾ ਹੈ। 27 ਵਿਅਕਤੀ ਹੀ ਨਹੀਂ ਮਰੇ ਸਗੋਂ ਉਨ੍ਹਾਂ ਦੇ ਪਰਿਵਾਰ ਵੀ ਖ਼ਤਮ ਹੋਣ ਕਿਨਾਰੇ ਪਹੁੰਚ ਗਏ ਕਿਉਂਕਿ ਉਨ੍ਹਾਂ ਦੀ ਰੋਟੀ ਰੋਜ਼ੀ ਦਾ ਮਸਲਾ ਖੜ੍ਹਾ ਹੋ ਗਿਆ। ਵਕਤੀ ਆਰਥਿਕ ਮਦਦ ਸਾਰੀ ਜ਼ਿੰਦਗੀ ਤਾਂ ਨਹੀਂ ਚਲ ਸਕਦੀ। ਹੁਣ ਸੰਬੰਧਤ ਵਿਭਾਗਾਂ ਦੇ ਛੋਟੇ ਪੱਧਰ ਦੇ ਅਧਿਕਾਰੀਆਂ 'ਤੇ ਹਮੇਸ਼ਾ ਦੀ ਤਰ੍ਹਾਂ ਮੁਅੱਤਲੀ ਦੀ ਗਾਜ ਡਿਗ ਪਈ ਹੈ। ਇਹ ਕੰਮ ਤਾਂ ਇੱਕ ਮਾਫ਼ੀਏ ਦਾ ਹੈ, ਜਿਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਇਸੇ ਕਰਕੇ ਤਾਂ ਪਿਛਲੀਆਂ ਰਿਪੋਰਟਾਂ ਦਾ ਕੁਝ ਨਹੀਂ ਬਣਿਆਂ। ਉਪਰੋਂ ਦਬਾਅ ਪੈਣ ਕਰਕੇ ਮਾਫ਼ੀਏ ਨੂੰ ਛੋਟੇ ਪੱਧਰ ਦੇ ਅਧਿਕਾਰੀ ਰੋਕ ਨਹੀਂ ਸਕਦੇ। ਹੁਣ ਤਾਂ ਮੁੱਖ ਮੰਤਰੀ ਸਾਹਿਬ ਨੇ ਖੁਦ ਹੀ ਬਿਆਨ ਦੇ ਦਿੱਤਾ ਹੈ ਕਿ ਇਹ ਸਾਰਾ ਕੁਝ ਸੰਬੰਧਤ ਵਿਭਾਗ, ਪੁਲਿਸ ਅਤੇ ਤਾਕਤਵਰ ਸਿਆਸਤਦਾਨਾ ਦੀ ਪੁਸ਼ਤ ਪਨਾਹੀ ਤੋਂ ਬਿਨਾ ਸੰਭਵ ਹੀ ਨਹੀਂ ਹੋ ਸਕਦਾ।

ਇਨ੍ਹਾਂ ਨਕਲੀ ਸ਼ਰਾਬ ਪੀਣ ਦੀਆਂ ਘਟਨਾਵਾਂ ਵਿੱਚ ਗ਼ਰੀਬ ਲੋਕ ਹੀ ਕਿਉਂ ਮਰਦੇ ਹਨ? ਇਹ ਵੀ ਵਿਚਾਰਨਯੋਗ ਹੈ ਕਿਉਂਕਿ ਗ਼ਰੀਬ ਮਹਿੰਗੀ ਸ਼ਰਾਬ ਖ੍ਰੀਦਕੇ ਪੀ ਨਹੀਂ ਸਕਦਾ ਕਿਉਂਕਿ ਉਸਨੇ ਬੱਚੇ ਵੀ ਪਾਲਣੇ ਹੁੰਦੇ ਹਨ। ਅਸਲੀ ਸ਼ਰਾਬ ਬਹੁਤ ਮਹਿੰਗੀ ਹੋ ਗਈ। ਇਸ ਲਈ ਉਹ ਸਸਤੀ ਸ਼ਰਾਬ ਖ੍ਰੀਦਦਾ ਹੈ। ਇਹ ਸ਼ਰਾਬ ਮੀਥੇਨੌਲ ਕੈਮੀਕਲ ਨਾਲ ਬਣਾਈ ਜਾਂਦੀ ਹੈ। ਜਦੋਂ ਇਹ ਸਾਰਾ ਕੁਝ ਪਤਾ ਹੈ ਕਿ ਮੈਥੇਨੌਲ ਵਰਤਿਆ ਜਾਂਦਾ ਹੈ ਤਾਂ ਇਸ ਦੀ ਵਿਕਰੀ 'ਤੇ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ? ਕੇਂਦਰ ਸਰਕਾਰ ਵੱਲੋਂ ਇਸ ਦੀ ਖ੍ਰੀਦ ਦੇ ਨਿਯਮ ਬਣਾ ਦਿੱਤੇ ਜਾਣ, ਕੌਣ ਅਤੇ ਕਿਵੇਂ ਖ੍ਰੀਦ ਸਕਦਾ ਹੈ। ਜੇ ਸਰਕਾਰ ਸੰਜੀਦਗੀ ਤੋਂ ਕੰਮ ਲਵੇ ਤਾਂ ਸਾਰਾ ਕੁਝ ਨਿਯਮਤ ਹੋ ਸਕਦਾ ਹੈ। ਮੈਥੇਨੌਲ ਆਨ ਲਾਈਨ ਮਿਲਦਾ ਹੈ, ਜਿਸਨੂੰ ਕੋਈ ਵੀ ਖ੍ਰੀਦ ਸਕਦਾ ਹੈ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਸਰਕਾਰ ਕੋਈ ਸਾਰਥਿਕ ਅਜਿਹੇ ਕਾਨੂੰਨ ਬਣਾਏ ਜਿਹੜੇ ਮਿਸਾਲੀ ਸਜਾ ਦੇਣ ਦੇ ਸਮਰੱਥ ਹੋਣ ਤਾਂ ਜੋ ਕਚਹਿਰੀਆਂ ਵਿੱਚ ਜਾ ਕੇ ਦੋਸ਼ੀ ਬਚ ਨਾ ਸਕਣ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਕਬੱਡੀ ਦੇ ਮਰਹੂਮ ਖਿਡਾਰੀਆਂ ਭਜੀ ਖੀਰਾਂਵਾਲੀ ਅਤੇ ਸੰਦੀਪ ਸਿੰਘ ਨੰਗਲ ਅੰਬੀਆਂ ਦੀ ਯਾਦ ਵਿੱਚ

# ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਟੈਲਫੋਰਡ ਵੱਲੋਂ

# ਸ਼ਾਨਦਾਰ ਕਬੱਡੀ ਟੂਰਨਾਮੈਂਟ 25 ਮਈ 2025 ਨੂੰ

## ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਸਰਪ੍ਰਸਤੀ ਹੇਠ ਬੜੇ ਜ਼ੋਰਸ਼ੋਰ ਨਾਲ ਕਰਵਾਇਆ ਜਾ ਰਿਹਾ ਹੈ

**ਗਰਾਊਂਡ ਦਾ ਪਤਾ: Sandwell Valley, Salters Lane, West Bromwich, B71 4BG**



ਹਰਭਜਨ ਸਿੰਘ ਪੱਡਾ

ਪਿਆਰੇ ਖੇਡ ਪ੍ਰੇਮੀਓ, ਖਿਡਾਰੀਓ ਤੇ ਦਰਸ਼ਕੋ! ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਯੂ ਕੇ ਵਿੱਚ ਟੂਰਨਾਮੈਂਟ ਬੜੀ ਧੂਮ ਧਾਮ ਨਾਲ ਕਰਵਾਏ ਜਾ ਰਹੇ ਹਨ। ਇਹ ਟੂਰਨਾਮੈਂਟ ਟੈਲਫੋਰਡ ਕਲੱਬ ਦੇ ਮਰਹੂਮ ਖਿਡਾਰੀਆਂ ਹਰਭਜਨ ਸਿੰਘ ਪੱਡਾ (ਭਜੀ ਖੀਰਾਂਵਾਲੀ) ਅਤੇ ਸੰਦੀਪ ਸਿੰਘ ਨੰਗਲ ਅੰਬੀਆਂ ਦੀ ਯਾਦ ਵਿੱਚ ਕਰਵਾਏ ਜਾ ਰਹੇ ਹਨ। ਕਬੱਡੀ ਟੂਰਨਾਮੈਂਟ ਵੈਸਟ ਬ੍ਰਾਮਵਿਚ ਦੀ ਸੈਂਡਵੈਲੀ ਗਰਾਊਂਡ ਵਿੱਚ ਕਰਵਾਇਆ ਜਾ ਰਿਹਾ ਹੈ। ਅਸੀਂ ਆਪ ਸਭ ਖੇਡ ਪ੍ਰੇਮੀਆਂ ਨੂੰ ਸੱਦਾ ਦਿੰਦੇ ਹਾਂ ਕਿ ਹੁੰਮ-ਹੁੰਮਾ ਕੇ ਪਹੁੰਚੋ ਅਤੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰੋ। ਇਸ ਸਾਲ ਸਾਰੀਆਂ ਟੀਮਾਂ ਦੇ ਬੜੇ ਫਸਵੇਂ ਮੈਚ ਹੋ ਰਹੇ ਹਨ। ਸਾਰੀਆਂ ਟੀਮਾਂ ਇਕ ਦੂਸਰੀ ਤੋਂ ਉਪਰ ਹਨ। ਸੋ ਆਪ ਆਓ ਅਤੇ ਆਪਣੇ ਸਾਥੀਆਂ ਨੂੰ ਵੀ ਨਾਲ ਲਿਆਓ ਅਤੇ ਟੂਰਨਾਮੈਂਟ ਦੀ ਰੌਣਕ ਨੂੰ ਵਧਾਓ!



ਸੰਦੀਪ ਨੰਗਲ ਅੰਬੀਆਂ

**ENTRY FEE £15 – ਦਾਖਲਾ ਟਿਕਟ 15 ਪੌਂਡ**

ਪੁਲਿਸ ਅਤੇ ਸੁਰੱਖਿਆ ਦਾ ਸਖ਼ਤ ਪਹਿਰਾ ਹੋਵੇਗਾ, ਗੱਡੀਆਂ ਦੀ ਤਲਾਸ਼ੀ ਲਈ ਜਾਵੇਗੀ

## ਪ੍ਰਬੰਧਕਾਂ ਵੱਲੋਂ ਕੁਝ ਜ਼ਰੂਰੀ ਬੇਨਤੀਆਂ :

ਕਮੇਟੀ ਵੱਲੋਂ ਬੇਨਤੀ ਹੈ ਕਿ ਕੋਈ ਵੀ ਵਿਅਕਤੀ ਨਸ਼ਾ ਵਰਤ ਕੇ ਜਾਂ ਨਸ਼ਾ ਕੋਲ ਲੈ ਕੇ ਗਰਾਊਂਡ ਅੰਦਰ ਨਾ ਆਵੇ । ਟੀਮ ਮੈਨੇਜਰਾਂ ਅੱਗੇ ਬੇਨਤੀ ਹੈ ਕਿ ਆਪਣੀ ਟੀਮ ਨੂੰ ਸਮੇਂ ਸਿਰ ਗਰਾਊਂਡ ਵਿੱਚ ਲਿਆਉਣ। ਹਰੇਕ ਕਲੱਬ ਦੇ ਦੋ ਮੈਂਬਰਾਂ ਨੂੰ ਹੀ ਗਰਾਊਂਡ ਵਿੱਚ ਆਉਣ ਦੀ ਆਗਿਆ ਹੋਵੇਗੀ। ਟੂਰਨਾਮੈਂਟ ਆਰਗੇਨਾਈਜਿੰਗ ਕਮੇਟੀ ਤੋਂ ਇਲਾਵਾ ਹੋਰ ਕਿਸੇ ਨੂੰ ਫੈਸਲਾ ਲੈਣ ਦੀ ਆਗਿਆ ਨਹੀਂ ਹੋਵੇਗੀ। ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। ਇਹ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਸੂਲਾਂ ਮੁਤਾਬਿਕ ਅਤੇ ਸਹਿਯੋਗ ਨਾਲ ਹੋ ਰਿਹਾ ਹੈ। ਨਿਯਮਾਂ ਖਿਲਾਫ ਜਾਣ ਵਾਲੀ ਕਲੱਬ ਨੂੰ ਅਤੇ ਗਰਾਊਂਡ ਵਿੱਚ ਜਾ ਕੇ ਨਿਯਮਾਂ ਨੂੰ ਭੰਗ ਕਰਨ ਵਾਲੀ ਟੀਮ ਨੂੰ ਮੌਕੇ ਤੇ ਹੀ ਸਕਰੈਚ ਕਰ ਦਿੱਤਾ ਜਾਵੇਗਾ। ਅਗਲੇ ਟੂਰਨਾਮੈਂਟ ਖੇਡਣ ਲਈ ਉਸ ਕਲੱਬ ਸਬੰਧੀ ਫੈਸਲਾ ਕਬੱਡੀ ਫੈਡਰੇਸ਼ਨ ਹੀ ਕਰੇਗੀ। ਦਰਸ਼ਕਾਂ ਨੂੰ ਜ਼ਰੂਰੀ ਬੇਨਤੀ ਹੈ ਕਿ ਗਰਾਊਂਡ ਦੇ ਨਿਯਮਾਂ ਦੀ ਪਾਲਣਾ ਕਰਨ। ਲੰਗਰ ਦਾ ਪ੍ਰਬੰਧ ਵੀ ਹੋਵੇਗਾ। ਗਰਾਊਂਡ 'ਤੇ ਜਾਣ ਦੀ ਇਜ਼ਾਜਤ ਸਿਰਫ ਖਿਡਾਰੀਆਂ ਅਤੇ ਟੂਰਨਾਮੈਂਟ ਪ੍ਰਬੰਧਕਾਂ ਨੂੰ ਹੀ ਹੋਵੇਗੀ।

**ਵਿਸ਼ੇਸ਼ ਨੋਟ:-** ਗੱਡੀਆਂ ਵਿੱਚ ਕੋਈ ਵੀ ਨਸ਼ਾ ਅਤੇ ਕਿਸੇ ਤਰ੍ਹਾਂ ਦਾ ਹਥਿਆਰ ਸੋਟਾ ਲੈ ਕੇ ਆਉਣ ਦੀ ਸਖਤ ਮਨਾਹੀ ਹੈ। ਅਜਿਹਾ ਹੋਣ ਦੀ ਹਾਲਤ ਵਿੱਚ ਸਬੰਧਿਤ ਵਿਅਕਤੀ ਨੂੰ ਗਰਾਊਂਡ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।




## ਟੂਰਨਾਮੈਂਟ ਸਬੰਧੀ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ:

ਬਲਵਿੰਦਰ ਸਿੰਘ ਚੱਠਾ 07786 191522, ਸੁੱਖੀ ਬੈਂਸ 07415194944, ਗੁਰਜੀਤ ਸਿੰਘ ਸੰਧੂ 07400 990224, ਲਾਡੀ ਬੈਂਸ 07506 699075, ਸੱਤਾ ਟਾਹਲੀ 07875 488273, ਪੰਮਾਂ ਮਾਲੂਪੁਰੀਆ 07577 871655, ਮੇਸ਼ਾ ਕੂਨਰ 07427 801000, ਸੋਖਾ ਢਿੱਲੋਂ ਭਲਵਾਨ 07970 987699, ਜੋਗਾ ਬਿਨਿੰਗ 07775 303030, ਕਾਲਾ ਮੀਟ ਸ਼ੌਪ ਹਿੱਲ ਟੌਪ 07428 173223, ਬੀਰਾ ਡੱਬ 07949 253516, ਸੋਢੀ ਕੂਨਰ 07956 759918

**ਜਾਰੀ ਕਰਤਾ: ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਟੈਲਫੋਰਡ ਅਤੇ ਸਮੂਹ ਸਹਿਯੋਗੀ**

– ਲੇਖਕ –

ਗਿ: ਗੁਰਬਖਸ਼ ਸਿੰਘ ਗੁਲਸ਼ਨ

ਸੰਪਰਕ ਲਈ:

+44 7956 302743




# ਗੁਰੂ ਅੰਗਦ ਗੁਰ ਅੰਗੁ ਤੇ




## ਕਿਸ਼ਤ 34

ਪੁਨ ਦੇਖ ਮਾਸ, ਮਨ ਕਰਿਓ ਬਿਸਾਸੁ।57॥9॥ ਮਹਿਮਾ ਪ੍ਰਕਾਸ਼

ਵਰਤਾਵੇ ਨੇ ਉਸੇ ਤਰਹ ਹੀ ਵਰਤਾਇਆ। ਸ੍ਰੀ ਅਮਰਦਾਸ ਜੀ ਸਮਝ ਗਏ ਕਿ ਸਤਿਗੁਰੂ ਮੇਰੀ ਭਾਵਨਾ ਜਾਣ ਗਏ ਹਨ। ਹੁਣ ਪ੍ਰਸੰਨਤਾ ਨਾਲ ਭੋਜਨ ਛਕਿਆ। ਇਸੇ ਤਰਹ ਜਦੋਂ ਦੂਜੇ ਦਿਨ ਪੰਗਤ ਵਿਚ ਆ ਕੇ ਬੈਠੇ ਤਾਂ ਫ਼ੁਰਨਾ ਆਇਆ ਕਿ ਸਤਿਗੁਰੂ ਜੇ ਆਪਣਾ ਸੀਤ ਪ੍ਰਸਾਦ ਬਖ਼ਸ਼ ਦੇਣ ਤਾਂ ਤਸੱਲੀ ਹੋ ਜਾਏ। ਭੋਜਨ ਖਾ ਰਹੇ ਅੰਤਰਜਾਮੀ ਪਾਤਸ਼ਾਹ ਜੀ ਨੇ ਵਰਤਾਵੇ ਨੂੰ ਆਖਿਆ ਕਿ ਸਾਡੇ ਵਾਲਾ ਥਾਲ ਸਾਹਮਣੇ ਬੈਠੇ ਨਵੇਂ ਆਏ ਨੂੰ ਦੇ ਦਿਉ ਅਰ ਉਸ ਵਾਲਾ ਸਾਨੂੰ ਦੇ ਦਿਉ। ਵਰਤਾਵੇ ਨੇ ਏਵੇਂ ਹੀ ਕੀਤਾ। ਅੱਜ ਥਾਲ ਵਿਚ ਜੋ ਵੀ ਬਾਕੀ ਮਿਲਿਆ ਸੀ ਸ਼ਰਧਾ ਨਾਲ ਛਕਿਆ। ਸਾਰਾ ਸੰਸਾ ਦੂਰ ਹੋ ਗਿਆ। ਇਸ ਤੋਂ ਬਾਦ ਫਿਰ ਜਦੋਂ ਵੀ ਪੰਗਤ ਵਿਚ ਬੈਠੇ, ਜੋ ਸੰਗਤ ਵਿਚ ਪਰੋਸਿਆ ਗਿਆ ਉਹ ਸਾਰਿਆਂ ਨਾਲ ਮਿਲ ਕੇ ਛਕਿਆ।

ੳ. ਜਬ ਮਹਾਂ ਪ੍ਰਸਾਦਿ ਸਤਿਗੁਰ ਕਾ ਖਾਇਆ। ਮਹਾਂ ਆਨੰਦ ਪ੍ਰਕਾਸ ਹੋਇ ਆਇਆ।
ਸਤਿਗੁਰ ਪ੍ਰਸਾਦਿ ਮਹਿਮਾ ਕਿਆ ਕਹੈ।
ਜੋ ਪਾਵੈ ਸੋਈ ਸੁਖ ਲਹੈ।62॥
ਪਾਇ ਪ੍ਰਸਾਦਿ ਬਾਹਰ ਪੁਨਿ ਆਏ।
ਜਾਇ ਇਕੰਤ ਬੈਠਿ ਸੁਖ ਪਾਏ।..63॥9॥

ਮਹਿਮਾ ਪ੍ਰਕਾਸ਼

ਅ. ਭਈ ਸ਼ਾਂਤ ਦੁਬਿਧਾ ਨਸੀ, ਮਨ ਤਹਾਂ ਟਿਕਾਵਾ।(ਸ਼ਾਂਤਿ ਆ ਗਈ, ਦੁਬਿਧਾ ਨੱਸ ਗਈ ਤੇ ਮਨ ਟਿਕ ਗਿਆ)

ਪਾਨ ਕਰਯੋ ਜਲ ਧੋਇ ਕਰਿ ਬਾਹਰ ਪੁਨ ਆਵਾ।37॥ (ਪਾਣੀ ਪੀ ਕੇ ਹੱਥ ਧੋਤੇ ਤੇ ਬਹਾਰ ਆ ਗਿਆ)

..ਪੰਕਤਿ ਮਹਿੰ ਬੈਠਹਿ ਤਹਾਂ ਜੋ ਦੇਹਿੰ ਸੋ ਖਾਵੈ।(ਫਿਰ ਪੰਗਤ ਵਿਚ ਜਦੋਂ ਬੈਠਦੇ ਜੋ ਮਿਲਦਾ ਉਹ ਖਾਂਦੇ)

ਪੁਨਹਿ ਇਕਾਕੀ ਹੋਇ ਕਰਿ ਪ੍ਰਭ ਗੁਨ ਮਨ ਲਾਵੈ॥38॥16॥ (ਫਿਰ ਇਕਾਂਤ ਵਿਚ ਬੈਠ ਕੇ ਕਰਤਾਰ ਦੇ ਗੁਣਾਂ ਵਿਚ ਮਨ ਲਾਉਂਦੇ) ਰਾਸਿ ਪਹਿਲੀ

ਭਾਈ ਵੀਰ ਸਿੰਘ ਜੀ ਨੇ ਇਸ ਘਟਨਾ ਨੂੰ ਆਪਣੇ ਲਫ਼ਜ਼ਾਂ ਵਿਚ ਇਉਂ ਬਿਆਨ ਕੀਤਾ ਹੈ:

ੲ. ਜਦ ਅੱਜ ਦਾ ਪਤੀਆ ਵੀ ਪੂਰਾ ਹੋ ਗਿਆ ਤਾਂ ਸ੍ਰੀ ਅਮਰਦਾਸ ਜੀ ਨੇ ਪਰਮ ਸੁਖ ਮੰਨ ਕੇ ਖਾ ਲਿਆ ਜੋ ਸੀਤ ਪ੍ਰਸਾਦ ਬਣ ਕੇ ਆਇਆ ਸੀ, ਕੋਈ ਕਿੰਤੂ ਨ ਫੁਰਿਆ ਤੇ ਨਿਸਚਾ ਅਡੋਲ ਅਹਿੱਲ ਗਡ ਗਿਆ ਥੰਮ ਵਾਂਗੂੰ ਕਿ ਇਹ ਗੁਰੂ ਪੂਰਨ ਹੈ। ਹਾਂ ਜੀ ਸਿਖ ਨੇ ਪਰਤਾਵਾ ਲੀਤਾ ਗੁਰੂ ਦਾ, ਗੁਰੂ ਪੂਰਾ ਉਤਰਿਆ। ਹੁਣ ਸਿਖ ਦਾ ਧਰਮ ਹੈ ਕਿ ਪਰਤਾਵੇ ਵਿਚ ਪੂਰਾ ਉਤਰੇ, ਗੁਰੂ ਨੂੰ ਅਰਪਨ ਕਰੇ ਕੁਛ। ਕੀਹ ਕਰੇ? ਸਿਖ ਪਾਸ ਕੀ ਹੈ? ਆਪਾ! ਸੋ ਸ੍ਰੀ ਅਮਰਦਾਸ ਜੀ ਦੇ ਆਪੇ ਨੇ ਅੱਜ 'ਆਪਾ' ਭੇਟ ਕਰ ਦਿਤਾ, ਆਪਣੇ ਪੂਰੇ ਗੁਰੂ ਨੂੰ, ਸਾਰਾ ਆਪਾ। ਅਸ਼ਟ ਗੁਰ ਚਮਤਕਾਰ

**ਆਪਾ ਸਮਰਪਣ**

ਮ:3॥ ਸਤਿਗੁਰੂ ਫੁਰਮਾਇਆ
ਕਾਰੀ ਏਹ ਕਰੇਹੁ॥
ਗੁਰੂ ਦੁਆਰੈ ਹੋਇ ਕੈ
ਸਾਹਿਬੁ ਸੰਮਾਲੇਹੁ॥
ਸਾਹਿਬੁ ਸਦਾ ਹਜੂਰਿ ਹੈ
ਭਰਮੈ ਕੈ ਛਉੜ ਕਟਿ ਕੈ
ਅੰਤਰਿ ਜੋਤਿ ਧਰੇਹੁ॥
ਹਰਿ ਕਾ ਨਾਮੁ ਅੰਮ੍ਰਿਤੁ ਹੈ
ਦਾਰੂ ਏਹੁ ਲਾਏਹੁ॥
ਸਤਿਗੁਰ ਕਾ ਭਾਣਾ ਚਿਤਿ ਰਖਹੁ
ਸੰਜਮੁ ਸਚਾ ਨੇਹੁ॥
ਨਾਨਕ ਏਥੈ ਸੁਖੈ ਅੰਦਰਿ ਰਖਸੀ
ਅਗੈ ਹਰਿ ਸਿਉ ਕੇਲ ਕਰੇਹੁ॥2॥

ਗੁ.ਗ੍ਰ.ਸਾ. ਪੰਨਾ 554

ਉਪਰੋਕਤ ਵਾਕ ਤੀਜੇ ਪਾਤਸ਼ਾਹ ਜੀ ਨੇ ਉਚਾਰਣ ਕੀਤਾ ਹੈ। ਨਿਸੰਦੇਹ ਇਹ ਗੁਰਿਆਈ ਪ੍ਰਾਪਤ ਹੋਣ ਉਪਰੰਤ ਹੀ ਸੰਭਵ ਹੈ ਪਰ, ਸਾਨੂੰ ਇਉਂ ਭਾਸਦਾ ਹੈ ਕਿ ਇਸ ਸ਼ਬਦ ਵਿਚ ਅੱਜ ਦੇ ਮਿਲਾਪ ਸਮੇਂ ਦੀ ਆਪਸੀ ਵਾਰਤਾਲਾਪ ਉਪਰੰਤ ਸਿੱਖੀ ਪ੍ਰਤੀ ਆਪ ਸਮਰਪਣ ਹੋਣ ਅਰ ਸਿੱਖੀ ਧਾਰਨ ਕਰਨ ਵਾਲਿਆਂ ਪ੍ਰਤੀ ਵੀ ਸਦੀਵੀ ਸੇਧ ਹੈ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਦੇ ਸਤਿਕਾਰਯੋਗ ਪਿਤਾ ਬਾਬਾ ਤੇਜਭਾਨ ਜੀ ਵਿਸ਼ਨੂੰ ਦੇ ਪੁਜਾਰੀ ਸਨ ਜਿਸ ਕਰ ਕੇ ਉਨ੍ਹਾਂ ਨੂੰ ਵੈਸ਼ਨਵ ਕਿਹਾ ਜਾਂਦਾ ਸੀ। ਉਸ ਸਮੇਂ ਵੈਸ਼ਨਵ ਮੱਤ ਦੇ ਧਾਰਨੀਆਂ ਦੇ ਵੈਰਾਗੀ ਆਦਿ 10 ਫਿਰਕੇ ਬਣ ਚੁੱਕੇ ਸਨ। ਇਨ੍ਹਾਂ ਅੰਦਰ ਮਤ-ਭੇਦਾਂ ਤੋਂ ਇਲਾਵਾ ਕੁਝ ਨਿਯਮਾਂ/ਸੰਜਮ ਦੀ ਸਾਂਝ ਦਾ ਵੀ ਪਤਾ ਲਗਦਾ ਹੈ ਜਿਸ ਤਰਹ ਤਿਲਕ ਲਾਉਣਾ, ਤੀਰਥਾਂ ਦਾ ਭਰਮਣ ਕਰਨਾ, ਵਿਸ਼ਨੂੰ ਅਵਤਾਰਾਂ ਦੀ ਪੂਜਾ ਮਾਨਤਾ ਕਰਨੀ ਅਰ ਮਾਸ ਖਾਣ ਤੋਂ ਪ੍ਰਹੇਜ਼ ਕਰਨਾ ਆਦਿ ਜ਼ਰੂਰੀ ਸੀ। ਬਿਨਾਂ ਸ਼ੱਕ, ਆਪਣੇ ਪਿਤਾ ਜੀ ਦੀ ਸੇਧ ਵਿਚ ਹੁਣ ਤੱਕ ਪਾਵਨ ਸ੍ਰੀ ਅਮਰਦਾਸ ਜੀ ਵੀ ਇਹ ਸਭ ਕੁਝ ਕਰਦੇ ਚਲੇ ਆ ਰਹੇ ਸਨ ਪਰ ਏਵੇਂ ਚਲਦਿਆਂ ਅਜੇ ਤਕ ਜੀਵਨ ਵਿਚ ਭਟਕਣ ਰਹਿਤ ਉਹ ਆਵਸਥਾ ਅਜੇ ਪ੍ਰਾਪਤ ਨਹੀਂ ਹੋਈ ਸੀ ਜਿਸ ਦੀ ਹੁਣ ਉਹ ਭਾਲ ਕਰ ਰਹੇ ਸਨ।ਇਸ ਕਰ ਕੇ ਖਡੂਰ ਸਾਹਿਬ ਪਹਿਲੇ ਦਿਨ ਹੀ ਬਾਬਾ ਜੀ ਨੇ ਆਪਣਾ ਇਹ ਮੰਤਵ ਗੁਰੂ ਸਾਹਿਬ ਕੋਲ ਪਰਗਟ ਕਰ ਦਿੱਤਾ,

'ਪਾਤਸ਼ਾਹ ਜੀ! ਅਸੀਂ ਗੁਰੂ ਨਾਨਕ ਸਾਹਿਬ ਦੇ ਸਿੱਖ ਬਣਨ ਲਈ ਆਏ ਹਾਂ ਤਾਂ ਜੁ ਸਾਨੂੰ ਉਹ ਪਰਮਗਤਿ ਪ੍ਰਾਪਤ ਹੋ ਸਕੇ ਜੋ ਅਜੇ ਤਕ ਨਹੀਂ ਹੋਈ'। ਇਹ ਜਾਣ ਕੇ ਦੂਜੇ ਪਾਤਸ਼ਾਹ ਜੀ ਨੇ ਰਿਸ਼ਤੇਦਾਰੀ ਦੇ ਆਪਸੀ ਸਬੰਧਾਂ ਨੂੰ ਇਕ ਪਾਸੇ ਰੱਖਦਿਆਂ ਬੜੀ ਗੰਭੀਰਤਾ ਅਤੇ ਸਹਜ ਨਾਲ ਫ਼ੁਰਮਾਇਆ, 'ਜੇ ਆਪ ਗੁਰੂ ਕੀ ਸਿੱਖੀ ਧਾਰਨ ਕਰਨ ਦਾ ਇਰਾਦਾ ਲੈ ਕੇ ਆਏ ਹੋ ਤਾਂ ਵੀ ਜੀ ਆਇਆਂ ਨੂੰ! ਫਿਰ ਆਪਾਂ ਨੂੰ ਇਹ ਜ਼ਰੂਰ ਧਿਆਨ ਕਰਨਾ ਪਵੇਗਾ ਕਿ ਤੁਹਾਡੀ ਹੁਣ ਦੀ ਜੀਵਨ ਚਾਲ ਭਾਵ ਇਸ ਵੈਸ਼ਨਵ ਵਿਚਾਰਧਾਰਾ ਅਰ ਗੁਰਮਤ ਵਿਚਾਰਧਾਰਾ ਵਿਚ ਬਹੁਤ ਫ਼ਰਕ ਹੈ। ਗੁਰੂ ਬਾਬਾ ਜੀ ਅਨੁਸਾਰ ਸਿੱਖ ਜੀਵਨ ਵਿਚ ਤਿਲਕ ਲਾਉਣ, ਤੀਰਥ ਭਰਮਣ, ਅਵਤਾਰ ਪੂਜਾ ਕਰਨ, ਮਾਸ ਖਾਣ ਤੋਂ ਸੰਕੋਚ ਅਰ ਵੈਸ਼ਨਵਾਂ ਦੇ ਅਜੇਹੇ ਹੋਰ ਨਿਯਮਾਂ ਜਾਂ ਕਰਮ-ਕਾਂਡਾਂ ਦਾ ਕੋਈ ਮਹੱਤਵ ਨਹੀਂ ਹੈ। ਇਥੇ ਕੇਵਲ ਇਕ ਕਰਤਾਰ ਨਾਲ ਪ੍ਰੇਮ ਪਾਉਣ ਲਈ ਗੁਰੂ ਕੀ ਸੰਗਤ ਵਿਚ ਨਾਮ-ਬਾਣੀ ਨਾਲ ਜੁੜਨ ਅਰ ਕਿਰਤ ਕਰ ਕੇ ਮਨੁੱਖ-ਮਾਤ੍ਰ ਦੀ ਸੇਵਾ ਕਰਨ ਨੂੰ ਹੀ ਮਹੱਤਵਪੂਰਨ ਅਤੇ ਜੀਵਨ ਦੀ ਪਰਮਗਤਿ ਦਾ ਰਾਹ ਮੰਨਿਆ ਗਿਆ ਹੈ। ਉਨ੍ਹਾਂ ਅਨੁਸਾਰ ਗ੍ਰਿਹਸਥੀ ਲਈ ਕਰਤਾਰ ਦਾ ਸਿਮਰਨ ਹੀ ਉਹ ਉੱਤਮ ਦਵਾ ਹੈ ਜੋ ਵਿਕਾਰ ਰੂਪ ਸਾਰੇ ਰੋਗਾਂ ਦਾ ਨਾਸ ਕਰ ਕੇ ਜੀਵਨ ਵਿਚੋਂ ਭਟਕਣ ਖਤਮ ਕਰ ਦੇਂਦੀ ਹੈ। ਇਸ ਤਰਹ ਜੀਵ ਉਸ ਅਵਸਥਾ ਵਿਚ ਪਹੁੰਚ ਜਾਂਦਾ ਹੈ ਜਿਸ ਨੂੰ ਤੁਸੀਂ ਪਰਮਗਤਿ ਕਹਿ ਰਹੇ ਓ'। ਗੁਰੂ-ਬਾਬਾ ਜੀ ਨੇ ਫ਼ੁਰਮਾਇਆ ਹੈ:

ੳ. ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥ ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ॥ ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ॥ ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥1॥ ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ॥ ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵਲਾਈ॥ ਰਹਾਉ॥ ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ॥ ਹਿਰਦੈ ਸਬਦੁ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ॥ ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ॥ ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ॥2॥ ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ॥ ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ॥ ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ॥ ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ॥3॥ ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ॥ ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ॥ ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ॥ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ॥4॥ ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ॥ ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ॥ ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ॥ ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ॥5॥ ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ॥ ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ॥ ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ॥ ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ॥6॥ ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ॥ ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮੁ ਚਲਾਵਣਹਾਰਾ॥ ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ॥ ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ॥7॥ ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ॥ ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ॥ ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗਿ ਬਉਰਾਨੰ॥ ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ॥8॥1॥ ਗੁ.ਗ੍ਰ.ਸਾ. ਪੰਨਾ 634

ਅ. ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥7॥ ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ॥8॥14॥ ਗੁ.ਗ੍ਰ.ਸਾ. ਪੰਨਾ 418

ਸ੍ਰੀ ਅਮਰਦਾਸ ਜੀ ਬਹੁਤ ਧਿਆਨ ਨਾਲ ਇਹ ਸਭ ਸੁਣ ਰਹੇ ਸਨ ਅਰ ਆਪਣੇ ਮਨ ਵਿਚ ਇਸ ਅੰਤਰ ਨੂੰ ਵਿਚਾਰ ਰਹੇ ਸਨ। ਸਤਿਗੁਰੂ ਹਜ਼ੂਰ ਨੇ ਫ਼ੁਰਮਾਇਆ,

'ਤੁਸੀਂ ਇਥੇ ਕੁਝ ਦਿਨ ਠਹਿਰ ਕੇ ਗੁਰੂ ਕੀ ਸੰਗਤ ਵਿਚ ਹਾਜ਼ਰੀ ਭਰੋ ਅਰ ਗੁਰੂ-ਬਾਬਾ ਜੀ ਦੇ ਬਚਨਾਂ ਨੂੰ ਸਮਝ ਕੇ ਫ਼ੈਸਲਾ ਕਰ ਲੈਣਾ ਕਿ ਕੀਹ ਤੁਸੀਂ ਗੁਰੂ-ਬਾਬਾ ਜੀ ਦੀ ਇਸ ਨਿਰਾਲੀ ਚਾਲ 'ਤੇ ਚੱਲਣ ਲਈ ਤਿਆਰ ਹੋ'?

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

# ਐਨਐਸਏ ਵਿਰੁੱਧ ਹਾਈ ਕੋਰਟ ਜਾਵੇਗਾ ਐਮ ਪੀ ਅੰਮ੍ਰਿਤਪਾਲ ਸਿੰਘ ਦਾ ਪਰਿਵਾਰ

## ✪ ਤੀਜੀ ਵਾਰ ਲਗਾਏ ਗਏ ਐਨਐਸਏ ਨੂੰ ਚੁਣੌਤੀ ਦੇਵੇਗਾ ਪਰਿਵਾਰ

ਅੰਮ੍ਰਿਤਸਰ-ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ, ਜੋ ਕਿ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ, 'ਤੇ ਤੀਜੀ ਵਾਰ ਲਗਾਏ ਗਏ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਨੂੰ ਚੁਣੌਤੀ ਦੇਵੇਗੀ। ਪਰਿਵਾਰ ਵੱਲੋਂ ਇਸ ਲਈ ਤਿਆਰੀਆਂ ਕੀਤੀਆਂ ਗਈਆਂ ਹਨ। ਪਰਿਵਾਰ ਦਾ ਤਰਕ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਇੱਕ ਸਾਜ਼ਿਸ਼ ਦੇ ਹਿੱਸੇ ਵਜੋਂ ਜੇਲ੍ਹ ਤੋਂ ਬਾਹਰ ਨਹੀਂ ਆਉਣ ਦਿੱਤਾ ਜਾ ਰਿਹਾ ਹੈ।

ਸਾਰੀਆਂ ਪਾਰਟੀਆਂ ਅੰਮ੍ਰਿਤਪਾਲ ਸਿੰਘ ਦੀ ਵਧਦੀ ਲੋਕਪ੍ਰਿਅਤਾ ਤੋਂ ਚਿੰਤਤ ਹਨ। ਉਨ੍ਹਾਂ ਦੇ ਸਾਰੇ ਸਾਥੀਆਂ ਤੋਂ ਐਨਐਸਏ ਹਟਾ ਦਿੱਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ ਪਿਛਲੇ ਮਹੀਨੇ ਪੰਜਾਬ ਲਿਆਂਦਾ ਗਿਆ ਸੀ। ਨਾਲ ਹੀ, ਹੁਣ ਉਹ ਕਾਨੂੰਨੀ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ।

ਪੰਜਾਬ ਵਿੱਚ ਸਭ ਤੋਂ ਵੱਡੇ ਫਰਕ ਨਾਲ ਚੋਣ ਜਿੱਤੀ-ਪਰਿਵਾਰ ਕਹਿੰਦਾ ਹੈ ਕਿ ਤੁਸੀਂ ਅੰਮ੍ਰਿਤਪਾਲ ਨੂੰ ਇੱਕ ਵਾਰ ਜੇਲ੍ਹ ਵਿੱਚ ਪਾ ਦਿੱਤਾ ਸੀ। ਹੁਣ ਜੇਲ੍ਹ ਦੇ ਅੰਦਰ ਬੈਠੇ ਵਿਅਕਤੀ 'ਤੇ ਕਈ ਤਰ੍ਹਾਂ ਦੇ ਦੋਸ਼ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਸਰਕਾਰ ਨੂੰ ਦੱਸਣਾ ਚਾਹੁੰਦੇ ਹਨ ਕਿ ਅਜਿਹੀ ਸਥਿਤੀ ਵਿੱਚ ਉਨ੍ਹਾਂ ਨੂੰ ਜੇਲ੍ਹ ਦੇ ਅੰਦਰ ਰੱਖਣ ਦਾ ਕੀ ਫਾਇਦਾ ਹੈ। ਇਹ ਗੱਲਾਂ ਬਹੁਤ ਗੈਰ-ਸੰਵਿਧਾਨਕ ਹਨ।

ਅੰਮ੍ਰਿਤਪਾਲ ਸਿੰਘ 23 ਅਪ੍ਰੈਲ 2023 ਤੋਂ ਹਿਰਾਸਤ ਵਿੱਚ ਹੈ। ਉਸਦੀ ਗ੍ਰਿਫਤਾਰੀ ਤੋਂ ਤੁਰੰਤ ਬਾਅਦ, ਉਸਦੇ ਉੱਤੇ ਐਨ ਐਸ ਏ ਲਗਾਇਆ ਗਿਆ ਅਤੇ ਉਸਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ। ਸਰਕਾਰ ਨੇ ਉਸਦੀ ਗਤੀਵਿਧੀਆਂ ਨੂੰ ਰਾਜ ਦੀ ਸੁਰੱਖਿਆ ਲਈ ਖ਼ਤਰਾ ਦੱਸਦੇ ਹੋਏ ਐਨ ਐਸ ਏ ਲਗਾਇਆ। ਜਿਸਨੂੰ ਸਮੇਂ-ਸਮੇਂ 'ਤੇ ਦੋ ਸਾਲਾਂ ਲਈ ਵਧਾਇਆ ਗਿਆ। ਪਰ ਹੁਣ ਉਸਦੀ ਮਿਆਦ ਵਧਾਉਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ।



# ਕੁਝ ਦਿਨਾਂ ਦੀ ਲੜਾਈ ਨੇ ਦੋਵੇਂ ਮੁਲਕ ਕਈ ਸਾਲ ਪਿੱਛੇ ਪਾ ਦਿੱਤੇ ਹਨ

## ਪਾਠਕਾਂ ਦੇ ਪੱਤਰ

ਸਿੱਖਾਂ ਵਿੱਚ ਏਕਤਾ ਦੀ ਲੋੜ ਸਭ ਤੋਂ ਪਹਿਲਾਂ ਅਤਿਵਾਦ ਲਈ ਸਹੀ step ਹੈ। ਦੇਖੋ ਇਸ ਤੋਂ ਕੀ ਸਿੱਖਿਆ ਮਿਲਦੀ ਹੈ। ਭਾਰਤੀ ਫੌਜ ਦਾ ਕੰਮ ਬਹੁਤ ਹੀ ਵਧੀਆ ਰਿਹਾ। ਨਤੀਜਾ ਸਾਰਿਆਂ ਦੇ ਸਾਹਮਣੇ ਹੈ ਏਕਤਾ ਸਾਰਾ ਮੁਲਕ ਇਕ ਪਲੇਟਫਾਰਮ 'ਤੇ ਇਕੱਠਾ ਸੋ ਨਤੀਜਾ ਭੀ ਚੰਗਾ ਹੈ ਜੰਗ ਖ਼ਤਮ ਹੋਣਾ ਵੀ ਬਹੁਤ ਚੰਗਾ ਵੈਸੇ ਇਹ ਕੁਝ ਦਿਨਾਂ ਦੀ ਲੜਾਈ ਨੇ ਦੋਵੇਂ ਮੁਲਕ ਕਈ ਸਾਲ ਪਿੱਛੇ ਪਾ ਦਿੱਤੇ ਹਨ। ਪਹਿਲਾਂ ਹੀ ਕਰਜਾ ਬਹੁਤ ਹੁਣ ਹੋਰ ਹਥਿਆਰ ਖਰੀਦੇ, ਆਮ ਲੋਕਾਂ 'ਤੇ ਜ਼ਿਆਦਾ ਭਾਰ ਪਵੇਗਾ ਮਹਿੰਗਾਈ ਵਧੇਗੀ। ਖ਼ੈਰ ਨਤੀਜਾ ਦੇਖੋ ਕੀ ਨਿਕਲਦਾ ਹੈ। ਦੁੱਧ ਦੀ ਮਿਲਾਵਟ ਉਧਰ ਨਸ਼ਾ ਖ਼ਤਮ ਕਰਨਾ ਇਸ ਦਾ ਕੀ ਬਣਦਾ ਹੈ। ਦੁਨੀਆਂ ਵਿੱਚ ਨਸ਼ਾ ਖ਼ਤਮ ਨਹੀਂ ਹੋ ਰਿਹਾ ਵੱਧ ਜਰੂਰ ਹੋ ਰਿਹਾ। ਖ਼ੈਰ ਆਪਾਂ ਗੱਲ ਕਰੀਏ ਸਿੱਖਾਂ ਨੂੰ ਨਵੀਂ ਸੋਚ ਦਾ ਲੀਡਰ ਫਿਰ ਸਿੱਖਾਂ ਵਿੱਚ ਏਕਤਾ ਅਗਰ ਨਵੀਂ ਸੋਚ ਵਾਲੇ ਲੀਡਰ ਆਉਣ ਉਨ੍ਹਾਂ ਦੀ ਸੋਚ ਏਕਤਾ ਵੱਲ ਹੋਵੇ। ਸਾਰੀ ਸਿੱਖੀ ਨੂੰ ਇਕ ਥਾਂ ਲਿਆ ਸਕਣ ਵੱਡਾ ਮੁਸ਼ਕਿਲ ਕੰਮ ਹੈ। ਅਗਰ ਥੋੜ੍ਹੇ ਲੀਡਰ ਸਰਦਾਰ ਇਕਬਾਲ ਸਿੰਘ ਲਾਲਪੁਰਾ ਵਰਗੇ ਮਿਲ ਜਾਣ ਜਿਵੇਂ ਉਹ ਲਿਖਤ ਰਾਹੀਂ ਜਾਂ ਹਰ ਸੰਭਵ ਯਤਨ ਕਰੇ ਸਿੱਖੀ ਨੂੰ ਅਗਾਂਹ ਵੱਲ ਤੁਰਨ ਦੀ ਗੱਲ ਕਰਦੇ ਹਨ ਉਨ੍ਹਾਂ ਦੇ ਵਿਚਾਰ ਦੇਖੋ ਪੰਜਾਬ ਟਾਈਮਜ਼ ਵਿੱਚ ਉਨ੍ਹਾਂ ਦੀ ਹਰ ਲਿਖਤ ਸੁਧਾਰ ਵੱਲ ਨੂੰ ਲਿਜਾ ਰਹੀ ਹੈ। ਅਗਰ ਥੋੜ੍ਹੇ ਲਿਖਣ ਵਾਲੇ ਉਨ੍ਹਾਂ ਦੀ ਨਕਲ ਕਰਨ ਇਸ ਵਿਸ਼ੇ ਵੱਲ ਧਿਆਨ ਦੇਣ ਸਭ ਕੁਝ ਹੋ ਸਕਦਾ ਹੈ। ਇਸ ਵਿੱਚ ਸਵਾਲ ਨਹੀਂ ਖੜ੍ਹਨੇ ਚਾਹੀਦੇ। ਪਾਰਟੀਆਂ ਸਾਰੀਆਂ ਚੰਗੀਆਂ ਹਨ ਸਿਰਫ਼ ਸੋਚ ਵਿੱਚ ਫਰਕ ਹੈ ਕਿਸੇ ਦੀ ਸੋਚ ਕਿਸੇ ਤਰ੍ਹਾਂ ਦੀ ਹੈ ਕਿਸੇ ਦੀ ਕਿਸੇ ਤਰ੍ਹਾਂ ਦੀ ਹੈ ਪਰ ਜੋ ਸਿੱਖੀ ਲਈ ਏਕਤਾ ਜਾਂ ਅੱਛੇ ਸੋਚ ਵਾਲੇ ਲੀਡਰ ਦੀ ਮੰਗ ਕਰਦੇ ਹਨ ਉਸ ਦੀ ਗੱਲ ਜਾਂ ਲਿਖਤ ਧਿਆਨ ਨਾਲ ਸੁਣਨੀ ਚਾਹੀਦੀ ਹੈ ਅਮਲ ਕਰਨਾ ਚਾਹੀਦਾ ਹੈ ਇਹ ਸਾਰਿਆਂ ਨੂੰ ਪਤਾ ਹੈ ਕਿ ਉਹ ਉੱਚ ਕੋਟੀ ਦੇ B.J.P. ਪਾਰਟੀ ਦੇ ਲੀਡਰ ਹਨ ਸਤਿਕਾਰ P.M. ਮੋਦੀ ਸਾਹਿਬ ਦੇ ਬਹੁਤ ਨਜ਼ਦੀਕ ਹਨ। ਇਸ ਦਾ ਮਤਲਬ ਇਹ ਨਹੀਂ ਉਹ ਸਿੱਖੀ ਦੇ ਹੱਕ ਵਿੱਚ ਲਿਖਦੇ ਤਾਂ ਉਨ੍ਹਾਂ ਨੂੰ ਪਾਰਟੀ ਵੱਡੀ ਪੋਸਟ ਦੇਵੇਗੀ ਇਸ ਬਾਰੇ ਨਹੀਂ ਸੋਚਣਾ ਚਾਹੀਦਾ ਪਾਰਟੀ ਸਿਆਸਤ ਵੱਖਰੀ ਹੈ ਧਰਮ ਸਿੱਖੀ ਇਕ ਵੱਖਰੀ ਗੱਲ ਹੈ। ਸਿੱਖਾਂ ਵਿੱਚ ਏਕਤਾ ਹੋ ਜਾਵੇ ਜੋ ਮੰਗੋਗੇ ਉਹ ਮਿਲੇ-ਗਾ। ਗਲਤੀ ਮੁਆਫ਼-K.Jogi




# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, 106 ਈਸਟ ਪਾਰਕ ਰੋਡ, ਲੈਸਟਰ ਵਿਖੇ

## ਢਾਡੀ ਜਥਾ (4 ਸਿੰਘ), ਕੀਰਤਨੀ ਜਥਾ (3 ਸਿੰਘ) ਅਤੇ ਇਕ ਗ੍ਰੰਥੀ ਸਿੰਘ ਦੀ ਲੋੜ ਹੈ

**ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਈਸਟ ਪਾਰਕ ਰੋਡ, ਲੈਸਟਰ, ਯੂ ਕੇ ਵਿਖੇ (4 ਸਿੰਘਾਂ ਦਾ) ਢਾਡੀ ਜਥਾ, ਅਤੇ (3 ਸਿੰਘਾਂ ਦਾ) ਕੀਰਤਨੀ ਜਥਾ ਅਤੇ ਇੱਕ ਗ੍ਰੰਥੀ ਸਿੰਘ ਸਣੇ (8 ਧਾਰਮਿਕ ਸੇਵਾਦਾਰਾਂ) ਦੀ ਤੁਰੰਤ ਲੋੜ ਹੈ। ਉਹ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਕੀਰਤਨ ਅਤੇ ਸਿੱਖ ਮਰਯਾਦਾ ਅਨੁਸਾਰ ਗੁਰੂ ਘਰ ਵਿਖੇ ਸੇਵਾਵਾਂ ਨਿਭਾਉਣ ਵਿੱਚ ਨਿਪੁੰਨ ਹੋਣੇ ਚਾਹੀਦੇ ਹਨ। ਰਿਹਾਇਸ਼ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੋਵੇਗਾ। ਤਨਖਾਹ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਦੇ ਅਨੁਸਾਰ ਹੋਵੇਗੀ। ਚਾਹਵਾਨ ਸੱਜਣ ਪੂਰੇ ਵੇਰਵੇ ਸਮੇਤ ਆਪਣੀਆਂ ਅਰਜ਼ੀਆਂ ਹੇਠ ਲਿਖੇ ਈਮੇਲ ਐਡਰੈਸ 'ਤੇ ਭੇਜ ਸਕਦੇ ਹਨ। ਉਹਨਾਂ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।**

ਕ੍ਰਿਪਾ ਕਰਕੇ ਆਪਣੀਆਂ ਅਰਜ਼ੀਆਂ 4 ਹਫਤਿਆਂ ਦੇ ਅੰਦਰ 27 ਜੂਨ 2025 ਤੋਂ ਪਹਿਲਾਂ ਹੇਠਾਂ ਦਿੱਤੇ ਪਤੇ ਤੇ ਭੇਜੋ ਜੀ
ਜਾਂ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਜਨਰਲ ਸੈਕਟਰੀ ਸਤਵਿੰਦਰ ਸਿੰਘ ਦਿਓਲ ਨਾਲ ਸੰਪਰਕ ਕਰੋ: 44+(0)7877 889115

(8 Religious Workers) Dhadi Jatha of 4, Kirtani Jatha of 3 including 1 Granthi Singh Required at

## GURU TEGH BAHADUR GURDWARA, EAST PARK ROAD, LEICESTER

The Guru Tegh Bahadur Gurdwara, in Leicester requires 8 Religious workers including 1 Granthi Singh, one Dhadi Jatha of (4 Singhs) and a Kirtani Jatha of (3 Singhs) to undertake duties and responsibilities for the Sikh Temple at 106 East Park Road Leicester. Successful candidates must be prepared to represent the GTB Gurdwara at Religious workshops, Kirtan darbars, as and when required. Job related accommodation and amenities would be provided. Wages starts from minimum rate as employment law in U.K. They must have right to work in U.K. according to law. *Closing date 27th June 2025*

Please forward your application with CV via Email to:gtb_Gurdwara@hotmail.co.uk
or Contact: General Secretary Satwinder Singh Deol Mob: 44+(0)7877 889115

**Please forward your applications with your CV to (General Secretary)**
**Gurdwara Siri Guru Tegh Bahadur 106, EASTPARK ROAD, LEICESTER, LE5 4QB, UK.**

ਗੁਰਮੀਤ ਸਿੰਘ ਪਲਾਹੀ
-9815802070

# ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ

**ਪੰਜਾਬ ਦੀ ਉਪਜਾਊ ਧਰਤੀ ਦਾ ਸੀਨਾ ਪਾੜਕੇ ਜਿਵੇਂ ਪੰਜਾਬ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਵੱਡੀਆਂ ਸੜਕਾਂ ਦਾ ਜਾਲ ਕਾਰਪੋਰੇਟਾਂ ਨੂੰ ਖੁਸ਼ ਕਰਨ ਲਈ ਵਿਛਾਇਆ ਜਾ ਰਿਹਾ ਹੈ, ਉਸ ਨਾਲ ਕਾਰਪੋਰੇਟ ਤਾਂ ਬੁਲ੍ਹੇ ਲੁਟਣਗੇ, ਮਾਲ ਇਧਰ-ਉਧਰ ਲੈ ਜਾਣ ਕਰਨ ਲਈ, ਪਰ ਪੰਜਾਬੀਆਂ ਪੱਲੇ ਕੀ ਪਏਗਾ? ਉਜਾੜਾ? ਇੱਕ ਹੋਰ ਜ਼ਖ਼ਮ, ਉਸ ਧਰਤੀ ਨੂੰ ਖੋਹਣ ਦਾ ਜਿਸ ਨਾਲ ਉਸਨੂੰ ਅੰਤਾਂ ਦਾ ਪਿਆਰ ਹੈ, ਜਿਸਦੇ ਇੱਕ ਬੰਨੇ ਨੂੰ ਖੋਹਣ ਲਈ ਲੜਨ ਖ਼ਾਤਰ ਉਹ ਮਰਨ-ਮਾਰਨ 'ਤੇ ਹੋ ਤੁਰਦਾ ਹੈ। ਬਨਦੀਆਂ ਸੜਕਾਂ ਦੇ ਇਸ ਜਾਲ ਨਾਲ ਪੰਜਾਬ ਇੱਕ ਰਿਪੋਰਟ ਅਨੁਸਾਰ ਲਗਭਗ ਇੱਕ ਤਿਹਾਈ ਉਪਜਾਊ ਧਰਤੀ ਗੁਆ ਬੈਠੇਗਾ। ਕਿਸਾਨ, ਖੇਤ ਮਜ਼ਦੂਰ ਜਿਹਨਾ ਲਗਾਤਾਰ ਉਜਾੜਾ ਵੇਖਿਆ, ਇਹ ਹੋਰ ਉਜਾੜਾ ਵੇਖ ਰਹੇ ਹਨ।**



ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ ਆਖ਼ਿਰ ਕੌਣ ਦੇਵੇਗਾ? ਪੰਜਾਬ ਇਸ ਵੇਲੇ ਉਬਾਲੇ ਖਾ ਰਿਹਾ ਹੈ। ਪੰਜਾਬ ਇਸ ਵੇਲੇ ਤਪਸ਼ ਨਾਲ ਭੁੱਜ ਰਿਹਾ ਹੈ। ਪੰਜਾਬ ਇਸ ਵੇਲੇ ਵੱਡੇ ਕਸ਼ਟ ਹੰਢਾ ਰਿਹਾ ਹੈ। ਪੰਜਾਬ ਦੇ ਇਹਨਾ ਕਸ਼ਟਾਂ ਨੇ ਪੰਜਾਬ ਅਧਮੋਇਆ ਕੀਤਾ ਹੋਇਆ ਹੈ। ਸਮੱਸਿਆਵਾਂ ਵੱਡੀਆਂ ਹਨ, ਜ਼ਖ਼ਮ ਵੱਡੇ ਹਨ, ਮਲ੍ਹਮ-ਪੱਟੀ ਲਾਉਣ ਵਾਲੇ ਗਾਇਬ ਹਨ। ਕਿਥੇ ਤੁਰ ਗਏ ਪੰਜਾਬ ਦੇ ਰਾਖੇ, ਸ਼ੈਲ-ਛਬੀਲੇ ਗੱਭਰੂ, ਮੁਟਿਆਰਾਂ, ਸਿਆਣੇ ਲੋਕ? ਪੰਜਾਬ ਸਿਰਫ਼ ਸਿਆਸਤਦਾਨਾਂ ਹੱਥ ਫੜਾਕੇ!

ਪੰਜਾਬ ਦਾ ਤਾਪਮਾਨ 42 ਡਿਗਰੀ ਸੈਲਸੀਅਸ ਤੋਂ 45 ਡਿਗਰੀ ਸੈਲਸੀਅਸ ਬਣਿਆ ਹੋਇਆ। ਤੱਪ ਰਿਹਾ ਹੈ ਪੰਜਾਬ, ਪੰਜਾਬ ਦੀ ਸਿਆਸਤ ਵਾਂਗਰ। ਰਤਾ ਕੁ ਕਿਸੇ ਪਾਸਿਓਂ ਖੰਗੂਰਾ ਪੈਂਦਾ, ਦੂਜੇ ਪਾਸਿਓਂ ਚੀਕਾਂ, ਬੜਕਾਂ ਪੈਣ ਲੱਗ ਪੈਂਦੀਆਂ ਹਨ। ਆਹ ਵੇਖੋ ਨਾ ਹੁਣੇ ਜਿਹੇ ਪੰਜਾਬ ਜੰਗ ਦੀ ਤਪਸ਼ ਹੰਢਾ ਬੈਠਾ। ਕੁਰੇਦੇ ਗਏ ਹਨ ਜ਼ਖ਼ਮ ਪੰਜਾਬ ਦੇ। ਪੰਜਾਬ ਨੂੰ ਸੰਨ '47 ਯਾਦ ਆਇਆ। ਪੰਜਾਬ ਨੂੰ ਸੰਨ '62, '65, '70 '99 ਯਾਦ ਆਇਆ ਤੇ ਵਿਚ-ਵਿਚਾਲੇ '84 ਨੇ ਉਹਨੂੰ ਬੇਆਰਾਮ ਕੀਤਾ। ਸਿਤਮ ਵੇਖੋ, ਜਿਹੜਾ ਵੀ ਉੱਠਦਾ ਪੰਜਾਬ ਨੂੰ ਦੱਬ ਲੈਂਦਾ, ਕੇਰੀ ਅੱਖ ਪੰਜਾਬ ਵੱਲ ਕਰ ਲੈਂਦਾ। ਚੰਗੇ ਭਲੇ ਜੀਓ ਰਹੇ ਸਾਂ, ਪੂਰਬੋਂ-ਪੱਛਮੋਂ ਆਉਂਦੀਆਂ ਹਵਾਵਾਂ ਸੀਨਾ ਠਾਰ ਰਹੀਆਂ ਹਨ, ਕਿ ਠਾਹ-ਠੂਹ, ਗੋਲੇ, ਬੰਬ, ਮਿਜ਼ਾਇਲਾਂ ਪੰਜਾਬ 'ਤੇ ਡਿੱਗਣ ਲੱਗੇ। ਕੀ ਕਸੂਰ ਸੀ ਯਾਰੋ ਪੰਜਾਬ ਦੇ ਲੋਕਾਂ ਦਾ? ਕਈ ਰਾਤਾਂ ਜਾਗਦਿਆਂ ਕੱਟੀਆਂ। ਮਣਾਂ ਮੂੰਹੀ ਦਰਦ ਸੀਨੇ ਹੰਢਾਇਆ। ਪ੍ਰਮਾਣੂ ਦੇ ਡਰ ਨੇ ਸੀਨਾ ਤਾਰ-ਤਾਰ ਕੀਤਾ। ਆਖ਼ਰ ਜਿਹੜੇ ਹੁਣੇ-ਹੁਣੇ ਤਾਜ਼ੇ-ਤਾਜ਼ੇ ਜ਼ਖ਼ਮ ਉਸਦੇ ਪਿੰਡੇ 'ਤੇ ਸੀਨੇ 'ਤੇ ਆ ਪਏ ਹਨ ਉਹਦੀ ਜ਼ੁੰਮੇਵਾਰੀ ਕੀਹਦੀ ਆ ਭਾਈ? "ਹਮ ਦੇਸ਼ ਕੇ ਰਖਵਾਲੇ ਹੈਂ, ਹਮ ਤਹਿਸ-ਨਹਿਸ ਕਰ ਦੇਂਗੇ" ਵਾਲਿਆਂ ਦੀ ਜਾਂ ਸਾਡੇ ਆਪਣਿਆਂ ਦੀ, ਜੋ ਮੂੰਹ 'ਚ ਘੁੰਗਣੀਆਂ ਪਾਕੇ ਬੈਠੇ ਰਹਿੰਦੇ ਹਨ, ਤਿਆਰ -ਬਰ-ਤਿਆਰ ਰਹਿੰਦੇ ਹਨ, ਲੋਕਾਂ ਨੂੰ ਝੂਠੇ ਦਲਾਸੇ ਦੇਣ ਲਈ। ਇੱਕ ਮਾਂ ਦਾ ਪੁੱਤ ਮਰ ਗਿਆ, ਸਰਹੱਦ 'ਤੇ ਰਾਖੀ ਕਰਦਿਆਂ, ਉਹਨੂੰ ਦੇ ਦਿਓ ਨਾ ਵਾਪਿਸ ਉਸਦਾ ਪੁੱਤ, ਚਾਰ ਛਿਲੜ ਦੇ ਕੇ ਆਖਦੇ ਹੋ, 'ਜੈ ਜਵਾਨ' ਅਤੇ ਤੁਸੀਂ ਕੀ ਦੇਣਾ ਹੈ, ਚਾਰ ਛਿਲੜ ਦੇ ਦਿਓਗੇ, ਮੂੰਹ ਪਲੋਸ ਦਿਓਗੇ। ਦਿੰਦੇ ਤਾਂ ਤੁਸੀਂ ਉਸਨੂੰ ਵੀ ਕੁਝ ਨਹੀਂ, ਜਿਹੜਾ ਪੂਰੇ ਦੇਸ਼ ਦਾ ਢਿੱਡ ਪਾਲਦਾ, ਆਪਣਾ ਢਿੱਡ ਖਾਲੀ ਰੱਖਦਾ, ਕਰਜ਼ਾਈ ਹੋਇਆ, ਛਤੀਰਾਂ ਨੂੰ ਜੱਫੇ ਜਾ ਪਾਉਂਦਾ। ਜੈ ਕਿਸਾਨ!! ਹੈ ਕਿ ਨਾ!!!

ਐਵੇਂ ਕਈ ਵੇਰ ਦੁੱਖੀ ਹੋ ਕੇ ਪੰਜਾਬ ਬਾਰੇ ਇਹੋ ਜਿਹੇ ਜਜ਼ਬਾਤੀ ਸ਼ਬਦ ਕਲਮ ਲਿਖ ਬਹਿੰਦੀ ਹੈ। ਖ਼ੂਨ ਦੇ ਅੱਥਰੂ ਵਹਾ ਦੇਂਦੀ ਹੈ। ਚਲੋ ਪੰਜਾਬ ਦੇ ਜ਼ਖ਼ਮਾਂ ਦੀ ਕਹਾਣੀ ਲਿਖੀਏ, ਸੁਣੀਏ, ਬੋਲੀਏ। ਦੂਰ ਨਹੀਂ ਜਾਣਾ ਆਪਾਂ! ਬੱਸ ਪੰਜਾਬ ਦੇ ਪਹਿਲੇ ਵੱਡੇ ਜ਼ਖ਼ਮ 1947 ਦੀ ਗੱਲ ਕਰ ਲੈਂਦੇ ਹਾਂ :-

ਭਾਰਤ ਦੀ ਵੰਡ 'ਚ 10 ਲੱਖ ਲੋਕ ਦੰਗਿਆਂ 'ਚ ਮਰੇ, ਕਰੋੜਾਂ ਲੋਕ ਪ੍ਰਭਾਵਤ ਹੋਏ। ਲਗਭਗ 1.46 ਕਰੋੜ ਲੋਕ ਸ਼ਰਨਾਰਥੀ ਬਣੇ। ਔਰਤਾਂ ਦੀ ਇੱਜ਼ਤ ਰੁਲੀ। ਬੱਚਿਆਂ ਦਾ ਬਚਪਨ ਗੁਆਚ ਗਿਆ। ਵੱਢ-ਟੁੱਕ 'ਚ ਲੋਕਾਂ ਦੇ ਇਹੋ ਜਿਹੇ ਅੰਦਰੂਨੀ ਫੱਟ ਲੱਗੇ ਕਿ ਜੀਵਨ ਭਰ ਉਹ ਇਹਨਾ ਫੱਟਾਂ-ਸੱਟਾਂ, ਜ਼ਖ਼ਮਾਂ ਨੂੰ ਭੁੱਲ ਨਹੀਂ ਸਕੇ। ਸਰਹੱਦੀ ਸੂਬਾ ਹੈ ਪੰਜਾਬ। ਇਸਨੂੰ ਗੁਆਂਢੀਆਂ ਨਾਲ ਲੜਾਈ ਦਾ ਵੱਡਾ ਮੁੱਲ ਤਾਰਨਾ ਪਿਆ। ਸੰਨ 1962, 1970, 1999 ਅਤੇ ਫਿਰ 2025 ਦੀ ਜੰਗ ਨੇ ਪੰਜਾਬ 'ਚ ਵੱਡੀ ਤਬਾਹੀ ਮਚਾਈ! ਵੱਡੇ ਜ਼ਖ਼ਮ ਦਿੱਤੇ। ਇਹਨਾ ਸਾਲਾਂ 'ਚ ਪੰਜਾਬ ਨੂੰ 1984 ਦਾ ਦਰਦ ਝੱਲਣਾ ਪਿਆ। ਪੰਜਾਬ ਹਲੂਣਿਆ ਗਿਆ। ਹਰ ਪੰਜਾਬੀ ਦੀ ਰੂਹ ਜ਼ਖ਼ਮੀ ਹੋਈ। ਇਹ ਜ਼ਖ਼ਮ ਵਰ੍ਹਿਆਂ ਤੱਕ ਰਿਸਦੇ ਰਹੇ। ਇਹਨਾ ਜ਼ਖ਼ਮਾਂ ਨੂੰ ਭਰਨ, ਫੈਹੇ ਲਾਉਣ ਲਈ ਕਦੇ ਵੀ ਉਹ ਯਤਨ ਨਹੀਂ ਹੋਏ, ਜਿਹੜੇ ਹੋਣੇ ਜ਼ਰੂਰੀ ਸਨ। ਬੱਸ ਇਹਨਾ 'ਤੇ ਵੀ ਸਿਆਸਤ ਹੋਈ। ਹੁਣ ਤੱਕ 'ਅਦਾਲਤਾਂ' 'ਚ ਕੇਸ ਦਰਜ਼ ਹਨ। ਦੋਸ਼ੀ ਬਾਹਰ ਹਨ। ਕਿੱਢਾ ਦਰਦਨਾਕ ਵਰਤਾਰਾ ਹੈ।

ਇਹ ਵਾਰਤਾ ਤਾਂ ਉਹ ਹੈ, ਜਿਹੜਾ ਪੰਜਾਬੀਆਂ ਅੱਖੀ ਸਬਰ ਕਰਕੇ ਵੇਖੀ, ਸੁਣੀ, ਹੰਢਾਈ। ਪਰ ਕੁਝ ਵਾਰਤਾਵਾਂ ਉਹ ਹਨ, ਜਿਹੜੀਆਂ "ਅਣਹੋਈਆਂ" ਦਿਸਦੀਆਂ ਹਨ। ਜਿਹੜੀ ਪੰਜਾਬੀਆਂ ਦਾ ਸਬਰ ਸੰਤੋਖ ਪਰਖਣ ਲਈ ਉਸਦੇ ਮੱਥੇ ਮੜ੍ਹ ਦਿੱਤੀਆਂ ਗਈਆਂ। ਪੰਜਾਬੀ ਸੂਬਾ ਪੰਜਾਬ ਨੂੰ 'ਬਖ਼ਸ਼ ' ਦਿੱਤਾ ਗਿਆ, ਰਾਜਧਾਨੀ ਤੋਂ ਬਿਨ੍ਹਾਂ, ਪੰਜਾਬੀ ਬੋਲਦੇ ਇਲਾਕੇ ਜਾਣ-ਬੁੱਝ ਕੇ ਹੋਰ ਸੂਬਿਆਂ 'ਚ ਰਹਿਣ ਦਿੱਤੇ ਗਏ। ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਗਿਆ। ਬਿਨ੍ਹਾਂ ਹਿੱਸੇ ਤੋਂ ਰਾਜਸਥਾਨ ਨੂੰ ਪਾਣੀ ਦੇ ਦਿੱਤਾ ਗਿਆ। ਅੱਜ ਜਦੋਂ ਪੰਜਾਬ ਪਾਣੀ ਦੀ ਆਪਣੀ ਲੋੜ ਪੂਰੀ ਕਰਨੋਂ ਵੀ ਅਸਮਰਥ ਹੈ, ਉਹਦਾ ਪਾਣੀ ਹਰਿਆਣਾ, ਦਿੱਲੀ ਨੂੰ ਦੇਣ ਲਈ ਕੇਂਦਰ ਪੱਬਾਂ ਭਾਰ ਹੈ। ਬਾਵਜੂਦ ਇਸਦੇ ਕਿ ਪੰਜਾਬ ਵਿਧਾਨ ਸਭਾ 'ਚ ਸਾਰੀਆਂ ਪਾਰਟੀਆਂ ਅਤੇ ਮਤੇ ਪਾਸ ਕਰ ਚੁੱਕੀਆਂ ਹਨ। ਪਰ ਉਸਦੀ ਸੁਣਦਾ ਕੋਈ ਨਹੀਂ। ਅਦਾਲਤਾਂ 'ਚ ਪੰਜਾਬ ਧੱਕੇ ਖਾ ਰਿਹਾ ਹੈ, ਆਪਣਾ ਹੱਕ ਪ੍ਰਾਪਤ ਕਰਨ ਲਈ। ਇਸ ਕਿਸਮ ਦੀ ਬੇਇਨਸਾਫੀ-ਦਰ-ਬੇਇਨਸਾਫ਼ੀ ਪੰਜਾਬ ਵਰ੍ਹਿਆਂ ਤੋਂ ਭੁਗਤ ਰਿਹਾ ਹੈ। ਰਾਜ ਭਾਵੇਂ ਉਪਰ ਕਾਂਗਰਸ ਦਾ ਰਿਹਾ ਜਾਂ ਫਿਰ ਹੁਣ ਵਾਲੀ ਭਾਜਪਾ ਦਾ, ਇਹਨਾ ਲਈ ਤਾਂ ਪੰਜਾਬ ਦੁਪਰਿਆਰਾ ਰਿਹਾ! ਜੇਕਰ ਇੰਜ ਨਾ ਹੁੰਦਾ ਤਾਂ ਕਿਸਾਨ ਜਿਹਨਾ ਆਪਣੇ ਜ਼ਮੀਨ 'ਤੋਂ ਸਿਰਿਆਂ ਤੱਕ ਪਾਣੀ ਕੱਢਦੇ ਪੂਰੇ ਦੇਸ਼ ਦਾ ਢਿੱਡ ਭਰਿਆ ਤੇ ਭਰ ਰਿਹਾ ਹੈ, ਉਹਨੂੰ ਸਾਲ ਭਰ ਤੋਂ ਵੱਧ ਸਮਾਂ ਆਪਣੀ ਜ਼ਮੀਨ ਬਚਾਉਣ ਲਈ ਵੱਡਾ ਸੰਘਰਸ਼ ਕਿਉਂ ਕਰਨਾ ਪੈਂਦਾ? ਹਰੇ ਇਨਕਲਾਬ ਨੇ ਪੰਜਾਬ 'ਚ ਹਰਿਆਲੀ ਲਿਆਂਦੀ, ਪਰ ਇਹ ਹਰਿਆਲੀ ਦੇਸ਼ ਦੀ ਹਰਿਆਲੀ ਤਾਂ ਬਣੀ ਪਰ ਪੰਜਾਬ ਦੀ ਧਰਤੀ ਅਧਮੋਈ ਕਰ ਗਈ, ਸਰੀਰ ਨੂੰ ਲੱਗੇ ਨਸ਼ਿਆਂ ਵਾਂਗਰ ਧਰਤੀ ਖਾਦਾਂ, ਦਵਾਈਆਂ 'ਤੇ ਲੱਗ ਗਈ ਅਤੇ ਅੱਜ ਪਾਣੀ ਦੀ ਥੁੜੋਂ ਕਾਰਨ ਮਾਰੂਥਲ ਹੋਣ ਵੱਲ ਵੱਧ ਰਹੀ ਹੈ। ਇੱਕ ਰਿਪੋਰਟ ਕਹਿੰਦੀ ਹੈ ਕਿ ਪੰਜਾਬ ਦੇ 136 ਬਲਾਕਾਂ ਵਿਚੋਂ 125 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਹਰ ਸਾਲ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਇਹ ਵੱਡਾ ਜ਼ਖ਼ਮ ਆਖ਼ਿਰ ਪੰਜਾਬ ਸਹਿਣ ਕਿਵੇਂ ਕਰੇਗਾ? ਜਿਹੜਾ ਪਹਿਲਾਂ ਹੀ ਕਿਸਾਨਾਂ ਨੂੰ ਖੁਦਕੁਸ਼ੀਆਂ, ਕਰਜ਼ੇ ਵੱਲ ਅੱਗੇ ਵਧਾ ਰਿਹਾ ਹੈ ਅਤੇ ਖੇਤੀ ਛੱਡਣ ਲਈ ਮਜ਼ਬੂਰ ਕਰ ਰਿਹਾ ਹੈ।

ਪੰਜਾਬ ਦੀ ਉਪਜਾਊ ਧਰਤੀ ਦਾ ਸੀਨਾ ਪਾੜਕੇ ਜਿਵੇਂ ਪੰਜਾਬ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਵੱਡੀਆਂ ਸੜਕਾਂ ਦਾ ਜਾਲ ਕਾਰਪੋਰੇਟਾਂ ਨੂੰ ਖੁਸ਼ ਕਰਨ ਲਈ ਵਿਛਾਇਆ ਜਾ ਰਿਹਾ ਹੈ, ਉਸ ਨਾਲ ਕਾਰਪੋਰੇਟ ਤਾਂ ਬੁਲ੍ਹੇ ਲੁਟਣਗੇ, ਮਾਲ ਇਧਰ-ਉਧਰ ਲੈ ਜਾਣ ਕਰਨ ਲਈ, ਪਰ ਪੰਜਾਬੀਆਂ ਪੱਲੇ ਕੀ ਪਏਗਾ? ਉਜਾੜਾ? ਇੱਕ ਹੋਰ ਜ਼ਖ਼ਮ, ਉਸ ਧਰਤੀ ਨੂੰ ਖੋਹਣ ਦਾ ਜਿਸ ਨਾਲ ਉਸਨੂੰ ਅੰਤਾਂ ਦਾ ਪਿਆਰ ਹੈ, ਜਿਸਦੇ ਇੱਕ ਬੰਨੇ ਨੂੰ ਖੋਹਣ ਲਈ ਲੜਨ ਖ਼ਾਤਰ ਉਹ ਮਰਨ-ਮਾਰਨ 'ਤੇ ਹੋ ਤੁਰਦਾ ਹੈ। ਬਨਦੀਆਂ ਸੜਕਾਂ ਦੇ ਇਸ ਜਾਲ ਨਾਲ ਪੰਜਾਬ ਇੱਕ ਰਿਪੋਰਟ ਅਨੁਸਾਰ ਲਗਭਗ ਇੱਕ ਤਿਹਾਈ ਉਪਜਾਊ ਧਰਤੀ ਗੁਆ ਬੈਠੇਗਾ। ਕਿਸਾਨ, ਖੇਤ ਮਜ਼ਦੂਰ ਜਿਹਨਾ ਲਗਾਤਾਰ ਉਜਾੜਾ ਵੇਖਿਆ, ਇਹ ਹੋਰ ਉਜਾੜਾ ਵੇਖ ਰਹੇ ਹਨ।

ਪੰਜਾਬ ਨੂੰ ਉਜਾੜਾ ਤਾਂ ਉਦੋਂ ਵੀ ਵੇਖਣਾ ਪੈ ਰਿਹਾ ਹੈ, ਜਦੋਂ ਪੰਜਾਬ 'ਚੋਂ ਬਰੇਨ ਡਰੇਨ ਅਤੇ ਮਨੀ (ਦਿਮਾਗ ਅਤੇ ਦੌਲਤ) ਡਰੇਨ (ਬਾਹਰ) ਹੋ ਰਹੀ ਹੈ। ਲੱਖਾਂ ਪੰਜਾਬੀ ਮੁੰਡੇ ਕਾਨੂੰਨ ਵਿਵਸਥਾ ਅਤੇ ਬੇਰੁਜ਼ਗਾਰੀ ਦੀ ਮਾਰ ਝਲਦਿਆਂ ਪੰਜਾਬੋਂ ਤੁਰ ਗਏ ਹਨ ਜਾਂ ਤੁਰੇ ਜਾ ਰਹੇ ਹਨ। ਹੈ ਕੋਈ ਉਹਨਾ ਦੇ ਦਰਦ ਦਾ ਪਾਰਖੂ ? ਹੈ ਕੋਈ ਉਹਨਾ ਨੂੰ ਰੋਕਣ ਦੇ ਯਤਨ ਕਰਨ ਵਾਲਾ? ਸਿਆਸਤ ਹੋ ਰਹੀ ਹੈ। ਬੱਸ ਉਹਨਾ ਨੂੰ ਪੁਚਕਾਰਿਆ ਜਾ ਰਿਹਾ ਹੈ। ਪੰਜਾਬ ਤਪਸ਼ ਹੇਠ ਹੈ। ਨਸ਼ਿਆਂ ਦੇ ਦਰਿਆ ਨੇ ਜਵਾਨੀ ਖਾ ਲਈ, ਕੀ ਇਹ ਕੋਈ ਸਾਜ਼ਿਸ਼ ਨਹੀਂ? ਪੰਜਾਬੀ ਸੂਰਬੀਰਾਂ, ਯੋਧਿਆਂ, ਸੋਚਵਾਨਾਂ ਦੀ ਧਰਤੀ ਖਾਲੀ ਕਰਨ ਦੀ ਸਾਜ਼ਿਸ਼? ਕਿੰਨੇ ਕੁ ਜ਼ਖ਼ਮ ਸਹਿ ਸਕੇਗਾ ਪੰਜਾਬ? ਨਿੱਤ-ਦਿਹਾੜੇ ਮੁਹਿੰਮਾਂ ਹਨ। ਪੰਜਾਬ ਦੀ ਧਰਤੀ ਕੁਰਲਾ ਰਹੀ ਹੈ, ਪੰਜਾਬ ਦੀ ਧਰਤੀ ਹੁਣ ਗਾ ਨਹੀਂ ਰਹੀ। ਉਹ ਰੰਗ ਜਿਹੜੇ ਪੰਜਾਬ ਦੇ ਨਿਵੇਕਲੇ ਹਨ। ਉਹ ਰੰਗ ਜਿਹਨਾ ਕਾਰਨ ਪੰਜਾਬ ਨਵੀਆਂ ਪੈੜਾ ਪਾਉਂਦਾ ਰਿਹਾ ਹੈ। ਉਹ ਪੰਜਾਬ ਜਿਹੜਾ "ਜੀਊਂਦਾ ਗੁਰਾਂ ਦੇ ਨਾ 'ਤੇ" ਉਹ ਕਿਧਰ ਤੋਰਿਆ ਜਾ ਰਿਹਾ ਹੈ। ਉਹਨਾ ਅਣ ਦਿਸਦੇ ਰਾਹਾਂ 'ਤੇ ਜਿਥੋਂ ਮੋੜਾ ਕੋਈ ਨਹੀਂ। ਜਿਥੇ ਉਜਾੜਾ ਹੈ। ਜਿਥੇ ਰੌਣਕਾਂ ਨਹੀਂ, ਸਿਆਪਾ ਹੈ। ਪੰਜਾਬ ਦਾ ਕਿਹੜਾ ਪਿੰਡ ਰਹਿ ਗਿਆ, ਜਿਸਦੇ ਵਿੱਚ ਵੱਡੀ ਗਿਣਤੀ ਘਰਾਂ ਦੇ ਦਰਵਾਜੇ ਵੱਡੇ "ਤਾਲਿਆਂ" ਨਾਲ ਬੰਦ ਨਹੀਂ, ਜਿਥੇ ਖੂਹਾਂ 'ਤੇ ਰੌਣਕਾਂ ਸਨ, ਸੱਥਾਂ ਬਜ਼ੁਰਗਾਂ ਨਾਲ ਭਰੀਆਂ ਸਨ, ਜਿਥੇ ਫ਼ੈਸਲੇ ਪਰਿਆਂ 'ਚ ਹੁੰਦੇ ਸਨ, ਜਿਥੇ ਲੋਕ ਜੁੜਦੇ ਸਨ, ਦੁੱਖ-ਸੁੱਖ ਕਰਦੇ ਸਨ। ਹੁਣ ਤਾਂ ਪੰਜਾਬ ਦੀ ਨੀਂਹ, ਪੰਜਾਬ ਦਾ ਪਿੰਡ ਹੀ ਮਨਫ਼ੀ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਜ਼ਖ਼ਮਾਂ ਦੀ ਬਾਤ ਪ੍ਰਦੇਸ਼ ਵਸਦੇ ਪੁੱਤਰ, ਧੀਆਂ ਦਾ ਮਾਂ-ਬਾਪ ਖੁਸ਼ੀਆਂ ਦੇ ਉਜੜੇ ਘਰ ਤੋਂ ਪਾਉਂਦਾ ਹੈ। ਪੱਗ ਦੇ ਲੜ ਨਾਲ ਅੱਖਾਂ ਪੂੰਝ ਪਿਓ ਡੁਸਕਦਾ ਹੈ, ਮਾਂ ਰੋ-ਰੋ ਅੱਖਾਂ ਚੁੰਨੀਆਂ ਕਰਦੀ ਹੈ। ਪ੍ਰਦੇਸ਼ ਗਏ ਪੁੱਤ, ਧੀ ਦਾ ਦਰਦ ਵੀ ਪੰਜਾਬ ਲਈ ਵੱਡਾ ਹੈ, ਤੇ ਸਰਹੱਦ ਗਏ ਪੁੱਤਾਂ ਦਾ ਵੀ। ਪੰਜਾਬ ਲਈ '47 ਦੇ ਉਜਾੜੇ ਦਾ ਦਰਦ ਵੀ ਓਡਾ ਹੀ ਹੈ, ਜਿੱਡਾ '84 ਦਾ, '65, '70, '99, '25 ਦੀ ਜੰਗ ਦਾ। ਜਦੋਂ ਉਸਦੇ ਜਾਇਆਂ ਦਾ ਦਰਦ ਉਛਲਦਾ ਹੈ। ਉਹਦਾ ਖ਼ੂਨ ਖੌਲਦਾ ਹੈ। ਉਬਾਲੇ ਮਾਰਦਾ ਹੈ। ਪਰ ਉਹਦੀਆਂ ਰਗਾਂ 'ਚ ਭਰਿਆ ਜਾ ਰਿਹਾ ਜ਼ਹਿਰ, ਉਹਦੇ ਖੋਹੇ ਜਾ ਰਹੇ ਹੱਕ , ਕਲੇਜਾ ਧੂ ਲੈਂਦੇ ਹਨ, ਉਹ ਜੀਊਂਦਾ ਵੀ ਮਰਿਆ-ਮਰਿਆ ਮਹਿਸੂਸਦਾ ਹੈ।

ਹੈ ਕੋਈ ਦਵਾਈ ਦੀ ਖੁਰਾਕ, ਜੋ ਉਸਦੇ ਪਿੰਡੇ ਦੇ ਦਰਦ ਨੂੰ ਹਟਾ, ਘਟਾ ਸਕੇ, ਉਹਦੀਆਂ ਚੀਸਾਂ ਦਾ ਨਿਵਾਰਨ ਕਰ ਸਕੇ। "ਮਿੱਠੀਆਂ ਗੋਲੀਆਂ" ਦੇਣ ਵਾਲੇ ਸਿਆਸਤਦਾਨ ਆਖ਼ਰ ਉਹਦੇ ਜ਼ਖ਼ਮਾਂ ਦੀ ਸਾਰ ਕਿਉਂ ਨਹੀਂ ਲੈਂਦੇ? ਰਿਸਦੇ ਜ਼ਖ਼ਮਾਂ 'ਤੇ "ਫੂਕਾਂ" ਕਿਉਂ ਨਹੀਂ ਮਾਰਦੇ? ਕਿਉਂ ਕਦੇ ਚੁੱਪ ਕਰਕੇ ਅਤੇ ਕਦੇ ਵੱਡੀਆਂ ਟਾਹਰਾਂ ਮਾਰਕੇ ਆਪਣੀ ਕੁਰਸੀ ਦੀਆਂ ਚਾਰੇ ਟੰਗਾਂ ਬਚਾਉਣ ਦੇ ਆਹਰ 'ਚ ਲੱਗੇ ਹੋਏ ਹਨ।

ਐ ਪੰਜਾਬ। ਉੱਠ! ਸਮਝ! ਹੰਭਲਾ ਮਾਰ! ਜ਼ਖ਼ਮ ਤੇਰੇ ਲਈ ਨਵੇਂ ਨਹੀਂ! ਤੂੰ ਸਭ ਕੁਝ ਸਹਿੰਦਾ, ਲੜਦਾ, ਮੁੜ ਨਵਾਂ ਨਰੋਆ ਰੰਗਲਾ ਪੰਜਾਬ ਬਣਦਾ ਰਿਹਾ ਹੈਂ।

ਐ ਪੰਜਾਬ ! ਕਰਾਂ ਕੀ ਸਿਫ਼ਤ ਤੇਰੀ, ਤੇਰੇ ਜਿਹਾ ਕੋਈ ਹੋਰ ਨਾ! ਵੱਢਿਆ-ਟੁੱਕਿਆ ਤੂੰ ਮੁੜ ਸੁਰਜੀਤ ਹੁੰਦਾ ਰਿਹੈਂ! ਹੁਣ ਵੀ ਹੋਵੇਂਗਾ।

**"ਤੂੰ ਉੱਠ ਜਗਾ ਦੇ ਮੋਮਬੱਤੀਆਂ,
ਇਹ ਤਾਂ ਏਥੇ ਵਗਦੀਆਂ ਹੀ
ਰਹਿਣੀਆਂ ਹਵਾਵਾਂ, ਕੁਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ।"**

- (ਸੁਰਜੀਤ ਪਾਤਰ)

# ਸਿਹਤ ਤੇ ਸੁੰਦਰਤਾ



## ਗਰਮੀਆਂ 'ਚ ਗੁੜ ਖਾਣ ਦੇ ਫਾਇਦੇ



ਗਰਮੀਆਂ ਦੇ ਮੌਸਮ 'ਚ ਜਿੱਥੇ ਹਰ ਕੋਈ ਠੰਡਕ ਦੀ ਖੋਜ ਕਰਦਾ ਹੈ, ਉਥੇ ਇਕ ਛੋਟੀ ਜਿਹੀ ਪਰ ਜ਼ਬਰਦਸਤ ਚੀਜ਼ ਹੈ ਜੋ ਸਰੀਰ ਨੂੰ ਨਿਰਮੋਲ ਤੌਰ 'ਤੇ ਠੰਢਕ ਅਤੇ ਤਾਜ਼ਗੀ ਦੇ ਸਕਦੀ ਹੈ ਜੋ ਕਿ ਹੈ ਗੁੜ! ਇਹ ਸਿਰਫ਼ ਮਿੱਠਾ ਨਹੀਂ, ਸਗੋਂ ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰਨ, ਹਾਜ਼ਮੇ ਨੂੰ ਸੁਧਾਰਣ ਅਤੇ ਬਹੁਤ ਸਾਰੀਆਂ ਹੋਰ ਚਮਤਕਾਰੀ ਸਿਹਤ ਲਾਭਾਂ ਨਾਲ ਭਰਪੂਰ ਹੈ। ਅਸੀਂ ਅੱਜ ਤੁਹਾਨੂੰ ਦੱਸਾਂਗੇ ਕਿ ਗਰਮੀਆਂ 'ਚ ਗੁੜ ਖਾਣ ਨਾਲ ਕਿਹੜੇ ਫਾਇਦੇ ਮਿਲ ਸਕਦੇ ਹਨ। ਗੁੜ ਦਾ ਸਹੀ ਮਾਤਰਾ 'ਚ ਸੇਵਨ ਸਰੀਰ ਦੇ ਤਾਪਮਾਨ ਨੂੰ ਕੰਟ੍ਰੋਲ ਰੱਖਦਾ ਹੈ। ਇਹ ਸਰੀਰ ਨੂੰ ਅੰਦਰੋਂ ਠੰਢਾ ਰੱਖਣ 'ਚ ਮਦਦ ਕਰਦਾ ਹੈ, ਜੋ ਕਿ ਤਾਪਮਈ ਮੌਸਮ 'ਚ ਬਹੁਤ ਜ਼ਰੂਰੀ ਹੈ। ਗਰਮੀਆਂ 'ਚ ਪਸੀਨਾ ਵੱਧ ਆਉਂਦਾ ਹੈ, ਜਿਸ ਨਾਲ ਸਰੀਰ 'ਚ ਪਾਣੀ ਦੀ ਘਾਟ ਹੋ ਜਾਂਦੀ ਹੈ। ਗੁੜ, ਖ਼ਾਸ ਕਰਕੇ ਨਿੰਬੂ ਪਾਣੀ ਜਾਂ ਠੰਡੇ ਪਾਣੀ 'ਚ ਘੋਲ ਕੇ ਪੀਣ ਨਾਲ ਇਲੈਕਟਰੋਲਾਈਟਸ ਦੀ ਭਰਪਾਈ ਹੁੰਦੀ ਹੈ। ਗੁੜ ਹਾਜ਼ਮੇ ਨੂੰ ਐਕਟਿਵ ਕਰਦਾ ਹੈ ਅਤੇ ਭੋਜਨ ਤੋਂ ਬਾਅਦ ਖਾਣ ਨਾਲ ਅਜੀਰਨ, ਗੈਸ ਆਦਿ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਗਰਮੀਆਂ 'ਚ ਇਹ ਖ਼ਾਸ ਤੌਰ 'ਤੇ ਲਾਭਕਾਰੀ ਹੈ।

## ਗਰਮੀਆਂ ਵਿੱਚ ਸੌਂਫ ਦਾ ਪਾਣੀ ਪੀਣ ਦੇ 7 ਸਿਹਤ ਲਾਭ

ਸੌਂਫ ਦਾ ਪਾਣੀ ਗਰਮੀਆਂ ਵਿੱਚ ਸਿਹਤ ਲਈ ਵਰਦਾਨ ਹੈ। ਇਹ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਕਰਦਾ ਹੈ, ਗੈਸ, ਐਸੀਡਿਟੀ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿੰਦਾ ਹੈ। ਸੌਂਫ ਦਾ ਪਾਣੀ ਸਰੀਰ ਨੂੰ ਠੰਢਕ ਪ੍ਰਦਾਨ ਕਰਕੇ ਹੀਟ ਸਟ੍ਰੋਕ ਅਤੇ ਗਰਮੀ ਕਾਰਨ ਹੋਣ ਵਾਲੀ ਬੇਅਰਾਮੀ ਨੂੰ ਘਟਾਉਂਦਾ ਹੈ। ਇਸ ਵਿੱਚ ਮੌਜੂਦ ਪੋਟਾਸ਼ੀਅਮ ਅਤੇ ਸੋਡੀਅਮ ਡੀਹਾਈਡਰੇਸ਼ਨ ਤੋਂ ਬਚਾਉਂਦੇ ਹਨ। ਇਹ ਮੈਟਾਬੋਲਿਜ਼ਮ ਵਧਾ ਕੇ ਭਾਰ ਘਟਾਉਣ, ਚਮੜੀ ਨੂੰ ਸਿਹਤਮੰਦ ਰੱਖਣ, ਇਮਿਊਨਿਟੀ ਮਜ਼ਬੂਤ ਕਰਨ ਅਤੇ ਅੱਖਾਂ ਦੀ ਸਿਹਤ ਸੁਧਾਰਨ ਵਿੱਚ ਵੀ ਮਦਦਗਾਰ ਹੈ। ਸਵੇਰੇ ਖਾਲੀ ਪੇਟ ਸੌਂਫ ਦਾ ਪਾਣੀ ਪੀਣ ਨਾਲ ਇਹ ਸਾਰੇ ਲਾਭ ਮਿਲਦੇ ਹਨ।



### ਭੋਜਨ ਵਿੱਚ ਮਿਲਾਵਟ-ਜਾਗਰੂਕਤਾ ਨਾਲ ਕਰੋ ਬਚਾਅ

ਭੋਜਨ ਵਿੱਚ ਮਿਲਾਵਟ ਅੱਜ ਕੱਲ੍ਹ ਵਧਦੀ ਸਮੱਸਿਆ ਹੈ, ਜੋ ਵਪਾਰੀਆਂ ਦੀ ਲਾਭਖੋਰੀ ਅਤੇ ਖਪਤਕਾਰਾਂ ਦੀ ਅਗਿਆਨਤਾ ਕਾਰਨ ਵਧ ਰਹੀ ਹੈ। ਪ੍ਰਾਸੈਸਡ ਭੋਜਨ ਵਿੱਚ ਸਸਤੇ ਪਦਾਰਥ ਜਿਵੇਂ ਚਾਕ ਪਾਊਡਰ, ਨਕਲੀ ਰੰਗ ਅਤੇ ਸਿੰਥੈਟਿਕ ਸੁਗੰਧ ਮਿਲਾਏ ਜਾਂਦੇ ਹਨ। ਖਪਤਕਾਰਾਂ ਦੀ ਚਟਕੀਲੇ ਰੰਗਾਂ ਅਤੇ ਮਿਠਾਸ ਦੀ ਮੰਗ ਵੀ ਮਿਲਾਵਟ ਨੂੰ ਹੁਲਾਰਾ ਦਿੰਦੀ ਹੈ। ਸਾਬਤ ਅਨਾਜ, ਦਾਲਾਂ ਅਤੇ ਮਸਾਲਿਆਂ ਨੂੰ ਘਰ ਵਿੱਚ ਪੀਸਣ ਦੀ ਪੁਰਾਣੀ ਪਰੰਪਰਾ ਅਤੇ ਜਾਗਰੂਕਤਾ ਨਾਲ ਮਿਲਾਵਟ ਤੋਂ ਬਚਿਆ ਜਾ ਸਕਦਾ ਹੈ। ਸੰਵੇਦੀ ਅੰਗਾਂ (ਸੁੰਘਣ, ਚੱਖਣ, ਦੇਖਣ) ਨਾਲ ਭੋਜਨ ਦੀ ਸ਼ੁੱਧਤਾ ਦੀ ਪਛਾਣ ਕਰਨੀ ਚਾਹੀਦੀ ਹੈ। ਸ਼ੁੱਧ ਅਤੇ ਜੈਵਿਕ ਉਤਪਾਦਾਂ ਦੀ ਮੰਗ ਅਤੇ ਭਰੋਸੇਮੰਦ ਸਟੋਰਾਂ ਤੋਂ ਖਰੀਦਦਾਰੀ ਨਾਲ ਮਿਲਾਵਟ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ।

### ਕਾਪਰ ਦੀ ਕਮੀ ਦੂਰ ਕਰਨ ਲਈ ਖੁਰਾਕ ਅਤੇ ਪਾਣੀ ਦੀ ਵਰਤੋਂ

ਕਾਪਰ ਸਿਹਤ ਲਈ ਜ਼ਰੂਰੀ ਖਣਿਜ ਹੈ, ਜੋ ਸਕਿਨ, ਹੱਡੀਆਂ, ਇਮਿਊਨਿਟੀ ਅਤੇ ਹੀਮੋਗਲੋਬਿਨ ਬਣਾਉਣ ਵਿੱਚ ਮਦਦ ਕਰਦਾ ਹੈ। ਇਸਦੀ ਕਮੀ ਨਾਲ ਹਾਈਪੋਪਿਗਮੈਂਟੇਸ਼ਨ, ਅਨੀਮੀਆ, ਇਮਿਊਨਿਟੀ ਦੀ ਕਮਜ਼ੋਰੀ ਅਤੇ ਓਸਟੀਓਪੋਰੋਸਿਸ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਡਾਰਕ ਚਾਕਲੇਟ, ਆਲੂ, ਕਾਜੂ, ਸੂਰਜਮੁਖੀ ਦੇ ਬੀਜ, ਛੋਲੇ ਅਤੇ ਮੋਟੇ ਅਨਾਜ ਵਰਗੇ ਭੋਜਨ ਕਾਪਰ ਦੇ ਚੰਗੇ ਸਰੋਤ ਹਨ। ਰਾਤ ਭਰ ਤਾਂਬੇ ਦੇ ਭਾਂਡੇ ਵਿੱਚ ਪਾਣੀ ਰੱਖ ਕੇ ਸਵੇਰੇ 1-2 ਗਲਾਸ ਪੀਣ ਨਾਲ ਵੀ ਕਾਪਰ ਦੀ ਕਮੀ ਪੂਰੀ ਹੋ ਸਕਦੀ ਹੈ।

ਆਯੁਰਵੇਦ ਅਨੁਸਾਰ, ਇਹ ਪਾਣੀ ਸਰੀਰ ਦੇ ਦੋਸ਼ ਸੰਤੁਲਿਤ ਕਰਦਾ ਹੈ, ਮੈਟਾਬੋਲਿਜ਼ਮ ਵਧਾਉਂਦਾ ਹੈ ਅਤੇ ਸਰੀਰ ਨੂੰ ਡੀਟੌਕਸ ਕਰਦਾ ਹੈ। ਸਪਲੀਮੈਂਟ ਵਜੋਂ ਕਾਪਰ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰੀ ਹੈ, ਕਿਉਂਕਿ ਜ਼ਿਆਦਾ ਮਾਤਰਾ ਨੁਕਸਾਨਦੇਹ ਹੋ ਸਕਦੀ ਹੈ।

## * ਚੁੰਝਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



***ਭਾਰਤ-ਪਾਕਿ ਤਣਾਅ ਦੌਰਾਨ ਸਰਕਾਰ ਨੇ ਵਿਰੋਧੀ ਨੇਤਾਵਾਂ ਦਾ ਵਫ਼ਦ ਵਿਦੇਸ਼ਾਂ 'ਚ ਭੇਜਣ ਦਾ ਫ਼ੈਸਲਾ ਕੀਤਾ-ਇਕ ਖ਼ਬਰ**
-ਮਰਦੀ ਨੇ ਅੱਕ ਚੱਬਿਆ, ਹਾਰ ਕੇ ਜੇਠ ਨਾਲ਼ ਲਾਈਆਂ।



***ਸਰਨਿਆਂ ਦਾ ਪੁਰਾਣਾ ਵਫ਼ਾਦਾਰ ਕੁਲਤਾਰਨ ਸਿੰਘ ਕੋਛੜ ਅਕਾਲੀ ਦਲ ਦਿੱਲੀ ਸਟੇਟ 'ਚ ਸ਼ਾਮਲ- ਇਕ ਖ਼ਬਰ**
-ਛੱਡ ਗਈ ਯਾਰ ਪੁਰਾਣੇ, ਨਵਿਆਂ ਦੇ ਸੰਗ ਲਗ ਕੇ।



***ਪੁੰਛ 'ਚ ਹਮਲਿਆਂ ਦੇ ਬਾਵਜੂਦ ਸਿੱਖਾਂ ਦੇ ਹੌਸਲੇ ਰਹੇ ਬੁਲੰਦ- ਇਕ ਖ਼ਬਰ**
-ਕਾਬਲ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ।



***ਪਹਿਲਗਾਮ ਅੱਤਵਾਦੀ ਹਮਲੇ 'ਤੇ ਕਾਂਗਰਸ ਨੇ ਸਰਕਾਰ ਤੋਂ ਮੰਗਿਆ ਜਵਾਬ- ਇਕ ਖ਼ਬਰ**
-ਅਗਲੀ 'ਮਨ ਕੀ ਬਾਤ' ਤਕ ਇੰਤਜ਼ਾਰ ਕਰੋ।



***ਪੰਜਾਬ ਸਰਕਾਰ ਵਲੋਂ ਵਿਕਾਸ ਫੰਡਾਂ ਲਈ ਕੋਈ ਕਮੀ ਨਹੀਂ- ਵਿਧਾਇਕ ਜਸਵੀਰ ਰਾਜਾ**
-ਮੇਰੀ ਕੱਤਣੀ ਨਸੀਬਾਂ ਵਾਲ਼ੀ, ਭਰੀ ਰਹੇ ਲੱਡੂਆਂ ਦੀ।



***ਸੰਗਰੂਰ ਸ਼ਰਾਬ ਕਾਂਡ ਤੋਂ ਸਰਕਾਰ ਸਬਕ ਲੈਂਦੀ ਤਾਂ ਇਹ ਹਾਦਸਾ ਨਾ ਵਾਪਰਦਾ- ਰੱਖੜਾ, ਢੀਂਡਸਾ**
-ਤ੍ਰਾਸਦੀ ਤਾਂ ਇਹੋ ਹੈ ਕਿ ਸਰਕਾਰਾਂ ਸਬਕ ਲੈਂਦੀਆਂ ਨਹੀਂ ਸਗੋਂ ਡਾਂਗ ਫੇਰ ਕੇ ਲੋਕਾਂ ਨੂੰ 'ਸਬਕ' ਦਿੰਦੀਆਂ।



***ਭਾਰਤ ਪਾਕਿ ਦਰਮਿਆਨ ਜੰਗ ਰੁਕਵਾਉਣ ਦਾ 'ਸਿਹਰਾ' ਮੈਨੂੰ ਨਹੀਂ ਮਿਲੇਗਾ- ਟਰੰਪ**
-ਰਾਂਝਾ ਪੱਜ ਮੱਝੀਆਂ ਦਾ ਲਾਵੇ, ਕੰਢੇ ਕੰਢੇ ਹੀਰ (ਨੋਬਲ ਪ੍ਰਾਈਜ਼) ਭਾਲ਼ਦਾ।



***ਸਿਖਿਆ ਦੇ ਖੇਤਰ 'ਚ ਸਰਕਾਰੀ ਸਕੂਲ ਹੁਣ ਪੈੜਾਂ ਪਾ ਰਹੇ ਹਨ- ਵਿਧਾਇਕ ਗੈਰੀ ਵੜਿੰਗ**
-ਪੰਜਾਬੀ ਵਿਸ਼ੇ 'ਚ ਹੀ ਹਜ਼ਾਰਾਂ ਵਿਦਿਆਰਥੀ ਫੇਲ੍ਹ ਹੋ ਰਹੇ ਹਨ, ਬਾਕੀ ਸਭ ਠੀਕ ਹੈ।



***ਸਰਬ ਪਾਰਟੀ ਮੀਟਿੰਗ 'ਚ ਵਿਰੋਧੀ ਧਿਰ 'ਜੰਗਬੰਦੀ' ਅਤੇ ਟਰੰਪ ਦੇ ਦਾਅਵਿਆਂ ਬਾਰੇ ਸਵਾਲ ਪੁੱਛੇਗੀ- ਖੜਗੇ**
-ਜਦ ਕੱਢ ਕੇ ਵਹੀ ਲੇਖਾ ਮੰਗਿਆ, ਫੇਰ ਕੀ ਜਵਾਬ ਦੇਵੇਂਗਾ।

***ਕਸ਼ਮੀਰ ਮਾਮਲੇ 'ਚ ਭਾਰਤ ਨੂੰ ਕਿਸੇ ਤੀਸਰੇ ਦੇਸ਼ ਦੀ ਵਿਚੋਲਗੀ ਮੰਨਜ਼ੂਰ ਨਹੀਂ- ਵਿਦੇਸ਼ ਮੰਤਰਾਲਾ**
-ਘੜਾ ਚੁੱਕ ਲਊਂ ਪੱਟਾਂ 'ਤੇ ਹੱਥ ਧਰ ਕੇ, ਖ਼ਸਮਾਂ ਨੂੰ ਖਾਣ ਕੁੜੀਆਂ।



***ਅਕਾਲੀ ਦਲ ਲੀਡਰਸ਼ਿੱਪ ਦੀਆਂ ਗ਼ਲਤੀਆਂ ਕਾਰਨ ਨਿਘਾਰ ਵਲ ਗਿਆ- ਇਯਾਲੀ**
-ਚੁੱਲ੍ਹੇ ਅੱਗ ਨਾ ਘੜੇ ਵਿਚ ਪਾਣੀ, ਅਮਲੀ ਨੇ ਘਰ ਪੁੱਟ 'ਤਾ।



***ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਿਲੇਗਾ ਸੰਸਦ ਰਤਨ ਪੁਰਸਕਾਰ- ਇਕ ਖ਼ਬਰ**
-ਜਿਹੜਾ ਮੂਹਰਲੀ ਗੱਡੀ ਦਾ ਬਾਬੂ, ਉਹੀਓ ਮੇਰਾ ਵੀਰ ਕੁੜੀਓ।



***ਚੀਨ ਅਤੇ ਅਮਰੀਕਾ ਵਿਚਕਾਰ ਟੈਰਿਫ਼ ਸਮਝੌਤਾ ਹੋਇਆ- ਇਕ ਖ਼ਬਰ**
-ਆਪਾਂ ਦੋਵੇਂ 'ਤਾਸ਼' ਖੇਡੀਏ, ਬੋਤਾ ਬੰਨ੍ਹ ਕੇ ਬੋਹੜ ਦੀ ਛਾਂਵੇਂ।



***ਟਰੰਪ ਪਲਟਿਆ ਆਪਣੇ ਬਿਆਨ ਤੋਂ "ਮੈਂ ਵਿਚੋਲਗੀ ਨਹੀਂ ਸਿਰਫ਼ ਮਦਦ ਕੀਤੀ"।**
-ਦੋ ਘੁੱਟ ਪੀ ਕੇ ਦਾਰੂ, ਪੈਰ 'ਤੇ ਮੁਕਰ ਗਿਆ।



***ਰੂਸ ਅਤੇ ਯੂਕਰੇਨ 'ਚ ਤਿੰਨ ਸਾਲਾਂ 'ਚ ਪਹਿਲੀ ਵਾਰ ਹੋਈ ਸ਼ਾਂਤੀ ਵਾਰਤਾ- ਇਕ ਖ਼ਬਰ**
-ਸੁੱਚਿਆਂ ਰੁਮਾਲਾਂ ਨੂੰ, ਲਾ ਦੇ ਧੰਨ ਕੁਰੇ ਗੋਟਾ।

# ਕਾਵਿ-ਕਿਆਰੀ

## ਜੀਭ ਦੇ ਸੁਆਦ

ਮਿਰਚ ਮਸਾਲਾ ਪੂਰਾ ਬਹੁਤ ਜ਼ਰੂਰੀ ਹੈ,
ਨਹੀਂ ਤਾਂ ਰੋਟੀ ਫਿੱਕੀ ਅਤੇ ਅਧੂਰੀ ਹੈ।

ਸਵਾਦਾਂ ਨੇ ਹੈ ਪੱਟੀ ਦੁਨੀਆ ਰੱਜ ਰੱਜ ਕੇ,
ਹਰੇਕ ਤੋਂ ਅੱਗੇ ਹੁੰਦੇ ਲੋਕੀਂ ਭੱਜ ਭੱਜ ਕੇ।

ਕੋਈ ਕਹਿੰਦਾ ਮੇਰੀ ਵਧੀਆ ਤਰਕਾਰੀ ਹੈ,
ਤੇ ਦੂਜਾ ਕਹਿੰਦਾ ਮੇਰੀ ਇਸ 'ਤੇ ਸਰਦਾਰੀ ਹੈ।

ਘੁਮਿਆਰੀ ਭਾਂਡਾ ਅਪਣਾ ਸਦਾ ਸਲਾਹੁੰਦੀ ਹੈ,
ਦੂਜੇ ਦੀ ਭੰਡੀ ਕਰਕੇ ਰੋਅਬ ਜਮਾਉਂਦੀ ਹੈ।

ਉਹ ਵੀ ਮੌਕਾ ਸੀ ਰੁੱਖੀ ਹੀ ਮਿਲਦੀ ਸੀ,
ਲੂਣ ਦੀ ਚੁਟਕੀ ਨਾਲ ਤਬੀਅਤ ਖਿਲਦੀ ਸੀ।

ਗੰਢੇ ਅਤੇ ਅਚਾਰ ਹੀ ਬੜੀ ਨਿਆਮਤ ਸਨ,
ਗੁੜ ਦੀ ਰੋੜੀ ਖਾ ਕੇ ਹੋ ਜਾਂਦੇ ਸੀ ਪਰਸੰਨ।

ਬਰਗਰ, ਪੀਜ਼ੇ, ਨੂਡਲ, ਸਾਨੂੰ ਪੱਟ ਗਏ,
ਚਲਾਕ ਚਲਾਕੀ ਕਰਕੇ ਖੱਟੀ ਖੱਟ ਗਏ।

ਪਤਾ ਨੀਂ ਚੱਲਿਆ ਜੀਭ ਨੇ ਧੋਖਾ ਕਦ ਦਿੱਤਾ,
ਕਿਸ ਦੇ ਪਿੱਛੇ ਲੱਗ ਕੇ ਝੁੱਗਾ ਪੱਟ ਦਿੱਤਾ।

ਸਿਹਤਾਂ ਵਿਗੜੀਆਂ ਢੇਰ ਬੀਮਾਰੀਆਂ ਲੱਗ ਗਈਆਂ,
ਉਲਟੀਆਂ ਪੁਲਟੀਆਂ ਆਦਤਾਂ ਹਰ ਘਰ ਵੜ ਗਈਆਂ।

ਵਫਾਦਾਰੀ ਨਿਭਾਉਂਦੇ ਸਭ ਅੰਗ ਨਿਢਾਲ ਹੋਏ,
ਬੇਵਫ਼ਾਈ ਜੀਭ ਦੀ ਸਹਿੰਦੇ ਹਾਲੋਂ ਬੇਹਾਲ ਹੋਏ।

ਮੋੜ ਮੁੜ ਗਏ ਹਾਂ ਬਹੁਤ ਹੁਣ ਮੋੜਾ ਨਹੀਂ ਪੈਣਾ,
ਖੁਸ ਗਿਆ ਹੈ ਸਿਹਤ ਦਾ ਅਤਿ ਸੁੰਦਰ ਗਹਿਣਾ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਉੱਚਿਆਂ ਹੋਵਣ ਖ਼ਾਤਰ ਦਾਰ ਜ਼ਰੂਰੀ ਏ

ਉੱਚਿਆਂ ਹੋਵਣ ਖ਼ਾਤਰ ਦਾਰ ਜ਼ਰੂਰੀ ਏ
ਦਾਰ 'ਤੇ ਅੱਪੜਨ ਲਈ ਇਨਕਾਰ ਜ਼ਰੂਰੀ ਏ

ਪਿਆਰ ਮੁਹੱਬਤ ਰੱਖਣਾ ਜੇ ਇਹ ਦੁਨੀਆਂ ਵਿੱਚ
ਹਰ ਬਸਤੀ ਵਿੱਚ ਇਕ ਫ਼ਨਕਾਰ ਜ਼ਰੂਰੀ ਏ

ਚੰਗਾ ਸ਼ਾਇਰ ਹੋਣਾ ਕਾਫ਼ੀ ਨਹੀਂ ਹੁੰਦਾ
ਚੰਗਿਆਂ ਹੋਵਣ ਲਈ ਕਿਰਦਾਰ ਜ਼ਰੂਰੀ ਏ

ਉਹਨੂੰ ਉਹਦੇ ਵਾਅਦੇ ਵਾਪਸ ਕਰਨੇ ਨੇ
ਇਸ ਲਈ ਵੀ ਮਿਲਣਾ ਇਕ ਵਾਰ ਜ਼ਰੂਰੀ ਏ

ਜੀਹਦੇ ਵੇਖਿਆਂ ਬੁਸ਼ਰਾ ਸਾਹਵਾਂ ਰੁੱਕ ਜਾਵਣ
ਅੱਖਾਂ ਸਾਹਮਣੇ ਉਹ ਸ਼ਾਹਕਾਰ ਜ਼ਰੂਰੀ ਏ

–ਬੁਸ਼ਰਾ ਨਾਜ਼

## ਗ਼ਜ਼ਲ-ਕਲਮਾਂ ਦੀ ਸ਼ਮਸ਼ੀਰ ਬਣਾਵਾਂ

ਆਖਿਰ ਖ਼ਾਕੀ ਖ਼ਾਕ ਚ ਮਿਲਦੈ, ਕੀ ਉਸ ਤੋਂ ਮਗਰੋਂ ਵੀ ਹੈ ? ਮਾਇਆ ਕਿਸ ਨੂੰ ਪੁੱਛਾਂ ?
ਜਿੰਦ ਨਿਮਾਣੀ ਦਾ ਇਹ ਕੌਤਕ, ਕੌਣ ਭਰਾਵੋ ਸਮਝ ਹੈ ਪਾਇਆ, ਕਿਸ ਨੂੰ ਪੁੱਛਾਂ ?

ਕਾਦਰ ਤੇਰੀ ਕੁਦਰਤ ਪਿਆਰੀ, ਪੰਜਾਬ ਤੱਤਾਂ ਨਾਲ ਸ਼ਿੰਗਾਰੀ, ਚਾਰ ਚੁਫੇਰੇ,
ਛੇਵਾਂ ਨੂਰ ਅਕਾਲ ਦਾ ਕਹਿੰਦੇ, ਐਪਰ ਇਹ ਜੋ ਭੇਤ ਛੁਪਾਇਆ, ਕਿਸ ਨੂੰ ਪੁੱਛਾਂ ?

ਫੁੱਲਾਂ ਦੇ ਵਿਚ ਖੁਸ਼ਬੂ ਮਹਿਕੇ, ਤੇਲ ਤਿਲਾਂ ਵਿਚ ਕਿੱਥੋਂ ਆਵੇ, ਸਮਝ ਨਾ ਪਾਵਾਂ,
ਗੁਲਸ਼ਨ ਵਿਚ ਬਹਾਰਾਂ ਮੌਲਣ, ਪਤਝੜ ਰੁੱਤ ਜੋ ਕਹਿਰ ਕਮਾਇਆ, ਕਿਸ ਨੂੰ ਪੁੱਛਾਂ ?

ਸੂਰਜ ਚੰਨ ਸਿਤਾਰੇ ਪਿਆਰੇ, ਅਪਣੇ ਰਸਤੇ ਚਲਦੇ ਸਾਰੇ, ਲੱਗਣ ਨਿਆਰੇ,
ਰੌਸ਼ਨ ਕਰਦਾ ਸੂਰਜ ਧਰਤੀ, ਕਿਸ ਸ਼ਕਤੀ ਇਹ ਦੀਪ ਜਗਾਇਆ, ਕਿਸ ਨੂੰ ਪੁੱਛਾਂ ?

ਇਸ਼ਕ ਹਕੀਕੀ ਜਾਤ ਜੋ ਤੇਰੀ, ਸਮਝਣ ਮਸਤੀ ਦੇ ਵਿਚ ਨੱਚਣ, ਵਾਹ ਮੌਲਾ ਵਾਹ,
ਧਰਮਾਂ ਜਾਤਾਂ ਵਿਚ ਨਫ਼ਰਤ ਦਾ, ਕਿਸ ਨੇ ਹੈ ਇਹ ਲਾਂਬੂ ਲਾਇਆ, ਕਿਸ ਨੂੰ ਪੁੱਛਾਂ ?

ਤੇਰਾ ਬੰਦਾ ਤੇਰੇ ਨਾਂ ਤੇ, ਲੁੱਟ ਮਚਾਵੇ ਚਾਰ ਚੁਫੇਰੇ, ਮੇਰੇ ਮੌਲਾ,
ਪਰਦੇ ਵਿਚ ਛੁਪ ਕੇ ਜਾਲਿਮ ਕਿਉਂ, ਬਣ ਜਾਂਦਾ ਤੇਰਾ ਹਮਸਾਇਆ, ਕਿਸ ਨੂੰ ਪੁੱਛਾਂ ?

ਦਿਲ ਕਰਦੈ ਹੁਣ ਬਾਗੀ ਹੋਵਾਂ, ਹੂਕ ਸੁਣਾਵਾਂ ਦਰਦ ਵਿਖਾਵਾਂ, ਦੀਪ ਜਗਾਵਾਂ,
ਕਲਮਾਂ ਦੀ ਸ਼ਮਸ਼ੀਰ ਬਣਾਵਾਂ, ਇਹ ਜਜ਼ਬੇ ਨੇ ਕਿਉਂ ਤੜਫਾਇਆ, ਕਿਸ ਨੂੰ ਪੁੱਛਾਂ ?



ਮੇਜਰ ਸਿੰਘ ਰਾਜਗੜ੍ਹ
9876664204

## ਗੀਤ

ਏ ਕੈਸਾ ਇਨਸਾਫ਼, ਸਰਕਾਰੇ ਕਰੀਂ ਮਾਫ਼,
ਦਵੇਂ ਸੂਰਿਆਂ ਨੂੰ ਜ਼ਹਿਰ, ਦੰਭੀਆਂ ਨੂੰ ਚੂਰੀਆਂ ...
ਬੁਬਣਾ ਪੈਰੌਲ ਉੱਤੇ ਤੀਜੇ ਦਿਨ ਬਾਹਰ,
ਸਿੰਘ ਬੰਦੀ ਨੇ ਸਜ਼ਾਵਾਂ ਕੱਟਕੇ ਵੀ ਦੂਹਰੀਆਂ ...

ਵੰਡ ਸੰਨ ਸੰਤਾਲੀ ਜਾਂ ਚੁਰਾਸੀ ਦੇ ਨੇ ਕਿੱਸੇ।
ਸਹਿਣਸ਼ੀਲਤਾ ਹੀ ਆਈ ਐ ਪੰਜਾਬੀਆਂ ਦੇ ਹਿੱਸੇ।
ਸਹਿ ਲਿਆ ਬਥੇਰਾ, ਚੁੱਪ ਰਹਿ ਲਿਆ ਬਥੇਰਾ,
ਹੁਣ ਉੱਠਾਂਗੇ ਕਰਾਕੇ ਸਭ ਮੰਗਾਂ ਪੂਰੀਆਂ ...
ਬੁਬਣਾ ਪੈਰੌਲ ਉੱਤੇ ਤੀਜੇ ਦਿਨ ਬਾਹਰ ,
ਸਿੰਘ ਬੰਦੀ ਨੇ ਸਜ਼ਾਵਾਂ ਕੱਟਕੇ ਵੀ ਦੂਹਰੀਆਂ ...

ਚਿੱਟਾ ਗਲ਼ੀ ਗਲ਼ੀ ਵਿਕੇ ਕੋਈ ਹੱਲ ਕਰੋ ਛੇਤੀ।
ਹੋਣ ਲਾ ਦਿਓ ਪੰਜਾਬ ਵਿੱਚ ਡੋਡਿਆਂ ਦੀ ਖੇਤੀ।
ਸੁੱਕਦੀ ਜਵਾਨੀ, ਜਾਂਦੀ ਮੁੱਕਦੀ ਜਵਾਨੀ,
ਬੀਜ ਖਸ਼ਖਾਸ਼ ਬੀਜੋ ਦਿਓ ਮੰਨਜ਼ੂਰੀਆਂ ...
ਬੁਬਣਾ ਪੈਰੌਲ ਉੱਤੇ ਤੀਜੇ ਦਿਨ ਬਾਹਰ,
ਸਿੰਘ ਬੰਦੀ ਨੇ ਸਜ਼ਾਵਾਂ ਕੱਟਕੇ ਵੀ ਦੂਹਰੀਆਂ ...

ਜਿਹਦੀ ਮਰਗੀ ਜ਼ਮੀਰ ਕਾਹਦਾ ਜੱਗ ਤੇ ਜਿਉਣ।
ਸੱਚ ਲਿਖਣਾ ਜਿੰਮੀ ਨੇ ਜਾਵੇ ਅੱਪ ਭਾਵੇ ਡਾਊਨ।
ਵੇਖ ਧੱਕੇਸ਼ਾਹੀ, ਸ਼ਾਇਰ ਵਰਤੇ ਸਿਆਹੀ,
ਕਵੀ ਚੁੱਪ ਨੇ ਜੋ ਹੋਣਗੀਆਂ ਮਜਬੂਰੀਆਂ...
ਬੁਬਣਾ ਪੈਰੌਲ ਉੱਤੇ ਤੀਜੇ ਦਿਨ ਬਾਹਰ,
ਸਿੰਘ ਬੰਦੀ ਨੇ ਸਜ਼ਾਵਾਂ ਕੱਟਕੇ ਵੀ ਦੂਹਰੀਆਂ...




ਜਿੰਮੀ ਅਹਿਮਦਗੜ੍ਹ
8195907681

## ਅੰਦਰ ਦੇਖ ਸਹੀ

ਹੁੰਦਾ ਰਹੇ ਧ੍ਰੋਹ, ਅੰਦਰ ਦੇਖ ਸਹੀ।
ਬੈਠੇ ਹੋਏ ਨੇ ਦੋ, ਅੰਦਰ ਦੇਖ ਸਹੀ।

ਤਸਵੀਰ ਮੁਕੰਮਲ ਤਾਂ ਹੀ ਤੇਰੀ ਹੋਣੀ ਹੈ,
ਇੱਕਸੁਰ ਜਾਵੇਂ ਹੋ, ਅੰਦਰ ਦੇਖ ਸਹੀ।

ਬੜੇ ਪ੍ਰਾਹੁਣੇ ਬਿਨਾ ਬੁਲਾਏ ਆ ਜਾਂਦੇ,
ਕਰਦੇ ਨੇ ਲੁੱਟ ਖੋਹ, ਅੰਦਰ ਦੇਖ ਸਹੀ।

ਹਿਰਨ ਵਾਂਗ ਕਸਤੂਰੀ ਬਾਹਰੋਂ ਨਾ ਲੱਭਣੀ,
ਅੰਦਰ ਹੈ ਖੁਸ਼ਬੋ, ਅੰਦਰ ਦੇਖ ਸਹੀ।

ਬਿਨ ਰੂਹੋਂ ਕਲਬੂਤਾਂ ਦਾ ਹੈ ਹਸ਼ਰ ਬੁਰਾ,
ਵੱਧ ਰਹੀ ਆਦਮ ਬੋ, ਅੰਦਰ ਦੇਖ ਸਹੀ।

ਕਵਿਤਾ ਵਾਂਗੂੰ ਜਿੰਦੂ ਗਲ਼ ਨੂੰ ਲੱਗ ਜਾਣੀ,
ਜਜ਼ਬਾਤੀ ਹੋਵੇ ਛੋਹ, ਅੰਦਰ ਦੇਖ ਸਹੀ।

ਖੁਦੀ ਨੂੰ ਛੱਡ ਖੁਦਾਈ ਉਹਨੂੰ ਮਿਲ ਜਾਂਦੀ,
ਆਪਣੀ ਰੱਖੇ ਟੋਹ, ਅੰਦਰ ਦੇਖ ਸਹੀ।

ਪ੍ਰੇਮ ਪੁਜਾਰੀ ਬਣਨੇ ਦੀ ਹੈ ਸ਼ਰਤ ਇੱਕੋ,
ਛੱਡਣਾ ਪੈਣਾ ਮੋਹ, ਅੰਦਰ ਦੇਖ ਸਹੀ।

ਜਦ 'ਢੇਸੀ' ਸੁਰਜੀਤਾ ਅੰਦਰੋਂ ਹੋਵੇਗਾ,
ਜਾਊ ਰੁਪਾਂਤਰ ਹੋ, ਅੰਦਰ ਦੇਖ ਸਹੀ।

ਕੁਲਵੰਤ ਸਿੰਘ ਢੇਸੀ



ਕਵਿਤਾ

## ਜੰਗ

ਜਦ ਸ਼ੁਰੂ ਹੋ ਜਾਵੇ ਜੰਗ,
ਇਹ ਕਰ ਦੇਵੇ ਸਭ ਨੂੰ ਤੰਗ।
ਝੁਲਸ ਜਾਵੇ ਕੋਈ ਪੂਰਾ ਹੀ,
ਜਲ ਜਾਣ ਕਿਸੇ ਦੇ ਅੰਗ।
ਮਾਰੂ ਹਥਿਆਰਾਂ ਬਾਰੇ ਸੁਣ ਕੇ,
ਹਰ ਕੋਈ ਰਹਿ ਜਾਵੇ ਦੰਗ।
ਅੰਤ 'ਚ ਕਿਸੇ ਨੂੰ ਕੁਝ ਨਾ ਮਿਲੇ,
ਇਹ ਕਰੇ ਦੋਹਾਂ ਦੇਸ਼ਾਂ ਨੂੰ ਨੰਗ।
ਜਿਹੜਾ ਜੰਗ ਜਾਣ ਕੇ ਛੇੜੇ,
ਉਸ ਨੇ ਪੀਤੀ ਹੁੰਦੀ ਆ ਭੰਗ।
ਲੋਕਾਂ ਤੋਂ ਪੈਣ ਲਾਅਨਤਾਂ ਇਸ ਨੂੰ,
ਜਦ ਜੰਗ ਪਾਵੇ ਰੰਗ 'ਚ ਭੰਗ।
ਸ਼ਾਲਾ ! ਕਿਸੇ ਮੁਟਿਆਰ ਦੀ,
ਜੰਗ ਕਰਕੇ ਨਾ ਟੁੱਟੇ ਵੰਗ।
ਬੈਠ ਕੇ ਸਾਰੇ ਮਸਲੇ ਹੱਲ ਕਰੋ,
ਹਾਕਮਾਂ ਤੋਂ ਹੈ ਸਾਡੀ ਇਹ ਮੰਗ।

ਮਹਿੰਦਰ ਸਿੰਘ ਮਾਨ
ਫੋਨ 9915803554



* * * * * *

# ਕੀਮਤਾਂ ਵਿਚ ਵਾਧੇ ਦਾ ਦੋਸ਼ ਟੈਰਿਫ਼ ਉਪਰ ਲਾਉਣ ਦੀ ਕੋਸ਼ਿਸ਼ ਬੰਦ ਹੋਵੇ- ਡੋਨਾਲਡ ਟਰੰਪ ਵੱਲੋਂ ਤਾੜਨਾ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਦਿਓਕੱਦ ਪ੍ਰਚੂਨ ਵਿਕ੍ਰੇਤਾ ਵਾਲਮਾਰਟ ਵੱਲੋਂ ਕੀਮਤਾਂ ਵਿਚ ਹੋਰ ਵਾਧਾ ਹੋ ਜਾਣ ਦਾ ਐਲਾਨ ਕਰਨ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਖਤ ਤਾੜਨਾ ਕਰਦਿਆਂ ਕਿਹਾ ਹੈ ਕਿ ਕੀਮਤਾਂ ਵਿਚ ਵਾਧੇ ਦਾ ਦੋਸ਼ ਟੈਰਿਫ ਉਪਰ ਮੜਨ ਦੀ ਕੋਸ਼ਿਸ਼ ਬੰਦ ਕਰਨ ਦੀ ਲੋੜ ਹੈ। ਵਾਲਮਾਰਟ ਦੇ ਸੀ ਈ ਓ ਡੋਗਲਸ ਮੈਕਮਿਲਨ ਨੇ ਕਿਹਾ ਹੈ ਕਿ ਟਰੰਪ ਦੇ ਟੈਰਿਫ਼ ਖਾਸ ਤੌਰ 'ਤੇ ਚੀਨੀ ਵਸਤਾਂ ਉਪਰ ਬਹੁਤ ਜਿਆਦਾ ਹੋਣ ਕਾਰਨ ਕੀਮਤਾਂ ਵਧ ਰਹੀਆਂ ਹਨ। ਉਨਾਂ ਕਿਹਾ ਕਿ ਅਸੀਂ ਕੀਮਤਾਂ ਨੂੰ ਘੱਟ ਰਖਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ਪਰੰਤੂ ਇਸ ਹਫਤੇ ਟੈਰਿਫ਼ ਘਟਾਉਣ ਦਾ ਐਲਾਨ ਕਰਨ ਦੇ ਬਾਵਜੂਦ ਟੈਰਿਫ਼ ਜਿਆਦਾ ਹਨ ਜਿਸ ਕਾਰਨ ਅਸੀਂ ਦਬਾਅ ਝਲ ਨਹੀਂ ਸਕਾਂਗੇ ਕਿਉਂਕਿ ਪਹਿਲਾਂ ਹੀ ਸਮਾਨ ਬਹੁਤ ਘੱਟ ਮੁਨਾਫ਼ੇ 'ਤੇ ਵੇਚਿਆ ਜਾ ਰਿਹਾ ਹੈ। ਟਰੰਪ ਨੇ ਇਸ ਦੇ ਜਵਾਬ ਵਿਚ ਸੋਸ਼ਲ ਮੀਡੀਆ ਟਰੁੱਥ ਉਪਰ ਕਿਹਾ ਹੈ ਕਿ " ਜਿਥੋਂ ਤੱਕ ਵਾਲਮਾਰਟ ਤੇ ਚੀਨ ਦਾ ਸਬੰਧ ਹੈ, ਟੈਰਿਫ਼ ਨੂੰ ਭੁੱਲਣਾ ਪਵੇਗਾ ਤੇ ਗਾਹਕ ਕੋਲੋਂ ਵਾਧੂ ਪੈਸਾ ਨਹੀਂ ਲਿਆ ਜਾਵੇਗਾ। ਮੈ ਨਜਰ ਰਖ ਰਿਹਾ ਹਾਂ ਤੇ ਮੈ ਤੁਹਾਡਾ ਗਾਹਕ ਵੀ ਹਾਂ।" ਦੂਸਰੇ ਪਾਸੇ ਆਰਥਿਕ ਮਾਹਿਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਟੈਰਿਫ਼ ਦਾ ਬੋਝ ਗਰੀਬ ਤੇ ਮੱਧ ਵਰਗ ਅਮਰੀਕੀਆਂ ਉਪਰ ਪਵੇਗਾ ਜੋ ਵਾਲਮਾਰਟ ਦੇ ਮੂਲ ਗਾਹਕ ਹਨ। ਇਹ ਗਾਹਕ ਵਾਲਮਾਰਟ ਕੋਲੋਂ ਬਿਨਾਂ ਕੋਈ ਬਹਿਸ ਕੀਤਿਆਂ ਚੁੱਪਚਾਪ ਖਰੀਦਦਾਰੀ ਕਰਦੇ ਹਨ। ਖਾਸ ਤੌਰ 'ਤੇ ਕਰਿਆਨੇ ਦੀ ਖਰੀਦਦਾਰੀ ਇਨਾਂ ਵੱਲੋਂ ਕੀਤੀ ਜਾਂਦੀ ਹੈ। ਕੰਪਨੀ ਦੇ ਵਿੱਤ ਵਿਭਾਗ ਦੇ ਮੁਖੀ ਜੌਹਨ ਡੇਵਿਡ ਰੇਨੀ ਨੇ ਕਿਹਾ ਹੈ ਕਿ ਮਈ ਦੇ ਅੰਤ ਵਿੱਚ ਵਾਲਮਾਰਟ ਵੱਲੋਂ ਕੀਮਤਾਂ ਵਿਚ ਵਾਧਾ ਲਾਗੂ ਹੋਣ ਦੀ ਸੰਭਾਵਨਾ ਹੈ ਤੇ ਜੂਨ ਵਿਚ ਕੀਮਤਾਂ ਹੋਰ ਵਧ ਜਾਣਗੀਆਂ। ਹਾਲ ਹੀ ਵਿਚ ਅਮਰੀਕਾ ਤੇ ਚੀਨ ਵਿਚਾਲੇ 90 ਦਿਨਾਂ ਲਈ ਹੋਈ ਸਹਿਮਤੀ ਤਹਿਤ ਚੀਨੀ ਦਰਾਮਦ ਉਪਰ 30% ਟੈਰਿਫ਼ ਲੱਗੇਗਾ ਤੇ ਅਮਰੀਕੀ ਵਸਤਾਂ ਉਪਰ ਚੀਨ 10% ਟੈਰਿਫ਼ ਵਸੂਲੇਗਾ। ਇਥੇ ਜਿਕਰਯੋਗ ਹੈ ਕਿ ਵਾਲਮਾਰਟ ਦੇ ਅਮਰੀਕਾ ਵਿਚ 4600 ਤੋਂ ਵਧ ਸੋਟਰ ਹਨ ਤੇ ਉਹ ਕੈਨੇਡਾ,ਚੀਨ, ਮੈਕਸੀਕੋ ਤੇ ਵਿਤਨਾਮ ਸਮੇਤ ਹੋਰ ਦੇਸ਼ਾਂ ਤੋਂ ਦਰਾਮਦ ਕਰਦਾ ਹੈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

## ਹੁਣ ਤੁਸੀਂ ਕੀ ਕਰਨਾ ਹੈ?

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ।**
**4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਚੌਥੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...



30 ਮਈ ਨੂੰ ਬਰਸੀ 'ਤੇ ਵਿਸ਼ੇਸ਼

ਭਗਵਾਨ ਸਿੰਘ ਜੌਹਲ

# ਸੇਵਾ ਦੇ ਖੇਤਰ ਦੇ ਉੱਘੇ ਹਸਤਾਖਰ - ਬਾਬਾ ਖੜਕ ਸਿੰਘ ਕਾਰਸੇਵਾ ਵਾਲੇ

ਕਾਰਸੇਵਾ ਉਹੀ ਮਨੁੱਖ ਕਰ ਸਕਦਾ ਹੈ, ਜਿਸ ਦੇ ਹਿਰਦੇ ਵਿੱਚ ਪਰਉਪਕਾਰ ਵਸਿਆ ਹੋਵੇ। ਮਨੁੱਖਤਾ ਦੀ ਭਲਾਈ ਅਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੋਣਾ ਕੋਈ ਸੁਖੈਨ ਕੰਮ ਨਹੀਂ। ਇਸ ਵੱਡੇ ਖੇਤਰ ਵਿੱਚ ਜਾਣ ਤੋਂ ਪਹਿਲਾਂ ਆਪਣਾ ਜੀਵਨ ਗੁਰੂ-ਘਰ ਨੂੰ ਸਮਰਪਿਤ ਕਰਨਾ ਪੈਂਦਾ ਹੈ। ਮਨ ਵਿੱਚ ਖੋਟ ਰੱਖਣ ਵਾਲੇ ਇਨਸਾਨ ਲੋਕ ਮਨਾਂ ਵਿੱਚੋਂ ਨਿਕਲ ਜਾਂਦੇ ਹਨ। ਜਿਹੜੇ ਰੱਬੀ ਜਿਊੜੇ ਇਸ ਖੇਤਰ ਵਿੱਚ ਤਨ ਮਨ ਧਨ ਨਾਲ ਸੰਗਤ ਦੀ ਸੇਵਾ ਵਿੱਚ ਰਾਤ-ਦਿਨ ਕੁੱਦ ਪੈਂਦੇ ਹਨ, ਉਹ ਇਸ ਧਰਤੀ ਦਾ ਸ਼ਿੰਗਾਰ ਬਣ ਜਾਂਦੇ ਹਨ। ਅਜਿਹੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ ਬਾਬਾ ਖੜਕ ਸਿੰਘ ਕਾਰਸੇਵਾ ਵਾਲੇ। ਕਾਰਸੇਵਾ ਦੇ ਖੇਤਰ ਨਾਲੋਂ ਵੱਧ ਕੇ ਉਹ ਅਜਿਹੀ ਰੰਗ ਰੱਤੜੀ ਆਤਮਾ ਦੇ ਮਾਲਕ ਸਨ, ਜਿਨ੍ਹਾਂ ਆਪਣੀ ਹਯਾਤੀ ਦੇ ਦੌਰਾਨ ਹਜ਼ਾਰਾਂ ਘਰਾਂ ਵਿੱਚ ਪਏ ਕਲਾ-ਕਲੇਸ਼ ਅਤੇ ਗੰਭੀਰ ਝਗੜੇ ਨਿਪਟਾਏ, ਜਿਨ੍ਹਾਂ ਨਾਲ ਕਿੰਨੇ ਕਤਲ ਹੋਣ ਤੋਂ ਸਮਾਜ ਨੂੰ ਬਚਾਇਆ। ਲੱਖਾਂ ਪਰਿਵਾਰਾਂ ਨੂੰ ਇਸ ਕੀਮਤੀ ਤੇ ਬਹੁਮੁੱਲੇ ਜੀਵਨ ਨੂੰ ਜੀਊਣ ਲਈ ਜੀਵਨ ਜਾਚ ਸਮਝਾਈ। ਪਰਿਵਾਰਾਂ ਵਿੱਚ ਮਿਲ ਬੈਠ ਕੇ ਪਿਆਰ ਤੇ ਪ੍ਰੇਮ ਨਾਲ ਰਹਿਣ ਦੀ ਪ੍ਰੇਰਣਾ ਦਿੱਤੀ। ਇਹ ਅਜਿਹੀ ਸੇਵਾ ਸੀ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਦੇ ਮਨਾਂ ਵਿੱਚੋਂ ਮੈਲ ਕੱਢ ਕੇ ਗੁਰੂ-ਘਰ ਨਾਲ ਜੋੜਨ ਦਾ ਵੱਡਾ ਉਪਰਾਲਾ ਕੀਤਾ।

ਬਾਬਾ ਖੜਕ ਸਿੰਘ ਦਾ ਜਨਮ ਲਾਹੌਰ (ਲਹਿੰਦਾ ਪੰਜਾਬ) ਜ਼ਿਲ੍ਹੇ ਦੇ ਪਿੰਡ ਬਰਕੀ ਵਿੱਚ ਸ. ਪਾਲਾ ਸਿੰਘ ਅਤੇ ਮਾਤਾ ਦਾਨ ਕੌਰ ਦੇ ਗ੍ਰਹਿ ਵਿਖੇ 1895 ਈ: ਵਿੱਚ ਹੋਇਆ। ਪਰਿਵਾਰਕ ਜ਼ਿੰਮੇਵਾਰੀ ਨੂੰ ਸਮਝਦਿਆਂ ਪਹਿਲਾਂ ਦੇਸ਼ ਦੀ ਫੌਜ ਵਿੱਚ ਭਰਤੀ ਹੋ ਕੇ ਚੰਗੇ ਸਿਪਾਹੀ ਦੇ ਫਰਜ਼ ਨੂੰ ਨਿਭਾਇਆ। ਜਵਾਨੀ ਵਿੱਚ ਹੀ ਰੱਬੀ-ਪ੍ਰੇਮ ਵਿੱਚ ਵੈਰਾਗ ਅਵਸਥਾ ਵਿੱਚ ਵਿਚਰਦਿਆਂ ਮਨੁੱਖਤਾ ਦੇ ਭਲੇ ਲਈ ਜੀਵਨ ਬਤੀਤ ਕਰਨ ਦੀ ਖਿੱਚ ਕਾਰਨ ਮਨ ਉਚਾਟ ਰਹਿਣ ਲੱਗ ਗਿਆ। ਫੌਜ ਵਿੱਚੋਂ ਵਾਪਸ ਆ ਕੇ ਸੰਤ-ਸਿਪਾਹੀ ਵਜੋਂ ਵਿਚਰਨਾ ਸ਼ੁਰੂ ਕਰ ਦਿੱਤਾ। ਥੋੜ੍ਹੇ ਸਮੇਂ ਵਿੱਚ ਕਾਰਸੇਵਾ ਦੇ ਖੇਤਰ ਦੀ ਵੱਡੀ ਹਸਤੀ ਬਾਬਾ ਨਿਧਾਨ ਸਿੰਘ ਕਾਰਸੇਵਾ ਵਾਲਿਆਂ ਦੇ ਜਥੇ ਵਿੱਚ ਸ਼ਾਮਿਲ ਹੋ ਗਏ। ਉਦੋਂ ਹੁਣ ਵਾਂਗ ਇਸ ਖੇਤਰ ਵਿੱਚ ਮਾਇਆ ਦਾ ਪ੍ਰਭਾਵ ਨਹੀਂ ਸੀ। ਸੇਵਾ ਤਨਦੇਹੀ ਨਾਲ ਨਿਭਾਉਣੀ ਪੈਂਦੀ ਸੀ। ਇਨ੍ਹਾਂ ਦਿਨਾਂ ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ। ਮਰਜੀਵੜੇ ਸਿੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਘਰ-ਘਾਟਾਂ ਨੂੰ ਤਿਆਗ ਕੇ ਜਾਨ ਨਾਲੋਂ ਪਿਆਰੇ ਗੁਰਧਾਮਾਂ ਨੂੰ ਮਾੜੇ ਪ੍ਰਬੰਧ ਤੋਂ ਅਜਾਦ ਕਰਵਾਉਣਾ ਚਾਹੁੰਦੇ ਸਨ। ਕਾਰਸੇਵਾ ਵਿੱਚ ਤਨ-ਦੇਹੀ ਨਾਲ ਸੇਵਾ ਨਿਭਾਉਂਦਿਆਂ ਜੈਤੋ ਦੇ ਮੋਰਚੇ ਦੌਰਾਨ ਗ੍ਰਿਫ਼ਤਾਰ ਹੋ ਗਏ। ਮੋਰਚਾ ਫ਼ਤਹਿ ਹੋਣ ਤੱਕ ਕੈਦ ਕੱਟੀ। ਜੇਲ੍ਹ ਵਿੱਚੋਂ ਵਾਪਸ ਆਉਂਦਿਆਂ ਹੀ ਮੁੜ ਕਾਰਸੇਵਾ ਨੂੰ ਸਮਰਪਿਤ ਹੋ ਗਏ।

ਉਸ ਸਮੇਂ ਆਪ ਕਾਰਸੇਵਾ ਦੇ ਖੇਤਰ ਦੀ ਉੱਘੀ ਹਸਤੀ ਬਾਬਾ ਗੁਰਮੁੱਖ ਸਿੰਘ ਕਾਰਸੇਵਾ ਵਾਲਿਆਂ ਦੀ ਅਗਵਾਈ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਯਾਦਗਾਰੀ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ



ਕਾਰਸੇਵਾ ਵਿੱਚ ਜੁੱਟੇ ਹੋਏ ਸਨ। ਇਸੇ ਦੌਰਾਨ ਇਕ ਦਿਨ ਲਾਹੌਰ ਵਿਖੇ ਕਾਬਲ (ਅਫ਼ਗਾਨਿਸਤਾਨ) ਤੋਂ ਇਕ ਜਥਾ ਦਰਸ਼ਨਾਂ ਲਈ ਆਇਆ। ਉਦੋਂ ਅਫ਼ਗਾਨਿਸਤਾਨ ਦੇ ਸਿੰਘਾਂ ਦੀ ਸ਼ਰਧਾ ਤੇ ਪਿਆਰ ਵੇਖ ਕੇ ਉਨ੍ਹਾਂ ਨਾਲ ਸੇਵਾ ਦੇ ਪ੍ਰਥਾਇ ਵਿਚਾਰ ਕਰ ਰਹੇ ਸਨ ਤਾਂ ਉਸ ਆਈ ਹੋਈ ਸੰਗਤ ਨੇ ਬੀੜ ਬਾਬਾ ਬੁੱਢਾ ਸਾਹਿਬ ਦੀ ਨਵ-ਉਸਾਰੀ ਲਈ ਬੇਨਤੀ ਕੀਤੀ। ਬਾਬਾ ਗੁਰਮੁੱਖ ਸਿੰਘ ਨੇ ਬਾਬਾ ਖੜਕ ਸਿੰਘ ਨੂੰ ਇਕ ਜ਼ਿੰਮੇਵਾਰ ਕਾਰ-ਸੇਵਕ ਵਜੋਂ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਦੀ ਸੇਵਾ ਸੌਂਪ ਦਿੱਤੀ। ਬਾਬਾ ਜੀ ਲਾਹੌਰ ਤੋਂ ਸੀਮਤ ਜਿਹਾ ਉਸਾਰੀ ਦਾ ਸਮਾਨ ਲੈ ਕੇ ਬੀੜ ਬਾਬਾ ਬੁੱਢਾ ਸਾਹਿਬ ਪਹੁੰਚ ਗਏ। ਇਥੇ ਪੁੱਜਦਿਆਂ ਹੀ ਸਭ ਤੋਂ ਪਹਿਲਾਂ ਪਾਵਨ-ਸਰੋਵਰ ਅਤੇ ਇਸ ਤੋਂ ਪਿੱਛੋਂ ਗੁਰਦੁਆਰਾ ਸਾਹਿਬ ਦੇ ਨਵ-ਨਿਰਮਾਣ ਦੀ ਸੇਵਾ ਸ਼ੁਰੂ ਕੀਤੀ। ਇਸ ਕਾਰਸੇਵਾ ਤੋਂ ਇਲਾਵਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੌਜੂਦਾ ਆਧੁਨਿਕ ਲੰਗਰ ਦੀ ਇਮਾਰਤ ਦੀ ਸੇਵਾ ਨੂੰ ਪ੍ਰਮੁੱਖ ਫਰਜ਼ ਸਮਝਦੇ ਨਿਭਾਇਆ। ਇਸ ਸੇਵਾ ਤੋਂ ਪਿੱਛੋਂ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਅੰਮ੍ਰਿਤ ਸਰੋਵਰ ਲਈ ਪੁਰਾਤਨ ਹੰਸਲੀ ਦੇ ਨਵ-ਨਿਰਮਾਣ ਲਈ ਜਲ ਲਿਆਉਣ ਦੀ ਸੇਵਾ ਨੂੰ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸੰਪੂਰਨ ਕੀਤਾ।

ਸ੍ਰੀ ਗੋਇੰਦਵਾਲ ਸਾਹਿਬ ਦੇ ਨੇੜੇ ਬਿਆਸ ਦਰਿਆ ਉਪਰ ਬਣ ਰਹੇ ਪੁੱਲ ਦੀ ਉਸਾਰੀ ਲਈ ਵੀ ਯੋਗਦਾਨ ਪਾਇਆ। ਇਨ੍ਹਾਂ ਸੇਵਾਵਾਂ ਤੋਂ ਇਲਾਵਾ ਬੀੜ ਸਾਹਿਬ ਦੇ ਇਲਾਕੇ ਵਿੱਚ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਡੇ ਯਤਨਾਂ ਨੂੰ ਸਫ਼ਲਤਾ ਨਾਲ ਸਿਰੇ ਚਾੜ੍ਹਿਆ। ਬਾਬਾ ਬੁੱਢਾ ਸਾਹਿਬ ਕਾਲਜ, ਬਾਬਾ ਬੁੱਢਾ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਅਤੇ ਪਬਲਿਕ ਸਕੂਲ ਆਪ ਜੀ ਦੀ ਵਿੱਦਿਅਕ ਸੇਵਾਵਾਂ ਪ੍ਰਤੀ ਲਗਨ ਦੇ ਪ੍ਰਤੱਖ ਸਬੂਤ ਹਨ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ 1984 ਈ: ਵਿੱਚ ਵਾਪਰੇ ਕਤਲਾਮ ਅਤੇ ਘੱਲੂਘਾਰੇ ਨੇ ਆਪ ਨੂੰ ਧੁਰ-ਅੰਦਰੋਂ ਹਿਲਾ ਕੇ ਰੱਖ ਦਿੱਤਾ। ਇਸ ਘੱਲੂਘਾਰੇ ਦਾ ਉਨ੍ਹਾਂ ਦੀ ਅੰਤਰ-ਆਤਮਾ 'ਤੇ ਗਹਿਰਾ ਅਸਰ ਹੋਇਆ। ਘੱਲੂਘਾਰੇ ਤੋਂ ਦੋ ਕੁ ਸਾਲ ਪਿੱਛੋਂ 30 ਮਈ, 1986 ਈ: ਨੂੰ ਸਰੀਰ ਕਰਕੇ ਕੁਝ ਸਮਾਂ ਢਿੱਲੇ ਹੋਣ ਪਿੱਛੋਂ ਆਪਣੇ ਪੰਚ-ਭੂਤਕ ਸਰੀਰ ਨੂੰ ਛੱਡ ਕੇ ਸਚਖੰਡ ਜਾ ਬਿਰਾਜੇ। ਉਨ੍ਹਾਂ ਤੋਂ ਪਿੱਛੋਂ ਇਨ੍ਹਾਂ ਕਾਰਸੇਵਾਵਾਂ ਨੂੰ ਬਾਬਾ ਦਰਸ਼ਨ ਸਿੰਘ ਬਾਖ਼ੂਬੀ ਨਿਭਾਉਂਦੇ ਰਹੇ। ਮੌਜੂਦਾ ਸਮੇਂ ਇਨ੍ਹਾਂ ਸੇਵਾਵਾਂ ਨੂੰ ਬਾਬਾ ਸੰਤੋਖ ਸਿੰਘ ਪੂਰੀ ਤਨ-ਦੇਹੀ ਨਾਲ ਸਰ-ਅੰਜਾਮ ਦੇ ਰਹੇ ਹਨ। ਬਾਬਾ ਖੜਕ ਸਿੰਘ ਅਤੇ ਬਾਬਾ ਦਰਸ਼ਨ ਸਿੰਘ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਹੋ ਰਹੇ ਹਨ

# ਸੰਤ ਹਰਖੋਵਾਲੀਏ ਤੇ ਸੰਤ ਕਹਾਰਪੁਰੀਏ ਦੇ ਜਨਮ ਨਮਿਤ ਤਿੰਨ ਰੋਜ਼ਾ ਸਮਾਗਮ 'ਤੇ ਭਾਰੀ ਰੌਣਕਾਂ





*ਭਾਈ ਰਣਧੀਰ ਸਿੰਘ ਸੰਭਲ ਦਾ ਕੀਰਤਨੀ ਜਥਾ ਕੀਰਤਨ ਕਰਦਾ ਹੋਇਆ, ਭਾਈ ਅਮਰਦੀਪ ਸਿੰਘ ਸੰਘਾ ਸੰਗਤਾਂ ਨਾਲ ਸਮਾਗਮ ਸਮੇਂ ਸੁਸ਼ੋਭਿਤ ਹਨ*

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ ਅਤੇ ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲਿਆਂ ਦੇ ਜਨਮ ਉਤਸਵ ਨਮਿਤ ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਲੈਸਟਰ ਵਿਖੇ ਹਰ ਸਾਲ ਦੀ ਤਰ੍ਹਾਂ ਆਗਮਨ ਦਿਹਾੜਾ, ਗਿਆਨੀ ਦਾਨ ਸਿੰਘ ਸੰਘਾ ਦੇ ਸਮੂਹ ਪਰਿਵਾਰ ਵੱਲੋਂ ਹੋਤੀ ਮਰਦਾਨ ਅਤੇ ਹਰਖੋਵਾਲ ਸੰਪ੍ਰਦਾਇ ਦੀ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ: ਅਮਰਦੀਪ ਸਿੰਘ ਸੰਘਾ, ਬ੍ਰਹਮ ਜੋਤ ਸਿੰਘ ਸੰਘਾ ਦੀ ਦੇਖ-ਰੇਖ ਵਿੱਚ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਹੋਏ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਗੁਰੂ ਜੀ ਦੇ ਮਾਰਗ 'ਤੇ ਚਲਣ ਦਾ ਪ੍ਰਣ ਕੀਤਾ। ਇਸ ਮੌਕੇ ਹਜ਼ੂਰੀ ਰਾਗੀ ਭਾਈ ਸੁੱਚਾ ਸਿੰਘ ਜੀ, ਭਾਈ ਗੁਰਵਿੰਦਰ ਸਿੰਘ ਅਤੇ ਭਾਈ ਰਣਧੀਰ ਸਿੰਘ ਸੰਭਲ, ਭਾਈ ਕੁਲਤਾਰਨ ਸਿੰਘ ਤੇ ਭਾਈ ਚਰਨਜੀਤ ਸਿੰਘ ਚੰਨੀ ਨੇ ਗੁਰਬਾਣੀ ਕੀਰਤਨ ਕਰਦਿਆਂ ਦੋਨਾਂ ਮਹਾਂਪੁਰਖਾਂ ਦੇ ਪਰਉਪਕਾਰੀ ਜੀਵਨ 'ਤੇ ਰੋਸ਼ਨੀ ਪਾਈ। ਢਾਡੀ ਜਥਾ ਗਿਆਨੀ ਸੁਰਿੰਦਰ ਸਿੰਘ ਰਸੀਲਾ ਨੇ ਢਾਡੀ ਵਾਰਾਂ ਰਾਹੀਂ ਸੰਗਤ ਨੂੰ ਮਹਾਪੁਰਖਾਂ ਦੇ ਜੀਵਨ ਅਤੇ ਧਾਰਮਿਕ ਤੇ ਸਮਾਜਿਕ ਖੇਤਰ ਵਿੱਚ ਪਾਏ ਯੋਗਦਾਨ ਪ੍ਰਤੀ ਜਾਣੂ ਕਰਵਾਇਆ। ਸ: ਹਰਭਜਨ ਸਿੰਘ ਜੀ ਵੱਲੋਂ ਸਟੇਜ ਦੀ ਬਾਖ਼ੂਬੀ ਸੇਵਾ ਨਿਭਾਈ ਗਈ। ਸਮਾਗਮ ਵਿੱਚ ਸ: ਅਵਤਾਰ ਸਿੰਘ, ਏਡੀਆਂ ਤੋਂ ਬ੍ਰਹਮ ਜੋਤ ਸਿੰਘ ਸੰਘਾ, ਭਾਈ ਲਖਵੀਰ ਸਿੰਘ, ਸੁਖਦੇਵ ਸਿੰਘ ਸੰਘਾ, ਸ: ਸ਼ਮਸ਼ੇਰ ਸਿੰਘ ਬੈਂਸ, ਦਰਸ਼ਨ ਸਿੰਘ ਜੌਹਲ, ਬੀਬੀ ਜਸਵੀਰ ਕੌਰ, ਬੀਬੀ ਮਨਜੀਤ ਕੌਰ, ਸ: ਜਰਨੈਲ ਸਿੰਘ, ਸ: ਗੁਰਪ੍ਰੀਤ ਸਿੰਘ ਇਤਿਆਦ ਹਾਜ਼ਰ ਸਨ। ਅੱਜ ਦੇ ਸਮੇਂ ਵਿੱਚ ਹਰਖੋਵਾਲ ਸੰਪ੍ਰਦਾਇ ਦੇ ਮਹਾਪੁਰਖਾਂ ਤੋਂ ਵਰੋਸਾਏ ਸੰਤ ਮਹਿੰਦਰ ਸਿੰਘ ਹਰਖੋਵਾਲੀਏ ਇਨ੍ਹਾਂ ਤੋਂ ਅੱਗੇ ਸੰਤ ਬਾਬਾ ਦੀਦਾਰ ਸਿੰਘ ਜੀ ਹਰਖੋਵਾਲੀਏ ਤੋਂ ਵਰੋਸਾਏ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲੀਏ, ਜਿਹੜੇ ਵੀ ਕਾਰਜ ਸ਼ੁਰੂ ਕੀਤੇ ਗਏ ਹਨ, ਉਨ੍ਹਾਂ ਨੂੰ ਬਾਖ਼ੂਬੀ ਨਿਭਾ ਰਹੇ ਹਨ। ਅੰਤ ਵਿੱਚ ਸ: ਅਮਰਦੀਪ ਸਿੰਘ ਸੰਘਾ ਵੱਲੋਂ ਸਮੂਹ ਸੰਗਤ ਦਾ ਸਟੇਜ ਸਕੱਤਰ ਸ: ਹਰਭਜਨ ਸਿੰਘ ਜੀ ਨੇ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਯੂਕੇ ਵਿਚ ਸਿੱਖ ਪਛਾਣ ਲਈ ਮੁਹਿੰਮ ਚਲਾਉਣ ਵਾਲਾ ਜਗਜੀਤ ਸਿੰਘ ਰਿਆਤ

**ਕਵਰ ਸਟੋਰੀ**

**✪ ਸਿੱਖਾਂ ਨੂੰ ਉਸਾਰੀ ਵਾਲੀਆਂ ਥਾਵਾਂ 'ਤੇ ਸੁਰੱਖਿਆ ਹੈਲਮੇਟ ਦੀ ਬਜਾਏ ਦਸਤਾਰ ਪਹਿਨਣ ਦੀ ਆਜ਼ਾਦੀ ਦਿਵਾਈ ✪ ਦਸਤਾਰ ਲਈ ਕਾਨੂੰਨੀ ਜਿੱਤ ਵਿਚ ਰਿਆਤ ਪਰਿਵਾਰ ਦਾ ਅਣਥੱਕ ਯੋਗਦਾਨ**



ਜਗਜੀਤ ਸਿੰਘ ਰਿਆਤ ਅਤੇ ਉਨ੍ਹਾਂ ਦੇ ਪਿਤਾ ਮਹਿੰਦਰ ਸਿੰਘ ਰਿਆਤ ਨੇ 1988 ਵਿਚ ਯੂਕੇ 'ਚ ਸਿੱਖਾਂ ਦੀ ਧਾਰਮਿਕ ਪਛਾਣ ਨੂੰ ਕਾਇਮ ਰੱਖਣ ਲਈ ਇੱਕ ਇਤਿਹਾਸਕ ਮੁਹਿੰਮ ਚਲਾਈ ਸੀ। ਇਸ ਮੁਹਿੰਮ ਨੇ ਸਿੱਖਾਂ ਨੂੰ ਉਸਾਰੀ ਵਾਲੀਆਂ ਥਾਵਾਂ 'ਤੇ ਸੁਰੱਖਿਆ ਹੈਲਮੇਟ ਦੀ ਬਜਾਏ ਦਸਤਾਰ ਪਹਿਨਣ ਦੀ ਆਜ਼ਾਦੀ ਦਿਵਾਈ। 1989 'ਚ ਇਸ ਮੁੱਦੇ 'ਤੇ ਕਾਨੂੰਨੀ ਛੋਟ ਮਿਲੀ, ਜਿਸ ਨੇ ਸਿੱਖ ਧਰਮ ਦੀ ਪਛਾਣ ਨੂੰ ਮਾਨਤਾ ਦਿੱਤੀ। 2015 ਵਿਚ ਡੀਰੈਗੂਲੇਸ਼ਨ ਬਿੱਲ ਨੇ ਇਸ ਛੋਟ ਨੂੰ ਸਾਰੇ ਕਾਰਜ ਸਥਾਨਾਂ 'ਤੇ ਲਾਗੂ ਕਰ ਦਿੱਤਾ, ਜਿਸ ਨਾਲ ਮਾਲਕਾਂ ਨੂੰ ਸੀਮਤ ਦੇਣਦਾਰੀ ਮਿਲੀ। ਇਸ ਜਿੱਤ ਨੇ ਸਿੱਖਾਂ ਨੂੰ ਆਪਣੀ ਪੱਗ ਨਾਲ ਮਾਣ ਨਾਲ ਕੰਮ ਕਰਨ ਦਾ ਹੱਕ ਦਿੱਤਾ।

ਜਗਜੀਤ ਸਿੰਘ ਰਿਆਤ ਅਨੁਸਾਰ 1960 ਦੇ ਦਹਾਕੇ ਵਿਚ ਸਿੱਖਾਂ ਨੂੰ ਉਸਾਰੀ ਵਾਲੀਆਂ ਥਾਵਾਂ 'ਤੇ ਪੱਗ ਬੰਨ੍ਹਣ ਦੀ ਮਨਾਹੀ ਸੀ। ਹਾਰਡ ਹੈਟ ਪਹਿਨਣਾ ਲਾਜ਼ਮੀ ਸੀ, ਜਿਸ ਕਾਰਨ ਸਿੱਖ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਵਿਚ ਮੁਸ਼ਕਲ ਆਉਂਦੀ ਸੀ। ਮਹਿੰਦਰ ਸਿੰਘ ਰਿਆਤ ਨੇ ਇਸ ਕਾਨੂੰਨ ਨੂੰ ਬਦਲਣ ਲਈ ਸੰਸਦ ਮੈਂਬਰਾਂ, ਜਿਵੇਂ ਮਾਰਗਰੇਟ ਥੈਚਰ ਤੇ ਵਿਲੀਅਮ ਵ੍ਹਾਈਟਲਾਅ ਨਾਲ ਮੁਲਾਕਾਤਾਂ ਕੀਤੀਆਂ ਸਨ। ਉਨ੍ਹਾਂ ਨੇ ਸਿੱਖ ਧਰਮ ਵਿਚ ਪੱਗ ਦੀ ਮਹੱਤਤਾ ਨੂੰ ਸਮਝਾਇਆ। ਇਸ ਸੰਘਰਸ਼ ਵਿਚ ਜਗਜੀਤ ਸਿੰਘ ਨੇ ਵੀ ਪਿਤਾ ਦਾ ਪੂਰਾ ਸਾਥ ਦਿੱਤਾ। ਇਸ ਮੁਹਿੰਮ ਨੂੰ ਸਿੱਖ ਭਾਈਚਾਰੇ ਦੀ ਇਕਜੁਟਤਾ ਅਤੇ ਸਥਾਨਕ ਸੰਸਥਾਵਾਂ ਦੇ ਸਹਿਯੋਗ ਨੇ ਸਫਲਤਾ ਦਿਵਾਈ।

## ਯੂਕੇ ਵਿਚ ਕਈ ਅਦਾਰਿਆਂ ਵਿਚ ਪੱਗ ਉਪਰ ਪਾਬੰਦੀਆਂ

ਹੁਣ ਵੀ ਯੂਕੇ 'ਚ ਕੁਝ ਖਾਸ ਕੰਮਾਂ, ਜਿਵੇਂ ਹਵਾਈ ਜਹਾਜ਼ਾਂ 'ਚ ਪਾਇਲਟ ਵਜੋਂ ਜਾਂ ਖਤਰਨਾਕ ਰਸਾਇਣਕ ਉਦਯੋਗਾਂ ਵਿਚ, ਸੁਰੱਖਿਆ ਨਿਯਮਾਂ ਕਾਰਨ ਪੱਗ 'ਤੇ ਪਾਬੰਦੀਆਂ ਹਨ। ਪਰ ਸਿੱਖਾਂ ਨੇ ਹੋਰ ਖੇਤਰਾਂ ਵਿਚ ਵੀ ਸੰਘਰਸ਼ ਕੀਤਾ ਸੀ। ਮਿਸਾਲ ਵਜੋਂ, 1976 ਵਿਚ ਮੋਟਰਸਾਈਕਲ ਸਵਾਰ ਸਿੱਖਾਂ ਨੂੰ ਹੈਲਮੇਟ ਪਹਿਨਣ ਤੋਂ ਛੋਟ ਮਿਲੀ ਸੀ। 1983 ਵਿਚ ਸਕੂਲੀ ਵਰਦੀਆਂ ਵਿਚ ਪੱਗ ਪਹਿਨਣ ਦੀ ਇਜਾਜ਼ਤ ਲਈ ਮੁਹਿੰਮ ਸਫਲ ਰਹੀ ਸੀ। ਇਨ੍ਹਾਂ ਜਿੱਤਾਂ ਨੇ ਸਿੱਖ ਪਛਾਣ ਨੂੰ ਯੂਕੇ ਦੇ ਬਹੁ-ਸਭਿਆਚਾਰਕ ਸਮਾਜ ਵਿਚ ਮਜ਼ਬੂਤ ਕੀਤਾ ਸੀ।

ਅੰਤਰਰਾਸ਼ਟਰੀ ਮੀਡੀਆ, ਜਿਵੇਂ ਕਿ ਦ ਨਿਊਯਾਰਕ ਟਾਈਮਜ਼ ਅਤੇ ਅਲ ਜਜ਼ੀਰਾ, ਨੇ ਵੀ ਇਸ ਮੁਹਿੰਮ ਨੂੰ ਬਹੁ-ਸਭਿਆਚਾਰਕ ਸਮਾਜ ਵਿਚ ਧਾਰਮਿਕ ਅਜ਼ਾਦੀ ਦੀ ਮਿਸਾਲ ਦੱਸਿਆ ਸੀ। ਅਮਰੀਕਾ ਦੇ 'ਨਿਊਯਾਰਕ ਟਾਈਮਜ਼' ਨੇ 1989 ਵਿੱਚ ਇੱਕ ਲੇਖ ਵਿੱਚ ਲਿਖਿਆ ਸੀ ਕਿ ਯੂਕੇ ਵਿੱਚ ਸਿੱਖਾਂ ਦੀ ਇਸ ਜਿੱਤ ਨੇ ਬਹੁ-ਸੱਭਿਆਚਾਰਕ ਸਮਾਜ ਵਿੱਚ ਧਾਰਮਿਕ ਅਜ਼ਾਦੀ ਦੀ ਮਹੱਤਤਾ ਨੂੰ ਉਜਾਗਰ ਕੀਤਾ। ਅਖ਼ਬਾਰ ਨੇ ਜਗਜੀਤ ਸਿੰਘ ਦੀ ਮੁਹਿੰਮ ਨੂੰ "ਘੱਟ-ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਦੀ ਰਾਖੀ ਦੀ ਮਿਸਾਲ" ਦੱਸਿਆ ਸੀ।

ਇਸੇ ਤਰ੍ਹਾਂ, ਕੈਨੇਡਾ ਦੇ 'ਦ ਗਲੋਬ ਐਂਡ ਮੇਲ' ਨੇ ਲਿਖਿਆ ਸੀ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਸਿੱਖ ਡਾਇਸਪੋਰਾ ਨੂੰ ਪ੍ਰੇਰਿਤ ਕੀਤਾ ਅਤੇ ਹੋਰ ਮੁਲਕਾਂ ਵਿੱਚ ਸਿੱਖਾਂ ਦੇ ਅਧਿਕਾਰਾਂ ਲਈ ਸੰਘਰਸ਼ ਦੀ ਨੀਂਹ ਰੱਖੀ। ਅਲ ਜਜ਼ੀਰਾ ਨੇ ਇਸ ਨੂੰ ਸਿੱਖ ਭਾਈਚਾਰੇ ਦੀ ਸਮਾਜਕ ਜਾਗਰੂਕਤਾ ਅਤੇ ਸੰਗਠਨ ਦੀ ਜਿੱਤ ਦੱਸਿਆ ਸੀ।

ਯੂਕੇ ਦੀਆਂ ਅਖਬਾਰਾਂ, ਜਿਵੇਂ ਦ ਗਾਰਡੀਅਨ ਅਤੇ ਦ ਟਾਈਮਜ਼, ਨੇ ਰਿਆਤ ਪਰਿਵਾਰ ਦੀ ਮੁਹਿੰਮ ਨੂੰ ਸਿੱਖ ਪੰਥ ਦੀ ਧਾਰਮਿਕ ਅਜ਼ਾਦੀ ਦੀ ਮਿਸਾਲ ਦੱਸਿਆ। ਦ ਗਾਰਡੀਅਨ (ਨਵੰਬਰ 2024) ਨੇ ਲਿਖਿਆ ਸੀ ਕਿ "ਰਿਆਤ ਦੀ ਮੁਹਿੰਮ ਨੇ ਸਿੱਖਾਂ ਦੀ ਪਛਾਣ ਨੂੰ ਯੂਕੇ ਦੇ ਕਾਨੂੰਨੀ ਢਾਂਚੇ ਵਿਚ ਸਥਾਪਤ ਕੀਤਾ।"

'ਇੰਡੀਪੈਂਡੈਂਟ' ਨੇ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਯੂਕੇ ਦੇ ਸਮਾਜ ਵਿੱਚ ਸਿੱਖ ਪਛਾਣ ਨੂੰ ਮਜ਼ਬੂਤ ਕੀਤਾ ਸੀ ਅਤੇ ਬਹੁ-ਸੱਭਿਆਚਾਰਕ ਨੀਤੀਆਂ 'ਤੇ ਚਰਚਾ ਨੂੰ ਉਤਸ਼ਾਹਿਤ ਕੀਤਾ ਸੀ। ਅਖ਼ਬਾਰ ਨੇ ਲਿਖਿਆ ਸੀ ਕਿ ਇਸ ਜਿੱਤ ਨੇ ਸਿੱਖਾਂ ਨੂੰ ਆਪਣੀ ਪਛਾਣ ਨਾਲ ਮਾਣ ਮਹਿਸੂਸ ਕਰਨ ਦਾ ਮੌਕਾ ਦਿੱਤਾ ਸੀ।

ਇਸ ਮੁਹਿੰਮ ਨੂੰ ਸਮਰਥਨ ਦੇਣ ਲਈ ਸਿੱਖ ਭਾਈਚਾਰੇ ਨੇ ਵੱਡੀਆਂ ਰੈਲੀਆਂ ਅਤੇ ਪ੍ਰਦਰਸ਼ਨ ਵੀ ਕੀਤੇ, ਜਿਨ੍ਹਾਂ ਨੂੰ 'ਦ ਟੈਲੀਗ੍ਰਾਫ' ਨੇ "ਸਿੱਖਾਂ ਦੀ ਏਕਤਾ ਦੀ ਮਿਸਾਲ" ਦੱਸਿਆ ਸੀ।

ਬੀਬੀਸੀ ਨੇ 2010 ਵਿੱਚ ਇੱਕ ਡਾਕੂਮੈਂਟਰੀ ਵਿੱਚ ਜਗਜੀਤ ਸਿੰਘ ਦੇ ਸੰਘਰਸ਼ ਨੂੰ ਯਾਦ ਕੀਤਾ ਅਤੇ ਉਨ੍ਹਾਂ ਨੂੰ "ਸਿੱਖ ਪਛਾਣ ਦਾ ਰਾਖਾ" ਦੱਸਿਆ ਸੀ। ਰਿਪੋਰਟ ਵਿੱਚ ਜ਼ਿਕਰ ਕੀਤਾ ਗਿਆ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਨਾ ਸਿਰਫ਼ ਸਿੱਖਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ, ਸਗੋਂ ਯੂਕੇ ਦੇ ਕਾਨੂੰਨੀ ਢਾਂਚੇ ਵਿੱਚ ਬਹੁ-ਸੱਭਿਆਚਾਰਕ ਮੁੱਦਿਆਂ ਨੂੰ ਸਮਝਣ ਦੀ ਸਮਰੱਥਾ ਵਧਾਈ ਸੀ।

ਪ੍ਰੋ. ਗੁਰਹਰਪਾਲ ਸਿੰਘ (SOAS ਯੂਨੀਵਰਸਿਟੀ) ਮੁਤਾਬਕ, "ਇਸ ਮੁਹਿੰਮ ਨੇ ਸਿੱਖਾਂ ਦੀ ਸਿਆਸੀ ਤਾਕਤ ਅਤੇ ਬਰਤਾਨਵੀ ਸਮਾਜ 'ਚ ਉਨ੍ਹਾਂ ਦੀ ਹੋਂਦ ਨੂੰ ਵਧਾਇਆ ਸੀ।" ਪਰ ਕੁਝ ਅਖਬਾਰਾਂ, ਜਿਵੇਂ ਦ ਡੇਲੀ ਮੇਲ, ਨੇ ਸੁਰੱਖਿਆ ਨਿਯਮਾਂ 'ਤੇ ਸਵਾਲ ਉਠਾਏ ਸਨ, ਜਿਸ 'ਤੇ ਪੰਥਕ ਜਥੇਬੰਦੀਆਂ ਨੇ ਜਵਾਬ ਦਿੱਤਾ ਸੀ ਕਿ ਪੱਗ ਸਿੱਖਾਂ ਲਈ ਸਿਰਫ਼ ਪਹਿਰਾਵਾ ਨਹੀਂ, ਸਗੋਂ ਧਰਮ ਦਾ ਅਟੁੱਟ ਹਿੱਸਾ ਹੈ।

ਰਿਆਤ ਪਰਿਵਾਰ ਦੀ ਮੁਹਿੰਮ ਨੇ ਸਿੱਖਾਂ ਦੀ ਧਾਰਮਿਕ ਅਜ਼ਾਦੀ ਨੂੰ ਮਜ਼ਬੂਤ ਕੀਤਾ, ਪਰ ਇਸ ਦੌਰਾਨ ਸਮਾਜਕ ਅਤੇ ਕਾਨੂੰਨੀ ਰੁਕਾਵਟਾਂ ਦਾ ਸਾਹਮਣਾ ਵੀ ਕੀਤਾ। ਸੁਰੱਖਿਆ ਨਿਯਮਾਂ ਅਤੇ ਧਾਰਮਿਕ ਪਛਾਣ 'ਚ ਸੰਤੁਲਨ ਬਣਾਉਣਾ ਇੱਕ ਵੱਡੀ ਚੁਣੌਤੀ ਸੀ। ਇਸ ਜਿੱਤ ਨੇ ਸਿੱਖ ਭਾਈਚਾਰੇ 'ਚ ਆਤਮ-ਵਿਸ਼ਵਾਸ ਵਧਾਇਆ ਅਤੇ ਯੂਕੇ ਦੇ ਬਹੁ-ਸਭਿਆਚਾਰਕ ਨੀਤੀਆਂ ਨੂੰ ਮਜ਼ਬੂਤ ਕੀਤਾ। ਪਰ ਅਜੇ ਵੀ ਕੁਝ ਖੇਤਰਾਂ ਵਿਚ ਪਾਬੰਦੀਆਂ ਹਨ, ਜਿਸ ਲਈ ਸਿੱਖ ਜਥੇਬੰਦੀਆਂ ਨੂੰ ਲਗਾਤਾਰ ਸੰਵਾਦ ਦੀ ਲੋੜ ਹੈ। ਜਗਜੀਤ ਸਿੰਘ ਰਿਆਤ ਨੇ 23 ਨਵੰਬਰ 2024 ਨੂੰ ਆਪਣਾ ਪਰਿਵਾਰਕ ਕਾਰੋਬਾਰ ਐੱਮ ਐੱਸ ਰਿਆਤ ਐਂਡ ਸੰਨਜ਼ ਬੰਦ ਕਰਕੇ ਰਿਟਾਇਰਮੈਂਟ ਲੈ ਲਈ ਸੀ।

ਰਿਆਤ ਪਰਿਵਾਰ ਦਾ ਸੰਘਰਸ਼ ਸਿੱਖ ਧਰਮ ਦੀ ਪਛਾਣ ਅਤੇ ਧਾਰਮਿਕ ਅਜ਼ਾਦੀ ਦੀ ਇੱਕ ਮਿਸਾਲ ਹੈ। ਇਸ ਨੇ ਨਾ ਸਿਰਫ਼ ਸਿੱਖਾਂ ਨੂੰ ਆਪਣੀ ਪੱਗ ਨਾਲ ਮਾਣ ਨਾਲ ਜੀਣ ਦਾ ਹੱਕ ਦਿੱਤਾ, ਸਗੋਂ ਯੂਕੇ ਵਿਚ ਘੱਟ-ਗਿਣਤੀ ਭਾਈਚਾਰਿਆਂ ਦੇ ਹੱਕਾਂ ਦਾ ਰਾਹ ਪੱਧਰਾ ਕੀਤਾ। ਅੱਜ, ਰਿਆਤ ਦੀ ਮੁਹਿੰਮ ਦਾ ਪ੍ਰਭਾਵ ਸਿੱਖ ਭਾਈਚਾਰੇ ਵਿਚ ਅਤੇ ਯੂਕੇ ਦੇ ਬਹੁ-ਸਭਿਆਚਾਰਕ ਸਮਾਜ ਵਿਚ ਸਾਫ ਦਿਖਾਈ ਦਿੰਦਾ ਹੈ। ਸਿੱਖ ਨੌਜਵਾਨ ਹੁਣ ਪੱਗ ਨਾਲ ਮਾਣ ਨਾਲ ਨੌਕਰੀਆਂ ਕਰਦੇ ਹਨ, ਅਤੇ ਸਕੂਲਾਂ, ਜਨਤਕ ਥਾਵਾਂ ਅਤੇ ਹੋਰ ਸੰਸਥਾਵਾਂ ਵਿਚ ਸਿੱਖ ਪਛਾਣ ਨੂੰ ਸਵੀਕਾਰ ਕੀਤਾ ਜਾਂਦਾ ਹੈ।

# ਸ਼੍ਰੋਮਣੀ ਕਮੇਟੀ ਨੇ ਪੁਣਛ ਹਮਲੇ ਦੇ ਪੀੜਤ ਸਿੱਖ ਪਰਿਵਾਰਾਂ ਨੂੰ 5-5 ਲੱਖ ਰੁਪਏ ਦੇ ਦਿੱਤੇ ਚੈੱਕ




ਅੰਮ੍ਰਿਤਸਰ-ਭਾਰਤ ਪਾਕਿਸਤਾਨ ਵਿਚ ਹੋਈ ਜੰਗ ਦੌਰਾਨ ਬੀਤੇ ਦਿਨੀਂ ਜੰਮੂ ਕਸ਼ਮੀਰ ਦੇ ਪੁਣਛ ਵਿੱਚ ਹੋਏ ਹਮਲੇ 'ਚ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ 5-5 ਲੱਖ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਦਿੱਤੇ ਗਏ ਹਨ।

ਐਡਵੋਕੇਟ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਇੱਕ ਵਫਦ ਬੀਤੇ ਦਿਨੀਂ ਪੁਣਛ ਵਿਖੇ ਰਾਗੀ ਭਾਈ ਅਮਰੀਕ ਸਿੰਘ ਨਮਿੱਤ ਭੋਗ ਤੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪੁੱਜਾ ਸੀ। ਜਿੱਥੇ ਉਨ੍ਹਾਂ ਸਮੂਹ ਪੀੜਤ ਪਰਿਵਾਰਾਂ ਦੇ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪਾਕਿਸਤਾਨੀ ਫੌਜ ਵੱਲੋਂ ਕੀਤੇ ਗਏ ਹਮਲੇ ਸਮੇਂ ਪੁਣਛ ਵਿੱਚ ਉਥੋਂ ਦੇ ਵਾਸੀ ਰਣਜੀਤ ਸਿੰਘ, ਰਾਗੀ ਭਾਈ ਅਮਰੀਕ ਸਿੰਘ, ਸਾਬਕਾ ਫੌਜੀ ਅਮਰਜੀਤ ਸਿੰਘ ਅਤੇ ਬੀਬੀ ਬਲਵਿੰਦਰ ਕੌਰ (ਚਾਰੇ ਵਾਸੀ ਪੁਣਛ) ਦੀ ਮੌਤ ਹੋ ਗਈ ਸੀ। ਇਸ ਹਮਲੇ ਵਿੱਚ ਜ਼ਖ਼ਮੀ ਹੋਏ ਗੁਰਮੀਤ ਸਿੰਘ ਅਤੇ ਉਸ ਦਾ ਪੁੱਤਰ ਇੱਥੇ ਅੰਮ੍ਰਿਤਸਰ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ ਅਤੇ ਉਨ੍ਹਾਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਸਹਾਇਤਾ ਦੀ ਪੇਸ਼ਕਸ਼ ਕੀਤੀ ਗਈ ਹੈ।

– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ :07417443300



# 22 ਮਈ ਸ਼ਹੀਦੀ ਸਮਾਗਮ ਤੇ ਵਿਸ਼ੇਸ਼:–
# ਦਰਬਾਰ ਸ੍ਰੀ ਪਾਉਂਟਾ ਸਾਹਿਬ ਜੀ ਦਾ ਖੂਨੀ ਸ਼ਹੀਦੀ ਸਾਕਾ





Panth Rattan Baba Harbhajan Singh Ji Nihan...



22 ਮਈ ਸੰਨ 1964, ਦਿਨ ਮੰਗਲਵਾਰ, ਗਿਆਰਾ ਵਜੇ ਦਾ ਸਮਾਂ ਸੀ ਜਿਸ ਸਮੇਂ ਮਹੰਤ ਦੇ ਬੰਦੇ ਅਤੇ ਪੁਲਿਸ ਦੇ ਹਜ਼ਾਰਾਂ ਬੰਦਿਆ ਨੇ ਗੁਰਦੁਆਰਾ ਸਾਹਿਬ ਜੀ ਦੀ ਦਰਸ਼ਨੀ ਡਿਉੜੀ ਤੋਂ ਅੰਦਰ ਪ੍ਰਵੇਸ਼ ਕਰਨ ਦਾ ਯਤਨ ਕੀਤਾ। ਦਰਸ਼ਨੀ ਡਿਉੜੀ ਦੇ ਉੱਪਰਲੀ ਮੰਜ਼ਿਲ 'ਤੇ ਨਾਲ ਲੱਗਦਾ ਇਕ ਕਮਰਾ ਸੀ, ਉਸ ਵਿਚ ਚਾਰ ਨਿਹੰਗ ਸਿੰਘਾਂ ਦਾ ਆਸਣ ਸੀ। ਸ੍ਰੀਮਾਨ ਦਇਆ ਸਿੰਘ, ਧਰਮ ਸਿੰਘ, ਰਣਤੋੜ ਸਿੰਘ ਤੇ ਮਾਖਾ ਸਿੰਘ ਸੀ। ਇੰਨ੍ਹਾਂ ਵਿਚੋਂ ਦਇਆ ਸਿੰਘ ਜੀ ਸ਼ਸਤਰ ਵਿੱਦਿਆ ਦੇ ਬਹੁਤ ਮਾਹਿਰ ਸਨ ਖਾਸ ਕਰਕੇ ਚੱਕਰ ਚਲਾਉਣ ਤੇ ਤੀਰ ਅੰਦਾਜ਼ੀ ਵਿਚ। ਜਦੋਂ ਪੁਲਿਸ ਨੇ ਗੁਰੂ ਘਰ ਉੱਤੇ ਧਾਵਾ ਬੋਲਿਆ ਤਾਂ ਪੱਥਰ, ਚੱਕਰ, ਤੀਰ ਆਦਿ ਚਲਾ ਕੇ ਉਨ੍ਹਾਂ ਚੌਹਾਂ ਸਿੰਘਾਂ ਨੇ ਪੁਲਿਸ ਨੂੰ ਕੁੱਝ ਮਿੰਟਾ ਲਈ ਰੋਕੀ ਰੱਖਿਆ। ਇੰਨੇ ਸਮੇਂ ਵਿਚ ਕੁੱਝ ਸਿੰਘ ਲੰਗਰ ਵਾਲੇ ਪਾਸਿਉਂ ਤੇ ਕੁਝ ਸਿੰਘ ਦੂਜੇ ਪਾਸੇ ਤੋਂ ਦਰਬਾਰ ਅੰਦਰ ਪਹੁੰਚ ਗਏ। ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਤੇਈਵੇਂ ਸ੍ਰੀ ਅਖੰਡ ਪਾਠ ਚਲ ਰਹੇ ਸਨ ਅਤੇ ਮਾਝ ਰਾਗ ਦੀ ਗੁਰਬਾਣੀ ਪੜ੍ਹੀ ਜਾ ਰਹੀ ਸੀ। 11 ਵਜੇ ਦਾ ਸਮਾਂ ਸੀ, ਦਰਬਾਰ ਸਾਹਿਬ ਤੋਂ ਬਾਹਰ ਜਿਹੜੇ ਸਿੰਘ ਸਨ, ਕੋਈ ਬੈਠਾ ਗੁਰਬਾਣੀ ਪੜ੍ਹ ਰਿਹਾ ਸੀ, ਕੋਈ ਘੋੜਿਆਂ ਨੂੰ ਜਲ ਛਕਾ ਰਿਹਾ ਸੀ, ਲੰਗਰ ਦਾ ਨਗਾਰਾ ਵੱਜ ਚੁੱਕਾ ਸੀ, ਕੋਈ ਸਿੰਘ ਲੰਗਰ ਛਕਣ ਲੰਗਰ ਹਾਲ ਵੱਲ ਜਾ ਰਿਹਾ ਸੀ ਪਰ ਅਜੇ ਲੰਗਰ ਛਕਿਆ ਨਹੀਂ ਸੀ। ਹਜ਼ਾਰਾਂ ਦੀ ਗਿਣਤੀ ਵਿਚ ਪੁਲਿਸ ਦਾ ਅਚਨਚੇਤ ਛਾਪਾ ਪਿਆ। ਇਕ-ਇਕ ਸਿੰਘ 'ਤੇ ਵੀਹ-ਵੀਹ ਸਿਪਾਹੀ ਟੁੱਟ ਕੇ ਪੈ ਗਏ। ਬਾਹਰਲੇ ਸਾਰੇ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਫਿਰ ਦਰਬਾਰ ਸਾਹਿਬ ਨੂੰ ਚਾਰ-ਚੁਫੇਰਿਓਂ ਪੁਲਿਸ ਨੇ ਘੇਰ ਲਿਆ ਅਤੇ ਡਿਉੜੀ ਤੋਂ ਬਾਹਰ ਇਕ ਬੱਸ ਦੇ ਉੱਪਰ ਸਪੀਕਰ ਬੰਨ੍ਹਿਆ ਹੋਇਆ ਸੀ। ਲਾਊਡ ਸਪੀਕਰ ਰਾਹੀਂ ਡੀ.ਸੀ. ਆਰ.ਕੇ. ਚੰਡੇਲ ਨੇ ਅਨਾਉਂਸਮੈਂਟ ਕੀਤੀ ਕਿ ਦਰਬਾਰ ਦੇ ਅੰਦਰਲੇ ਸਾਰੇ ਸਿੰਘ ਬਾਹਰ ਆ ਜਾਓ। ਨਾ ਹੀ ਕਿਸੇ ਨੇ ਬਾਹਰ ਜਾਣਾ ਸੀ. ਨਾ ਹੀ ਕੋਈ ਗਿਆ। ਫਿਰ ਪੁਲਿਸ ਨੇ ਵੀਹ-ਵੀਹ ਫੁੱਟ ਦੇ ਲੋਹੇ ਦੇ ਪਾਈਪ ਲੈ ਕੇ ਦਰਬਾਰ ਸਾਹਿਬ ਦਾ ਮੇਨ ਦਰਵਾਜ਼ਾ ਅਤੇ ਬਾਕੀ ਦੇ ਦਰਵਾਜ਼ੇ-ਬਾਰੀਆਂ ਤਿੰਨ-ਤਿੰਨ, ਚਾਰ-ਚਾਰ ਬੰਦਿਆਂ ਨੇ ਪਾਈਪ ਮਾਰ-ਮਾਰ ਕੇ ਤੋੜ ਦਿੱਤੇ। ਫਿਰ ਇਕ ਵਾਰੀ ਡੀ.ਸੀ. ਨੇ ਸਪੀਕਰ ਰਾਹੀਂ ਅਨਾਉਂਸਮੈਂਟ ਕੀਤੀ ਕਿ ਅਖੰਡ ਪਾਠ ਬੰਦ ਕਰਕੇ ਬਾਹਰ ਆ ਕੇ ਗਿਫ਼ਤਾਰੀਆਂ ਦੇ ਦਿਓ ਨਹੀਂ ਤਾਂ ਅਸੀਂ ਗੋਲੀ ਚਲਾਵਾਂਗੇ। ਸਾਰੇ ਸਿੰਘ ਅੰਦਰੋਂ ਸ਼ਹੀਦੀ ਜਾਮ ਪੀਣ ਲਈ ਕਾਹਲੇ ਪੂਰੇ ਬੀਰ ਰਸ ਵਿਚ ਆ ਕੇ ਜੈਕਾਰੇ ਗਜਾ ਰਹੇ ਸਨ। ਇਕ ਵਾਰ ਫਿਰ ਡੀ.ਸੀ. ਨੇ ਸਪੀਕਰ ਰਾਹੀਂ ਅਨਾਉਂਸਮੈਂਟ ਕੀਤੀ, ਬਾਰਾ ਖੜ੍ਹੀ-ਆਂ ਕਰਕੇ ਗ੍ਰਿਫਤਾਰੀਆਂ ਦੇ ਦਿਓ ਨਹੀਂ ਤਾਂ ਅਸੀਂ ਗੋਲੀ ਨਾਲ ਸ਼ੂਟ ਕਰਾਂਗੇ। ਕਿਸੇ ਸਿੰਘ ਦਾ ਬਾਹਾਂ ਖੜੀਆਂ ਕਰਕੇ ਬਾਹਰ ਜਾਣ ਦਾ ਸਵਾਲ ਹੀ ਪੈਦਾ ਨਹੀ ਹੁੰਦਾ ਸੀ। ਬਸ ਫਿਰ ਪੰਜ ਮਿੰਟ ਮਗਰੋਂ ਡੀ.ਸੀ. ਆਰ ਕੇ ਚੰਡੇਲ ਨੇ ਗੋਲੀ ਸ਼ੂਟ ਦਾ ਪੁਲਿਸ ਨੂੰ ਆਰਡਰ ਦੇ ਦਿੱਤਾ ਤੇ ਅੰਧਾ-ਧੁੰਦ ਗੋਲੀਆ ਦਾ ਮੀਂਹ ਵਰਣ ਲੱਗ ਪਿਆ। ਉਸ ਵੇਲੇ ਸ੍ਰੀਮਾਨ ਭਾਈ ਸਾਹਿਬ ਹਰਭਜਨ ਸਿੰਘ ਜੀ (ਪਿੰਡ ਚੋਹੜਾ, ਹੁਸ਼ਿਆਰਪੁਰ) ਨਿਹੰਗ ਸਿੰਘ, ਜੋ ਗੁਰੂ ਸਾਹਿਬ ਜੀ ਦੀ ਤਾਬਿਆ ਵਿਚ ਬੈਠੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਰੋਲ ਲਾ ਰਹੇ ਸਨ। ਮਾਝ ਰਾਗ ਦੀ ਗੁਰਬਾਣੀ ਪੜ੍ਹੀ ਜਾਂ ਰਹੀ ਸੀ। ਦਿਨ ਦੇ 3.30 ਵਜੇ ਦਾ ਸਮਾਂ ਸੀ। ਭਾਈ ਸਾਹਿਬ ਦੀ ਛਾਤੀ ਵਿਚ ਗੋਲੀ ਵੱਜੀ ਤੇ ਉਹ ਗੁਰੂ ਸਾਹਿਬ ਜੀ ਦੀ ਗੋਦ ਵਿਚ ਹੀ ਸ਼ਹੀਦੀ ਪ੍ਰਾਪਤ ਕਰ ਗਏ। ਉਨ੍ਹਾਂ ਦੇ ਪਾਸ ਹੀ ਬੈਠੇ ਹੋਰ ਸਤਿਕਾਰ ਯੋਗ ਮਹਾਨ ਵਿਦਵਾਨ ਆਦਿ ਦਸਮ ਗੁਰਬਾਣੀ ਦੇ ਕਥਾ ਵਾਚਕ ਸਫਲ ਵਿਆਖਿਆਕਾਰ ਸ੍ਰੀਮਾਨ ਬਾਬਾ ਧੰਨਾ ਸਿੰਘ ਜੀ ਫਰੂਲੇ ਵਾਲੇ (ਪਿੰਡ ਭਦੌੜ, ਸੰਗਰੂਰ) ਨਿਹੰਗ ਸਿੰਘ ਜੀ ਨੇ ਸ੍ਰੀ ਅਖੰਡ ਪਾਠ ਸਾਹਿਬ ਨੂੰ ਅਖੰਡ ਰੱਖਣ ਲਈ ਉਥੋਂ ਪੰਗਤੀ ਪੜ੍ਹਣੀ ਸ਼ੁਰੂ ਕਰ ਦਿੱਤੀ, ਜੋ ਭਾਈ ਹਰਭਜਨ ਸਿੰਘ ਜੀ ਸ਼ਹੀਦੀ ਸਮੇਂ ਪੜ੍ਹ ਰਹੇ ਸਨ। ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਦੇਖਦਿਆਂ ਹੀ ਦੇਖਦਿਆ ਦੂਜੀ ਗੋਲੀ ਬਾਬਾ ਧੰਨਾ ਸਿੰਘ ਜੀ ਦੀ ਜੀ ਸੱਜੀ ਵੱਖੀ ਵਿੱਚ ਲੱਗੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੇ ਉੱਪਰ ਹੀ ਸੀਸ ਰੱਖ ਕੇ ਸ਼ਹੀਦ ਹੋ ਗਏ। ਸਤਿਗੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਰੂਪ ਨੂੰ ਵੀ ਕਈ ਗੋਲੀਆਂ ਲੱਗੀਆਂ ਅਤੇ ਸ਼ਹੀਦ ਸਿੰਘਾਂ ਦੇ ਖੂਨ ਨਾਲ ਲੱਥ-ਪੱਥ ਹੋ ਗਏ। ਦਾਸ (ਨਿਹਾਲ ਸਿੰਘ ਸਤਿਗੁਰ ਜੀ ਦੀ ਹਜ਼ੂਰੀ ਵਿਚ ਸਤਿਗੁਰ ਜੀ ਨੇ ਚੋਰ ਝੁਲਾ ਰਿਹਾ ਸੀ। ਤਾੜ-ਤਾੜ ਚਲ ਰਹੀਆਂ ਗੋਲੀਆ ਵਿਚੋਂ ਇਕ ਮੇਰੇ ਖੱਬੇ ਹੱਥ ਉੱਤੇ, ਇਕ ਗੋਲੀ ਮੇਰੀ ਖੱਬੀ ਬਾਂਹ ਦੇ ਡੌਲੇ 'ਤੇ, ਇਕ ਗੋਲੀ ਮੇਰੇ ਖੱਬੇ ਪੱਟ ਵਿਚ ਤੇ ਇਕ ਗੋਲੀ ਮੇਰੀ ਖੱਬੀ ਵੱਖੀ ਵਿਚ ਵੱਜੀ ਤੇ ਮੈਂ ਵੀ ਗੁਰੂ ਸਾਹਿਬ ਦੇ ਚਰਨਾਂ ਵਿਚ ਡਿੱਗ ਪਿਆ। ਮਹੰਤ ਦੀ ਮਿਲੀਭੁਗਤ ਨਾਲ ਪੁਲਿਸ ਵੱਲੋਂ ਚਲਾਈਆਂ ਜਾ ਰਹੀਆਂ ਅੰਧਾ-ਧੁੰਧ ਗੋਲੀਆਂ ਦੀ ਬੁਛਾੜ ਨਾਲ ਐਠ-ਦਸ ਮਿੰਟ ਵਿਚ ਹੀ ਗਿਆਰਾਂ ਨਿਹੰਗ ਸਿੰਘ ਗੁਰੂ ਕੀ ਲਾਡਲੀ ਫ਼ੌਜ ਦਰਬਾਰ ਸ੍ਰੀ ਪਾਉਂਟਾ ਸਾਹਿਬ (੧੦ਵੀਂ ਪਾਤਸ਼ਾਹੀ) ਨੂੰ ਪਤਿਤ ਮਹੰਤਾਂ ਪਾਸੋਂ ਆਜ਼ਾਦ ਕਰਵਾਉਣ ਤੇ ਗੁਰ-ਮਰਿਆਦਾ ਤੇ ਪਵਿੱਤਰਤਾ ਨੂੰ ਕਾਇਮ ਕਰਨ ਤੇ ਚਲ ਰਹੀ ੧੦੧ ਸ੍ਰੀ ਅਖੰਡ ਪਾਠਾਂ ਦੀ ਲੜੀ ਨੂੰ ਅਖੰਡ ਰੱਖਣ ਲਈ ਸ਼ਹੀਦੀਆਂ ਪ੍ਰਾਪਤ ਕਰਕੇ ਸਰਬੰਸ ਦਾਨੀ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਸਚਖੰਡ ਜਾ ਬਿਰਾਜੇ ਅਤੇ ਤਿੰਨ ਸਿੰਘ ਸਖ਼ਤ ਜ਼ਖ਼ਮੀ ਹੋ ਗਏ। ਨਿਹਾਲ ਸਿੰਘ ਤੇ ਸ੍ਰੀਮਾਨ ਮਾਸਟਰ ਅਜੀਤ ਸਿੰਘ ਜੀ ਹੁਸ਼ਿਆਰਪੁਰ ਜਿਨ੍ਹਾਂ ਦਾ ਪਿਛਲਾ ਪਿੰਡ ਬੋਹਣ ਪੱਟੀ ਜ਼ਿਲ੍ਹਾ ਹੁਸ਼ਿਆਰਪੁਰ ਸੀ, ਉਸ ਸਮੇਂ ਉਨ੍ਹਾਂ ਦੀ ਉਮਰ ਸਤਾਰਾਂ ਸਾਲ ਦੀ ਸੀ, ਸ੍ਰੀ ਜਪੁਜੀ ਸਾਹਿਬ ਦੀ ਰੋਲ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਨਾਲ ਜਪੁਜੀ ਸਾਹਿਬ ਪੜ੍ਹ ਰਹੇ ਸਨ। ਉਨ੍ਹਾਂ ਦੇ ਚੂਲੇ ਵਿਚ ਗੋਲੀ ਲੱਗ ਕੇ ਮੋਟੇ ਹੱਡ ਵਿੱਚ ਉਤਰ ਗਈ ਤੇ ਸਖ਼ਤ ਜ਼ਖ਼ਮੀ ਹੋ ਕੇ ਡਿੱਗ ਪਏ ਸਨ। ਬਾਬਾ ਗੁਰਬਚਨ ਸਿੰਘ ਜੀ ਨਿਹੰਗ ਸਿੰਘ ਪਿੰਡ ਘਾਗੋਂ ਰੋੜਾਂ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ, ਇਨਾਂ ਦੇ ਦੋ ਗੋਲੀਆਂ ਲੱਗੀਆਂ ਅਤੇ ਇਹ ਜ਼ਖ਼ਮੀ ਹੋ ਕੇ ਡਿੱਗ ਪਏ। ਸਾਰਿਆਂ ਸਿੰਘਾਂ ਵਿਚੋਂ ਕੋਈ ਵੀ ਡੋਲਿਆ ਜਾਂ ਡਰਿਆ ਨਹੀਂ। ਬੜੇ ਚਾਓ ਨਾਲ ਜੈਕਾਰੇ ਗਜਾਉਂਦਿਆਂ-ਗਜਾਉਂਦਿਆਂ ਸ਼ਹੀਦੀ ਜਾਮ ਪੀ ਗਏ। ਸੋ ਇਸ ਪ੍ਰਕਾਰ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਨਿਹੰਗ ਸਿੰਘਾਂ ਦੀ ਜਥੇਬੰਦੀ ਨੇ ਸੱਚਖੰਡ ਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਹਰਿਭਜਨ ਸਿੰਘ ਜੀ ਮਹਾਂਪੁਰਸ਼ਾਂ ਦੀ ਅਗਵਾਈ ਵਿਚ ਆਪਣੇ ਸਰੀਰਾਂ ਦੀਆਂ ਅਹੁਤੀਆਂ ਦੇ ਕੇ ਸ਼ਹੀਦੀਆਂ ਪ੍ਰਾਪਤ ਕੀਤੀਆ। ਗਿਆਰਾ ਸੂਰਬੀਰ ਬਹਾਦਰ ਸਤਿਗੁਰੂ ਜੀ ਦੀ ਲਾਡਲੀ ਭੇਜ ਦੇ ਨਿਹੰਗ ਸਿੰਘਾਂ ਨੇ ਆਪਣੇ ਪਵਿੱਤਰ ਖੂਨ ਨਾਲ ਸਤਿਗੁਰੂ ਜੀ ਦੇ ਦਰਬਾਰ ਦੇ ਇਸ਼ਨਾਨ ਕਰਵਾ ਕੇ ਗੁਰੂ ਘਰ ਦੀ ਪਵਿੱਤਰਤਾ ਤੇ ਗੁਰ ਮਰਿਆਦਾ ਨੂੰ ਬਹਾਲ ਕਰਕੇ ਜਾਨੀ ਤੇ ਮਾਲੀ ਭਾਰੀ ਕੀਮਤ ਚੁੱਕਾ ਕੇ ਪਤਿਤ ਮਹੰਤਾਂ ਪਾਸੋਂ ਅਜ਼ਾਦ ਕਰਾ ਕੇ ਉੱਥੋਂ ਦਾ ਪ੍ਰਬੰਧ ਗੁਰੂ ਖਾਲਸਾ ਪੰਥ ਦੇ ਹੱਥਾਂ ਵਿਚ ਸੌਂਪਿਆ। ਹਰ ਸਾਲ ਦੀ ਤਰ੍ਹਾਂ ਗਿਆਰਾਂ ਮਹਾਨ ਸ਼ਹੀਦ ਸਿੰਘਾਂ ਦੀ ਪਾਵਨ ਮਿੱਠੀ ਯਾਦ ਸਮਰਪਿਤ 20 ਮਈ ਨੂੰ ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਪਾਤਸ਼ਾਹੀ ਦਸਵੀਂ, ਭੂੰਗਰਨੀ (ਹਿ. ਪ੍ਰ.) 22 ਮਈ 2025 ਨੂੰ ਦਰਬਾਰ ਸ੍ਰੀ ਪਾਉਂਟਾ ਸਾਹਿਬ ਜੀ ਵਿਖੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਜੱਥੇਦਾਰ ਸਿੰਘ ਸਾਹਿਬ ਜਿੰਦਾ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਦੀ ਅਗਵਾਈ ਹੇਠ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 23 ਮਈ ਨੂੰ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜੀ ਦੀ ਦੇਖ ਰੇਖ ਵਿੱਚ ਮਹਾਨ ਸ਼ਹੀਦੀ ਗੁਰਮਤਿ ਸਮਾਗਮਾਂ ਦਾ ਆਯੋਜਨ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਇਆ ਜਾ ਰਿਹਾ ਹੈ। ਜਿੱਥੇ ਕਿ ਸ਼ਹੀਦ ਸਿੰਘਾਂ ਨੂੰ ਸਿੱਖ ਕੌਮ ਦੀਆਂ ਨਾਮਵਰ ਪੰਥਕ ਸ਼ਖ਼ਸ਼ੀਅਤਾਂ ਸਮਾਗਮ ਵਿੱਚ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕਰਨਗੀਆਂ।

## ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ



ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :

**07966 388 388**

# ਬਿੰਦੀ ਜੌਹਲ: ਕੈਨੇਡਾ ਵਿੱਚ ਪੰਜਾਬੀ ਗੈਂਗਸਟਰਵਾਦ ਦਾ ਚਿਹਰਾ ਕਿਵੇਂ ਖਤਮ ਹੋਇਆ

## ✪ ਕੈਨੇਡਾ ਕਿਉਂ ਬਣ ਰਹੀ ਹੈ ਗੈਂਗਾਂ ਦੀ ਧਰਤੀ ✪ 1996 ਤੋਂ 2006 ਦਰਮਿਆਨ, 100 ਤੋਂ ਵੱਧ ਨੌਜਵਾਨਾਂ ਦੇ ਕਤਲ ਹੋਏ

ਕਰਾਈਮ ਸਟੋਰੀ

ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿੱਚ 27 ਸਾਲ ਪਹਿਲਾਂ ਇੱਕ ਨੌਜਵਾਨ ਪੰਜਾਬੀ, ਭੁਪਿੰਦਰ ਸਿੰਘ ਜੌਹਲ ਉਰਫ਼ ਬਿੰਦੀ ਜੌਹਲ, ਅਪਰਾਧਕ ਦੁਨੀਆਂ ਦਾ ਇੱਕ ਚਰਚਿਤ ਨਾਮ ਸੀ। 1998 ਵਿੱਚ ਇੱਕ ਨਾਈਟਕਲੱਬ ਵਿੱਚ ਉਸ ਦਾ ਸ਼ਰੇਆਮ ਕਤਲ ਹੋਣ ਨਾਲ ਉਸ ਦੀ ਜ਼ਿੰਦਗੀ ਦਾ ਅੰਤ ਹੋਇਆ, ਪਰ ਅੱਜ ਵੀ ਉਸ ਦਾ ਨਾਮ ਪੰਜਾਬੀ ਗੈਂਗ ਕਲਚਰ ਦੇ ਸੰਦਰਭ ਵਿੱਚ ਜ਼ੁਬਾਨਾਂ 'ਤੇ ਰਹਿੰਦਾ ਹੈ।

ਬਿੰਦੀ ਜੌਹਲ ਦਾ ਪਰਿਵਾਰ 1970 ਦੇ ਅਖੀਰ ਵਿੱਚ ਭਾਰਤ ਤੋਂ ਵੈਨਕੂਵਰ ਆਇਆ ਸੀ। ਉਸ ਸਮੇਂ ਬਿੰਦੀ ਸਿਰਫ਼ 4 ਸਾਲ ਦਾ ਸੀ। ਸਕੂਲ ਵਿੱਚ ਉਸ ਦਾ ਵਤੀਰਾ ਆਮ ਨਹੀਂ ਸੀ। 1989 ਵਿੱਚ, 18 ਸਾਲ ਦੀ ਉਮਰ ਵਿੱਚ, ਬਿੰਦੀ ਨੇ ਸਕੂਲ ਦੇ ਵਾਈਸ ਪ੍ਰਿੰਸੀਪਲ ਨਾਲ ਕੁੱਟਮਾਰ ਕੀਤੀ, ਜਿਸ ਕਾਰਨ ਉਸ ਨੂੰ 60 ਦਿਨਾਂ ਦੀ ਸਜ਼ਾ ਅਤੇ ਸਕੂਲ ਵਿੱਚੋਂ ਨਿਕਾਲਾ ਮਿਲਿਆ। ਇਸ ਤੋਂ ਬਾਅਦ, ਰਿਚਮੰਡ ਦੇ ਇੱਕ ਹੋਰ ਸਕੂਲ ਵਿੱਚ ਵੀ ਉਸ ਨੂੰ ਹਥਿਆਰ ਰੱਖਣ ਅਤੇ ਕਾਰ ਦਾ ਸ਼ੀਸ਼ਾ ਤੋੜਨ ਦੇ ਦੋਸ਼ ਵਿੱਚ ਕੱਢ ਦਿੱਤਾ ਗਿਆ। ਇਹ ਘਟਨਾਵਾਂ ਉਸ ਦੀ ਅਪਰਾਧਕ ਜੀਵਨ ਦੀ ਸ਼ੁਰੂਆਤ ਸਨ।

ਵੈਨਕੂਵਰ ਵਿੱਚ 1990 ਦੇ ਦਹਾਕੇ ਵਿੱਚ ਗੈਂਗ ਕਲਚਰ ਜ਼ੋਰਾਂ 'ਤੇ ਸੀ। ਬਿੰਦੀ ਜੌਹਲ 'ਲੌਸ ਡਾਇਬਲੋਸ' ਨਾਮਕ ਗੈਂਗ ਨਾਲ ਜੁੜਿਆ, ਜਿਸ ਨੂੰ ਬਾਅਦ ਵਿੱਚ 'ਇੰਡੋ-ਕੈਨੇਡੀਅਨ ਮਾਫੀਆ' ਵਜੋਂ ਜਾਣਿਆ ਗਿਆ। ਗੈਂਗ ਦੇ ਲੀਡਰ ਜਿੰਮੀ ਸਿੰਘ ਦੋਸਾਂਝ ਦੀ ਗ੍ਰਿਫ਼ਤਾਰੀ ਤੋਂ ਬਾਅਦ, ਬਿੰਦੀ ਨੇ ਗੈਂਗ ਵਿੱਚ ਆਪਣਾ ਰੁਤਬਾ ਵਧਾਇਆ। ਉਸ 'ਤੇ ਨਸ਼ਾ ਤਸਕਰੀ, ਹਥਿਆਰਾਂ ਦੀ ਖਰੀਦੋ-ਫਰੋਖਤ ਅਤੇ ਕਈ ਕਤਲਾਂ ਦੇ ਦੋਸ਼ ਲੱਗੇ। 1994 ਵਿੱਚ ਜਿੰਮੀ ਦੋਸਾਂਝ ਦਾ ਕਤਲ ਹੋਣ ਤੋਂ ਬਾਅਦ, ਬਿੰਦੀ 'ਤੇ ਇਸ ਦਾ ਸ਼ੱਕ ਗਿਆ, ਹਾਲਾਂਕਿ ਉਹ ਬਰੀ ਹੋ ਗਿਆ। ਇਸੇ ਤਰ੍ਹਾਂ, ਜਿੰਮੀ ਦੇ ਭਰਾ ਰੌਨ ਦੋਸਾਂਝ ਦਾ 1994 ਵਿੱਚ ਕਤਲ ਵੀ ਬਿੰਦੀ ਨਾਲ ਜੁੜਿਆ, ਪਰ ਸਬੂਤਾਂ ਦੀ ਘਾਟ ਕਾਰਨ ਉਹ ਫਿਰ ਬਚ ਨਿਕਲਿਆ।



### ਕੁਝ ਪ੍ਰਮੁੱਖ ਪੰਜਾਬੀ ਗੈਂਗਾਂ ਦੇ ਨਾਮ

**ਬ੍ਰਦਰਜ਼ ਕੀਪਰਜ਼:** ਗਵਿੰਦਰ ਸਿੰਘ ਗਰੇਵਾਲ ਵੱਲੋਂ ਸਥਾਪਿਤ, ਜੋ 2017 ਵਿੱਚ ਮਾਰਿਆ ਗਿਆ। ਇਹ ਗੈਂਗ ਮੈਟਰੋ ਵੈਨਕੂਵਰ ਵਿੱਚ ਨਸ਼ਿਆਂ ਦੀ ਤਸਕਰੀ ਅਤੇ ਹਿੰਸਕ ਅਪਰਾਧਾਂ ਵਿੱਚ ਸਰਗਰਮ ਹੈ।

**ਢਕ-ਢੂਰੇ:** ਸੁਖ ਢਕ ਅਤੇ ਸੰਦੀਪ ਢੂਰੇ ਦੀ ਅਗਵਾਈ ਵਿੱਚ, ਇਹ ਗੈਂਗ ਯੂਨਾਈਟਿਡ ਨੇਸ਼ਨਜ਼ ਗੈਂਗ ਨਾਲ ਜੁੜੀ ਹੋਈ ਸੀ ਅਤੇ ਵੈਨਕੂਵਰ ਦੇ ਨਸ਼ਾ ਵਪਾਰ ਵਿੱਚ ਮੁੱਖ ਖਿਡਾਰੀ ਸੀ।

**ਰੈੱਡ ਸਕਾਰਪੀਅਨ:** ਇਸ ਗੈਂਗ ਦੀ ਸਥਾਪਨਾ ਬੀਬੋ-ਕੰਗ ਗਰੁੱਪ ਦੇ ਸਹਿਯੋਗ ਨਾਲ ਹੋਈ ਅਤੇ 2007 ਦੇ ਸਰੀ ਸਿਕਸ ਕਤਲਾਂ ਵਿੱਚ ਸ਼ਾਮਲ ਸੀ।

**ਜੌਹਲ ਫੈਮਿਲੀ:** ਬਿੰਦੀ ਜੌਹਲ ਦੀ ਅਗਵਾਈ ਵਿੱਚ 1990 ਦੇ ਦਹਾਕੇ ਵਿੱਚ ਪੰਜਾਬੀ ਮਾਫੀਆ ਦਾ ਮੁੱਖ ਹਿੱਸਾ ਸੀ, ਜੋ ਹੁਣ ਵੀ ਕੁਝ ਹੱਦ ਤੱਕ ਸਰਗਰਮ ਹੈ।

**ਰਫੀਅਨਜ਼:** ਅਬੋਟਸਫੋਰਡ ਵਿੱਚ 2019 ਵਿੱਚ ਸਥਾਪਿਤ, ਜਿਸ ਵਿੱਚ ਜ਼ਿਆਦਾਤਰ ਵਿਦੇਸ਼ੀ ਪੰਜਾਬੀ ਵਿਦਿਆਰਥੀ ਸ਼ਾਮਲ ਸਨ। ਹਾਲਾਂਕਿ ਸਹੀ ਅੰਕੜੇ ਅਜੇ ਸਪੱਸ਼ਟ ਨਹੀਂ ਹਨ, ਪਰ 2022 ਵਿੱਚ ਵੈਨਕੂਵਰ ਪੁਲਿਸ ਨੇ 11 ਸਭ ਤੋਂ ਖਤਰਨਾਕ ਗੈਂਗਸਟਰਾਂ ਦੀ ਸੂਚੀ ਜਾਰੀ ਕੀਤੀ, ਜਿਨ੍ਹਾਂ ਵਿੱਚੋਂ 9 ਪੰਜਾਬੀ ਮੂਲ ਦੇ ਸਨ।

### ਕੈਨੇਡਾ ਦਾ ਚਰਚਿਤ ਮੁਕੱਦਮਾ

ਦੋਸਾਂਝ ਭਰਾਵਾਂ ਦੇ ਕਤਲ ਦੇ ਮੁਕੱਦਮੇ ਵਿੱਚ ਬਿੰਦੀ ਜੌਹਲ ਅਤੇ ਉਸ ਦੇ ਸਾਥੀ ਪ੍ਰੀਤ 'ਪੀਟਰ' ਗਿੱਲ ਦੀ ਗ੍ਰਿਫ਼ਤਾਰੀ ਹੋਈ। ਪਰ ਇੱਕ ਹੈਰਾਨੀਜਨਕ ਖੁਲਾਸੇ ਵਿੱਚ, ਜਿਊਰੀ ਦੀ ਇੱਕ ਮੈਂਬਰ ਦੇ ਪੀਟਰ ਗਿੱਲ ਨਾਲ ਪ੍ਰੇਮ ਸੰਬੰਧ ਹੋਣ ਦਾ ਪਤਾ ਲੱਗਾ, ਜਿਸ ਕਾਰਨ ਮੁਕੱਦਮਾ ਵਿਵਾਦਿਤ ਹੋ ਗਿਆ। ਇਸ ਔਰਤ ਨੂੰ 18 ਮਹੀਨਿਆਂ ਅਤੇ ਗਿੱਲ ਨੂੰ 6 ਸਾਲ ਦੀ ਸਜ਼ਾ ਹੋਈ। ਇਸ ਘਟਨਾ ਨੇ ਕੈਨੇਡਾ ਦੇ ਨਿਆਂਇਕ ਇਤਿਹਾਸ ਵਿੱਚ ਇੱਕ ਵੱਡਾ ਸਵਾਲ ਖੜ੍ਹਾ ਕੀਤਾ। ਬਿੰਦੀ ਜੌਹਲ ਦਾ ਅੰਤ 1998 ਵਿੱਚ 27 ਸਾਲ ਦੀ ਉਮਰ ਵਿੱਚ, ਬਿੰਦੀ ਜੌਹਲ ਦਾ ਵੈਨਕੂਵਰ ਦੇ ਇੱਕ ਨਾਈਟਕਲੱਬ ਵਿੱਚ ਕਤਲ ਹੋ ਗਿਆ। 350 ਲੋਕਾਂ ਦੀ ਮੌਜੂਦਗੀ ਵਿੱਚ ਹੋਏ ਇਸ ਕਤਲ ਦੇ ਕਾਤਲ ਦੀ ਪਛਾਣ ਨਾ ਹੋ ਸਕੀ। 2004 ਵਿੱਚ, ਬਲ ਬੁੱਟਰ ਨਾਮਕ ਵਿਅਕਤੀ ਨੇ ਇਸ ਕਤਲ ਵਿੱਚ ਸ਼ਮੂਲੀਅਤ ਦਾ ਖੁਲਾਸਾ ਕੀਤਾ।

### ਕੈਨੇਡਾ ਵਿਚ ਪੰਜਾਬੀ ਗੈਂਗ ਤੇ ਕਤਲ

1996 ਤੋਂ 2006 ਦਰਮਿਆਨ, ਇੰਡੋ-ਕੈਨੇਡੀਅਨ ਭਾਈਚਾਰੇ ਵਿੱਚ 100 ਤੋਂ ਵੱਧ ਨੌਜਵਾਨਾਂ ਦੇ ਕਤਲ ਹੋਏ, ਜੋ ਗੈਂਗ ਹਿੰਸਾ ਨਾਲ ਜੁੜੇ ਸਨ। ਸਾਬਕਾ ਆਰਸੀਐੱਮਪੀ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਅਨੁਸਾਰ, ਹਿੰਸਾ ਦਾ ਮਹਿਮਾਮੰਡਨ ਅਤੇ ਸੌਖੀ ਸ਼ੋਹਰਤ ਦੀ ਲਾਲਸਾ ਨੌਜਵਾਨਾਂ ਨੂੰ ਅਪਰਾਧ ਵੱਲ ਖਿੱਚਦੀ ਹੈ। ਬਲਜੀਤ ਸੰਗਰਾ ਦੀ ਡਾਕੂਮੈਂਟਰੀ 'ਵਾਰੀਅਰ ਬੋਇਜ਼' ਵੀ ਨਸਲਵਾਦ ਅਤੇ ਸਵੈ-ਮਾਣ ਦੀ ਘਾਟ ਨੂੰ ਇਸ ਦੇ ਕਾਰਨਾਂ ਵਜੋਂ ਦਰਸਾਉਂਦੀ ਹੈ। ਸਰਕਾਰ ਅਤੇ ਭਾਈਚਾਰਕ ਸੰਗਠਨਾਂ ਨੂੰ ਮਿਲ ਕੇ ਅਜਿਹੇ ਪ੍ਰੋਗਰਾਮ ਚਲਾਉਣ ਦੀ ਜ਼ਰੂਰਤ ਹੈ ਜੋ ਨੌਜਵਾਨਾਂ ਨੂੰ ਸਹੀ ਰਾਹ ਦਿਖਾਉਣ। ਕੈਨੇਡਾ ਵਿੱਚ ਪੰਜਾਬੀ ਮੂਲ ਦੀਆਂ ਅਪਰਾਧਕ ਗੈਂਗਾਂ ਦੀ ਸਹੀ-ਸਹੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਔਖਾ ਹੈ, ਕਿਉਂਕਿ ਇਹ ਗਰੁੱਪ ਲਗਾਤਾਰ ਬਦਲਦੇ ਅਤੇ ਵਿਕਸਤ ਹੁੰਦੇ ਰਹਿੰਦੇ ਹਨ। ਬ੍ਰਿਟਿਸ਼ ਕੋਲੰਬੀਆ ਦੀ ਸੰਯੁਕਤ ਫੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ (ਛਢਸ਼ਓ) ਦੇ ਅਨੁਸਾਰ, ਪਿਛਲੇ ਪੰਜ ਸਾਲਾਂ ਵਿੱਚ ਅਜਿਹੇ 600 ਤੋਂ 900 ਗਰੁੱਪ ਸਰਗਰਮ ਰਹੇ ਹਨ। ਇਹਨਾਂ ਵਿੱਚੋਂ ਕਈ ਪੰਜਾਬੀ ਮੂਲ ਦੀਆਂ ਗੈਂਗਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਬ੍ਰਦਰਜ਼ ਕੀਪਰਜ਼, ਢਕ-ਢੂਰੇ, ਰੈੱਡ ਸਕਾਰਪੀਅਨ, ਜੌਹਲ ਫੈਮਿਲੀ, ਅਤੇ ਸੰਘੇੜਾ-ਮੱਲ੍ਹੀ-ਬੁੱਟਰ ਵਰਗੀਆਂ ਗੈਂਗਾਂ ਪ੍ਰਮੁੱਖ ਹਨ। 2004 ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਰਿਪੋਰਟ ਅਨੁਸਾਰ, ਇੰਡੋ-ਕੈਨੇਡੀਅਨ ਗੈਂਗਾਂ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਸੰਗਠਿਤ ਅਪਰਾਧ ਦੇ ਮਾਮਲੇ ਵਿੱਚ ਤੀਜੇ ਸਥਾਨ 'ਤੇ ਰੱਖਿਆ ਗਿਆ ਸੀ, ਜੋ ਕਿ ਹੈਲਜ਼ ਐਂਜਲਜ਼ ਅਤੇ ਏਸ਼ੀਅਨ ਟ੍ਰਾਈਡਜ਼ ਤੋਂ ਬਾਅਦ ਸਨ।

## ਸੁਖਬੀਰ ਸਿੰਘ ਬਾਦਲ ਦਾ ਮੋਢਾ ਫਿਰ ਹਿੱਲਿਆ



ਲੁਧਿਆਣਾ-ਸੁਖਬੀਰ ਸਿੰਘ ਬਾਦਲ 15 ਦਿਨ ਬਾਅਦ ਸਰਗਰਮ ਹੋਏ, ਪਰ ਮੋਢੇ ਵਿੱਚ ਪਟਾ ਬੰਨ੍ਹਿਆ ਵੇਖਿਆ ਗਿਆ। ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ ਨੇ ਕਿਹਾ ਕਿ ਵਿਦੇਸ਼ ਜਾਣ ਦੌਰਾਨ ਸੁਖਬੀਰ ਦਾ ਮੋਢਾ ਫਿਰ ਹਿੱਲਿਆ, ਹਾਲਾਂਕਿ ਉਹ ਠੀਕ ਹਨ।

## ਸ੍ਰੀ ਦਰਬਾਰ ਸਾਹਿਬ ਵਿੱਚ-3 ਸਫ਼ੇ ਦੀ ਬਾਕੀ

ਸਿੱਖ ਸੰਗਠਨਾਂ, ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਸਿੱਖ ਜਥੇਬੰਦੀਆਂ, ਨੇ ਵੀ ਇਨ੍ਹਾਂ ਰਿਪੋਰਟਾਂ ਦੀ ਸਖ਼ਤ ਨਿਖੇਧੀ ਕੀਤੀ ਸੀ। ਸ਼ੋਸ਼ਲ ਮੀਡੀਆ ਉਪਰ ਸਿੱਖਾਂ ਵਿਚ ਖਾਸਾ ਰੋਸ ਦਿਖਾਈ ਦਿੱਤਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਵੀ ਜਾਂਚ ਦੀ ਮੰਗ ਦਾ ਸਮਰਥਨ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਸੀ।

ਸਿੱਖ ਚਿੰਤਕ ਅਜੈਪਾਲ ਸਿੰਘ ਬਰਾੜ ਨੇ ਸਵਾਲ ਉਠਾਇਆ ਕਿ ਏਅਰ ਡਿਫੈਂਸ ਸਿਸਟਮ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਵਿੱਚ ਕਿਉਂ ਲਗਾਇਆ ਗਿਆ, ਜਦਕਿ ਇਸ ਨੂੰ ਜਲ੍ਹਿਆਂਵਾਲਾ ਬਾਗ ਜਾਂ ਟਾਊਨ ਹਾਲ ਵਿੱਚ ਲਗਾਇਆ ਜਾ ਸਕਦਾ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੇ ਸਿਸਟਮ ਨਾਲ ਸ੍ਰੀ ਦਰਬਾਰ ਸਾਹਿਬ ਨੂੰ ਉਲਟਾ ਦੁਸ਼ਮਣ ਦੇ ਨਿਸ਼ਾਨੇ 'ਤੇ ਲਿਆਂਦਾ ਗਿਆ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਇਸ ਮਾਮਲੇ ਦੀ ਜਾਂਚ ਸਿੱਖ ਸੁਰੱਖਿਆ ਮਾਹਿਰਾਂ ਤੋਂ ਕਰਵਾਈ ਜਾਵੇ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਕਿਹਾ ਕਿ ਦੱਖਣੀ ਬ੍ਰਾਹਮਣ ਜਰਨੈਲਾਂ ਰਾਹੀ ਦਰਬਾਰ ਸਾਹਿਬ ਉਪਰ ਰਾਜਸੀ ਖੇਡਾਂ ਬੰਦ ਕੀਤੀਆਂ ਜਾਣ ਨਾ ਕਿਸੇ ਨੂੰ ਇਸ ਦੀ ਰਖਵਾਲੀ ਦੀ ਲੋੜ ਹੈ, ਨਾ ਹੀ ਇਸ ਨੂੰ ਢਾਲ ਬਣਾ ਕੇ ਵਰਤਿਆ ਜਾਵੇ । ਦਰਬਾਰ ਸਾਹਿਬ ਦੇ ਉਸਰਈਏ ਗੁਰੂ ਸਾਹਿਬ ਆਪ ਸਨ, ਉਹੀ ਇਸ ਦੇ ਰਖਵਾਲੇ ਹਨ ! ਬਚਦੀ ਸੇਵਾ ਲਈ ਸਿੱਖ ਕਾਫੀ ਹਨ !

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਅਜਿਹੀਆਂ ਗਲਤ ਰਿਪੋਰਟਾਂ ਕਿਉਂ ਫੈਲਾਈਆਂ ਜਾ ਰਹੀਆਂ ਹਨ, ਜੋ ਸਿੱਖ ਭਾਵਨਾਵਾਂ ਨੂੰ ਜ਼ਖਮੀ ਕਰ ਸਕਦੀਆਂ ਹਨ। ਉਨ੍ਹਾਂ ਨੇ ਮੰਗ ਕੀਤੀ ਕਿ ਸਰਕਾਰ ਅਤੇ ਸੈਨਾ ਨੂੰ ਅਜਿਹੀਆਂ ਗੱਲਾਂ ਦਾ ਸਪੱਸ਼ਟੀਕਰਨ ਦੇਣਾ ਚਾਹੀਦਾ ਅਤੇ ਭਵਿੱਖ ਵਿੱਚ ਅਜਿਹੀਆਂ ਗਲਤ ਬਿਆਨਬਾਜ਼ੀਆਂ ਤੋਂ ਗੁਰੇਜ਼ ਕਰਨਾ ਚਾਹੀਦਾ।

## ਜਲੰਧਰ ਵਿਚ ਰੰਜਿਸ਼ਨ ਗੋਲੀਕਾਂਡ: ਨੌਜਵਾਨ ਜ਼ਖਮੀ, ਮੁਲਜ਼ਮ ਫਰਾਰ

### ✪ ਪੁਲਿਸ ਸੀਸੀਟੀਵੀ ਜਾਂਚ ਵਿਚ ਜੁਟੀ, ਪੀੜਤ ਦੇ ਬਿਆਨ ਲੈ ਕੇ ਕਾਰਵਾਈ ਸ਼ੁਰੂ



ਜਲੰਧਰ-ਇਥੋਂ ਦੇ ਦਸਮੇਸ਼ ਨਗਰ 'ਚ ਮੰਗਲਵਾਰ ਰਾਤ ਰੰਜਿਸ਼ਨ ਬਦਮਾਸ਼ਾਂ ਨੇ ਇਕ ਨੌਜਵਾਨ 'ਤੇ ਗੋਲੀਆਂ ਚਲਾਈਆਂ, ਜਿਸ 'ਚ ਇਕ ਗੋਲੀ ਉਸ ਦੇ ਪੇਟ 'ਚ ਲੱਗੀ। ਜ਼ਖਮੀ ਪਵਨ ਉਰਫ ਸੋਨੂੰ ਨੂੰ ਪਰਿਵਾਰ ਨੇ ਸਿਵਲ ਹਸਪਤਾਲ ਪਹੁੰਚਾਇਆ। ਪੀੜਤ ਦੇ ਪਿਤਾ ਪਵਨ ਕੁਮਾਰ ਨੇ ਦੱਸਿਆ ਕਿ ਬੀਤੇ ਸੋਮਵਾਰ ਨੂੰ ਉਸ ਦੇ ਪੁੱਤਰ ਸ਼ੁੱਭਮ ਨੂੰ ਗਲੀ 'ਚ ਪਰਮਜੀਤ, ਰਿੰਕੂ, ਆਸ਼ੂ ਅਤੇ ਵਿਸ਼ਾਲ ਨੇ ਥੱਪੜ ਮਾਰਿਆ ਸੀ। ਇਸ ਦੀ ਸ਼ਿਕਾਇਤ ਪੁਲਿਸ ਨੂੰ ਕੀਤੀ ਗਈ, ਪਰ ਕੋਈ ਕਾਰਵਾਈ ਨਹੀਂ ਹੋਈ। ਇਸੇ ਖੁੰਧਕ 'ਚ ਮੁਲਜ਼ਮਾਂ ਨੇ ਬੀਤੇ ਮੰਗਲਵਾਰ ਰਾਤ ਦੋ ਗੋਲੀਆਂ ਚਲਾਈਆਂ ਅਤੇ ਫਰਾਰ ਹੋ ਗਏ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਭਾਰਗੋ ਕੈਂਪ ਦੇ ਇੰਚਾਰਜ ਹਰਦੇਵ ਸਿੰਘ ਨੇ ਕਿਹਾ ਕਿ ਜ਼ਖਮੀ ਦੇ ਬਿਆਨ ਲਏ ਜਾ ਰਹੇ ਹਨ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮਾਂ ਖਿਲਾਫ ਸਖਤ ਕਾਰਵਾਈ ਦੀ ਤਿਆਰੀ ਹੈ।

# ਪੰਜਾਬ ਸਰਕਾਰ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਵੱਡੇ ਪੱਧਰ ’ਤੇ ਮਨਾਏਗੀ



ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੇ ਮੰਤਰੀ ਸਮੂਹ ਨੇ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਵਡੇ ਪੱਧਰ ’ਤੇ ਮਨਾਉਣ ਲਈ ਸੂਬਾ ਸਰਕਾਰ ਵੱਲੋਂ ਕਰਵਾਏ ਜਾਣ ਵਾਲੇ ਲੜੀਵਾਰ ਸਮਾਗਮਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇੱਥੇ ਆਪਣੇ ਸਰਕਾਰੀ ਨਿਵਾਸ ਸਥਾਨ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਦੁਹਰਾਇਆ ਕਿ ਸੂਬਾ ਸਰਕਾਰ 9ਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਵੱਡੇ ਪੱਧਰ ’ਤੇ ਮਨਾਉਣ ਲਈ ਲੜੀਵਾਰ ਸਮਾਗਮ ਕਰਵਾਉਣ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਗੁਰੂ ਸਾਹਿਬ ਦੇ ਜੀਵਨ ਤੇ ਫ਼ਲਸਫ਼ੇ ’ਤੇ ਖੋਜ ਕਾਰਜਾਂ ਲਈ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਵਿਚ ਚੇਅਰ ਸਥਾਪਤ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਦੇ ਇਤਿਹਾਸ ਨੂੰ ਬਿਆਨਦਾ ਕਿਤਾਬਚਾ ਜਾਰੀ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਬਾਣੀ ’ਤੇ ਵੀ ਬੁੱਕਲੈੱਟ (ਕਿਤਾਬਚਾ) ਜਾਰੀ ਕੀਤਾ ਜਾਵੇਗਾ।

# ਗਿੱਦੜਬਾਹਾ ਵਿਚ ਨਸ਼ਿਆਂ ਦੀ ਲਪੇਟ ਵਿਚ ਮੁਟਿਆਰਾਂ

## 11 ਅਤੇ 34 ਸਾਲਾ ਔਰਤਾਂ ਨੂੰ ਕਪੂਰਥਲਾ ਨਸ਼ਾ ਛੁਡਾਊ ਕੇਂਦਰ ਭੇਜਿਆ

ਗਿੱਦੜਬਾਹਾ-ਗਿੱਦੜਬਾਹਾ ’ਚ 11 ਸਾਲ ਦੀ ਨਾਬਾਲਗ ਲੜਕੀ ਅਤੇ 34 ਸਾਲ ਦੀ ਮਹਿਲਾ ਨਸ਼ੇ ਦੀ ਆਦਤ ਕਾਰਨ ਅਨੈਤਿਕ ਗਤੀਵਿਧੀਆਂ ਵਿਚ ਸ਼ਾਮਲ ਪਾਈਆਂ ਗਈਆਂ। ਦੋਵਾਂ ਨੂੰ ਸਿਵਲ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਅਤੇ ਬਾਅਦ ਵਿਚ ਕਪੂਰਥਲਾ ਦੇ ਨਸ਼ਾ ਛੁਡਾਊ ਕੇਂਦਰ ਰੈਫਰ ਕੀਤਾ ਗਿਆ। ਸਮਾਜਿਕ ਕਾਰਕੁਨ ਐਨਡੀ ਸਿੰਗਲਾ ਅਤੇ ਪਵਨ ਬਾਂਸਲ ਨੇ ਮੁੱਖ ਭੂਮਿਕਾ ਨਿਭਾਈ। ਸਿੰਗਲਾ ਨੇ ਦੱਸਿਆ ਕਿ ਮਹਿਲਾ ਦੋ ਮਹੀਨੇ ਪਹਿਲਾਂ ਵੀ ਹਸਪਤਾਲ ’ਚ ਦਾਖਲ ਸੀ, ਪਰ ਭੱਜ ਗਈ ਸੀ। ਉਸ ਦਾ ਪਤੀ ਡਲਗ ਸਮਗਲਿੰਗ ਤਹਿਤ ਜੇਲ੍ਹ ਵਿਚ ਹੈ। ਮਹਿਲਾ ਰੋਜ਼ਾਨਾ 3,500-4,000 ਰੁਪਏ ਦਾ ‘ਚਿੱਟਾ’ ਲੈਂਦੀ ਸੀ। ਸਮਾਜਿਕ ਕਾਰਕੁਨਾਂ ਨੇ ਚਿੰਤਾ ਜਤਾਈ ਕਿ ਮਹਿਲਾ ਦੇ ਬੱਚਿਆਂ ਨੂੰ ਵੀ ਨਸ਼ਿਆਂ ਦਾ ਖਤਰਾ ਹੈ।

# ਬੱਬਰ ਖਾਲਸਾ ਦੇ ਛੇ ਮੈਂਬਰ ਗ੍ਰਿਫ਼ਤਾਰ




ਬਟਾਲਾ-ਬਟਾਲਾ ਪੁਲੀਸ ਨੇ ਸ਼ਰਾਬ ਦੇ ਠੇਕੇ ’ਤੇ ਗ੍ਰਨੇਡ ਹਮਲੇ ਦੇ ਮਾਮਲੇ ਵਿੱਚ ਪਾਕਿਸਤਾਨ ਸਮਰਥਿਤ ਬੱਬਰ ਖਾਲਸਾ ਦੇ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ। ਮੁੱਖ ਮੁਲਜ਼ਮ ਜਤਿਨ ਕੁਮਾਰ ਨੂੰ ਪੁਲੀਸ ਨਾਲ ਝੜਪ ਦੌਰਾਨ ਗੋਲੀ ਲੱਗੀ। ਪੁਲੀਸ ਨੇ ਇੱਕ ਪਿਸਤੌਲ ਬਰਾਮਦ ਕੀਤਾ ਅਤੇ ਹਮਲੇ ਦੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ।


# CHANGE OF NAME

Please one tick box

☐ £30 Print in UK only

☐ £60 Print UK & India

☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ਇੰਗਲੈਂਡ ਦੇ ਕਬੱਡੀ ਟੂਰਨਾਮੈਂਟ ਤੇ ਲਾਊ ਰੌਣਕਾਂ - ਭਿੰਦਾ ਮੁਠੱਡਾ



ਦਵਿੰਦਰ ਸਿੰਘ ਭਿੰਦਾ ਮੁਠੱਡਾ

ਕਈ ਦਹਾਕਿਆਂ ਤੋਂ ਕਬੱਡੀ ਖੇਡਣ ਦੇ ਨਾਲ ਨਾਲ ਕਬੱਡੀ ਦੇ ਖਿਡਾਰੀਆਂ ਅਤੇ ਪ੍ਰਮੋਟਰਾਂ ਬਾਰੇ ਆਪਣੇ ਸ਼ਇਰਾਨਾ ਅੰਦਾਜ਼ ਵਿੱਚ ਖੇਡ ਦੇ ਮੈਦਾਨ ਵਿੱਚ ਗੜਕਣ ਵਾਲਾ ਹੈ, ਮੁਠੱਡਿਆਂ ਵਾਲਾ ਦਵਿੰਦਰ ਸਿੰਘ ਉਰਫ ਭਿੰਦਾ ਮੁਠੱਡਾ। ਸਿਰਫ ਗੱਲ ਕਬੱਡੀ ਦੀ ਹੀ ਨਹੀਂ ਬਲਕਿ ਪੰਜਾਬੀ ਦੀ ਅਣਖ ਅਤੇ ਗੈਰਤ ਦੀ ਬਾਤ ਵੀ ਪਾਉਂਦਾ ਹੈ। ਪੰਜਾਬ ਦੀ ਬਹਾਦਰੀ ਦਾ ਇਤਿਹਾਸ ਸੁਣਾਉਂਦਾ। ਮੁਗਲ ਹਕੂਮਤਾਂ ਤੋਂ ਲੈ ਕੇ ਹੁਣ ਤੱਕ ਪੰਜਾਬ ਦੇ ਨਾਲ ਹੋਣ ਵਾਲੀਆਂ ਵਧੀਕੀਆਂ ਨੂੰ ਵੀ ਆਪਣੇ ਬੋਲਾਂ ਰਾਹੀਂ ਦਰਸ਼ਕਾਂ ਨੂੰ ਸੁਣਾਉਂਦਾ ਅਤੇ ਦਰਸ਼ਕਾਂ ਤੋਂ ਢੇਰ ਸਾਰਾ ਪਿਆਰ ਸਤਿਕਾਰ ਲੈਂਦਾ ਹੈ। ਆਸ ਹੈ ਕਿ ਇੰਗਲੈਂਡ ਦੇ ਕਬੱਡੀ ਸੀਜ਼ਨ 2025 ਵਿੱਚ ਭਿੰਦਾ ਇਕ ਵਾਰ ਫਿਰ ਉਸੇ ਸੁਰ ਵਿੱਚ ਜੋਸ਼ੀਲੀ ਕੁਮੈਂਟਰੀ ਨਾਲ ਦਰਸ਼ਕਾਂ ਦਾ ਮਨੋਰੰਜਣ ਕਰੇਗਾ।

ਮਨਪ੍ਰੀਤ ਸਿੰਘ ਬੱਧਨੀ ਕਲਾਂ

# ਸ਼੍ਰੋਮਣੀ ਕਮੇਟੀ ਵਾਪਸ ਨਹੀਂ ਲਵੇਗੀ ਰਾਜੋਆਣਾ ਮਾਮਲੇ ਦੀ ਪਟੀਸ਼ਨ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੇ ਮੁਖੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਸਪੱਸ਼ਟ ਕੀਤਾ ਕਿ 2012 ਵਿੱਚ ਦਾਇਰ ਪਟੀਸ਼ਨ, ਜੋ ਮੌਤ ਦੀ ਸਜ਼ਾ ਪ੍ਰਾਪਤ ਸਿੱਖ ਕੈਦੀਆਂ, ਖਾਸ ਕਰਕੇ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਨਾਲ ਸਬੰਧਤ ਹੈ, ਵਾਪਸ ਨਹੀਂ ਲਈ ਜਾਵੇਗੀ। ਇਹ ਫੈਸਲਾ ਸਿੱਖ ਸੰਗਠਨਾਂ, ਕਾਨੂੰਨੀ ਮਾਹਿਰਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਾਏ ਨੂੰ ਮੁੱਖ ਰੱਖਦਿਆਂ ਲਿਆ ਗਿਆ। ਧਾਮੀ ਨੇ ਕਿਹਾ ਕਿ ਮੀਟਿੰਗ ਵਿੱਚ ਮਾਹਿਰਾਂ ਨੇ ਸਰਕਾਰ ਅੱਗੇ ਨਾ ਝੁਕਣ ਦੀ ਸਲਾਹ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ 5 ਮੈਂਬਰੀ ਕਮੇਟੀ ਦੇ ਹੁਕਮਾਂ ਨੂੰ ਸਰਕਾਰ ਨਜ਼ਰਅੰਦਾਜ਼ ਕਰ ਰਹੀ ਹੈ, ਜੋ ਚਿੰਤਾਜਨਕ ਹੈ। ਸਰਕਾਰ ਨੇ ਕਮੇਟੀ ਨੂੰ ਸਮਾਂ ਦੇਣ ਦਾ ਵਾਅਦਾ ਕੀਤਾ, ਪਰ ਬਾਅਦ ਵਿੱਚ ਮੀਟਿੰਗ ਰੱਦ ਕਰ ਦਿੱਤੀ। ਧਾਮੀ ਨੇ ਕਿਹਾ ਕਿ ਰਾਜੋਆਣਾ 2007 ਤੋਂ ਮੌਤ ਦੀ ਸਜ਼ਾ ਦੀ ਉਡੀਕ ਕਰ ਰਿਹਾ ਹੈ ਅਤੇ 18 ਸਾਲਾਂ ਤੋਂ ਲਟਕਦਾ ਇਹ ਕੇਸ ਨਿਆਂ ਦੇ ਵਿਰੁੱਧ ਹੈ।



# ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਸੰਸਦ ਰਤਨ ਪੁਰਸਕਾਰ ਲਈ ਚੁਣਿਆ ਗਿਆ



ਜਲੰਧਰ-ਜਲੰਧਰ ਤੋਂ ਲੋਕ ਸਭਾ ਮੈਂਬਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸੰਸਦ ਰਤਨ ਪੁਰਸਕਾਰ ਲਈ ਚੁਣਿਆ ਗਿਆ ਹੈ। ਪਿਛਲੇ 16 ਸਾਲਾਂ ’ਚ ਪਹਿਲੀ ਵਾਰ ਪੰਜਾਬ ਦੇ ਕਿਸੇ ਸੰਸਦ ਮੈਂਬਰ ਨੂੰ ਸੰਸਦ ਰਤਨ ਪੁਰਸਕਾਰ ਲਈ ਚੁਣਿਆ ਗਿਆ ਹੈ। ਮਰਹੂਮ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਅਗਵਾਈ ’ਚ 2010 ਵਿਚ ਪ੍ਰਾਈਮ ਪੁਆਇੰਟ ਫਾਊਂਡੇਸ਼ਨ ਵਲੋਂ ਸ਼ੁਰੂ ਕੀਤੇ ਗਏ ਇਸ ਪੁਰਸਕਾਰ ਲਈ ਇਸ ਵਾਰ 17 ਸੰਸਦ ਮੈਂਬਰ ਤੇ ਦੋ ਲੋਕ ਸਭਾ ਦੀਆਂ ਸਥਾਈ ਕਮੇਟੀਆਂ ਦੇ ਚੇਅਰਮੈਨਾਂ ਨੂੰ ਚੁਣਿਆ ਗਿਆ ਹੈ, ਜਿਸ ਵਿਚ ਖੇਤੀਬਾੜੀ ਤੇ ਕਿਸਾਨ ਭਲਾਈ ਕਮੇਟੀ ਦੇ ਚੇਅਰਮੈਨ ਵਜੋਂ ਸੇਵਾਵਾਂ ਨਿਭਾ ਰਹੇ ਚਰਨਜੀਤ ਸਿੰਘ ਚੰਨੀ ਦੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਪੱਖੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਇਸ ਉੱਤਮ ਪੁਰਸਕਾਰ ਲਈ ਚੋਣ ਕੀਤੀ ਗਈ ਹੈ।

# ਪੰਜਾਬ ਜ਼ਹਿਰੀਲੀ ਸ਼ਰਾਬ ਦਾ ਧੰਦਾ, ਲੋਕਾਂ ਦੀ ਮੌਤ ਪਰ ਸਰਕਾਰੀ ਠੋਸ ਕਾਰਵਾਈ ਕਿਉਂ ਨਹੀਂ ?

## ਬ੍ਰਿਜ ਭਾਨ ਬੁਜਰਕ

ਪੰਜਾਬ ਅੰਦਰ ਮਿਲਾਵਟੀ ਨਸ਼ਿਆਂ ਦਾ ਵਧ ਰਿਹਾ ਪ੍ਰਭਾਵ ਲੋਕਾਂ 'ਤੇ ਕਹਿਰ ਬਣ ਕੇ ਟੁੱਟ ਰਿਹਾ ਹੈ। ਮਾਮਲਾ ਚਾਹੇ ਜ਼ਿਆਦਾ ਮਾਤਰਾ 'ਚ ਨਸ਼ਾ ਲੈਣ ਨਾਲ ਹੋਈਆਂ ਮੌਤਾਂ ਦਾ ਹੋਵੇ ਜਾਂ ਫਿਰ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਮੌਤਾਂ ਦਾ, ਦੋਹਾਂ ਮਾਮਲਿਆਂ 'ਚ ਇਕ ਹੀ ਕਾਰਨ ਸਾਹਮਣੇ ਆਉਂਦਾ ਹੈ ਕਿ ਨਸ਼ੇ ਨੂੰ ਵੱਡੀ ਮਾਤਰਾ 'ਚ ਤਿਆਰ ਕਰਨ ਲਈ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਮਜੀਠਾ 'ਚ ਵਾਪਰੇ ਜ਼ਹਿਰੀਲੇ ਸ਼ਰਾਬ ਕਾਂਡ 'ਚ 27 ਵਿਅਕਤੀ ਮਾਰੇ ਗਏ ਹਨ ਤੇ ਮੌਤਾਂ ਦੀ ਗਿਣਤੀ 'ਚ ਹੋਰ ਵੀ ਵਾਧਾ ਹੋ ਸਕਦਾ ਹੈ। ਮਰਨ ਵਾਲਿਆਂ 'ਚ ਮਜੀਠਾ ਦੇ 7-8 ਪਿੰਡਾਂ ਭੰਗਾਲੀ ਕਲਾ, ਮਰੜ੍ਹੀ ਕਲਾਂ, ਭੰਗਵਾ, ਕਰਨਾਲਾ, ਪਤਾਲਪੁਰੀ, ਗਾਲੋਵਾਲੀ, ਤਲਵੰਡੀ ਖੁੰਮਣ ਤੇ ਥਰੀਏਵਾਲ ਆਦਿ ਨਾਲ ਸੰਬੰਧਿਤ ਦਿਹਾੜੀਦਾਰ ਕਾਮੇ ਸਨ, ਜੋ ਇੱਟਾਂ ਦੇ ਭੱਠਿਆਂ 'ਤੇ ਕੰਮ ਕਰਦੇ ਸਨ।

ਪਹਿਲਾਂ ਜ਼ਹਿਰੀਲੀ ਸ਼ਰਾਬ ਕਾਰਨ ਵਾਪਰਨ ਵਾਲੀਆਂ ਅਜਿਹੀਆਂ ਘਟਨਾਵਾਂ ਬਿਹਾਰ/ ਯੂ.ਪੀ. ਜਾਂ ਦੇਸ਼ ਦੇ ਪਿਛੜੇ ਇਲਾਕਿਆਂ 'ਚ ਸੁਣਨ ਨੂੰ ਮਿਲਦੀਆਂ ਸਨ, ਪਰ ਹੁਣ ਤਾਂ ਪੰਜਾਬ 'ਚ ਵੀ ਸਾਲ ਕੁ ਬਾਅਦ ਅਜਿਹੀ ਕੋਈ ਨਾ ਕੋਈ ਘਟਨਾ ਜ਼ਰੂਰ ਵਾਪਰ ਜਾਂਦੀ ਹੈ। ਮਜੀਠੇ ਵਾਲੀ ਜ਼ਹਿਰੀਲੀ ਸ਼ਰਾਬ ਵਾਲੀ ਘਟਨਾ ਨੇ ਪੰਜਾਬ ਸਰਕਾਰ ਵਲੋਂ ਛੇੜੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ।

ਹੁਣ ਵਾਪਰੇ ਇਸ ਸ਼ਰਾਬ ਕਾਂਡ ਤੋਂ ਪਹਿਲਾਂ ਸਾਲ 2024 'ਚ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਜ਼ਿਲ੍ਹੇ ਸੰਗਰੂਰ ਅਤੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਦੇ ਹਲਕਿਆਂ 'ਚ 16 ਤੋਂ ਵੱਧ ਮੌਤਾਂ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ ਸਨ। ਜ਼ਹਿਰੀਲੀ ਸ਼ਰਾਬ ਪੀ ਕੇ ਆਪਣੀ ਜਾਨ ਗੁਆਉਣ ਵਾਲੇ ਤਕਰੀਬਨ ਸਾਰੇ ਹੀ ਵਿਅਕਤੀ ਗਰੀਬ ਪਰਿਵਾਰਾਂ ਨਾਲ ਸੰਬੰਧ ਰੱਖਦੇ ਸਨ, ਜਿਹੜੇ ਆਪਣੀਆਂ ਘਰੇਲੂ ਤੇ ਆਰਥਿਕ ਮਜਬੂਰੀਆਂ ਕਾਰਨ ਸਰਕਾਰੀ ਠੇਕਿਆਂ 'ਤੇ ਵਿਕਣ ਵਾਲੀ ਮਹਿੰਗੀ ਸ਼ਰਾਬ ਖਰੀਦਣ ਤੋਂ ਅਸਮਰੱਥ ਸਨ। ਇਸੇ ਹੀ ਗੱਲ ਦਾ ਫ਼ਾਇਦਾ ਉਠਾ ਕੇ ਨਾਜਾਇਜ਼ ਸ਼ਰਾਬ ਬਣਾ ਕੇ ਵੇਚਣ ਵਾਲੇ ਇਨ੍ਹਾਂ ਗਰੀਬ ਬਸਤੀਆਂ 'ਚ ਆਪਣੇ ਘਰੀਂ ਰਸਾਇਣ ਪਾ ਕੇ ਤਿਆਰ ਕੀਤੀ ਗਈ ਸ਼ਰਾਬ ਲੰਮੇ ਸਮੇਂ ਤੋਂ ਸਸਤੇ ਭਾਅ ਵੇਚਣ ਆ ਰਹੇ ਸਨ। ਸ਼ਰਾਬ ਦੇ ਇਨ੍ਹਾਂ ਤਸਕਰਾਂ ਕੋਲ ਸ਼ਰਾਬ ਤਿਆਰ ਕਰਨ ਦਾ ਕੋਈ ਪੈਮਾਨਾ ਵੀ ਨਹੀਂ ਸੀ, ਜਿਸ ਕਰਕੇ ਕਿਸੇ ਰਸਾਇਣ ਦੀ ਵੱਧ ਮਾਤਰਾ ਪਾਉਣ ਕਰਕੇ ਅਜਿਹੀ ਦੁਖਦਾਈ ਘਟਨਾ ਵਾਪਰ ਗਈ ਤੇ ਪੁਲਿਸ ਵਲੋਂ ਕੁਝ ਘੰਟਿਆਂ ਅੰਦਰ ਹੀ ਸ਼ਰਾਬ ਤਿਆਰ ਕਰਨ ਵਾਲਾ ਸਾਰਾ ਸਾਮਾਨ ਵੀ ਬਰਾਮਦ ਕਰ ਲਿਆ ਗਿਆ ਸੀ। ਉਕਤ ਘਟਨਾ 'ਚ ਮਰਨ ਵਾਲੇ ਵਿਅਕਤੀਆਂ 'ਚ 8 ਜਣੇ ਹਲਕਾ ਦਿੜ੍ਹਬਾ ਦੇ ਪਿੰਡ ਗੁੱਜਰਾਂ ਨਾਲ ਸੰਬੰਧ ਰੱਖਦੇ ਸਨ ਅਤੇ 2



ਵਿਅਕਤੀ ਇਸੇ ਹਲਕੇ ਦੇ ਪਿੰਡ ਢੰਡੋਲੀ ਖੁਰਦ ਨਾਲ ਸੰਬੰਧਿਤ ਸਨ। 4 ਵਿਅਕਤੀ ਹਲਕਾ ਸੁਨਾਮ 'ਚ ਪੈਂਦੀ ਰਵਿਦਾਸਪੁਰਾ ਟਿੱਬੀ ਅਤੇ ਇਕ ਇਸੇ ਹਲਕੇ ਦੇ ਪਿੰਡ ਜਖੇਪਲ ਦਾ ਰਹਿਣ ਵਾਲਾ ਸੀ। 16ਵਾਂ ਵਿਅਕਤੀ ਹਲਕਾ ਸਮਾਣਾ ਦਾ ਬਾਸ਼ਿੰਦਾ ਸੀ, ਜਿਹੜਾ ਰਵਿਦਾਸਪੁਰਾ ਟਿੱਬੀ ਵਿਖੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਇਆ ਹੋਇਆ ਸੀ, ਜਿਨ੍ਹਾਂ ਦੀ ਅੱਖਾਂ ਦੀ ਰੌਸ਼ਨੀ ਵੀ ਚਲੀ ਗਈ ਸੀ। ਹੋਰ ਪੀੜਤ ਲੋਕ ਸਰੀਰਕ ਦਿੱਕਤਾਂ ਦਾ ਸਾਹਮਣਾ ਕਰ ਰਹੇ ਹਨ। ਫਿਰ ਵੀ ਇਹ ਮਾਮਲਾ ਕੁਝ ਦਿਨਾਂ ਬਾਅਦ ਠੰਢਾ ਹੋ ਗਿਆ ਅਤੇ ਗਰੀਬ ਲੋਕ ਆਪੋ-ਆਪਣੇ ਘਰਾਂ 'ਚ ਬੈਠ ਗਏ। 2020 ਤੋਂ 2025 ਤੱਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਨਾਲ 180 ਤੋਂ ਵਧੇਰੇ ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਮਰਨ ਵਾਲਿਆਂ ਵਿਚ ਸਾਰੇ ਗ਼ਰੀਬ ਦਿਹਾੜੀਦਾਰ ਹਨ, ਜਿਹੜੇ ਸਾਰੀ ਦਿਹਾੜੀ ਹੱਡ-ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਦੇ ਸਨ।

ਹੁਣ ਇਸੇ ਤਰ੍ਹਾਂ ਹੀ ਮਜੀਠਾ ਵਾਲੇ ਮਾਮਲੇ ਚ ਹੋਵੇਗਾ, ਕਿਉਂਕਿ ਪੰਜਾਬ 'ਚ ਜ਼ਹਿਰੀਲੀ ਸ਼ਰਾਬ ਪੀ ਕੇ ਹੋਣ ਵਾਲੀਆਂ ਮੌਤਾਂ ਨਾਲ ਸੰਬੰਧਿਤ ਮਜੀਠੇ ਵਾਲੀ ਕੋਈ ਪਹਿਲੀ ਜਾਂ ਆਖ਼ਰੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਸਾਲ 2020 'ਚ ਤਰਨ ਤਾਰਨ, ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲਿਆਂ 'ਚ ਜ਼ਹਿਰੀਲੀ ਸ਼ਰਾਬ ਪੀਣ ਕਰਕੇ 131 ਮੌਤਾਂ ਹੋਈਆਂ ਸਨ ਅਤੇ 15 ਲੋਕ ਆਪਣੀਆਂ ਅੱਖਾਂ ਦੀ ਰੌਸ਼ਨੀ ਗਵਾ ਚੁੱਕੇ ਸਨ। ਇਸ ਮਾਮਲੇ 'ਚ 2 ਡੀ. ਐੱਸ. ਪੀ., 4 ਐੱਸ. ਐੱਚ. ਓ., 7 ਆਬਕਾਰੀ ਤੇ ਕਰ ਵਿਭਾਗ ਦੇ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ ਸੀ, ਪਰ ਸਾਰੇ ਬਹਾਲ ਹੋ ਕੇ ਆਪੋ-ਆਪਣੀਆਂ ਨੌਕਰੀਆਂ 'ਤੇ ਆ ਗਏ ਸਨ। ਉਸ ਵੇਲੇ 9 ਮਾਮਲੇ ਦਰਜ ਹੋਏ ਅਤੇ 179 ਲੋਕਾਂ ਨੂੰ ਦੋਸ਼ੀ ਮੰਨਿਆ ਗਿਆ। ਨਕਲੀ ਸ਼ਰਾਬ ਵੇਚਣ ਵਾਲੇ ਕਈ ਦਰਜਨ ਵਿਅਕਤੀ ਪੁਲਿਸ ਦੇ ਹੱਥ ਹੀ ਨਹੀਂ ਲੱਗੇ। ਨਾਜਾਇਜ਼ ਸ਼ਰਾਬ ਵੇਚਣ ਵਾਲੇ ਵਧੇਰੇ ਗਿਣਤੀ ਵਿਚ ਲੋਕ ਜ਼ਮਾਨਤ ਲੈ ਕੇ ਬਾਹਰ ਘੁੰਮ ਰਹੇ ਹਨ। ਇਹ ਘਟਨਾ ਕਾਂਗਰਸ ਸਰਕਾਰ ਸਮੇਂ ਦੀ ਹੈ। ਤੱਤਕਾਲੀ ਸਰਕਾਰ ਨੇ ਪੀੜਤ ਪਰਿਵਾਰਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਸੀ। ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੇਲੇ ਹੋਇਆ ਸ਼ਰਾਬ ਕਾਂਡ ਵੱਖਰੀ ਤਰ੍ਹਾਂ ਦੀ ਜਾਂਚ ਦੀ ਮੰਗ ਕਰ ਰਿਹਾ ਹੈ; ਕਿਉਂਕਿ 3 ਮਹੀਨੇ ਅੰਦਰ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਦਾ ਖ਼ਾਤਮਾ ਕਰਨ ਦਾ ਵਾਅਦਾ ਕਰਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਨਸ਼ਿਆਂ ਦੇ ਕਹਿਰ ਨੂੰ ਰੋਕਣ 'ਚ ਅਸਮਰੱਥ ਤਾਂ ਰਹੀ ਹੀ ਹੈ, ਸਗੋਂ ਨਸ਼ਾ ਤਸਕਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋਏ ਹਨ ਕਿ 'ਯੁੱਧ ਨਸ਼ਿਆਂ ਵਿਰੁੱਧ' ਚਲਦਾ ਹੋਣ ਦੇ ਬਾਵਜੂਦ ਵੀ ਉਹ ਆਪਣੇ ਘਰਾਂ 'ਚ ਸ਼ਰਾਬ ਤਿਆਰ ਕਰਨ ਦੇ ਉਦਯੋਗ ਚਲਾ ਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਸਰਕਾਰ ਅਤੇ ਪ੍ਰਸ਼ਾਸਨ ਨਾਲ ਜੁੜਿਆ ਹਰ ਵਿਅਕਤੀ ਸ਼ਰਾਬ ਦੇ ਇਸ ਕਾਰੋਬਾਰ ਤੋਂ ਜਾਣੂ ਹੋਵੇਗਾ। ਦੂਸਰੇ ਪਾਸੇ ਆਮ ਆਦਮੀ ਪਾਰਟੀ ਜਿਹੜੀ ਕਿ ਪੰਜਾਬ ਚ ਸੱਤਾਧਾਰੀ ਪਾਰਟੀ ਹੈ ਅਤੇ ਉਨ੍ਹਾਂ ਦੇ ਰਾਜ ਦੌਰਾਨ ਜ਼ਹਿਰੀਲੀ ਸ਼ਰਾਬ ਨਾਲ ਸੰਬੰਧਿਤ ਇਹ ਦੂਸਰੀ ਘਟਨਾ ਹੈ, ਜਦਕਿ ਸਿੰਥੈਟਿਕ ਨਸ਼ਿਆਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਅਣਗਣਿਤ ਹਨ। ਅਕਸਰ ਇਹ ਸਭ ਕੁਝ ਸਿਆਸੀ ਸ਼ਹਿ 'ਤੇ ਹੀ ਚੱਲਦਾ ਹੈ। ਸ਼ਰਾਬ ਤਸਕਰਾਂ ਦੀ ਰਾਜਨੀਤਕ ਪਹੁੰਚ ਹੋਣ ਕਰਕੇ ਕੋਈ ਉਨ੍ਹਾਂ ਨੂੰ ਹੱਥ ਪਾਉਣ ਨੂੰ ਤਿਆਰ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਦਾ ਬਿਨਾਂ ਕਿਸੇ ਰੋਕ-ਟੋਕ ਤੋਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਚੱਲਦਾ ਰਹਿੰਦਾ ਹੈ। ਲੋਕਾਂ ਨੂੰ ਜਿਸ ਦਾ ਡਰ ਸੀ, ਅਖੀਰ 'ਚ ਉਹੀ ਘਟਨਾ ਵਾਪਰਨ ਤੋਂ ਬਾਅਦ ਪ੍ਰਸ਼ਾਸਨ ਹਰਕਤ 'ਚ ਆਇਆ। ਜ਼ਹਿਰੀਲੇ ਸ਼ਰਾਬ ਕਾਂਡ ਮਾਮਲੇ ਚ ਮੁਜ਼ਰਮਾਂ ਨੂੰ ਫੜ ਕੇ ਜੇਲ੍ਹ ਭੇਜਣ ਜਾਂ ਕੇਸ ਦਰਜ ਕਰਨ ਨਾਲ ਮਸਲੇ ਦਾ ਕੋਈ ਹੱਲ ਨਹੀਂ ਹੋਣਾ, ਸਗੋਂ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਕਿ ਕਿਹੜੇ ਸਿਆਸੀ ਵਿਅਕਤੀਆਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਜ਼ਹਿਰੀਲੀ ਸ਼ਰਾਬ ਦਾ ਇਹ ਕਾਰੋਬਾਰ ਚਲਾਇਆ ਜਾ ਰਿਹਾ ਸੀ। ਅਜਿਹੇ ਅਨਸਰਾਂ ਦੇ ਖ਼ਿਲਾਫ਼ ਨਿਰੰਤਰ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਅਦਾਲਤੀ ਅਮਲ ਰਾਹੀਂ ਤੇਜ਼ੀ ਨਾਲ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ।

********

## ਕੀ ਧਰਤੀ ਦੇ ਜੀਵਨ ਦਾ ਅੰਤ ਹੋਵੇਗਾ ?

### ✪ ਨਵੀਂ ਖੋਜ ਅਨੁਸਾਰ ਇੱਕ ਅਰਬ ਸਾਲਾਂ ਵਿੱਚ ਰੁੱਖ ਸੁਆਹ ਬਣ ਜਾਣਗੇ !

ਟੋਕੀਓ-ਜਾਪਾਨ ਦੀ ਤੋਹੋ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਸੁਪਰ ਕੰਪਿਊਟਰ ਦੀਆਂ ਗਣਨਾਵਾਂ ਦੇ ਅਧਾਰ 'ਤੇ ਦੁਨੀਆਂ ਦੇ ਅੰਤ ਬਾਰੇ ਨਵਾਂ ਦਾਅਵਾ ਕੀਤਾ ਹੈ। ਇਹ ਖੋਜ ਦੱਸਦੀ ਹੈ ਕਿ ਅਗਲੇ ਇੱਕ ਅਰਬ ਸਾਲਾਂ ਵਿੱਚ ਧਰਤੀ 'ਤੇ ਸਾਹ ਲੈਣ ਵਾਲੀ ਆਕਸੀਜਨ ਖਤਮ ਹੋ ਜਾਵੇਗੀ। ਆਕਸੀਜਨ ਦੀ ਘਾਟ ਕਾਰਨ ਧਰਤੀ 'ਤੇ ਜੀਵਨ ਅਸੰਭਵ ਹੋ ਜਾਵੇਗਾ ਅਤੇ ਸਭ ਕੁਝ ਖਤਮ ਹੋ ਜਾਵੇਗਾ। ਵਿਗਿਆਨੀਆਂ ਦਾ ਕਹਿਣਾ ਹੈ ਕਿ ਨਾਸਾ ਦੇ ਗ੍ਰਹਿ ਮਾਡਲਿੰਗ ਦੀ ਵਰਤੋਂ ਨਾਲ ਇਹ ਅਧਿਐਨ ਕੀਤਾ ਗਿਆ, ਜੋ ਦੱਸਦਾ ਹੈ ਕਿ ਇੱਕ ਅਰਬ ਸਾਲਾਂ ਬਾਅਦ



ਕਿਆਮਤ ਆ ਜਾਵੇਗੀ। ਇਸ ਤੋਂ ਪਹਿਲਾਂ ਦੇ ਅਧਿਐਨ ਦੋ ਅਰਬ ਸਾਲਾਂ ਵਿੱਚ ਧਰਤੀ ਤੋਂ ਜੀਵਨ ਖਤਮ ਹੋਣ ਦਾ ਦਾਅਵਾ ਕਰਦੇ ਸਨ। ਇਹ ਅਧਿਐਨ ਧਰਤੀ ਦੇ ਵਾਯੂਮੰਡਲ ਦੇ ਵਿਕਾਸ ਦੀਆਂ ਸੰਭਾਵਨਾਵਾਂ 'ਤੇ ਅਧਾਰਿਤ ਹੈ। ਪਤਾ ਲੱਗਿਆ ਕਿ ਸੂਰਜ ਦੇ ਬੁੱਢਾ ਹੋਣ ਨਾਲ ਉਹ ਜ਼ਿਆਦਾ ਗਰਮ ਹੋਵੇਗਾ। ਇਸ ਦਾ ਅਸਰ ਧਰਤੀ ਦੇ ਮੌਸਮ 'ਤੇ ਪਵੇਗਾ। ਗਰਮੀ ਵਧੇਗੀ ਤਾਂ ਪਾਣੀ ਭਾਫ਼ ਬਣ ਕੇ ਉੱਡ ਜਾਵੇਗਾ। ਸਤ੍ਹਾ ਦਾ ਤਾਪਮਾਨ ਵਧੇਗਾ ਅਤੇ ਕਾਰਬਨ ਚੱਕਰ ਕਮਜ਼ੋਰ ਹੋ ਜਾਵੇਗਾ। ਇਸ ਨਾਲ ਬੂਟੇ ਮਰ ਜਾਣਗੇ ਅਤੇ ਆਕਸੀਜਨ ਦਾ ਉਤਪਾਦਨ ਰੁਕ ਜਾਵੇਗਾ। ਵਾਯੂਮੰਡਲ ਮੀਥੇਨ ਨਾਲ ਭਰ ਜਾਵੇਗਾ।

ਧਰਤੀ ਤੋਂ ਜੀਵਨ ਖਤਮ ਹੋਣ ਬਾਰੇ ਦੱਸਣ ਵਾਲਾ ਇਹ ਅਧਿਐਨ ਨੇਚਰ ਜੀਓਸਾਇੰਸ ਵਿੱਚ ਪ੍ਰਕਾਸ਼ਿਤ ਹੋਇਆ ਹੈ। ਇਸ ਦਾ ਸਿਰਲੇਖ ਹੈ 'ਦ ਫਿਊਚਰ ਲਾਈਫਸਪੈਨ ਆਫ ਅਰਥਸ ਆਕਸੀਜਨੇਟਡ ਐਟਮਾਸਫੀਅਰ'। ਅਧਿਐਨ ਵਿੱਚ ਪਾਇਆ ਗਿਆ ਕਿ ਧਰਤੀ ਦੇ ਆਕਸੀਜਨ ਵਾਲੇ ਵਾਯੂਮੰਡਲ ਦਾ ਭਵਿੱਖ ਇੱਕ ਅਰਬ ਸਾਲ ਹੈ। ਜਾਪਾਨ ਦੇ ਸਹਾਇਕ ਪ੍ਰੋਫੈਸਰ ਕਾਜ਼ੂਮੀ ਓਜ਼ਾਕੀ ਨੇ ਕਿਹਾ ਕਿ ਕਈ ਸਾਲਾਂ ਤੋਂ ਧਰਤੀ ਦੇ ਬਾਇਓਸਫੀਅਰ ਦੀ ਉਮਰ 'ਤੇ ਵਿਗਿਆਨਕ ਗਿਆਨ ਦੇ ਅਧਾਰ 'ਤੇ ਚਰਚਾ ਹੋ ਰਹੀ ਹੈ। ਇਸ ਵਿੱਚ ਸੂਰਜ ਦੀ ਚਮਕ ਅਤੇ ਗਲੋਬਲ ਕਾਰਬੋਨੇਟ-ਸਿਲੀਕੇਟ ਜੀਓਕੈਮੀਕਲ ਚੱਕਰ ਸ਼ਾਮਲ ਹਨ। ਇੱਕ ਅਰਬ ਸਾਲਾਂ ਵਿੱਚ ਆਕਸੀਜਨ ਤੇਜ਼ੀ ਨਾਲ ਖਤਮ ਹੋ ਜਾਵੇਗੀ।

# ਜੀ ਏ ਡੀ ਖਾਲਸਾ ਕਬੱਡੀ ਕਲੱਬ ਡਰਬੀ ਵੱਲੋਂ ਕਰਵਾਇਆ ਸਫਲ ਟੂਰਨਾਮੈਂਟ

## ਫਸਵੇਂ ਮੁਕਾਬਲਿਆਂ 'ਚੋਂ ਸਿੱਖ ਟੈਂਪਲ ਵੁਲਵਰਹੈਂਪਟਨ-ਮਿਡਵੇ ਜੇਤੂ ਅਤੇ ਈਰਥ ਵੂਲਿਚ-ਸਾਊਥਾਲ ਟੀਮ ਦੂਜੇ ਸਥਾਨ 'ਤੇ ਰਹੀ

**ਛੋਟਾ ਨਾਥ ਸਰਵੋਤਮ ਧਾਵੀ ਅਤੇ ਧਾਕੜ ਗੋਗੜੀਆ ਸਰਵੋਤਮ ਜਾਫੀ - ਡਰਬੀ ਕਬੱਡੀ ਕਲੱਬ ਵੱਲੋਂ ਫੈਡਰੇਸ਼ਨ, ਕਲੱਬਾਂ ਅਤੇ ਸਮੂਹ ਸਹਿਯੋਗੀਆਂ ਦਾ ਧੰਨਵਾਦ**



**ਜਾਰੀ ਕਰਤਾ: GAD KHALSA KABADDI CLUB DERBY**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

**ਮੂਲ ਕਹਾਣੀ: ਜੈਅੰਤ ਕੁਮਾਰ ਨਾਥ**
**ਪੰਜਾਬੀ ਅਨੁਵਾਦ: ਰਵਿੰਦਰ ਸਿੰਘ ਸੋਢੀ**

## ਅੰਗਰੇਜ਼ੀ ਕਹਾਣੀ ਦਾ ਅਨੁਵਾਦ

# ਚਿੜੀ ਦਾ ਆਲ੍ਹਣਾ

ਰੂਪਾ ਉਥੇ ਇਕੱਲੀ ਹੀ ਬੈਠੀ ਸੀ, ਸਿੱਧੂ ਉਸ ਤੋਂ ਥੋਹੜੀ ਦੂਰ ਗੰਗਾ ਦਰਿਆ ਵੱਲ ਮੂੰਹ ਕਰੀ ਸਿਗਰਟ ਪੀ ਰਿਹਾ ਸੀ। ਸ਼ਾਮ ਦਾ ਸਮਾਂ ਹੋਣ ਕਰਕੇ ਅਸਮਾਨ ਦੇ ਹੀ ਰੰਗ ਵਿਚ ਦਰਿਆ ਦਾ ਪਾਣੀ ਵੀ ਸੰਤਰੇ ਰੰਗੀ ਭਾ ਮਾਰ ਰਿਹਾ ਸੀ। ਸਿੱਧੂ ਨੇ ਦਿਲ ਦੀ ਗੱਲ ਕਹਿਣ ਲਈ ਆਪਣੇ ਵੱਲੋਂ ਅਸਫਲ ਜਿਹੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਰੂਪਾਂ ਵੱਲੋਂ ਕੋਈ ਹੁੰਗਾਰਾ ਨਾ ਮਿਲਿਆ। ਉਸ ਨੇ ਰੂਪਾ ਲਈ ਭੁੰਨੇ ਚੌਲਾਂ ਦਾ ਮਸਾਲੇਦਾਰ ਪੈਕਟ ਲਿਆਂਦਾ ਅਤੇ ਉਥੋਂ ਚਲਾ ਗਿਆ.

ਉਸ ਨੇ ਰੂਪਾ ਨਾਲ ਵਧੀਆ ਢੰਗ ਨਾਲ ਕੁਝ ਗੱਲਬਾਤ ਕੀਤੀ ਸੀ ਜੋ ਰੂਪਾ ਨੂੰ ਚੰਗੀ ਲੱਗੀ।ਉਸ ਨੇ ਆਪਣੇ ਵੱਲੋਂ ਸਾਰੀਆਂ ਗੱਲਾਂ ਦੱਸਣ ਦੀ ਕੋਸ਼ਿਸ਼ ਕੀਤੀ ਅਤੇ ਗੱਲਬਾਤ ਨੂੰ ਅਸਰਦਾਰ ਬਣਾਉਣ ਲਈ ਕੁਝ ਹਾਸੇ-ਮਜ਼ਾਕ ਦਾ ਸਹਾਰਾ ਵੀ ਲਿਆ। ਰੂਪਾ ਨੇ ਵੀ ਉਸ ਨੂੰ ਧਿਆਨ ਨਾਲ ਸੁਣਿਆ। ਉਹ ਕੁਝ ਆਪਣੇ ਆਪ ਵਿਚ ਹੀ ਰਹਿਣ ਵਾਲੀ ਸੀ। ਇਸ ਲਈ ਉਹ ਆਪਣੇ ਪਤੀ ਨੂੰ ਪਸੰਦ ਕਰਦੀ ਸੀ। ਪਰ ਇਹ ਤਾਂ ਦੋ ਦਹਾਕੇ ਪਹਿਲਾਂ ਦੀ ਗੱਲ ਸੀ। ਦੀਪ ਉਸ ਵੇਲੇ ਛੋਟਾ ਹੀ ਸੀ। ਉਹ ਜਿਆਦਾ ਆਪਣੀਆਂ ਖੇਡਾਂ ਵਿਚ ਹੀ ਮਸਤ ਰਹਿੰਦਾ ਜਾਂ ਆਪਣੇ ਪਿਆਰੇ-ਪਿਆਰੇ ਵੱਖਰੇ ਅੰਦਾਜ਼ਾਂ ਨਾਲ ਹੋਰ ਘੁੰਮਣ ਵਾਲਿਆਂ ਦਾ ਦਿਲ ਵੀ ਲਾਈ ਰੱਖਦਾ। ਇਹ ਉਹਨਾਂ ਦੇ ਹਫ਼ਤੇ ਦੇ ਆਖਰੀ ਦਿਨਾਂ ਦੌਰਾਨ ਘਰੋਂ ਬਾਹਰ ਘੁੰਮਣ-ਫਿਰਨ ਦੌਰਾਨ ਹੁੰਦਾ। ਉਹਨਾਂ ਦੀਆਂ ਦੋ ਹੀ ਪਸੰਦ ਦੀਆਂ ਥਾਂਵਾਂ ਸੀ, ਇਕ ਵਿਕਟੋਰੀਆ ਮੇਮੋਰਿਅਲ ਦੇ ਸਾਹਮਣੇ ਵਾਲਾ ਮੈਦਾਨ ਅਤੇ ਦੂਜਾ ਗੰਗਾ ਦਾ ਘਾਟ, ਜੋ ਕਿ ਮੈਦਾਨ ਤੋਂ ਥੋਹੜੀ ਹੀ ਦੂਰ ਸੀ। ਰੂਪਾ ਦੇ ਦਿਲ ਵਿਚ ਉਹਨਾਂ ਦਿਨਾਂ ਦੀਆਂ ਕਈ ਯਾਦਾਂ ਵਸੀਆਂ ਹੋਈਆਂ ਸੀ।

ਲੰਘ ਚੁੱਕੇ ਸਮੇਂ ਸੰਬੰਧੀ ਸੋਚ ਕੇ ਉਹ ਉਦਾਸ ਹੋ ਗਈ। ਕੀ ਸਿੱਧੂ ਨੂੰ ਹੀ ਸਭ ਕੁਝ ਲਈ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ? ਉਹਨਾਂ ਵਿਚ

ਕੁਝ ਵੀ ਤਾਂ ਸਾਂਝਾ ਨਹੀਂ ਸੀ। ਕਾਲਜ ਛੱਡਣ ਤੋਂ ਦੋ ਸਾਲ ਬਾਅਦ, ਰੂਪਾ ਆਪਣੇ ਹੀ ਕਾਲਜ ਵਿਚ ਜੂਨੀਅਰ ਲੈਕਚਰਾਰ ਲੱਗ ਗਈ।

ਲੰਬੇ ਕੱਦ ਵਾਲੀ ਪਤਲੀ ਅਤੇ ਗੋਰੇ ਰੰਗ ਦੀ ਬ੍ਰਾਹਮਣਾਂ ਦੀ ਕੁੜੀ ਨੂੰ ਚੰਗੇ ਮੁੰਡਿਆਂ ਦੀ ਕੋਈ ਘਾਟ ਨਹੀਂ ਸੀ, ਪਰ ਉਸਦਾ ਮਨਪਸੰਦ ਮੁੰਡਾ ਪੱਕੇ ਰੰਗ ਦਾ, ਮਧਰਾ ਕੱਦ, ਸਰੀਰ ਵੱਲੋਂ ਕੁਝ ਭਾਰੀ ਅਤੇ ਘੁੰਗਰਾਲੇ ਵਾਲਾਂ ਵਾਲਾ ਸੀ। ਉਹ ਆਪਣਾ ਕਾਰੋਬਾਰ ਕਰਦਾ ਹੋਇਆ ਡੂੰਘੇ ਸਮੁੰਦਰ ਨੂੰ ਮੱਛੀਆਂ ਫੜਨ ਵਾਲੀ ਕਿਸ਼ਤੀ ਨਾਲ ਹੀ ਜਿੱਤਣ ਦੀ ਕੋਸ਼ਿਸ਼ ਵਿਚ ਸੀ।

ਇਸੇ ਦੌਰਾਨ ਉਹਨਾਂ ਦੋਹਾਂ ਨੇ ਜ਼ਿੰਦਗੀ ਦੇ ਹਮਸਫ਼ਰ ਬਣਨ ਦਾ ਫੈਸਲਾ ਕਰ ਲਿਆ। ਦੋਹਾਂ ਦੇ ਪਰਿਵਾਰਾਂ ਨੇ ਇਸ ਰਿਸ਼ਤੇ ਨੂੰ ਮਨਜ਼ੂਰ ਨਾ ਕੀਤਾ।

ਉਹਨਾਂ ਦਾ ਬੇਟਾ ਦੋ ਸਾਲ ਦਾ ਹੀ ਸੀ ਕਿ ਸਿੱਧੂ ਦੇ ਘਰ ਦਿਆਂ ਨੇ ਉਸਦੇ ਪਰਿਵਾਰ ਨੂੰ ਸਵੀਕਾਰ ਕਰ ਲਿਆ। ਹੋਰ ਦੋ ਕੁ ਸਾਲ ਬਾਅਦ ਰੂਪਾ ਦਾ ਪਰਿਵਾਰ ਵੀ ਉਹਨਾਂ ਨਾਲ ਮਿਲਣ-ਜੁਲਣ ਲੱਗ ਪਿਆ। ਪਰ ਸ਼ਾਇਦ ਕਿਸਮਤ ਨੂੰ ਉਹਨਾਂ ਲਈ ਕੁਝ ਹੋਰ ਹੀ ਮਨਜ਼ੂਰ ਸੀ।

ਜਦੋਂ ਦੀਪ ਪੰਜ ਸਾਲਾਂ ਦਾ ਹੋਇਆ ਤਾਂ ਉਹ ਕਿਸੇ ਵੀ ਕੰਮ ਵੱਲ ਧਿਆਨ ਨਾ ਦੇਣ ਦੀ ਭੈੜੀ ਬਿਮਾਰੀ ਦਾ ਸ਼ਿਕਾਰ ਹੋ ਗਿਆ। ਇਸ ਬਦਲਦੇ ਹਾਲਾਤ ਵਿਚ ਰੂਪਾ ਨੇ ਆਪਣੇ-ਆਪ ਨੂੰ ਘਰ ਦੀ ਸੰਭਾਲ ਤੱਕ ਹੀ ਮਹਿਦੂਦ ਕਰ ਲਿਆ ਅਤੇ ਸਿੱਧੂ ਆਪਣੇ ਕਾਰੋਬਾਰ ਨੂੰ ਹੋਰ ਵਧਾਉਣ ਵਿਚ ਲੱਗਿਆ ਰਿਹਾ। ਇਸ ਨਵੇਂ ਹਾਲਾਤ ਕਾਰਨ ਉਹ ਦੋਵੇਂ ਇਕ ਦੂਜੇ ਤੋਂ ਦੂਰ ਹੋਣ ਲੱਗੇ, ਜਿਵੇਂ ਦੋ ਗੱਡੀਆਂ ਇਕੋ ਸਟੇਸ਼ਨ ਤੋਂ ਚਲਣ ਦੇ ਬਾਵਜੂਦ ਵੀ ਅਲੱਗ-ਅਲੱਗ ਰਸਤੇ ‘ਤੇ ਜਾ ਰਹੀਆਂ ਹੋਣ। ਉਹ ਇਸ ਗੱਲ ਤੋਂ ਅਣਜਾਣ ਹੀ ਰਹੇ ਕਿ ਉਹਨਾਂ ਦੀ ਆਪਸੀ ਖਿਚੋਤਾਣ ਦਾ ਅਸਲੀ ਕਾਰਨ ਵਿਚਾਰਾਂ ਵਿਚ ਮੱਤ ਭੇਦ ਹੋਣਾ ਨਹੀਂ ਸਗੋਂ ਜਿਸਮਾਨੀ ਤੌਰ ‘ਤੇ ਇਕ ਦੂਜੇ ਤੋਂ ਦੂਰ ਹੋਣ ਸੀ।

ਦੱਸ ਕੁ ਸਾਲ ਬਾਅਦ ਦੀਪ ਦੀ ਬਿਮਾਰੀ ਠੀਕ ਹੋ ਗਈ ਅਤੇ ਉਹ ਆਪਣੇ ਬੋਰਡ ਪੇਪਰਾਂ ਦੀ ਤਿਆਰੀ ਵੀ ਕਰ ਰਿਹਾ ਸੀ। ਉਸ ਸਮੇਂ ਸਿੱਧੂ ਦੀ ਮਾਂ ਨੂੰ ਦਿਮਾਗੀ ਸਟਰੋਕ ਹੋ ਗਿਆ।

ਮਹੀਨੇ ਕੁ ਵਿਚ ਹੀ ਉਹ ਭਾਵੇਂ ਠੀਕ ਹੋ ਗਈ, ਪਰ ਉਸਦੇ ਸਰੀਰ ਦਾ ਇਕ ਪਾਸਾ ਮਾਰਿਆ ਗਿਆ। ਇਸ ਤੋਂ ਪਹਿਲਾਂ ਉਹ ਹਮੇਸ਼ਾ ਹੀ ਰੂਪਾ ਨੂੰ ਇਹ ਅਹਿਸਾਸ ਕਰਵਾਉਂਦੀ ਰਹਿੰਦੀ ਸੀ ਕਿ ਘਰ ਵਿਚ ਉਸਦੀ ਹੀ ਸਰਦਾਰੀ ਹੈ, ਪਰ ਹੁਣ ਉਹ ਆਪਣੀ ਨੂੰਹ ਰੂਪਾ ‘ਤੇ ਹੀ ਨਿਰਭਰ ਹੋ ਕੇ ਰਹਿ ਗਈ ਸੀ। ਜਦੋਂ ਸਿੱਧੂ ਨੇ ਇਹ ਸਲਾਹ ਦਿੱਤੀ ਕਿ ਉਸ ਦੀ ਬਿਮਾਰ ਮਾਂ ਨੂੰ ਉਸਦੀ ਕਿਸੇ ਭੈਣ ਦੇ ਘਰ ਭੇਜ ਦਿੱਤਾ ਜਾਵੇ ਤਾਂ ਰੂਪਾਂ ਨੇ ਇਸ ਗੱਲ ਦਾ ਜ਼ੋਰਦਾਰ ਢੰਗ ਨਾਲ ਵਿਰੋਧ ਕੀਤਾ। ਉਹਨਾਂ ਦੋਹਾਂ ਨੇ ਵਿਅਕਤੀਗਤ ਤੌਰ ‘ਤੇ ਹਾਲਾਤ ਦਾ ਸਾਹਮਣਾ ਕਰਨ ਦਾ ਯਤਨ ਕੀਤਾ, ਪਰ ਉਹ ਇਕ-ਦੂਜੇ ਤੋਂ ਹੋਰ ਦੂਰ ਹੋ ਗਏ। ਉਹਨਾਂ ਦੀ ਹਾਲਤ ਉੱਚੀਆਂ ਉੱਡ ਰਹੀਆਂ ਦੋ ਪਤੰਗਾ ਵਰਗੀ ਸੀ ਜੋ ਇਕ ਦੂਜੇ ਤੋਂ ਬਹੁਤ ਦੂਰ ਹੋਣ।

ਉਹਨਾਂ ਦਾ ਬੇਟਾ ਦੀਪ ਆਪਣੀ ਅਗਲੇਰੀ ਪੜਾਈ ਲਈ ਵਿਦੇਸ਼ ਚਲਿਆ ਗਿਆ। ਛੇ ਸਾਲ ਦਾ ਲੰਬਾ ਅਰਸਾ ਬੀਤ ਗਿਆ, ਪਰ ਰੂਪਾ ਦੀ ਸੱਸ ਮੰਜੇ ਜੋਗੀ ਹੀ ਰਹਿ ਗਈ ਸੀ। ਰੂਪਾ ਬਦਲੇ ਹਾਲਾਤ ਨੂੰ ਆਪਣੇ ਅਨੁਸਾਰ ਸੁਲਝਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਉਸ ਨੂੰ ਇਹ ਮਹਿਸੂਸ ਕਰਦੇ ਬਹੁਤਾ ਸਮਾਂ ਨਾ ਲੱਗਿਆ ਕਿ ਸਿੱਧੂ ਹੁਣ ਹੋਰ ਖੰਭਾ ‘ਤੇ ਉੱਡਣ ਲੱਗ ਪਿਆ ਸੀ। ਇਹ ਇਕ ਅਜਿਹੀ ਕੀਮਤੀ ਚੀਜ਼ ਦਾ ਨੁਕ-ਸਾਨ ਸੀ ਜਿਸ ਨੂੰ ਰੂਪਾ ਬਰਦਾਸ਼ਤ ਨਹੀਂ ਸੀ ਕਰ ਸਕਦੀ।

ਸੁਨੀਤਾ ਦੋ ਕੁ ਸਾਲ ਪਹਿਲਾਂ ਹੀ ਸਿੱਧੂ ਦੇ ਦਫ਼ਤਰ ਵਿਚ ਕੰਮ ਕਰਨ ਲੱਗੀ ਸੀ। ਉਸ ਸਮੇਂ ਉਸਦੀ ਤੁਸ਼ਾਰ ਨਾਲ ਮੰਗਣੀ ਹੋ ਚੁੱਕੀ ਸੀ। ਰੂਪਾ ਉਹਨਾਂ ਦੋਹਾਂ ਨੂੰ ਪਾਰਟੀਆਂ ਜਾਂ ਗ਼ੈਰ ਦਫ਼ਤਰੀ ਇਕੱਠਾਂ ਵਿਚ ਹਮੇਸ਼ਾ ਇਕ ਦੂਜੇ ਨਾਲ ਹੀ ਦੇਖਦੀ। ਉਸ ਨੂੰ ਦੋਹਾਂ ਦੀ ਜੋੜੀ ਬਹੁਤ ਪਸੰਦ ਸੀ ਅਤੇ ਦੋਹਾਂ ਨੂੰ ਆਪਣੇ ਘਰ ਆਉਣ ਦਾ ਸੱਦਾ ਵੀ ਦਿੱਤਾ ਸੀ।

ਦੀਪ ਦੇ ਜਾਣ ਤੋਂ ਪੰਦਰਾਂ ਦਿਨ ਪਹਿਲਾਂ ਸੁਨੀਤਾ ਅਤੇ ਤੁਸ਼ਾਰ ਦਾ ਵਿਆਹ ਹੋ ਗਿਆ। ਰੂਪਾ ਅਤੇ ਸਿੱਧੂ ਨੇ ਉਹਨਾਂ ਦੇ ਵਿਆਹ ਦੀ ਪਾਰਟੀ ਦੀ ਮੇਜ਼ਬਾਨੀ ਕੀਤੀ। ਜਲਦੀ ਹੀ ਰੂਪਾ ਨੇ ਭਾਂਪ ਲਿਆ ਕਿ ਸੁਨੀਤਾ ਆਪਣੀ ਨੌਕਰੀ ਵਿਚ ਅਗੇ ਵੱਧਣ ਲਈ ਸਿੱਧੂ ਨਾਲ ਕੁਝ ਜ਼ਿਆਦਾ ਹੀ ਖੁੱਲ੍ਹਾ ਲੈ ਰਹੀ ਹੈ। ਇਸ ਨਾਲ ਰੂਪਾਂ ਦੇ ਦਿਲ ਵਿਚੋਂ ਮਨੁੱਖਤਾ ਵਿਚ ਵਿਸ਼ਵਾਸ ਹੀ ਖਤਮ ਹੋ ਗਿਆ।

ਅਚਾਨਕ ਰੂਪਾ ਨੂੰ ਮਹਿਸੂਸ ਹੋਇਆ ਕਿ ਅਖੀਰ ਵਿਚ ਉਹ ਕੁੜੀ ਉਸ ਕੋਲ ਆ ਹੀ ਗਈ ? ਉਹ, ਉਸ ਕੁੜੀ ਨੂੰ ਕਿੰਨੀ ਦੇਰ ਤੋਂ ਨਿਹਾਰ ਰਹੀ ਸੀ। ਉਹ ਦੇਵੀ ਦੀਆਂ ਖਿਲਰੀਆਂ ਮੂਰਤੀਆਂ ਦੇ ਪਿੱਛੋਂ ਬਾਹਰ ਆਈ, ਜਿਹੜੀਆਂ ਘਾਟ ਦੇ ਪਰਲੇ ਪਾਸੇ ਪਈਆਂ ਸਨ ਅਤੇ ਗੰਗਾ ਦਰਿਆ ਵਿਚ ਰੋੜ੍ਹਨ ਤੋਂ ਬਾਅਦ ਕੱਢੀਆਂ ਗਈਆਂ ਸੀ। ਉਹ ਕੁੜੀ ਚਾਰ ਕੁ ਸਾਲ ਦੀ ਬੱਚੀ ਸੀ। ਇਹ ਉਸ ਲਈ ਅਸਾਨ ਜਿਹਾ ਹੀ ਕੰਮ ਸੀ। ਉਹ ਘਾਟ ਤੇ ਬੈਠੇ ਕਿਸੇ ਵੀ ਯਾਤਰੀ ਨੂੰ ਜਾ ਕੇ ਉਹ ਮੂਰਤੀਆਂ ਦਿੰਦੀ ਅਤੇ ਬਦਲੇ ਵਿਚ ਖਾਣ ਦੀਆਂ ਚੀਜ਼ਾਂ, ਟੌਫੀਆਂ, ਆਈਸ ਕਰੀਮ ਆਦਿ ਲੈਂਦੀ। ਉਸ ਚਾਰ ਕੁ ਸਾਲ ਦੀ ਬੱਚੀ ਨੇ ਅਜਿਹਾ ਕਈ ਬਾਰ ਕੀਤਾ ਅਤੇ ਰੂਪਾ ਬੇਸਬਰੀ ਨਾਲ ਆਪਣੀ ਬਾਰੀ ਦਾ ਇੰਤਜ਼ਾਰ ਕਰ ਰਹੀ ਸੀ।

ਹੁਣ ਜਦੋਂ ਉਹ ਕੁੜੀ ਰੂਪਾ ਕੋਲ ਆਈ ਤਾਂ ਰੂਪਾ ਨੇ ਉਸ ਨੂੰ ਚੰਗੀ ਤਰਾਂ ਦੇਖਿਆ। ਆਂਡੇ ਦੀ ਗੁਲਾਈ ਵਰਗਾ ਭੂਰਾ ਚਿਹਰਾ, ਗੋਲ ਅੱਖਾਂ, ਛੋਟਾ ਜਿਹਾ ਤਿੱਖਾ ਨੱਕ ਅਤੇ ਪਤਲੇ ਬੁੱਲ੍ਹ। ਰੂਪਾ ਨੂੰ ਉਹ ਚਿੜੀ ਵਰਗੀ ਲੱਗੀ। ਧਿਆਨ ਨਾਲ ਦੇਖਣ ‘ਤੇ ਉਸਦੇ ਚਿਹਰੇ ‘ਤੇ ਇਕ ਨਿਸ਼ਾਨ ਦਿੱਖਿਆ। ਇਹ ਅਸਲ ਵਿਚ ਉਸਦੇ ਨੱਕ ਵਿਚੋਂ ਨਿਕਲਿਆ ਚਿਪਚਿਪਾ ਜਿਹਾ ਪਦਾਰਥ ਸੀ ਜੋ ਉਸ ਨੇ ਸਾਫ ਕਰਨ ਦਾ ਯਤਨ ਤਾਂ ਕੀਤਾ, ਪਰ ਫੇਰ ਵੀ ਉਸਦਾ ਨਿਸ਼ਾਨ ਚਿਹਰੇ ‘ਤੇ ਪੈ ਗਿਆ। ਉਸਦੇ ਘੁੰਗਰਾਲੇ ਵਾਲਾਂ ਵਿਚ ਮਟਮੈਲੇ ਜਿਹੇ ਰੰਗ ਦੀ ਇਕ ਲਿਟ ਸੀ। ਅਸਲ ਵਿਚ ਦੇਵੀ ਦੀ ਮੂਰਤੀ ਦੀ ਪੈਰਾਂ ‘ਤੇ ਲੱਗੀ ਹੋਈ ਸੁੱਕੀ ਮਿੱਟੀ ਉਸਦੇ ਵਾਲਾਂ ਵਿਚ ਲੱਗੀ ਹੋਈ ਸੀ। ਉਹ ਆਪਣੀਆਂ ਮੁੱਠੀਆਂ ਬੰਦ ਕਰੀ ਉਸਦੇ ਕੋਲ ਖੜੀ ਸੀ। ਜਦੋਂ ਉਸ ਨੇ ਰੂਪਾ ਕੋਲ ਆ ਕੇ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸਦੇ ਸ਼ਰਮਾਕਲ ਜਿਹੇ ਬੁੱਲ੍ਹ ਕੰਬ ਰਹੇ ਸੀ।

ਰੂਪਾਂ ਨੂੰ ਉਸ ਬੱਚੀ ਦੀ ਕੋਈ ਗੱਲ ਸਮਝ ਨਾ ਆਈ। ਰੂਪਾ ਨੇ ਉਸ ਨੂੰ ਆਪਣੇ ਕੋਲ ਆਉਣ ਲਈ ਕਿਹਾ ਅਤੇ ਉਸਦੀ ਬਾਂਹ ਪਕੜ ਕੇ ਆਪਣੇ ਕੋਲ ਹੀ ਬਿਠਾ ਲਿਆ। ਜਦੋਂ ਉਹ ਕੁਝ ਸਹਿਜ ਹੋਈ ਤਾਂ ਰੂਪਾ ਨੇ ਉਸ ਨੂੰ ਕਿਹਾ, “ਮੈਨੂੰ ਤੇਰੀ ਕਿਸੇ ਗੱਲ ਦੀ ਸਮਝ ਨਹੀਂ ਪਈ, ਹੌਲੀ-ਹੌਲੀ ਬੋਲ।“ ਬੱਚੀ ਨੇ ਹਾਂ ਵਿਚ ਸਿਰ ਹਿਲਾਇਆ। ਰੂਪਾਂ ਨੇ ਪੁੱਛਿਆ, “ਤੇਰਾ ਨਾਂ ਕੀ ਹੈ?”

‘ਮਿੱਠੀ”, ਬੱਚੀ ਨੇ ਜੁਆਬ ਦਿੱਤਾ। “ਮੈਂ ਬਹੁਤ ਮਿੱਠੀ ਹਾਂ।“

“ਹਾਂ, ਬਿਨਾਂ ਸਕ ਤੂੰ ਬਹੁਤ ਹੀ ‘ਮਿੱਠੀ’ ਹੈਂ। ਤੇਰੇ ਹੱਥਾਂ ਵਿਚ ਕੀ ਹੈ? ਕੀ ਇਹ ਮੇਰੇ ਲਈ ਹੈ?”

ਮਿੱਠੀ ਨੇ ਸਿਰਫ ਹਾਂ ਵਿਚ ਸਿਰ ਹਿਲਾਇਆ ਅਤੇ ਸਾਰੀਆਂ ਚੀਜ਼ਾਂ ਰੂਪਾ ਦੀ ਝੋਲੀ ਵਿਚ ਪਾ ਦਿੱਤੀਆਂ। ਇਕ ਸੁਨਹਿਰੀ ਰੰਗ ਦਾ ਕਿਸੇ ਧਾਤੂ ਦਾ ਟੁਕੜਾ ਸੀ, ਸ਼ਾਇਦ ਦੇਵੀ ਦਾ ਕੋਈ ਗਹਿਣਾ ਅਤੇ ਦੂਜਾ ਸੀ ਚਾਂਦੀ ਰੰਗ ਦਾ ਸੰਖ।

ਰੂਪਾ ਨੇ ਸਿੱਧੂ ਨੂੰ ਆਵਾਜ਼ ਮਾਰ ਕੇ ਆਪਣੇ ਕੋਲ ਬੁਲਾਇਆ ਅਤੇ ਕਿਹਾ, “ਮੇਰੀ ਨਵੀਂ ਦੋਸਤ ਨੂੰ ਮਿਲੋ।“ ਸਿੱਧੂ ਹੱਸ ਪਿਆ ਅਤੇ ਉਹ ਕੁਝ ਕਹਿਣਾ ਹੀ ਚਾਹੁੰਦਾ ਸੀ ਕਿ ਰੂਪਾ ਨੇ ਫੇਰ ਹੱਸਦੇ ਹੋਏ ਕਿਹਾ, “ਅਸੀਂ ਜਨਾਨੀਆਂ ਵਾਲੀਆਂ ਕੁਝ ਖਾਸ ਗੱਲਾਂ ਕਰ ਰਹੀਆਂ ਹਾਂ, ਸੋ ਚੰਗਾ ਹੈ ਕਿ ਸਾਡੇ ਤੋਂ ਕੁਝ ਦੂਰ ਚਲੇ ਜਾਓ, ਪਰ ਇਸ ਬੱਚੀ ਲਈ ਕੁਝ ਖਾਣ ਲਈ ਅਤੇ ਇਸ ਨੂੰ ਦੇਣ ਲਈ ਵਧੀਆ ਜਿਹੀਆਂ ਚੀਜ਼ਾਂ ਲੈ ਕੇ ਆਓ।“

ਉਹ ਮਿੱਠੀ ਨੂੰ ਕਹਿਣ ਲੱਗੀ, “ਜਿਹੜੀਆਂ ਚੀਜ਼ਾਂ ਤੂੰ ਮੇਰੇ ਲਈ ਲੈ ਕੇ ਆਈ ਹੈਂ, ਉਹਨਾਂ ਬਾਰੇ ਕੁਝ ਦੱਸ। ਕੀ ਉਹ ਤੇਰੀ ਮਾਂ ਨੇ ਦਿੱਤੀਆਂ ਹਨ?” ਰੂਪਾ ਨੇ ਦੇਵੀ ਦੁਰਗਾ ਦੀ ਮੂਰਤੀ ਵੱਲ ਇਸ਼ਾਰਾ ਕਰਕੇ ਪੁੱਛਿਆ। ਮਿੱਠੀ ਨੇ ਹਾਂ ਵਿਚ ਸਿਰ ਹਿਲਾਇਆ। “ਪਰ ਉਹ ਮੇਰੀ ਦੁਰਗਾ ਮਾਂ ਹੈ, ਮੇਰੀ ਮਾਂ ਤਾਂ ਉਸ ਤੋਂ ਪਿੱਛੇ ਰਹਿੰਦੀ ਹੈ।“ ਸਿੱਧੂ ਉਹਨਾਂ ਦੀ ਗੱਲਬਾਤ ਵਿਚ ਸ਼ਾਮਿਲ ਹੋਣਾ ਚਾਹੁੰਦਾ ਸੀ, ਪਰ ਉਸ ਨੂੰ ਪਤਾ ਸੀ ਕਿ ਰੂਪਾ ਦਾ ਕਹਿਣਾ ਮੰਨਣਾ ਹੀ ਪੈਣਾ ਹੈ। ਉਹ ਨਾ ਚਾਹੁੰਦੇ ਹੋਏ ਵੀ ਉਥੋਂ ਚਲਾ ਗਿਆ।

ਰੂਪਾ ਨੇ ਕਿਹਾ, “ਤੇਰਾ ਘਰ ਮੂਰਤੀ ਦੇ ਪਿੱਛੇ ਹੈ?” ਉਸ ਨੇ ਹਾਂ ਵਿਚ ਸਿਰ ਹਿਲਾਇਆ।ਜਿਵੇਂ-ਜਿਵੇਂ ਉਹਨਾਂ ਦੀ ਗੱਲ ਅਗੇ ਵਧੀ, ਰੂਪਾ ਨੇ ਅੰਦਾਜ਼ਾ ਲਾਇਆ ਕਿ ਇਹ ਬੱਚੀ ਸਿਆਣੀ ਵੀ ਬਹੁਤ ਹੈ ਅਤੇ ਭੋਲੀ ਵੀ। ਉਸ ਨੂੰ ਜੋ ਵੀ ਪੁੱਛੋ, ਉਹ ਬਹੁਤ ਵਧੀਆ ਢੰਗ ਨਾਲ ਉਸ ਸੰਬੰਧੀ ਦੱਸਦੀ ਅਤੇ ਸਮਝਾਉਂਦੀ ਹੈ। ਇਕ ਛੋਟੀ ਜਿਹੀ ਬੱਚੀ, ਜੋ ਅਜਿਹੇ ਹਾਲਾਤ ਵਿਚ ਰਹਿੰਦੀ ਹੋਵੇ, ਉਸ ਤੋਂ ਅਜਿਹੀ ਆਸ ਨਹੀਂ ਕੀਤੀ ਜਾ ਸਕਦੀ। ਜਦੋਂ ਰੂਪਾ ਨੇ ਉਸ ਤੋਂ ਪੁੱਛਿਆ ਕਿ ਉਸ ਦੀ ਮਾਂ ਕੀ ਕਰਦੀ ਹੈ ਤਾਂ ਮਿਸਟੀ ਨੇ ਇਕ ਲੰਬੀ ਕਹਾਣੀ ਸੁਣਾਈ, ਜਿਸ ਦਾ ਸਾਰ ਇਹ ਸੀ ਕਿ ਉਸਦੀ ਮਾਂ, ਮੀਨਾ, ਰਾਤ ਨੂੰ ਸੌਣ ਵੇਲੇ ਬਹੁਤ ਵਧੀਆ ਕਹਾਣੀਆਂ ਸੁਣਾਉਂਦੀ ਹੈ। ਉਹ ਇਹ ਕਹਾਣੀਆਂ ਉਹਨਾਂ ਨੂੰ ਸੁਣਾਉਂਦੀ ਹੈ ਜਿੰਨਾਂ ਨੂੰ ਨੀਂਦ ਨਾ ਆਉਣ ਦੀ ਮੁਸ਼ਕਲ ਹੋਵੇ। ਉਸ ਦਾ ਇਕ ਲੰਗੜਾ ਮਾਮਾ ਹੈ, ਰਘੂ।ਉਸਦੇ ਦੋ ਹੀ ਕੰਮ ਹਨ। ਉਹ ਉਹਨਾਂ ਲੋਕਾਂ ਨੂੰ ਲੱਭਦਾ ਹੈ ਜਿੰਨਾਂ ਨੂੰ ਨੀਂਦ ਨਹੀਂ ਆਉਂਦੀ ਅਤੇ ਜਦੋਂ ਇਹ ਲੋਕ ਮਾਂ ਦੀਆਂ ਕਹਾਣੀਆਂ ਸੁਣਦੇ ਹਨ ਤਾਂ ਰਘੂ ਘਰ ਦੇ ਬੂਹੇ ਕੋਲ ਬੈਠ ਕੇ ਉਸ ਕਮਰੇ ਦੀ ਚੌਕੀਦਾਰੀ ਕਰਦਾ ਹੈ।

**ਬਾਕੀ ਹਿਸਾ ਸਫਾ 54 ਤੇ ਪੜ੍ਹੋ**

53 ਸਫ਼ੇ ਦੀ ਬਾਕੀ

ਉਹ ਇਹਨਾਂ ਸਾਰੇ ਭੈੜੇ ਅੰਕਲਾਂ ਨੂੰ ਨਫ਼ਰਤ ਕਰਦੀ ਸੀ ਜਿੰਨਾਂ ਨੂੰ ਨੀਂਦ ਨਾ ਆਉਣ ਦੀ ਬਿਮਾਰੀ ਸੀ। ਉਹਨਾਂ ਕਰਕੇ ਉਸਦੀ ਮਾਂ ਦਿਨ ਦਾ ਬਹੁਤਾ ਸਮਾਂ ਉਸ ਤੋਂ ਦੂਰ ਹੀ ਰਹਿੰਦੀ। ਚੰਗਾ ਇਹ ਸੀ ਕਿ ਮਿੱਠੀ ਇਹ ਸਮਾਂ ਆਪਣੀ ਮਰਜ਼ੀ ਨਾਲ ਬਿਤਾਉਂਦੀ। ਇਸ ਸਮੇਂ ਉਹ ਚੰਗੇ ਲੋਕਾਂ ਨੂੰ ਮਿਲਦੀ ਅਤੇ ਕਈ ਬਾਰ ਯਾਤਰੀਆਂ ਨੂੰ ਦਰਿਆ ਪਾਰ ਕਰਵਾਉਣ ਵਾਲੀਆਂ ਕਿਸ਼ਤੀਆਂ ਵਿਚ ਬੈਠ ਕੇ ਦਰਿਆ ਦੇ ਪਾਣੀ ਨੂੰ ਨਿਹਾਰਦੀ।

ਉਹ ਕਿਤਾਬਾਂ ਦੀ ਦੁਨੀਆਂ ਤੋਂ ਬਹੁਤ ਦੂਰ ਸੀ, ਪਰ ਉਸ ਨੂੰ ਉਹ ਸਾਰੀਆਂ ਕਹਾਣੀਆਂ ਆਉਂਦੀਆਂ ਸੀ ਜੋ ਉਸ ਦੀ ਮਾਂ ਉਸ ਨੂੰ ਸੁਣਾਉਂਦੀ। ਉਸ ਦੀ ਸਭ ਤੋਂ ਵੱਧ ਪਸੰਦ ਵਾਲੀ ਕਹਾਣੀ ਸੀ ਸੁਹਣੇ-ਸੁਣੱਖੇ ਰਾਜ ਕੁਮਾਰ ਦੀ। ਰੂਪਾ ਨੇ ਪੁੱਛਿਆ ਕਿ ਕੀ ਉਹ ਰਾਜ ਕੁਮਾਰ ਨੂੰ ਮਿਲੀ ਹੈ, ਤਾਂ ਮਿੱਠੀ ਨੇ ਜਵਾਬ ਦਿੱਤਾ ਕਿ ਉਸ ਨੇ ਆਪਣੇ ਸੁਪਨਿਆਂ ਵਿਚ ਰਾਜਕੁਮਾਰ ਨੂੰ ਦੇਖਿਆ ਹੈ। ਰੂਪਾ ਨੇ ਫੇਰ ਪੁੱਛਿਆ ਕਿ ਕੀ ਉਸਦਾ ਸੁਪਨਿਆਂ ਵਾਲਾ ਰਾਜਕੁਮਾਰ ਕਾਰ ਵਿਚ ਆਵੇ ਜਾਂ ਮੋਟਰ ਸਾਇਕਲ 'ਤੇ? ਉਸ ਨੇ ਕਿਹਾ, "ਨਹੀਂ, ਉਹ ਰੇਲ ਗੱਡੀ ਵਿਚ ਆਵੇਗਾ। ਉਹ ਰੇਲ ਗੱਡੀ ਦੇ ਇੰਜਨ ਵਾਲੇ ਡੱਬੇ ਵਿਚ ਹੋਵੇਗਾ।" ਰੂਪਾ ਨੇ ਮਜ਼ਾਕ ਵਿਚ ਕਿਹਾ, "ਤਾਂ ਉਹ ਰੇਲ ਗੱਡੀ ਚਲਾ ਰਿਹਾ ਹੋਵੇਗਾ?"

ਮਿੱਠੀ ਨੇ ਸੰਜੀਦਾ ਹੁੰਦੇ ਜਵਾਬ ਦਿੱਤਾ, "ਨਹੀਂ, ਉਹ ਤਾਂ ਡਰਾਇਵਰ ਦੇ ਨਾਲ ਹੋਵੇਗਾ।ਜਦੋਂ ਰੇਲ ਇਥੋਂ ਨਿਕਲੇਗੀ ਤਾਂ ਉਹ ਮੈਨੂੰ ਹੱਥ ਹਿਲਾਏ ਗਾ।" ਉਸ ਨੇ ਫੇਰ ਰੇਲ ਲਾਈਨਾਂ ਵੱਲ ਇਸ਼ਾਰਾ ਕੀਤਾ ਜੋ ਘਾਟ ਦੇ ਪਿਛਲੇ ਪਾਸੇ ਸੀ। ਉਹ ਅਜੇ ਆਪਣੀਆਂ ਗੱਲਾਂ ਵਿਚ ਹੀ ਮਸਤ ਸੀ ਜਦੋਂ ਸਿੱਧੂ ਵਾਪਿਸ ਆ ਗਿਆ। ਉਹ ਇਕ ਵੱਡੀ 'ਕੌਟਨ ਕੈਂਡੀ' ਅਤੇ ਇਕ ਗੁਡੀ ਲਿਆਇਆ, ਜਿਸ ਦੇ ਲਾੜੀ ਵਾਲੇ ਦੇਸੀ ਢੰਗ ਦੇ ਗਹਿਣੇ ਪਾਏ ਹੋਏ ਸੀ। ਬੱਚੀ ਇਹਨਾਂ ਚੀਜ਼ਾਂ ਨੂੰ ਦੇਖਣ ਵਿਚ ਮਸਤ ਹੋ ਗਈ। ਸਿੱਧੂ ਨੇ ਰੂਪਾ ਨੂੰ ਦੱਸਿਆ ਕਿ ਉੱਤਰ ਵਾਲੇ ਪਾਸੇ ਦਾ ਅਸਮਾਨ ਕਾਲੇ ਬੱਦਲਾਂ ਨਾਲ ਭਰਿਆ ਪਿਆ ਹੈ, ਇਸ ਲਈ ਹੋ ਸਕਦਾ ਹੈ ਕਿ ਤੇਜ ਮੀਂਹ ਸ਼ੁਰੂ ਹੋ ਜਾਵੇ। ਜੇ ਉਹ ਉਸੇ ਸਮੇਂ ਵਾਪਿਸ ਨਹੀਂ ਜਾਂਦੇ ਤਾਂ ਮੁਸ਼ਕਿਲ ਹੋ ਸਕਦੀ ਹੈ।

ਉਹਨਾਂ ਨੇ ਅਜੇ ਰੇਲਵੇ ਫਾਟਕ ਪਾਰ ਕੀਤਾ ਹੀ ਸੀ ਕਿ ਪੁਲਿਸ ਦੀ ਇਕ ਗੱਡੀ ਉਹਨਾਂ ਦੀ ਕਾਰ ਤੋਂ ਪੰਜਾਹ ਕੁ ਮੀਟਰ ਦੂਰ ਆ ਕੇ ਰੁਕੀ। ਸਿੱਧੂ ਡਰਾਇਵਰ ਵਾਲੀ ਸੀਟ 'ਤੇ ਬੈਠਿਆ ਸੀ ਅਤੇ ਰੂਪਾ ਅਜੇ ਕਾਰ ਵਿਚ ਨਹੀਂ ਸੀ ਬੈਠੀ ਤਾਂ ਹਾਲਾਤ ਇਕੋ ਦਮ ਬਦਲ ਗਏ ਜਿਵੇਂ ਕਿਸੇ ਫਿਲਮ ਦੀ ਸ਼ੂਟਿੰਗ ਦੌਰਾਨ ਹੁੰਦਾ ਹੈ। ਵੱਡੀ ਕੁਰਸੀ 'ਤੇ ਬੈਠਾ ਨਿਰਦੇਸ਼ਕ ਬੋਲਿਆ, "ਸ਼ੁਰੂ ਕਰੋ, ਕੈਮਰਾ, ਐਕਸ਼ਨ।" ਪਹਿਲਾਂ ਤਾਂ ਗਰਜ਼ਦਾਰ ਅਵਾਜ਼ ਵਿਚ ਬਿਜਲੀ ਲਿਸ਼ਕੀ ਅਤੇ ਫੇਰ ਕੁਝ ਕਣੀਆਂ ਪੈਣ ਲੱਗੀਆਂ। ਫੇਰ ਲੋਕਾਂ ਦੀਆਂ ਅਵਾਜ਼ਾਂ ਆਉਣ ਲੱਗੀਆਂ, ਰੌਲਾ-ਗੌਲਾ ਅਤੇ ਕੋਈ ਟਿਕਾਣਾ ਲੱਭਣ ਲਈ ਭੱਜ-ਨੱਠ। ਰੂਪਾ ਨੇ ਅੰਦਾਜ਼ਾ ਲਾਇਆ ਕਿ ਇਹ ਸਾਰਾ ਰੌਲਾ ਉਸ ਪਾਸੇ ਤੋਂ ਆ ਰਿਹਾ ਹੈ ਜਿਸ ਪਾਸੇ ਮਿੱਠੀ ਨੇ ਇਸ਼ਾਰਾ ਕੀਤਾ ਸੀ ਕਿ ਉਸਦਾ ਘਰ ਹੈ, ਦੇਵੀ ਦੀ ਮੂਰਤੀ ਦੇ ਪਿੱਛੇ। ਅਜੇ ਅਵਾਜ਼ਾਂ ਘੱਟ ਨਹੀਂ ਸੀ ਹੋਈਆਂ ਕਿ ਰੇਲ ਆ ਗਈ ਅਤੇ ਸਾਰਿਆਂ ਦਾ ਧਿਆਨ ਉਸ ਪਾਸੇ ਹੋ ਗਿਆ। ਫੇਰ ਇਕੋ ਦਮ ਰੌਲਾ ਪੈ ਗਿਆ।

ਉਹਨਾਂ ਨੇ ਇਹ ਸੁਣਿਆ, "ਮਰ ਗਈ, ਮਰ ਗਈ। ਉਹ ਰੇਲ ਦੇ ਹੇਠਾਂ ਆ ਗਈ।"ਰੂਪਾ ਅਤੇ ਸਿੱਧੂ ਨੂੰ ਇਹ ਗੱਲਾਂ ਨੂੰ ਸਮਝਣ ਵਿਚ ਕੁਝ ਸਮਾਂ ਲੱਗਿਆ। ਉਹ ਭੱਜ ਕੇ ਦੁਰਘਟਨਾ ਵਾਲੀ ਥਾਂ 'ਤੇ ਪਹੁੰਚੇ। ਬੇਕਾਬੂ ਹੋਈ ਭੀੜ ਨੇ ਦੁਰਘਟਨਾ ਵਾਲੀ ਥਾਂ ਨੂੰ ਘੇਰਾ ਪਾਇਆ ਹੋਇਆ ਸੀ। ਲੋਕਾਂ ਨੂੰ ਧੱਕਦੇ ਹੋਏ ਰੂਪਾ ਅਤੇ ਸਿੱਧੂ ਉਸ ਜਗਾ 'ਤੇ ਪਹੁੰਚ ਗਏ। ਉਥੇ ਇਕ ਅੱਧ-ਨੰਗੀ ਔਰਤ ਦੀ ਲਾਸ਼ ਮੁੱਧੀ ਪਈ ਸੀ। ਰੇਲ ਗੱਡੀ ਦੇ ਹੇਠਾਂ ਆਉਣ ਕਰਕੇ ਉਸ ਦੇ ਕਮਰ ਤੋਂ ਦੋ ਹਿੱਸੇ ਹੋ ਗਏ ਸੀ। ਮਿੱਠੀ ਉੱਪਰ ਵਾਲੇ ਹਿੱਸੇ ਨੂੰ ਚਿੰਬੜ ਗਈ।

ਰੂਪਾ ਅਤੇ ਸਿੱਧੂ ਨੇ ਮਿੱਠੀ ਦੀ ਮਾਂ ਨੂੰ ਇਸ ਹਾਲਤ ਵਿਚ ਮਿਲਣ ਦਾ ਸੋਚਿਆ ਵੀ ਨਹੀਂ ਸੀ। ਮੀਂਹ ਬਹੁਤ ਤੇਜ ਪੈ ਰਿਹਾ ਸੀ। ਰੂਪਾ ਦੇ ਕਹਿਣ 'ਤੇ ਸਿੱਧੂ ਨੇ ਆਪਣੀ ਕਾਰ ਪੁਲਿਸ ਦੀ ਗੱਡੀ ਪਿੱਛੇ ਲਾ ਲਈ। ਲਾਸ਼ ਨੂੰ ਸਰਕਾਰੀ ਹਸਪਤਾਲ ਦੇ ਮੁਰਦਾ ਘਰ ਵਿਚ ਭੇਜ ਦਿੱਤਾ। ਪੁਲਿਸ, ਮਿੱਠੀ, ਉਸਦੇ ਮਾਮੇ ਅਤੇ ਇਲਾਕੇ ਦੇ ਕੁਝ ਹੋਰ ਲੋਕਾਂ ਨੂੰ ਆਪਣੇ ਨਾਲ ਲੈ ਗਈ। ਰੂਪਾ ਨੂੰ ਸਿੱਧੂ ਦੀ ਇਹ ਗੱਲ ਸਮਝ ਨਹੀਂ ਸੀ ਆ ਰਹੀ ਕਿ ਇਕੋ ਦਮ ਕਿਸੇ ਬੱਚੇ ਨੂੰ ਗੋਦ ਲੈਣਾ ਐਨਾ ਅਸਾਨ ਨਹੀਂ ਹੁੰਦਾ। ਗੁੱਸੇ ਵਿਚ ਆਈ ਰੂਪਾ ਨੇ ਸਿੱਧੂ ਨੂੰ ਕਿਹਾ, "ਮੈਨੂੰ ਇਹ ਦੱਸੋ ਕੀ ਤੁਸੀਂ ਇਹ ਕੰਮ ਨਹੀਂ ਕਰ ਸਕਦੇ ਹੋ ਜਾਂ ਨਹੀਂ?" ਆਪਣੇ ਪਤੀ ਦਾ ਜੁਆਬ ਸੁਣੇ ਬਗੈਰ ਹੀ ਉਹ ਬੋਲੀ, "ਹੁਣ ਦੇਖੋ, ਮੈਂ ਇਹ ਕਿਵੇਂ ਕਰਦੀ ਹਾਂ।"

ਰੂਪਾ ਨੇ ਮਰਿਨਲ ਨੂੰ ਫੋਨ ਕੀਤਾ। ਉਹ ਸਿੱਧੂ ਦਾ ਛੋਟਾ ਚਚੇਰਾ ਭਰਾ ਸੀ, ਜੋ ਹਾਈ ਕੋਰਟ ਦਾ ਸੀਨੀਅਰ ਵਕੀਲ ਵੀ ਸੀ। ਇਸ ਤੋਂ ਇਲਾਵਾ ਮਿਰਨਲ, ਸਿੱਧੂ ਅਤੇ ਰੂਪਾ ਦਾ ਲਕਸ਼ਮਨ ਵਰਗਾ ਭਰਾ ਸੀ, ਜਿਸ ਦਾ ਭੱਥਾ ਆਪਣੇ ਵੱਡੇ ਭਰਾ ਅਤੇ ਭਾਬੀ ਲਈ ਹਮੇਸ਼ਾ ਤੀਰਾਂ ਨਾਲ ਭਰਿਆ ਹੀ ਰਹਿੰਦਾ।

ਦੂਜੇ ਪਾਸੇ ਤੋਂ ਮਿਰਨਲ ਦੀ ਅਵਾਜ਼ ਆਈ, "ਹੈਲੋ ਰੁਪੜੀ, ਕੀ ਗੱਲ?"

ਰੂਪਾ ਨੇ ਕਿਹਾ, "ਹੈਰੀ ਸਟ੍ਰੀਟ ਪੁਲਿਸ ਸਟੇਸ਼ਨ ਜਲਦੀ ਪਹੁੰਚ।""ਕੀ, ਤੂੰ ਮੇਰੇ ਭਰਾ ਨੂੰ ਤਾਂ ਨਹੀਂ ਮਾਰ ਦਿੱਤਾ?" ਮਿਰਨਲ ਨੇ ਕਿਹਾ।

"ਕਦੇ ਤਾਂ ਸੰਜੀਦਾ ਹੋ ਕੇ ਗੱਲ ਕਰਿਆ ਕਰ।" ਰੂਪਾ ਬੋਲੀ। "ਇਕ ਦੁਰਘਟਨਾ ਹੋ ਗਈ ਹੈ,

ਅਸੀਂ ਇਸ ਵਿਚ ਸਿੱਧੇ ਤੌਰ 'ਤੇ ਸ਼ਾਮਿਲ ਨਹੀਂ। ਪਰ ਸਾਨੂੰ ਇਸ ਮਾਮਲੇ ਵਿਚ ਕਿਸੇ ਜਾਣ-ਪਹਿਚਾਣ ਵਾਲੇ ਦੀ ਸਹਾਇਤਾ ਕਰਨ ਲਈ ਤੇਰੀ ਕਾਨੂੰਨੀ ਮਦਦ ਚਾਹੀਦੀ ਹੈ।"

"ਠੀਕ ਹੈ, ਠੀਕ ਹੈ। ਮੈਂ ਸਮਾਜ ਸੇਵਾ ਲਈ ਹਰ ਵੇਲੇ ਹੀ ਤਿਆਰ ਰਹਿੰਦਾ ਹਾਂ। ਮੈਂ ਤੁਹਾਡੇ ਕੋਲ ਪਹੁੰਚ ਰਿਹਾ ਹਾਂ।"ਮਿਰਨਲ ਨੇ ਜੁਆਬ ਦਿੱਤਾ।

ਮਿੱਠੀ ਨੂੰ ਪੁਲਿਸ ਸਟੇਸ਼ਨ ਤੋਂ ਲਿਆਉਣ ਲਈ ਮਿਰਨਲ ਨੂੰ ਅੱਧਾ ਕੁ ਘੰਟਾ ਹੀ ਲੱਗਿਆ। ਘਰ ਪਹੁੰਚ ਕੇ ਰੂਪਾ, ਮਿੱਠੀ ਨੂੰ ਆਪਣੇ ਸੌਣ ਕਮਰੇ ਵਿਚ ਲੈ ਗਈ। ਸਿੱਧੂ ਅਤੇ ਮਿਰਨਲ ਬੈਠਕ ਵਿਚ ਬੈਠੇ ਬੱਚੀ ਨੂੰ ਗੋਦ ਲੈਣ ਲਈ ਕਾਨੂੰਨੀ ਕਾਰਵਾਈ ਬਾਰੇ ਗੱਲਬਾਤ ਕਰਦੇ ਰਹੇ।

ਮਿਰਨਲ ਦੇ ਜਾਣ ਬਾਅਦ ਸਿੱਧੂ ਕਮਰੇ ਵਿਚ ਆ ਗਿਆ। ਮਿੱਠੀ ਘੂਕ ਸੁੱਤੀ ਪਈ ਸੀ। ਰੂਪਾ ਅਜੇ ਵੀ ਉਸ ਦੀਆਂ ਛੋਟੀਆਂ-ਛੋਟੀਆਂ ਹਥੇਲੀਆਂ ਨੂੰ ਪਕੜੀ ਬੈਠੀ ਸੀ। ਬੱਚੀ ਬਹੁਤ ਰੋਈ ਸੀ ਅਤੇ ਉਹ ਰੂਪਾ ਨੂੰ ਕਮਰੇ ਤੋਂ ਬਾਹਰ ਨਹੀਂ ਸੀ ਜਾਣ ਦੇ ਰਹੀ। ਸਿੱਧੂ ਹੌਲੀ ਜਿਹੀ ਬੋਲਿਆ, "ਫਿਕਰ ਨਾ ਕਰ, ਮੈਂ ਵਾਅਦਾ ਕਰਦਾ ਹਾਂ ਕਿ ਮਿੱਠੀ ਨੂੰ ਹੁਣ ਕਿਸੇ ਚੀਜ਼ ਦੀ ਘਾਟ ਨਹੀਂ ਰਹੇਗੀ। ਆਸ ਹੈ ਕਿ ਤੂੰ ਹਰ ਵੇਲੇ ਮੇਰੇ ਨਾਲ ਰਹੇਂਗੀ। ਜਾ ਕੇ ਖਾਣਾ ਖਾ ਲੈ, ਮੈਂ ਇਸ ਕੋਲ ਹੀ ਹਾਂ।"ਮੀਂਹ ਰੁਕ ਚੁੱਕਿਆ ਸੀ। ਦਰਵਾਜ਼ੇ ਕੋਲ ਜਾ ਕੇ ਰੂਪਾ ਨੇ ਮੁੜ ਕੇ ਦੇਖਿਆ। ਮਿੱਠੀ ਨੇ ਸਿੱਧੂ ਦੀ ਛਾਤੀ ਵੱਲ ਪਾਸਾ ਲਿਆ। ਸਿੱਧੂ ਉਸਦੇ ਉਲਝੇ ਹੋਏ ਰੁੱਖੇ ਵਾਲਾਂ ਵਿਚ ਉਂਗਲੀਆਂ ਫੇਰ ਰਿਹਾ ਸੀ। ਰੂਪਾ ਦੇ ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਫੈਲ ਗਈ ਅਤੇ ਉਹ ਕਮਰੇ 'ਚੋਂ ਬਾਹਰ ਚਲੀ ਗਈ।



wirter: jiant Kumar Nath
Raivnder iSngh Sodhu(iwth turban)

## TAIL PIECE

# BEGGING FISH WAS YOUR PAST- CATCHING FISH IS YOUR PRESENT

The concept of charity had been introduced here in India and total result of our past is before us where number of beggers has reached intolerable stage.

Even after indepenedence and this democracy, we could not turn a beggar of fish as a man catching fish for himself. All efforts made update had been maintaining poor and very few could learn the art of catching a fish himself.

We must start and should try to come out of this begging system, but must start catching fish ourselves. We all are products of the same God and all faculties are available in us. Much had been established here on earth by those who were not properly educated, trained deployed, but necessisty had been mother of invention.

The state must ensure maintenance of old, unables, unemployed because this democracy had been established for achieving this purpose. All able people must be at work and must catch fish themselves and it is the duty of parents to ensure that they must keep limit of number of children in control and must ensure they are able to catch fish themselves.

Earning capacity of all must be reasonable and proper because much is available in this country which can be obtained with money for living proper life.

It is not the duty of parents to produce children only, but should ensure that they bring up proper people who could settle in this society. Beggars and dependants are not proper members of society. When our governments are announcing development, this concept of development must be development of man first because without development of man, we shall never become a developed socity. Only efforts of government cannot bring a developed society and for attaining society development, all parents must come ahead.

Advocate Dalip Singh Wasan,
E mail dalipsinghwassan@yahoo.co.in

# .ਗਦਰੀ ਸੂਰਮਾ ਸ਼ਹੀਦ ਕਰਤਾਰ ਸਿੰਘ ਸਰਾਭਾ

ਡਾ. ਗੁਰਤੇਜ ਸਿੰਘ



**ਕੌਮਾ ਗਾਟਾਮਾਰੂ ਦੀ ਘਟਨਾ ਨੇ ਹੋਰ ਦੇਸ਼ ਵਾਸੀਆਂ ਦੇ ਨਾਲ ਨਾਲ ਕਰਤਾਰ ਸਿੰਘ ਸਰਾਭਾ ਦੇ ਮਨ ਨੂੰ ਝੰਜੋੜ ਦਿੱਤਾ। ਸਤੰਬਰ 1914 'ਚ ਇਹ ਸਮੁੰਦਰੀ ਜਹਾਜ਼ ਕਲਕੱਤੇ ਕੋਲ ਬਜਬਜ ਘਾਟ 'ਤੇ ਪਹੁੰਚਿਆ ਸੀ। ਹਿੰਦੋਸਤਾਨ ਦੀ ਬਰਤਾਨਵੀ ਸਰਕਾਰ ਦੀਆਂ ਵਧੀਕੀਆਂ ਨੇ ਮੁਸਾਫ਼ਰਾਂ ਵਿੱਚ ਰੋਹ ਭਰ ਦਿੱਤਾ। ਪੁਲੀਸ ਝੜਪ ਦੌਰਾਨ ਕਾਫ਼ੀ ਮੁਸਾਫ਼ਿਰ ਮਾਰੇ ਗਏ। ਇਸ ਘਟਨਾ ਨੂੰ .ਗਦਰ ਲਹਿਰ ਦੀ ਉਤਪਤੀ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਕਰਤਾਰ ਸਿੰਘ ਸਰਾਭਾ ਕਿਸੇ ਮਿੱਤਰ ਦੀ ਮੱਦਦ ਨਾਲ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਸੰਸਥਾ ਦੀ ਮੀਟਿੰਗ 'ਚ ਗਿਆ। ਇੱਥੇ ਉਸ ਦੀ ਮੁਲਾਕਾਤ ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਨਾਲ ਹੋਈ। ਉਨ੍ਹਾਂ ਨੇ ਇਸ ਸੰਸਥਾ ਦਾ ਨਾਮ ਬਦਲ ਕੇ .ਗਦਰ ਪਾਰਟੀ ਰੱਖਿਆ। ਹਥਿਆਰਬੰਦ ਇਨਕਲਾਬ ਲਈ ਕਰਤਾਰ ਸਿੰਘ ਸਰਾਭਾ ਨੇ ਆਪਣੀ ਪੜ੍ਹਾਈ ਵਿਚਾਲੇ ਛੱਡ ਦਿੱਤੀ ਤੇ ਆਜ਼ਾਦੀ ਲਈ ਯਤਨ ਆਰੰਭੇ।**

ਦੇਸ਼ ਦੇ ਗਲੋਂ .ਗੁਲਾਮੀ ਦੀ ਪੰਜਾਲੀ ਉਤਾਰਨ ਵਾਲੇ ਦੇਸ਼ ਭਗਤਾਂ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਉਸ ਨੇ ਬਹੁਤ ਛੋਟੀ ਉਮਰੇ ਦੇਸ਼ ਦੀ ਆਜ਼ਾਦੀ ਲਈ ਘਾਲਣਾ ਘਾਲ਼ੀ ਤੇ ਸ਼ਹੀਦੀ ਪ੍ਰਾਪਤ ਕੀਤੀ। ਉਹ ਬਹੁਤ ਦੂਰਅੰਦੇਸ਼, ਦਲੇਰ, ਉੱਚ ਕੋਟੀ ਦਾ ਨੀਤੀਵਾਨ ਅਤੇ ਅਣਥੱਕ ਮਿਹਨਤ ਕਰਨ ਵਾਲਾ ਸਿਰੜੀ ਯੋਧਾ ਸੀ। ਉਸ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿੱਚ ਮਾਤਾ ਸਾਹਿਬ ਕੌਰ ਅਤੇ ਸ. ਮੰਗਲ ਸਿੰਘ ਦੇ ਘਰ 24 ਮਈ 1896 ਨੂੰ ਹੋਇਆ। ਨਿੱਕੀ ਉਮਰੇ ਹੀ ਮਾਪਿਆਂ ਦਾ ਸਾਇਆ ਸਿਰ ਤੋਂ ਉੱਠਣ ਕਾਰਨ ਉਸ ਦੀ ਪਰਵਰਿਸ਼ ਦਾਦਾ ਸ. ਬਦਨ ਸਿੰਘ ਨੇ ਕੀਤੀ। ਪ੍ਰਾਇਮਰੀ ਸਕੂਲ ਦੀ ਪੜ੍ਹਾਈ ਪਿੰਡ ਸਰਾਭਾ ਤੋਂ ਕੀਤੀ। ਇਸ ਤੋਂ ਬਾਅਦ ਮਾਲਵਾ ਸਕੂਲ ਲੁਧਿਆਣਾ ਤੋਂ ਪੜ੍ਹਾਈ ਕੀਤੀ ਤੇ ਦਸਵੀਂ ਜਮਾਤ ਆਪਣੇ ਚਾਚੇ ਕੋਲ ਉੜੀਸਾ 'ਚ ਕੀਤੀ। ਉਚੇਰੀ ਵਿੱਦਿਆ ਲਈ ਕਰਤਾਰ ਸਿੰਘ ਦੇ ਦਾਦਾ ਜੀ ਨੇ ਉਸ ਨੂੰ ਅਮਰੀਕਾ ਭੇਜਿਆ। ਜਨਵਰੀ 1912 ਵਿੱਚ ਉਹ ਅਮਰੀਕਾ ਦੇ ਸ਼ਹਿਰ ਸਾਂ ਫਰਾਂਸਿਸਕੋ ਬੰਦਰਗਾਹ 'ਤੇ ਉਤਰਿਆ। ਪੁੱਛਗਿੱਛ ਲਈ ਹੋਰ ਹਿੰਦੋਸਤਾਨੀਆਂ ਸਮੇਤ ਉਸ ਨੂੰ ਵੀ ਰੋਕਿਆ ਗਿਆ ਅਤੇ ਪੁੱਛਗਿੱਛ ਅਧਿਕਾਰੀ ਨੇ ਉਸ ਤੋਂ ਬੜੇ ਗੰਭੀਰ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਉਸ ਨੇ ਬੜੀ ਵਿਦਵਤਾ ਅਤੇ ਨਿਡਰਤਾ ਨਾਲ ਦਿੱਤੇ ਸਨ। ਉਸ ਤੋਂ ਪੁੱਛਿਆ ਗਿਆ, "ਤੂੰ ਇੱਥੇ ਕੀ ਕਰਨ ਆਇਆ ਹੈਂ?" ਸਰਾਭੇ ਨੇ ਕਿਹਾ, "ਪੜ੍ਹਾਈ ਕਰਨ।" ਫਿਰ ਅਧਿਕਾਰੀ ਨੇ ਪੁੱਛਿਆ, "ਤੂੰ ਇੰਨੀ ਦੂਰ ਪੜ੍ਹਨ ਕਿਉਂ ਆਇਆ ਹੈਂ? ਭਾਰਤ ਵਿੱਚ ਪੜ੍ਹਨ ਲਈ ਕੋਈ ਚੰਗੀ ਜਗ੍ਹਾ ਨਹੀਂ ਸੀ?" ਉਸ ਦਾ ਜਵਾਬ ਸੀ, "ਜਗ੍ਹਾ ਤਾਂ ਸੀ ਪਰ ਵਰਤਮਾਨ ਉਚੇਰੀ ਸਿੱਖਿਆ ਲਈ ਇੱਥੋਂ ਦੀ ਯੂਨੀਵਰਸਿਟੀ 'ਚ ਦਾਖਲਾ ਲੈਣ ਆਇਆ ਹਾਂ।" ਅਫ਼ਸਰ ਨੇ ਸਖ਼ਤ ਲਹਿਜੇ 'ਚ ਕਿਹਾ, "ਜੇਕਰ ਤੈਨੂੰ ਇੱਥੋਂ ਹੀ ਮੋੜ ਦਿੱਤਾ ਜਾਵੇ ਤਾਂ...?" ਉਸ ਨੇ ਜਵਾਬ ਦਿੱਤਾ, "ਇਹ ਬੜੀ ਵੱਡੀ ਬੇਇਨਸਾਫ਼ੀ ਹੋਵੇਗੀ ਕਿ ਪੜ੍ਹਨ ਆਏ ਇੱਕ ਵਿਦਿਆਰਥੀ ਨੂੰ ਵੀ ਰੋਕਿਆ ਜਾਵੇ। ਹੋ ਸਕਦਾ ਹੈ ਕਿ ਮੈਂ ਇੱਥੋਂ ਪੜ੍ਹ ਕੇ ਲੋਕਾਂ ਦੀ ਚੰਗੀ ਸੇਵਾ ਕਰ ਸਕਾਂ।" ਸਰਾਭੇ ਦੇ ਇਸ ਉੱਤਰ ਨੇ ਅਫ਼ਸਰ ਨੂੰ ਸੰਤੁਸ਼ਟ ਕਰ ਦਿੱਤਾ ਅਤੇ ਉਸ ਨੂੰ ਬਰਕਲੇ ਯੂਨੀਵਰਸਿਟੀ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ 'ਚ ਦਾਖ਼ਲਾ ਮਿਲ ਗਿਆ। ਉਨ੍ਹੀਂ ਦਿਨੀਂ ਵਿਦੇਸ਼ਾਂ 'ਚ ਹਿੰਦੋਸਤਾਨੀਆਂ ਨਾਲ ਮਾੜਾ ਸਲੂਕ ਕੀਤਾ ਜਾਂਦਾ ਸੀ। ਉਨ੍ਹਾਂ ਨੂੰ .ਗੁਲਾਮ ਮੁਲਕ ਦੇ ਬਾਸ਼ਿੰਦੇ ਆਖ ਕੇ ਮਿਹਣੇ ਮਿਲਦੇ ਸਨ ਜਿਸ ਕਰਕੇ ਹਿੰਦੋਸਤਾਨੀਆਂ ਦੀ ਅਣਖ ਨੂੰ ਡੂੰਘੀ ਸੱਟ ਵੱਜਦੀ ਸੀ।

ਕੌਮਾ ਗਾਟਾਮਾਰੂ ਦੀ ਘਟਨਾ ਨੇ ਹੋਰ ਦੇਸ਼ ਵਾਸੀਆਂ ਦੇ ਨਾਲ ਨਾਲ ਕਰਤਾਰ ਸਿੰਘ ਸਰਾਭਾ ਦੇ ਮਨ ਨੂੰ ਝੰਜੋੜ ਦਿੱਤਾ। ਸਤੰਬਰ 1914 'ਚ ਇਹ ਸਮੁੰਦਰੀ ਜਹਾਜ਼ ਕਲਕੱਤੇ ਕੋਲ ਬਜਬਜ ਘਾਟ 'ਤੇ ਪਹੁੰਚਿਆ ਸੀ। ਹਿੰਦੋਸਤਾਨ ਦੀ ਬਰਤਾਨਵੀ ਸਰਕਾਰ ਦੀਆਂ ਵਧੀਕੀਆਂ ਨੇ ਮੁਸਾਫ਼ਰਾਂ ਵਿੱਚ ਰੋਹ ਭਰ ਦਿੱਤਾ। ਪੁਲੀਸ ਝੜਪ ਦੌਰਾਨ ਕਾਫ਼ੀ ਮੁਸਾਫ਼ਿਰ ਮਾਰੇ ਗਏ। ਇਸ ਘਟਨਾ ਨੂੰ .ਗਦਰ ਲਹਿਰ ਦੀ ਉਤਪਤੀ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਕਰਤਾਰ ਸਿੰਘ ਸਰਾਭਾ ਕਿਸੇ ਮਿੱਤਰ ਦੀ ਮੱਦਦ ਨਾਲ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਸੰਸਥਾ ਦੀ ਮੀਟਿੰਗ 'ਚ ਗਿਆ। ਇੱਥੇ ਉਸ ਦੀ ਮੁਲਾਕਾਤ ਬਾਬਾ ਸੋਹਣ ਸਿੰਘ ਭਕਨਾ ਤੇ ਲਾਲਾ ਹਰਦਿਆਲ ਨਾਲ ਹੋਈ। ਉਨ੍ਹਾਂ ਨੇ ਇਸ ਸੰਸਥਾ ਦਾ ਨਾਮ ਬਦਲ ਕੇ .ਗਦਰ ਪਾਰਟੀ ਰੱਖਿਆ। ਹਥਿਆਰਬੰਦ ਇਨਕਲਾਬ ਲਈ ਕਰਤਾਰ ਸਿੰਘ ਸਰਾਭਾ ਨੇ ਆਪਣੀ ਪੜ੍ਹਾਈ ਵਿਚਾਲੇ ਛੱਡ ਦਿੱਤੀ ਤੇ ਆਜ਼ਾਦੀ ਲਈ ਯਤਨ ਆਰੰਭੇ। .ਗਦਰ ਪਾਰਟੀ ਦੀ ਸਥਾਪਨਾ ਤੋਂ ਬਾਅਦ ਲਾਲਾ ਹਰਦਿਆਲ ਹਿੰਦੋਸਤਾਨੀ ਲੋਕਾਂ 'ਚ ਜਾਗ੍ਰਿਤੀ ਲਿਆਉਣ ਲਈ ਅਖ਼ਬਾਰ ਕੱਢਣਾ ਚਾਹੁੰਦੇ ਸਨ ਪਰ ਕਈ ਕਾਰਨਾਂ ਕਰਕੇ ਸੰਭਵ ਨਹੀਂ ਹੋ ਸਕਿਆ ਸੀ। ਕਰਤਾਰ ਸਿੰਘ ਸਰਾਭਾ ਦੇ ਆਉਣ ਨਾਲ ਉਨ੍ਹਾਂ ਦੀ ਇਹ ਮੁਸ਼ਕਿਲ ਹੱਲ ਹੋ ਗਈ ਸਗੋਂ ਸਰਾਭੇ ਨੇ ਖ਼ੁਦ ਉਨ੍ਹਾਂ ਨੂੰ ਅਖ਼ਬਾਰ ਵਾਸਤੇ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਨੇ .ਗਦਰ ਦੀ ਗੂੰਜ ਅਖ਼ਬਾਰ ਸ਼ੁਰੂ ਕੀਤਾ। ਪਹਿਲੀ ਨਵੰਬਰ 1913 ਨੂੰ .ਗਦਰ ਦਾ ਪਹਿਲਾ ਪਰਚਾ ਉਰਦੂ 'ਚ ਪ੍ਰਕਾਸ਼ਿਤ ਹੋਇਆ। ਲੋਕਾਂ ਦੀ ਮੰਗ ਅਤੇ ਹੋਰ ਜ਼ੁਬਾਨਾਂ ਸਮਝਣ ਵਾਲੇ ਲੋਕਾਂ ਲਈ ਉਨ੍ਹਾਂ ਨੇ ਇੱਕ ਹੋਰ ਉਪਰਾਲਾ ਕੀਤਾ, ਇੱਕ ਜਨਵਰੀ 1914 ਵਿੱਚ ਇਹ ਅਖ਼ਬਾਰ ਗੁਰਮੁਖੀ, ਹਿੰਦੀ, ਗੁਜਰਾਤੀ, ਉਰਦੂ 'ਚ ਛਾਪਿਆ ਜਾਣ ਲੱਗਾ। ਇਸ ਵਿੱਚ ਲੇਖ ਲਿਖਣ ਦਾ ਜ਼ਿੰਮਾ ਕਰਤਾਰ ਸਿੰਘ ਸਰਾਭਾ ਅਤੇ ਲਾਲਾ ਹਰਦਿਆਲ ਦੇ ਸਿਰ ਸੀ ਤੇ ਦੇਸ਼ ਪ੍ਰੇਮ ਦੀਆਂ ਕਵਿਤਾਵਾਂ ਸ. ਹਰਨਾਮ ਸਿੰਘ ਟੁੰਡੀਲਾਟ ਲਿਖਦੇ ਸਨ। ਅਖ਼ਬਾਰ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵੀਹ ਆਦਮੀ ਪੂਰੀ ਤਨਦੇਹੀ ਨਾਲ ਕੰਮ ਕਰਦੇ ਸਨ ਅਤੇ ਪੈਸੇ ਦੀ ਘਾਟ ਨੂੰ ਪੂਰਨ ਲਈ ਦਿਨੇ ਹੱਡ ਭੰਨਵੀਂ ਮਿਹਨਤ ਕਰਦੇ ਸਨ। ਆਪਣੇ ਖਾਣ-ਪੀਣ 'ਤੇ ਵੀ ਘੱਟ ਤੋਂ ਘੱਟ ਪੈਸੇ ਖਰਚਦੇ ਸਨ ਤਾਂ ਜੋ ਅਖ਼ਬਾਰ ਅਤੇ ਪਾਰਟੀ ਦੀਆਂ ਸਰਗਰਮੀਆਂ 'ਚ ਪੈਸੇ ਦੀ ਕਮੀ ਕਰਕੇ ਖੜੋਤ ਨਾ ਆਵੇ। ਕਰਤਾਰ ਸਿੰਘ ਸਰਾਭਾ ਅਖ਼ਬਾਰ ਛਾਪਣ ਅਤੇ ਵੰਡਣ 'ਚ ਰੁੱਝਿਆ ਰਹਿੰਦਾ ਸੀ ਤੇ ਖਾਣਾ ਪੀਣਾ ਵੀ ਭੁੱਲ ਜਾਂਦਾ ਸੀ। ਪਾਰਟੀ ਦਾ ਉਹ ਸਭ ਤੋਂ ਛੋਟੀ ਉਮਰ ਦਾ ਮੈਂਬਰ ਸੀ, ਪਰ ਜ਼ਿੰਮੇਵਾਰੀਆਂ ਬਹੁਤ ਵੱਡੀਆਂ ਸਨ। ਉਸ ਨੂੰ ਛੋਟੀ ਉਮਰ ਦਾ ਪੱਤਰਕਾਰ/ਸੰਪਾਦਕ ਕਹੀਏ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ।

ਉਨ੍ਹਾਂ ਦੇ ਅਣਥੱਕ ਯਤਨਾਂ ਕਾਰਨ .ਗਦਰ ਦੀ ਗੂੰਜ ਦਿਨੋ-ਦਿਨ ਲੋਕਾਂ 'ਚ ਹਰਮਨ ਪਿਆਰਾ ਹੋ ਰਿਹਾ ਸੀ। ਇਸ ਦੇ ਮਜ਼ਮੂਨ ਇੰਨੇ ਪ੍ਰਭਾਵਸ਼ਾਲੀ ਹੁੰਦੇ ਸਨ ਕਿ ਇਸ ਨੂੰ ਇੱਕ ਵਾਰ ਪੜ੍ਹ ਲੈਣ ਵਾਲੇ ਵਿਅਕਤੀ ਨੂੰ ਵੀ ਆਜ਼ਾਦੀ ਦੀ ਲਗਨ ਲੱਗ ਜਾਂਦੀ ਸੀ ਜੋ .ਗਦਰ ਦੀ ਸਫ਼ਲਤਾ ਲਈ ਲਾਜ਼ਮੀ ਸੀ। ਇਸ ਦਾ ਮੁੱਖ ਮਕਸਦ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਇਨਕਲਾਬ ਲਈ ਲੋਕਾਂ ਨੂੰ ਜਾਗ੍ਰਿਤ ਕਰਨਾ ਸੀ। ਕਰਤਾਰ ਸਿੰਘ ਸਰਾਭਾ ਇਹ ਸਤਰਾਂ ਅਕਸਰ ਗੁਣਗੁਣਾਉਂਦਾ ਸੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ/ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।/ ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਪਹਿਲੀ ਆਲਮੀ ਜੰਗ ਸ਼ੁਰੂ ਹੁੰਦਿਆਂ ਹੀ .ਗਦਰ ਪਾਰਟੀ ਦੇ ਕਾਰਕੁਨ ਅਤੇ ਆਗੂ ਹਿੰਦੋਸਤਾਨ ਆਉਣ ਲੱਗੇ ਸਨ ਤਾਂ ਜੋ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਇਨਕਲਾਬ ਕੀਤਾ ਜਾ ਸਕੇ। ਉਨ੍ਹੀਂ ਦਿਨੀਂ ਅੰਗਰੇਜ਼ ਸਰਕਾਰ ਡਿਫੈਂਸ ਐਕਟ ਆਫ ਇੰਡੀਆ ਅਧੀਨ ਮੁਸਾਫ਼ਰਾਂ ਨੂੰ ਫੜ ਲੈਂਦੀ ਸੀ। ਬਹੁਤ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਕਰਤਾਰ ਸਿੰਘ ਸਰਾਭਾ ਪੁਲੀਸ ਤੋਂ ਅੱਖ ਬਚਾ ਕੇ ਪੰਜਾਬ ਆ ਗਿਆ ਸੀ। ਇੱਥੇ ਆ ਕੇ ਪਤਾ ਲੱਗਿਆ ਕਿ ਉਨ੍ਹਾਂ ਦੇ ਜ਼ਿਆਦਾਤਰ ਸਾਥੀ ਜੇਲ੍ਹਾਂ 'ਚ ਬੰਦ ਹਨ ਜਾਂ ਫਿਰ ਸ਼ਹੀਦ ਹੋ ਗਏ ਹਨ।

ਉਸ ਨੇ ਫਿਰ ਪਾਰਟੀ ਨੂੰ ਸੰਗਠਿਤ ਕੀਤਾ ਅਤੇ ਰੋਜ਼ ਸਾਈਕਲ 'ਤੇ ਪੰਜਾਹ ਮੀਲ ਸਫ਼ਰ ਤੈਅ ਕਰ ਕੇ ਲੋਕਾਂ ਨੂੰ .ਗਦਰ ਲਈ ਪ੍ਰੇਰਿਤ ਕਰਦਾ। ਇਸ ਤੋਂ ਬਾਅਦ ਸਚਿੰਦਰ ਨਾਥ ਸਾਨਿਆਲ ਦੀ ਮਦਦ ਨਾਲ ਰਾਸ ਬਿਹਾਰੀ ਬੋਸ ਨਾਲ ਸੰਪਰਕ ਕੀਤਾ ਅਤੇ .ਗਦਰ ਦੀ ਯੋਜਨਾ ਦੱਸੀ। ਕਰਤਾਰ ਸਿੰਘ ਸਰਾਭਾ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਫ਼ੌਜੀਆਂ ਨੂੰ ਵੀ .ਗਦਰ ਲਈ ਪ੍ਰੇਰਿਤ ਕੀਤਾ। ਇਸ ਲਈ ਉਹ ਮੇਰਠ, ਕਾਨਪਰ, ਫ਼ਿਰੋਜ਼ਪੁਰ ਆਦਿ ਫ਼ੌਜੀ ਛਾਉਣੀਆਂ 'ਚ ਵੀ ਗਏ। ਪਾਰਟੀ ਨੂੰ ਧਨ ਇਕੱਠਾ ਕਰ ਕੇ ਦੇਣ ਦੀ ਜ਼ਿੰਮੇਵਾਰੀ ਨਿਭਾਉਣ ਲਈ ਉਨ੍ਹਾਂ ਨੂੰ ਡਾਕੇ ਮਾਰਨੇ ਪਏ। ਸ਼ਾਹੂਕਾਰਾਂ ਨੂੰ ਲੁੱਟਣ ਤੋਂ ਪਹਿਲਾਂ ਉਨ੍ਹਾਂ ਨੂੰ ਸਮਝਾਉਂਦੇ ਕਿ ਇਹ ਸਭ ਤੁਹਾਡੀ ਤੇ ਲੋਕਾਂ ਦੀ ਭਲਾਈ ਲਈ ਹੀ ਕੀਤਾ ਜਾ ਰਿਹਾ ਹੈ। ਸਾਰੇ ਪ੍ਰਬੰਧਾਂ ਦੀ ਤਿਆਰੀ ਮਗਰੋਂ .ਗਦਰ ਦੀ ਮਿਤੀ 21 ਫਰਵਰੀ 1915 ਨਿਯਤ ਕੀਤੀ ਗਈ। ਕਿਰਪਾਲ ਸਿੰਘ ਨੇ ਇਸ ਦੀ ਸੂਹ ਪੁਲੀਸ ਨੂੰ ਦੇ ਦਿੱਤੀ ਤੇ ਸਰਕਾਰ ਚੌਕੰਨੀ ਹੋ ਗਈ। .ਗਦਰ ਦੀ ਯੋਜਨਾ ਅੱਗੇ ਪਾ ਦਿੱਤੀ ਗਈ, ਪਰ ਬਦਕਿਸਮਤੀ ਨਾਲ ਪੁਲੀਸ ਨੂੰ ਇਸ ਦਾ ਵੀ ਪਤਾ ਚੱਲ ਗਿਆ। ਕਿਰਪਾਲ ਸਿੰਘ ਦੀ .ਗੱਦਾਰੀ ਕਾਰਨ ਦੇਸ਼ ਭਗਤਾਂ ਦਾ ਸੁਪਨਾ ਅਧੂਰਾ ਰਹਿ ਗਿਆ ਸੀ। .ਗਦਰ ਦੇ ਆਗੂਆਂ ਅਤੇ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਕਾਬੁਲ ਜਾਣਾ ਚਾਹੁੰਦੇ ਸਨ, ਪਰ .ਗੱਦਾਰਾਂ ਨੂੰ ਸੋਧਣ ਦੇ ਵਿਚਾਰ ਨਾਲ ਵਾਪਸ ਆ ਗਏ। ਦੋ ਮਾਰਚ 1915 ਨੂੰ ਸਰਗੋਧਾ ਦੇ ਚੱਕ ਨੰਬਰ ਪੰਜ ਪੁੱਜੇ ਅਤੇ ਹਥਿਆਰ ਲੈਣ ਲਈ ਰਸਾਲਦਾਰ ਗੰਢਾ ਸਿੰਘ ਕੋਲ ਗਏ ਜਿਸ ਨੇ ਧੋਖੇ ਨਾਲ ਇਹਨਾਂ ਤਿੰਨਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਲਾਹੌਰ ਦੀ ਸੈਂਟਰਲ ਜੇਲ੍ਹ 'ਚ ਕਈ ਮਹੀਨੇ ਮੁਕੱਦਮਾ ਚਲਦਾ ਰਿਹਾ। ਕਰਤਾਰ ਸਿੰਘ ਸਰਾਭਾ ਨੇ .ਗਦਰ 'ਚ ਸ਼ਮੂਲੀਅਤ ਅਤੇ ਹਥਿਆਰਬੰਦ ਇਨਕਲਾਬ ਦੀ ਗੱਲ ਕਬੂਲੀ ਸੀ। ਇਸੇ ਕਰਕੇ ਉਸ ਬਾਰੇ ਜੱਜ ਨੇ ਕਿਹਾ ਕਿ ਕਰਤਾਰ ਸਿੰਘ ਭਾਵੇਂ ਛੋਟੀ ਉਮਰ ਦਾ ਹੈ ਪਰ ਸਾਜ਼ਿਸ਼ੀ ਬਹੁਤ ਵੱਡਾ ਹੈ। ਇਸ ਕਾਰਨ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਆਖ਼ਰ 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਨੂੰ ਛੇ ਸਾਥੀਆਂ ਸਮੇਤ ਫਾਂਸੀ ਦੇ ਦਿੱਤੀ ਗਈ। ਜਦੋਂ ਇਹ ਖ਼ਬਰ .ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਸੁਣੀ ਤਾਂ ਉਹ ਅਚਨਚੇਤ ਹੀ ਬੋਲੇ, "ਕਰਤਾਰ ਸਿੰਘ ਸਰਾਭਾ ਉਮਰ 'ਚ ਭਾਵੇਂ ਸਾਡੇ ਸਾਰਿਆਂ ਤੋਂ ਛੋਟਾ ਸੀ, ਪਰ ਕੁਰਬਾਨੀ ਵਿੱਚ ਸਾਰਿਆਂ ਤੋਂ ਅੱਗੇ ਲੰਘ ਗਿਆ ਹੈ।" ਮਹਿਜ਼ ਉੱਨੀ ਸਾਲ ਦੀ ਉਮਰ ਵਿੱਚ ਦੇਸ਼ ਦੀ ਖ਼ਾਤਰ ਜਾਨ ਵਾਰਨ ਕਰਕੇ ਉਹ ਨੌਜਵਾਨਾਂ ਦਾ ਪ੍ਰੇਰਨਾ ਸ੍ਰੋਤ ਬਣ ਗਿਆ।

*******

**ਮਿੰਟੂ ਬਰਾੜ ਆਸਟ੍ਰੇਲੀਆ**
+61 434 289 905
mintubrar@gmail.com



# ਕੌਣ ਹਨ ਆਸਟ੍ਰੇਲੀਆ 'ਚ ਇਤਿਹਾਸ ਰਚਣ ਵਾਲੇ ਡਾ ਪਰਵਿੰਦਰ ਕੌਰ?

## "ਅੱਜ ਪੱਛਮੀ ਆਸਟ੍ਰੇਲੀਆ ਵਿੱਚ ਮੈਂਬਰ ਪਾਰਲੀਮੈਂਟ ਵਜੋਂ ਸੌਂਹ ਚੁੱਕਣ ਉੱਤੇ ਵਿਸ਼ੇਸ਼"

ਇਹ ਪੰਜਾਬਣ ਆਸਟ੍ਰੇਲੀਆ ਦੀ ਸਿਆਸਤ ਵਿੱਚ ਕਿਸੇ ਵੀ ਰਾਜ ਦੇ ਪਹਿਲੇ ਪੰਜਾਬੀ ਮਹਿਲਾ ਮੈਂਬਰ ਪਾਰਲੀਮੈਂਟ ਬਣੇ ਹਨ। ਇਸ ਤੋਂ ਪਹਿਲਾਂ ਗੁਰਮੇਸ਼ ਸਿੰਘ ਨਿਊ ਸਾਊਥ ਵੇਲਸ ਤੋਂ ਪਹਿਲੇ 'ਸਿੰਘ' ਮੈਂਬਰ ਪਾਰਲੀਮੈਂਟ ਬਣੇ ਸਨ। ਤੇ ਹੁਣ ਡਾ ਪਰਵਿੰਦਰ ਕੌਰ ਨੂੰ ਆਸਟ੍ਰੇਲੀਆ ਦੇ ਤਕਰੀਬਨ ਦੋ ਸੌ ਸਾਲ ਦੇ ਇਤਿਹਾਸ 'ਚ ਪਹਿਲੇ 'ਕੌਰ' ਮੈਂਬਰ ਪਾਰਲੀਮੈਂਟ ਬਣਨ ਦਾ ਸੁਭਾਗ ਮਿਲਿਆ ਹੈ। ਆਓ ਤੁਹਾਨੂੰ ਮਿਲਾਈਏ ਪੰਜਾਬ ਦੇ ਇਕ ਪਿੰਡ ਤੋਂ ਪੱਛਮੀ ਆਸਟ੍ਰੇਲੀਆ ਦੇ ਪਾਰਲੀਮੈਂਟ ਤੱਕ ਦਾ ਸਫ਼ਰ ਤਹਿ ਕਰਨ ਵਾਲੀ ਮਾਣਮੱਤੀ ਡਾ ਪਰਵਿੰਦਰ ਕੌਰ ਨਾਲ। ਗੱਲ 2014 ਦੀ ਹੈ। ਸਿੱਖ ਖੇਡਾਂ ਦੇ ਸਿਲਸਿਲੇ 'ਚ ਅਸੀਂ ਪਰਥ ਵਿਚ ਸਾਂ। ਖੇਡਾਂ ਦੌਰਾਨ ਬਹੁਤ ਸਾਰੇ ਚਾਹੁਣ ਵਾਲੇ ਮਿਲੇ। ਇਸੇ ਦੌਰਾਨ ਬਹੁਤ ਹੀ ਖ਼ੂਬਸੂਰਤ, ਹੱਸੂ-ਹੱਸੂ ਕਰਦੇ ਚਿਹਰੇ ਦੀ ਮਾਲਕ ਇੱਕ ਕੁੜੀ ਨੇ ਭੀੜ ਵਿਚੋਂ ਦੀ ਅੱਗੇ ਹੁੰਦੀਆਂ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਕਿਹਾ, "ਮਿੰਟੂ ਭਾਜੀ ਕਾਫ਼ੀ ਚਿਰ ਤੋਂ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ, ਬੱਸ ਮਿਲਣ ਦਾ ਸਬੱਬ ਨਹੀਂ ਬਣਿਆ।" ਮੇਰੇ ਧੰਨਵਾਦ ਕਹਿਣ ਤੇ ਉਹਨਾਂ ਅੱਗੇ ਗੱਲ ਤੋਰਦਿਆਂ ਦੱਸਿਆ ਕਿ "ਮੇਰਾ ਨਾਮ ਪਰਵਿੰਦਰ ਹੈ ਤੇ ਮੈਨੂੰ ਵੀ ਰੇਡੀਓ ਮੇਜ਼ਬਾਨੀ ਦਾ ਬੜਾ ਸ਼ੌਕ ਹੈ।" ਪਹਿਲੀ ਸੱਟੇ ਮੈਂ ਅਸਲੀ ਪਰਵਿੰਦਰ ਦੇ ਦਰਸ਼ਨ ਨਹੀਂ ਸਾਂ ਕਰ ਸਕਿਆ। ਉਹਨਾਂ ਸਾਨੂੰ ਦੂਜੇ ਦਿਨ ਆਪਣੇ ਦਫ਼ਤਰ ਆਉਣ ਦਾ ਸੱਦਾ ਦੇ ਦਿੱਤਾ। ਇਸ ਦੌਰਾਨ ਮੈਨੂੰ ਏਧਰੋਂ ਉਧਰੋਂ ਪਤਾ ਚੱਲਿਆ ਕਿ ਉਹ ਇੱਕ ਵਿਗਿਆਨੀ ਹਨ। ਜਦੋਂ ਦੂਜੇ ਦਿਨ ਅਸੀਂ ਉਹਨਾਂ ਕੋਲ ਪੁੱਜੇ ਤਾਂ ਚਿੱਟੇ ਕੋਟ 'ਚ ਆਪਣੀ ਲੈਬ 'ਚ ਮਸਰੂਫ਼ ਡਾ ਪਰਵਿੰਦਰ ਨੇ ਸਾਡਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਅਤੇ ਸਾਰੀ ਯੂਨੀਵਰਸਿਟੀ ਦਾ ਗੇੜਾ ਲਵਾ ਕੇ ਆਪਣੇ ਚੱਲ ਰਹੇ ਕੰਮਾਂ-ਕਾਰਾਂ ਤੋਂ ਜਾਣੂ ਕਰਵਾਇਆ।

ਨਵੇਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਿਆਤ ਪੁਰ ਰੁੜਕੀ ਦੇ ਸਰਦਾਰ ਕਸ਼ਮੀਰ ਸਿੰਘ ਜੋ ਕਿ ਭਾਰਤੀ ਫ਼ੌਜ ਵਿਚ ਸੇਵਾ ਨਿਵਿਰਤ ਸਨ ਅਤੇ ਬੀਬੀ ਜਰਨੈਲ ਕੌਰ ਦੇ ਘਰ ਪਰਵਿੰਦਰ ਦਾ ਜਨਮ ਹੋਇਆ। ਉਹ ਕੁਲ ਦੋ ਭੈਣ ਭਰਾ ਹਨ। ਉਹਨਾਂ ਦੀ ਸਕੂਲੀ ਵਿੱਦਿਆ ਵੱਖ-ਵੱਖ ਫ਼ੌਜੀ ਸਕੂਲਾਂ 'ਚ ਹੋਈ। ਜਿਨ੍ਹਾਂ 'ਚ ਜਲੰਧਰ ਕੈਂਟ ਅਤੇ ਅੰਬਾਲਾ ਕੈਂਟ ਜ਼ਿਕਰਯੋਗ ਹਨ। ਇਸ ਉਪਰੰਤ ਉਹਨਾਂ ਪਟਿਆਲੇ ਤੋਂ ਆਪਣੀ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀ ਸਿੱਖਿਆ ਹਾਸਲ ਕੀਤੀ। ਭਾਵੇਂ ਫ਼ੌਜ ਦੀ ਨੌਕਰੀ ਕਾਰਨ ਪਰਵਿੰਦਰ ਨੂੰ ਵੱਖ-ਵੱਖ ਥਾਵਾਂ ਤੇ ਰਹਿਣਾ ਪਿਆ ਪਰ ਹਰ ਛੁੱਟੀਆਂ ਪਿੰਡ 'ਚ ਗੁਜ਼ਾਰਨ ਕਾਰਨ ਕਿਤੇ ਨਾ ਕਿਤੇ ਉਸ ਦੀ ਪਿੰਡ ਨਾਲ ਅਤੇ ਖੇਤੀ ਕਿੱਤੇ ਨਾਲ ਸਾਂਝ ਬਹੁਤ ਗੂੜ੍ਹੀ ਕਰ ਦਿੱਤੀ। ਉਹ ਦੱਸਦੇ ਹਨ ਕਿ ਗਿਆਰ੍ਹਵੀਂ 'ਚ ਉਹਨਾਂ ਨੂੰ ਕੁਝ ਨਹੀਂ ਪਤਾ ਸੀ ਕਿ ਮੇਰੀ ਮੰਜ਼ਿਲ ਕੀ ਹੈ! ਭਾਵੇਂ ਮੇਰੀ ਮੁੱਢ ਤੋਂ ਸਾਇੰਸ ਵਿਚ ਰੁਚੀ ਸੀ ਪਰ ਮੈਂ ਗਿਆਰ੍ਹਵੀਂ 'ਚ ਮਿਲੇ-ਜੁਲੇ ਜਿਹੇ ਵਿਸ਼ੇ ਚੁਣ ਲਏ। ਪਰ ਬਾਰ੍ਹਵੀਂ ਤੱਕ ਆਉਂਦੇ-ਆਉਂਦੇ ਮੈਨੂੰ ਏਨਾ ਕੁ ਅਹਿਸਾਸ ਹੋ ਗਿਆ ਸੀ ਕਿ ਬਿਨਾਂ ਟੀਚਾ ਮਿਥਿਆਂ ਕਾਮਯਾਬੀ ਹਾਸਲ ਨਹੀਂ ਹੋ ਸਕਦੀ। ਕੁਝ ਕੁ ਦਿਨਾਂ ਲਈ ਦੰਦਾਂ ਦੀ ਡਾਕਟਰੀ ਚੁਣ ਲਈ ਸੀ, ਭਾਵੇਂ ਮੇਰੀ ਪਸੰਦ ਦੇ ਵਿਸ਼ੇ ਜੀਵ ਵਿਗਿਆਨ (ਬਿਲੋਗੇ) ਸੀ। ਪਰ ਉਸੇ ਵਕਤ ਕਿਸਮਤ ਨਾਲ ਮੈਨੂੰ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ 'ਚ ਥਾਂ ਮਿਲ ਗਈ ਉਹ ਵੀ ਸਕਾਲਰਸ਼ਿਪ ਨਾਲ। ਕਿਉਂਕਿ ਮੈਂ ਪਹਿਲੇ ਪੰਜ ਵਿਦਿਆਰਥੀਆਂ 'ਚ ਆਪਣਾ ਨਾਮ ਦਰਜ ਕਰਵਾਉਣ 'ਚ ਕਾਮਯਾਬ ਹੋ ਗਈ ਸੀ। ਪਿੰਡ 'ਚ ਗੁਜ਼ਾਰੇ ਸਮੇਂ ਨੇ ਮੈਨੂੰ ਸਿਖਾ ਦਿੱਤਾ ਸੀ ਕਿ ਅੰਨਦਾਤਾ ਕਹਾਉਣਾ ਕਿੰਨਾ ਕੁ ਔਖਾ। ਸ਼ਾਇਦ ਇਸੇ ਕਰਕੇ ਇਹ ਮੇਰਾ ਜਨੂੰਨ ਬਣ ਗਿਆ।

ਗਰੈਜੂਏਸ਼ਨ ਦੌਰਾਨ ਕੀਤੀ ਮਿਹਨਤ ਦਾ ਫਲ ਮਾਸਟਰਜ਼ ਲਈ ਸਕਾਲਰਸ਼ਿਪ ਦੇ ਰੂਪ 'ਚ ਮਿਲਿਆ ਤੇ ਮਾਸਟਰਜ਼ 'ਚ ਕੀਤੀ ਮਿਹਨਤ ਦਾ ਫਲ ਆਸਟ੍ਰੇਲੀਆ ਦੇ ਸ਼ਹਿਰ ਪਰਥ ਦੀ ਮਸ਼ਹੂਰ ਯੂਨੀਵਰਸਿਟੀ ਆਫ਼ ਵੈਸਟਰਨ ਆਸਟ੍ਰੇਲੀਆ ਨੇ ਸਕਾਲਰਸ਼ਿਪ ਦੇ ਰੂਪ 'ਚ ਦਿੱਤਾ। ਜਦੋਂ ਮੈਂ ਆਪਣੇ ਰਿਟਾਇਰ ਹੋ ਚੁੱਕੇ ਪਿਤਾ ਜੀ ਨੂੰ ਦੱਸਿਆ ਕਿ ਮੈਂ ਵਿਦੇਸ਼ ਜਾਣਾ ਤਾਂ ਉਹ ਕਹਿੰਦੇ ਆਪਾ ਇਕ ਛੋਟੇ ਜ਼ਿਮੀਂਦਾਰ ਹਾਂ ਸੋ ਏਨਾ ਖ਼ਰਚ ਕਿਵੇਂ ਕਰਾਂਗੇ? ਜਦ ਮੈਂ ਉਹਨਾਂ ਨੂੰ ਦੱਸਿਆ ਕਿ ਯੂਨੀਵਰਸਿਟੀ ਮੇਰਾ ਸਾਰਾ ਖ਼ਰਚ ਚੁੱਕੇਗੀ। ਤਾਂ ਕਿਸੇ ਨੂੰ ਯਕੀਨ ਨਹੀਂ ਸੀ ਆਇਆ। ਪਰ ਸੱਚ ਦੱਸਾਂ ਮੇਰਾ ਇਕ ਪੈਸਾ ਵੀ ਨਹੀਂ ਲੱਗਿਆ ਇੱਥੇ ਆ ਕੇ ਪੜ੍ਹਨ ਲਿਖਣ ਅਤੇ ਰਹਿਣ ਸਹਿਣ 'ਤੇ।

ਪਰਵਿੰਦਰ ਤੋਂ ਰੁਜ਼ਗਾਰ ਬਾਰੇ ਪੁੱਛਣ ਤੇ ਉਹਨਾਂ ਦੱਸਿਆ ਕਿ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ। ਦੂਜਾ ਉਹ ਭਾਗਾਂ ਵਾਲਾ ਹੁੰਦਾ ਜਿਸ ਨੂੰ ਉਸ ਦੇ ਸ਼ੌਕ ਮੁਤਾਬਿਕ ਕਿੱਤਾ ਮਿਲ ਜਾਵੇ। ਡੀ. ਐਨ. ਏ. ਉੱਤੇ ਕੰਮ ਕਰਨਾ ਮੇਰਾ ਸ਼ੌਕ ਸੀ ਪਰ ਹੁਣ ਮੈਨੂੰ ਇਸ ਦੇ ਪੈਸੇ ਮਿਲਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਪਰਵਿੰਦਰ ਨੇ ਆਸਟ੍ਰੇਲੀਆ ਦੀ ਬਹੁਤ ਵੱਡੀ ਸਮੱਸਿਆ ਉੱਤੇ ਕੰਮ ਕੀਤਾ ਤੇ ਜਿਸ ਕਾਰਨ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਹੱਥੋਂ ਸਨਮਾਨ ਵੀ ਹਾਸਲ ਹੋਇਆ। ਉਹਨਾਂ ਦੇ ਦੱਸਣ ਮੁਤਾਬਕ ਆਸਟ੍ਰੇਲੀਆ ਦੇ ਪਸ਼ੂਆਂ ਦੇ ਚਾਰੇ ਵਿਚ ਕੁਝ ਅਜਿਹੇ ਤੱਤ ਸਨ ਜਿਨ੍ਹਾਂ ਕਾਰਨ ਬਹੁਤ ਜ਼ਿਆਦਾ ਮੀਥਨ ਗੈਸ ਬਣਦੀ ਹੈ ਜੋ ਕਿ ਓਜ਼ੋਨ 'ਚ ਹੋਏ ਸੁਰਾਖ਼ ਲਈ ਜ਼ਿਮੇਵਾਰ ਹੈ। ਆਸਟ੍ਰੇਲੀਆ 'ਚ ਬਣਦੀ ਕੁੱਲ ਮੀਥਨ ਗੈਸ ਦਾ ਚਾਲੀ ਪ੍ਰਤੀਸ਼ਤ ਹਿੱਸਾ ਇਸ ਚਾਰੇ ਨੂੰ ਖਾ ਕੇ ਇਹ ਜਾਨਵਰ ਬਣਾਉਂਦੇ ਸਨ। ਪਰ ਪਰਵਿੰਦਰ ਦੀ ਮਿਹਨਤ ਸਦਕਾ ਇਸ 'ਤੇ ਕਾਬੂ ਪੈਣਾ ਸ਼ੁਰੂ ਹੋ ਗਿਆ ਹੈ।



ਜਦੋਂ ਕਰੋਨਾ ਦਾ ਕਾਲ ਦੁਨੀਆ 'ਤੇ ਮੰਡਰਾਉਣਾ ਲੱਗਿਆ ਤਾਂ ਪਰਵਿੰਦਰ ਨੂੰ ਫੇਰ ਸੁਭਾਗ ਮਿਲਿਆ ਮਾਨਵਤਾ ਦੀ ਸੇਵਾ ਕਰਨ ਦਾ। ਜਿਸ ਨੂੰ ਉਸ ਨੇ ਖਿੜੇ ਮੱਥੇ ਲੈਂਦਿਆਂ ਦੱਸਿਆ ਕਿ ਕਰੋਨਾ ਦਾ ਡੀ. ਐਨ. ਏ. ਕੋਡ ਫ਼ਸਲਾਂ ਦੇ ਕੋਡ ਨਾਲੋਂ ਬਹੁਤ ਛੋਟਾ ਕੋਡ ਹੈ ਪਰ ਇਸ ਦਾ ਸਿੱਧਾ ਇਨਸਾਨ ਦੀ ਸਿਹਤ ਨਾਲ ਸੰਬੰਧ ਹੈ ਇਸ ਲਈ ਇਸ ਨੂੰ ਹਲਕੇ 'ਚ ਨਹੀਂ ਲਿਆ ਜਾ ਸਕਦਾ। ਉਸ ਨੇ ਸਖ਼ਤ ਮਿਹਨਤ ਕਰਕੇ ਕਰੋਨਾ ਦੇ ਕੋਡ ਨੂੰ ਡੀ ਕੋਡ ਕੀਤਾ।

ਪਰਵਾਰ ਬਾਰੇ ਪੁੱਛਣ ਤੇ ਪਰਵਿੰਦਰ ਦਾ ਕਹਿਣਾ ਹੈ ਕਿ ਮੇਰੀ ਮੰਮੀ ਜੀ ਪਰਵਾਰਿਕ ਮਜਬੂਰੀਆਂ ਕਾਰਨ ਬਚਪਨ 'ਚ ਆਪਣੀ ਪੜਾਈ ਪੂਰੀ ਨਹੀਂ ਸਨ ਕਰ ਸਕੇ ਤੇ ਉਹਨਾਂ ਉਸੇ ਵਕਤ ਹੀ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਸੁਫ਼ਨੇ ਆਪਣੇ ਬੱਚਿਆਂ ਦੇ ਜਰੀਏ ਪੂਰੇ ਕਰਾਂਗੀ। ਹਰ ਮਾਂ ਬਾਪ ਵਾਂਗ ਮੇਰੇ ਮਾਂ ਬਾਪ ਦੇ ਸਾਹ-ਮਣੇ ਵੀ ਇੱਕ ਵੱਡੀ ਸਮੱਸਿਆ ਸੀ ਕਿ ਉਹ ਆਪਣੀ ਜ਼ਿੰਦਗੀ ਭਰ ਦੀ ਕਮਾਈ ਆਪਣੇ ਪੁੱਤਰ ਉੱਤੇ ਲਾਉਣ ਜਾਂ ਧੀ ਉੱਤੇ। ਕਿਉਂਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਸਾਡੇ ਸਮਾਜ ਇਹ ਫ਼ਰਕ ਮੁੱਢ ਕਦੀਮ ਤੋਂ ਚੱਲਦਾ ਆਇਆ ਹੈ। ਪਰ ਮੈਂ ਇੱਥੇ ਵੀ ਖ਼ੁਸ਼ ਕਿਸਮਤ ਰਹੀ ਤੇ ਮੇਰੇ ਮਾਂ ਬਾਪ ਨੇ ਆਪਣੀ ਧੀ ਉੱਤੇ ਵਿਸ਼ਵਾਸ ਜਤਾਇਆ ਅਤੇ ਮੈਨੂੰ ਹਰ ਥਾਂ ਲੋੜ ਤੋਂ ਵੱਧ ਸਾਥ ਦਿੱਤਾ।

ਮੈਂ ਇੱਥੇ ਵੀ ਭਾਗਾਂ ਵਾਲੀ ਰਹੀ ਹਾਂ ਕੇ ਮੈਨੂੰ ਮੇਰੇ ਸਹਿਪਾਠੀ ਅਮਿਤ ਦਾ ਸਾਥ ਮਿਲਿਆ। ਮੇਰੇ ਮਾਂ ਬਾਪ ਭਾਵੇਂ ਵਿਗਿਆਨ ਦੀ ਭਾਸ਼ਾ ਸਮਝਦੇ ਨਹੀਂ ਪਰ ਫੇਰ ਵੀ ਉਹ ਜਦੋਂ ਮੇਰੀ ਹਰ ਗੱਲ 'ਚ ਹੁੰਗਾਰਾ ਭਰਦੇ ਹਨ ਤਾਂ ਮੇਰੀ ਅੱਧੀ ਜਿੱਤ ਤਹਿ ਹੋ ਜਾਂਦੀ ਹੈ। ਅਮਿਤ ਗਿਆਰ੍ਹਵੀਂ ਕਲਾਸ 'ਚ ਪੜ੍ਹਾਈ ਦੌਰਾਨ ਮੇਰਾ ਮੁਕਾਬਲੇਬਾਜ਼ ਸੀ। ਸੰਜੋਗ ਵੱਸ ਲੰਮੇ ਅੰਤਰਾਲ ਬਾਅਦ ਅਸੀਂ ਫੇਰ ਪਰਦੇਸ ਆ ਮਿਲੇ ਅਤੇ ਜੀਵਨ ਸਾਥੀ ਬਣ ਗਏ।

ਆਪਣੇ ਸ਼ੌਕ ਦਾ ਜਨੂੰਨ ਇਸ ਕਦਰ ਭਾਰੂ ਕਿ ਜਦੋਂ ਮੇਰੇ ਘਰ ਪੁੱਤਰ ਦਾ ਜਨਮ ਹੋਇਆ ਭਾਵੇਂ ਮੈਂ ਛੇ ਮਹੀਨਿਆਂ ਦੀ ਛੁੱਟੀ ਲੈ ਸਕਦੀ ਸੀ ਪਰ ਆਪਣੇ ਸ਼ੁਰੂ ਕੀਤੇ ਕਾਰਜ ਨੂੰ ਨਹੀਂ ਸੀ ਛੱਡ ਸਕਦੀ। ਮੇਰਾ ਮੰਨਣਾ ਹੈ ਕਿ ਤੁਸੀਂ ਆਪਣੇ ਹੱਥੀਂ ਲਾਏ ਬੂਟੇ ਨੂੰ ਉਦੋਂ ਨਹੀਂ ਛੱਡ ਸਕਦੇ ਜਦੋਂ ਉਸ ਨੂੰ ਤੁਹਾਡੀ ਬਹੁਤ ਜ਼ਿਆਦਾ ਲੋੜ ਹੈ। ਸੋ ਮੈਂ ਸਿਰਫ਼ ਪੰਦਰਾਂ ਦਿਨਾਂ ਬਾਅਦ ਆਪਣੀ ਲੈਬ 'ਚ ਸੀ ਤੇ ਤਿੰਨ ਮਹੀਨਿਆਂ ਦਾ ਆਪਣਾ ਬੱਚਾ ਛੱਡ ਵੱਖ-ਵੱਖ ਮੁਲਕਾਂ 'ਚ ਰਿਸਰਚ ਦੀ ਲੱਗੀ ਡਿਊਟੀ ਲਈ ਤੁਰ ਪਈ ਸਾਂ। ਇਹ ਇਕ ਵੱਡਾ ਫ਼ੈਸਲਾ ਸੀ ਜੋ ਮੈਂ ਇਕੱਲੀ ਨਹੀਂ ਲੈ ਸਕਦੀ ਸੀ ਅਮਿਤ ਅਤੇ ਮੇਰਾ ਸਹੁਰਾ ਪਰਵਾਰ ਮੇਰੇ ਪਿੱਛੇ ਆ ਖੜਿਆ ਸੀ। ਮੇਰੇ ਮੰਮੀ ਕਹਿੰਦੇ ਸਾਰੀ ਉਮਰ ਪਛਤਾਉਣ ਨਾਲੋਂ ਤੈਨੂੰ ਆਪਣੇ ਮਿਸ਼ਨ ਤੇ ਜਾਣਾ ਚਾਹੀਦਾ ਹੈ। ਮੇਰੇ ਮਨ ਵਿੱਚ ਇਹ ਸੀ ਕੀ ਮੇਰਾ ਪੁੱਤਰ ਵੱਡਾ ਹੋ ਕੇ ਕੀ ਸੋਚੇਗਾ ਕਿ ਮੇਰੀ ਮਾਂ ਮੈਨੂੰ ਏਨੇ ਛੋਟੇ ਨੂੰ ਛੱਡ ਪਰਦੇਸ ਆਪਣੇ ਮਿਸ਼ਨ ਤੇ ਚਲੀ ਗਈ। ਪਰ ਉਸ ਵਕਤ ਮੇਰੇ ਮਾਂ ਬਾਪ ਨੇ ਸਮਝਾਇਆ ਕਿ ਉਹ ਵੱਡਾ ਹੋ ਕੇ ਤੇਰੇ ਤੇ ਮਾਨ ਕਰੇਗਾ। ਇਹ ਸੱਚ ਵੀ ਹੋ ਰਿਹਾ ਮੇਰੇ ਸਾਰੇ ਵੱਡੇ ਮਾਰ੍ਹਕੇ ਉਸੇ ਵਕਤ ਮੈਨੂੰ ਮਿਲੇ। ਜੇਕਰ ਮੇਰਾ ਪਰਵਾਰ ਮੈਨੂੰ ਹੱਲਾਸ਼ੇਰੀ ਨਾ ਦਿੰਦਾ ਸ਼ਾਇਦ ਮੈਂ ਹਾਸਲ ਨਾ ਕਰ ਪਾਉਂਦੀ। ਤਿੰਨ ਮਹੀਨੇ ਬਾਅਦ ਜਦ ਮੈਂ ਘਰ ਵਾਪਸ ਆਈ ਤਾਂ ਮੇਰੇ ਪੁੱਤਰ 'ਅਕਸ਼ਰ' ਨੇ ਮੈਨੂੰ ਪਛਾਣਿਆ ਤੱਕ ਨਹੀਂ ਸੀ। ਇੱਕ ਮਾਂ ਲਈ ਇਹ ਪਲ ਬਹੁਤ ਔਖੇ ਹੁੰਦੇ ਹਨ। ਪਰ ਕੁਝ ਪਾਉਣ ਲਈ ਗੁਆਉਣ ਤਾਂ ਪੈਂਦਾ ਹੀ ਹੈ। ਪਰ ਉਸ ਤੋਂ ਬਾਅਦ ਮੈਂ ਆਪਣੇ ਪੁੱਤਰ ਨੂੰ ਹਰ ਥਾਂ ਨਾਲ ਰੱਖਿਆ। ਜਦੋਂ ਉਹ ਹਾਲੇ ਏ ਬੀ ਸੀ ਵੀ ਨਹੀਂ ਸੀ ਜਾਣਦਾ ਪਰ ਮੇਰੇ ਨਾਲ ਲੈਕਚਰ ਸੁਣਦਾ ਕਾਨਫਰੈਂਸ ਤੇ ਜਾਂਦਾ, ਕਲਾਸਾਂ ਲਾਉਂਦਾ। ਇਹ ਤਾਂ ਸ਼ੁੱਕਰ ਹੈ ਇਸ ਮੁਲਕ ਦਾ ਜੋ ਇੱਕ ਮਾਂ ਦੀ ਇਸ ਜੱਦੋ ਜਹਿਦ ਨੂੰ ਸਮਝਦੇ ਹੋਏ ਹਰ ਹਾਲਾਤ ਵਿੱਚ ਸਹਿਯੋਗ ਦਿੰਦਾ ਹੈ। ਅੱਜ ਗਿਆਰਾਂ ਵਰ੍ਹਿਆਂ ਦਾ ਮੇਰੇ ਪੁੱਤਰ ਚੋਂ ਮੈਨੂੰ ਜਦੋਂ ਪਰਪੱਕਤਾ ਦਿਸਦੀ ਹੈ ਤਾਂ ਮਹਿਸੂਸ ਹੁੰਦਾ ਹੈ ਕਿ ਮਿਹਨਤ ਅਜਾਈਂ ਨਹੀਂ ਗਈ।

ਪਰਵਿੰਦਰ ਦਾ ਭਰਾ ਵੀ ਭੈਣ ਦੀਆਂ ਪੈੜਾਂ ਨੱਪਦਾ, ਵਜ਼ੀਫ਼ੇ ਲੈਂਦਾ ਆਸਟ੍ਰੇਲੀਆ ਆ ਪੁੱਜਿਆ। ਉਹ ਵੀ ਅੱਜਕੱਲ੍ਹ ਪੱਛਮੀ ਆਸਟ੍ਰੇਲੀਆ ਵਿੱਚ ਇੱਕ ਕੌਂਸਲਰ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਅੱਜ ਦੋਨੋਂ ਪਰਵਾਰ ਪਰਥ ਵਿਖੇ ਨਾਲ-ਨਾਲ ਘਰ ਪਾ ਕੇ ਇਕ ਸਾਂਝੇ ਪਰਵਰ ਵਾਂਗ ਵਿਚਰ ਰਹੇ ਹਨ।

ਪਰਵਿੰਦਰ ਇਕ ਬਹੁਤ ਹੀ ਖ਼ੂਬ-ਸੂਰਤ ਅਤੇ ਖ਼ੂਬ-ਸੀਰਤ ਵਾਲੀ ਕੁੜੀ ਹੈ। ਇਹ ਵੀ ਨਹੀਂ ਕਹਿ ਸਕਦੇ ਕਿ ਉਹ ਆਧੁਨਿਕ ਨਹੀਂ ਹੈ, ਉਹ ਨਵੇਂ ਖ਼ਿਆਲਾਂ ਦੀ ਹੈ, ਮਰਜ਼ੀ ਨਾਲ ਬਣਦੀ ਸੰਵਰਦੀ ਹੈ, ਮਰਜ਼ੀ ਦੇ ਕੱਪੜੇ ਪਾਉਂਦੀ ਹੈ, ਉਸ ਨੂੰ ਪੇਕਿਆਂ ਨੇ ਆਜ਼ਾਦੀ ਦਿੱਤੀ,

*ਬਾਕੀ ਹਿਸਾ ਸਫਾ '57 ਤੇ ਪੜ੍ਹੋ*

# ਕੰਟ੍ਰੋਲ ਵਿੱਚ ਰੱਖੋ-ਆਪਣਾ ਬਲੱਡ-ਪ੍ਰੈਸ਼ਰ

**ANIL DHEER**
Columnist. Alternative Therapist. Health Educator award winner Social activist. Certified by W.H.O & UNICEF: Global Health Reporter NTDP Skin Issues: Psoriasis- 2025. GNT Diseases-2023 Air Pollution n Health-2023. Monkey-pox Virus: Health Emergencies programme Writer: "Self-care Tips Encyclopedia"





"ਲੰਬੀ ਹੈਲਦੀ ਸਿਹਤਮੰਦ ਜ਼ਿੰਦਗੀ ਜੀਉਣ ਲਈ ਆਪਣਾ ਬਲੱਡ-ਪ੍ਰੈਸ਼ਰ ਕੰਟਰੋਲ 'ਚ ਰੱਖੋ, ਅਤੇ ਸਮੇਂ-ਸਮੇਂ 'ਤੇ ਚੈੱਕ ਕਰਦੇ ਰਹੋ"-

ਹੈਲਥ ਮੀਡੀਆ ਕੈਨੇਡਾ: ਮਈ 2025 ਦਾ ਮਹੀਨਾ ਵਿਸ਼ਵ ਹਾਈਪਰਟੈਂਸ਼ਨ ਜਾਗਰੂਕਤਾ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਵਿਸ਼ਵ ਹਾਈਪਰਟੈਨਸ਼ਨ ਦਿਵਸ 2025 ਦਾ ਥੀਮ ਹੈ ਇਸ ਨਾ-ਮੁਰਾਦ ਬਿਮਾਰੀ ਨਾਲ ਜੀਅ ਰਹੇ ਰੋਗੀ ਸਮੇਂ-ਸਮੇਂ 'ਤੇ ਆਪਣਾ ਬਲੱਡ-ਪ੍ਰੈਸ਼ਰ ਚੈਕ ਕਰਦੇ ਰਹਿਨ ਅਤੇ ਇਸਨੂੰ ਕੰਟ੍ਰੋਲ 'ਚ ਰੱਖਣ। ਲਗਾਤਾਰ ਸਟ੍ਰੈੱਸ ਰਹਿਣਾ, ਵੱਧ ਬਲੱਡ-ਪ੍ਰੈਸ਼ਰ ਦੀ ਹਾਲਤ 'ਚ ਸਿਰ ਪੀੜ, ਥਕਾਵਟ, ਉਲਝਣ, ਛਾਤੀ 'ਚ ਦਰਦ, ਸਾਹ ਲੈਣ 'ਚ ਮੁਸ਼ਕਲ, ਦਿਲ ਦੀ ਤੇਜ਼ ਧੜਕਨ, ਘਬਰਾਹਟ, ਪਸੀਨਾ, ਚੱਕਰ ਆਉਣੇ, ਅੱਖਾਂ 'ਤੇ ਜ਼ੋਰ ਪੈਣਾ, ਅੱਖਾਂ ਲਾਲ ਦਿਸਣਾ, ਉਨੀਂਦਾਪਨ, ਦੇ ਲੱਛਣ ਦੇਖਨ ਨੂੰ ਮਿਲ ਸਕਦੇ ਹਨ।

ਸਟ੍ਰੋਕ ਅਤੇ ਦਿਲ ਦੇ ਦੌਰੇ ਤੋਂ ਬਚਣ ਜ ਂਕਿਸੇ ਗਭੀਰ ਲੱਛਣ ਦੀ ਹਾਲਤ 'ਚ ਦੇਰੀ ਮੇਡੀਕਲ, ਐਮਰਜੈਂਸੀ ਦੀ ਹੈਲਪ ਲੈਣ ਦੀ ਲੋੜ ਹੁੰਦੀ ਹੈ। ਇਸ ਮਹੀਨੇ ਤੰਦਰੁਸਤ ਅਤੇ ਰੋਗੀਆਂ ਨੂੰ ਜਾਗਰੂਕ ਕਰਨ ਦਾ ਮਕਸਦ ਹਾਰਟ ਅਟੈਕ, ਸਟ੍ਰੋਕ ਕਾਰਨ ਮੌਤ ਦਾ ਅੰਕੜਾ ਘੱਟ ਕਰਨਾ ਵੀ ਹੈ।

ਵਿਸ਼ਵ ਸਿਹਤ ਸੰਸਥਾ ਅਤੇ ਅਮੈਰੀਕਨ ਹਾਰਟ ਐਸੋਸੀਏਸ਼ਨ ਮੁਤਾਬਿਕ ਅੱਜ ਵਿਸ਼ਵ ਭਰ 'ਚ ਸਮੇਂ ਤੋਂ ਪਹਿਲਾਂ ਮੌਤ ਦਾ ਕਾਰਨ ਹਾਈਪਰਟੈਂਸ਼ਨ ਹੈ। ਅੱਜ ਕਰੀਬਨ 1.16 ਬਿਲੀਅਨ, ਘੱਟ 'ਤੇ ਮੱਧ ਆਮਦਨੀ ਵਾਲੇ ਦੇਸ਼ਾਂ 'ਚ ਰਹਿਣ ਵਾਲੇ ਲੋਕ ਹਾਈਪਰਟੈਨਸ਼ਨ ਦੇ ਸ਼ਿਕਾਰ ਹਨ। ਜਿਨਾਂ 'ਚ ਹਰ ਤੀਜਾ ਆਦਮੀ ਅਤੇ ਹਰ ਦੂਜੀ ਔਰਤ ਹਾਈ ਬਲੱਡ-ਪ੍ਰੈਸ਼ਰ ਦੇ ਘੇਰ 'ਚ ਹਨ। ਗੈਰ-ਮੁਸ਼ਕਲ ਬਿਮਾਰੀਆਂ ਲਈ ਅੰਤਰਾਰਸ਼ਟਰੀ ਪੱਧਰ 'ਤੇ ਹਾਈਪਰਟੈਨਸ਼ਨ ਦੇ ਪ੍ਰਸਾਰ ਨੂੰ ਘਟਾਉਣ ਦਾ ਟੀਚਾ ਰੱਖਿਆ ਗਿਆ ਹੈ। ਹਰ ਉਮਰ 'ਚ ਤੇਜੀ ਨਾਲ ਬਦਲ ਰਿਹਾ ਲਾਈਫ ਸਟਾਈਲ ਦੇ ਰਿਹਾ ਹੈ ਇਹ ਬਿਮਾਰੀ। ਬੱਚੇ, ਨੌਜਵਾਨ, ਔਰਤਾਂ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ 'ਚ ਬਿਮਾਰੀ ਦਾ ਅੰਕੜਾ ਤੇਜੀ ਨਾਲ ਵੱਧ ਰਿਹਾ ਹੈ। ਗੰਭੀਰ ਹਾਈ ਬਲੱਡ-ਪ੍ਰੈਸ਼ਰ ਨਾਲ ਦਿਲ, ਦਿਮਾਗ ਅਤੇ ਕਿਡਨੀ-ਰੋਗ ਵੱਧ ਰਹੇ ਹਨ। ਇਹ ਰੋਗ 40 ਤੋਂ ਵੱਧ ਉਮਰ ਦੇ ਮਰਦਾਂ ਅਤੇ 35 ਸਾਲ ਦੀਆਂ ਔਰਤਾਂ 'ਚ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

ਪ੍ਰਾਈਮਰੀ ਹਾਈ ਬਲੱਡ-ਪ੍ਰੈਸ਼ਰ ਸਮੇਂ ਨਾਲ ਹੋਲੀ-ਹੋਲੀ ਵੱਧਦਾ ਰਹਿੰਦਾ ਹੈ। ਕੁੱਝ ਲੋਕਾਂ ਦਾ ਹਾਈ ਬਲੱਡ-ਪ੍ਰੈਸ਼ਰ ਬਾਰਡਰ ਲਾਈਨ ਰਹਿਣ ਨੂੰ ਸੈਕੰਡਰੀ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ। ਵੱਖ-ਵੱਖ ਦਵਾਈਆਂ, ਲਗਾਤਾਰ ਸਟਰੈੱਸ 'ਤੇ ਸਦਮੇ ਨਾਲ ਵੀ ਬਲੱਡ-ਪ੍ਰੈਸ਼ਰ ਵਧਿਆ ਰਹਿੰਦਾ ਹੈ। ਹਾਈ ਬਲੱਡ-ਪ੍ਰੈਸ਼ਰ ਖੁਨ ਦੀਆਂ ਨਾੜੀਆਂ ਕਮਜ਼ੋਰ ਕਰਕੇ ਐਨਿਊਰਿਜ਼ਮ ਬਣ ਦਿੰਦਾ ਹੈ। ਜੇ ਐਨਿਊਰਿਜ਼ਮ ਫੱਟ ਜਾਵੇ ਤਾਂ ਜਾਨਲੇਵਾ ਵੀ ਹੋ ਸਕਦਾ ਹੈ।

ਆਮ ਬਲੱਡ-ਪ੍ਰੈਸ਼ਰ ਰਹਿਣ ਵਾਲਿਆਂ ਨੂੰ ਬਰਾਬਰ ਜਾਂਚ ਅਤੇ ਇਲਾਜ ਲਈ ਆਪਣੇ ਫੈਮਿਲੀ ਡਾਕਟਰ ਅਤੇ ਮਾਹਿਰਾਂ ਨਾਲ ਬਰਾਬਰ ਫਾਲੋ-ਅਪ ਕਰਨਾ ਚਾਹੀਦਾ ਹੈ। ਹਾਈਪਰਟੈਨਸ਼ਨ ਦੇ ਪੁਰਾਣੇ ਰੋਗੀ ਹਰ ਦੂਜੇ ਦਿਨ ਆਪਣਾ ਬਲੱਡ-ਪ੍ਰੈਸ਼ਰ ਜਰੂਰ ਚੈੱਕ ਕਰਨ।



### ਹਮੇਸ਼ਾ ਰੋਗੀ ਆਪਣਾ ਧਿਆਨ ਰੱਖਣ:

ਰੋਗੀ 8 ਘੰਟੇ ਦੀ ਨੀਂਦ ਪੂਰੀ ਲੈਣ। ਇਸ ਨਾਲ ਸਰੀਰ ਅੰਦਰ ਬਲੱਡ-ਸਰਕੂਲੇਸ਼ਨ ਦਰੁਸਤ ਹੋ ਜਾਣ ਨਾਲ ਸਟ੍ਰੋਕ, ਦਿਲ ਦਾ ਦੌਰਾ ਅਤੇ ਹਾਈ ਬਲੱਡ-ਪ੍ਰੈਸ਼ਰ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਬਿਮਾਰੀ ਦੀ ਗੰਭੀਰ ਹਾਲਤ ਤੋਂ ਬਚਣ ਲਈ ਪਰੋਪਰ ਇਲਾਜ਼, ਪੋਸ਼ਟਿਕ ਖੁਰਾਕ, ਸਾਇਕਿਲਿੰਗ, ਸੈਰ, ਡੇਲੀ ਵਰਕ-ਆਉਟ ਨਾਲ ਆਪਣੇ ਜੀਵਨ ਸ਼ੈਲੀ 'ਚ ਤਬਦੀਲੀ ਲਿਆਓ। ਭੋਜਨ ਤੋਂ ਬਾਅਦ ਘੱਟੋ-ਘੱਟ ਅਧਾ ਘੰਟਾ ਸੈਰ ਜਰੂਰ ਕਰੋ। ਬਚਪਨ ਤੋਂ ਹੀ ਬੱਚਿਆਂ ਨੂੰ ਯੋਗਾ, ਖੇਡਾਂ, ਸਰੀਰਕ 'ਤੇ ਮਾਨਸਿਕ ਐਕਟੀਵਿਟੀ ਲਈ ਤਿਆਰ ਕਰੋ।

ਹਾਈਪਰਟੈਨਸ਼ਨ ਦੀ ਫੈਮਿਲੀ ਹਿਸਟਰੀ ਵਾਲਿਆਂ ਨੂੰ ਮੋਟਾਪਾ, ਗੈਰ-ਕਾਨੂੰਨੀ ਨਸ਼ਿਆਂ, ਅਲਕੋਹਲ ਦਾ ਵਾਧੂ ਸੇਵਨ, ਲਗਾਤਾਰ ਜੰਕ ਫੂਡ ਦੀ ਵਰਤੋਂ, ਬਿਨਾ ਮਤਲਬ ਗੁੱਸਾ ਕਰਨਾ ਅਤੇ ਫਾਲਤੂ ਸਟ੍ਰੈਸ ਲੈਣ ਦੀ ਆਦਤ ਤੋਂ ਦੂਰ ਰਹਿਣ ਦੀ ਲੋੜ ਹੈ।

ਗਰਭਵਤੀ ਔਰਤਾਂ ਅੰਦਰ ਪਲ ਰਹੇ ਬੱਚੇ ਦੀ ਸੇਫਟੀ ਲਈ ਗੈਰ-ਕਾਨੂੰਨੀ ਨਸ਼ੇ, ਤੰਬਾਕੂ, ਸਿਗਾਰ, ਅਤੇ ਅਲਕੋਹਲ, ਤੇਜ਼ ਮਿਰਚ-ਮਸਾਲੇ ਖਾਣ ਤੋਂ ਬਚਣਾ ਚਾਹੀਦਾ ਹੈ। ਅਜਿਹਾ ਨਾ ਕਰਨ ਨਾਲ ਆਉਣ ਵਾਲਾ ਬੱਚਾ, ਵਿਕਲਾਂਗ, ਦਿਲ 'ਤੇ ਦਿਮਾਗੀ ਬਿਮਾਰੀਆਂ ਨਾਲ ਲੈ ਕੇ ਆ ਸਕਦਾ ਹੈ। ਤਾਜ਼ੇ ਫੱਲ-ਸਬਜੀਆਂ, ਵੈਜੀਟੇਬਲ ਅਤੇ ਚਿਕਨ ਸੂਪ ਅਤੇ ਪਰੈਸਕਰਾਈਬਡ ਦਵਾਈਆਂ ਲੈਣ ਨਾਲ ਸਰੀਰ ਅੰਦਰ ਖੁਨ ਦਾ ਦਬਾਅ ਠੀਕ ਰਹਿੰਦਾ ਹੈ।

ਆਮ 'ਤੇ ਸਸਤਾ ਸਨੈਕ ਕੇਲਾ ਖਾਓ। ਕੇਲੇ ਅੰਦਰ ਮੌਜੂਦ ਪੋਟਾਸ਼ਿਅਮ 10% ਤੱਕ ਖੁਨ ਦੇ ਦਬਾਅ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਪੱਕਿਆ ਕੇਲਾ ਦਹੀਂ 'ਚ ਮੈਸ਼ ਕਰਕੇ ਖੁੱਦ ਖਾਓ ਅਤੇ ਬੱਚਿਆਂ ਨੂੰ ਵੀ ਖਿਲਾਓ।

ਜਿਆਦਾ ਨਮਕ ਯਾਨਿ ਸੋਡੀਅਮ ਬਲੱਡ-ਪ੍ਰੈਸ਼ਰ ਵਧਾ ਕੇ ਰੱਖਦਾ ਹੈ। ਘੱਟ-ਘੱਟ ਹੀ ਇਸਤੇਮਾਲ ਕਰੋ।

ਰੋਗੀ ਕੋਈ ਵੀ ਵਿਟਾਮਿਨ, ਸਪਲੀਮੈਂਟ ਆਪਣੀ ਮਰਜੀ ਨਾਲ ਨਾ ਲੈ ਕੇ ਡਾਕਟਰੀ ਸਲਾਹ ਨਾਲ ਲਵੋ।

ਨੋਟ: ਬਲੱਡ-ਪ੍ਰੈਸ਼ਰ ਦਾ ਲਗਾਤਾਰ ਵੱਧਣਾ ਜਾਂ ਘਟ ਰਹਿਣਾ ਜਾਨਲੇਵਾ ਵੀ ਹੋ ਸਕਦਾ ਹੈ। ਖਿਆਲ ਰੱਖੋ।

* * * * * * *

56 ਸਫੇ ਦੀ ਬਾਕੀ

ਉਸ ਦੇ ਸਹੁਰਿਆਂ ਨੇ ਉਸ ਦੀ ਆਜ਼ਾਦੀ ਬਰਕਰਾਰ ਰੱਖੀ ਪਰ ਉਸ ਨੇ ਉਸ ਆਜ਼ਾਦੀ ਨੂੰ ਮਾਣਿਆ ਨਾ ਕਿ ਉਸ ਦਾ ਨਾਜਾਇਜ਼ ਫ਼ਾਇਦਾ ਚੁੱਕਿਆ। ਪਰ ਉਸ ਨੇ ਕਦੇ ਸਸਤੀ ਸ਼ੁਹਰਤ ਦਾ ਰਾਹ ਨਹੀਂ ਚੁਣਿਆ। ਉਹ ਇਕ ਪਹਿਲੇ ਸਫ਼ਿਆਂ ਦੀ ਵਿਗਿਆਨੀ ਬਣੀ ਪਰ ਨਾ ਤਾਂ ਉਹ ਰੱਬ ਨੂੰ ਭੁੱਲੀ ਹੈ ਨਾ ਵਿਰਸੇ ਨੂੰ। ਵਿਗਿਆਨ ਦੇ ਨਾਂ ਤੇ ਰੱਬ ਤੋਂ ਮੁਨਕਰ ਹੋਣਾ ਸਹੀ ਰਾਹ ਨਹੀਂ ਹੈ। ਸਗੋਂ ਜੋ ਸਾਡੇ ਗ੍ਰੰਥਾਂ 'ਚ ਪਹਿਲਾਂ ਤੋਂ ਹੀ ਦਰਜ ਹੈ ਵਿਗਿਆਨ ਉਸੇ ਨੂੰ ਹੀ ਆਪਣਾ ਅਧਾਰ ਬਣਾ ਕੇ ਚੱਲ ਰਿਹਾ ਹੈ। ਸਾਨੂੰ ਮੰਨਣਾ ਪੈਣਾ ਹੈ ਕਿ ਦੁਨੀਆ 'ਤੇ ਕੋਈ ਤਾਂ ਸਿਰਮੌਰ ਤਾਕਤ ਹੈ ਜੋ ਇਹ ਸਭ ਚਲਾ ਰਹੀ ਹੈ। ਵਿਰਸੇ ਨੂੰ ਸਾਂਭਣ ਲਈ ਪਰਵਿੰਦਰ ਤੁਹਾਨੂੰ ਕਦੇ ਪਰਥ 'ਚ ਹੁੰਦੇ ਸਭਿਆਚਾਰਕ ਪ੍ਰੋਗਰਾਮ 'ਚ ਹਿੱਸਾ ਲੈਂਦੀ ਦਿਖਾਈ ਦੇਵੇਗੀ ਕਦੇ ਰੇਡੀਓ 'ਤੇ ਮੇਜ਼ਬਾਨੀ ਕਰਦੀ ਸੁਣਾਈ ਦੇਵੇਗੀ।

ਯੂਨੀਵਰਸਿਟੀ ਵਿੱਚ ਇੱਕ ਸਹਾਇਕ ਪ੍ਰੋਫੈਸਰ ਵਜੋਂ ਕੰਮ ਕਰਦਿਆਂ ਉਸ ਨੇ ਨਾਲ-ਨਾਲ ਸਰਕਾਰੇ ਦਰਬਾਰੇ ਵੀ ਆਪਣੀ ਹਾਜ਼ਰੀ ਲਗਵਾਉਣੀ ਸ਼ੁਰੂ ਕੀਤੀ। ਜਿਸ ਦੌਰਾਨ ਉਸ ਨੂੰ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਬਹੁਤ ਸਾਰੇ ਮੰਤਰੀਆਂ ਅਤੇ ਵੱਡੇ ਮਹਿਕਮਿਆਂ 'ਚ ਕੰਮ ਕਰਨ ਦਾ ਮੌਕਾ ਮਿਲਿਆ। ਉਹਨਾਂ ਦੀਆਂ ਇਹਨਾਂ ਰੁਚੀਆਂ ਨੂੰ ਦੇਖਦੇ ਹੋਏ ਪੱਛਮੀ ਆਸਟ੍ਰੇਲੀਆ ਦੀ ਲੇਬਰ ਪਾਰਟੀ ਨੇ ਉਹਨਾਂ ਨੂੰ ਉਤਲੇ ਸਦਨ ਲਈ ਆਪਣਾ ਨੁਮਾਇੰਦਾ ਬਣਾਉਂਦੇ ਹੋਏ ਟਿਕਟ ਦਿੱਤੀ। ਜਿਸ ਨੂੰ ਉਹ ਅਸਾਨੀ ਨਾਲ ਜਿੱਤਣ 'ਚ ਕਾਮਯਾਬ ਹੋਏ। ਸੌਂਹ ਚੁੱਕਣ ਤੋਂ ਪਹਿਲਾਂ ਹੀ ਉਹਨਾਂ ਨੇ ਇੱਕ ਮਨਸ਼ਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਇੱਕ ਸਿਆਸਤਦਾਨ ਨਾਲੋਂ ਦੁਨੀਆ ਦਾ ਸਭ ਤੋਂ ਚੰਗਾ ਸਾਂਸਦ ਬਣਨ 'ਚ ਵਿਸ਼ਵਾਸ ਰੱਖਦੇ ਹਨ।

ਅਖੀਰ 'ਚ ਪਰਵਿੰਦਰ ਕੌਰ ਨੇ ਜੋ ਸੁਨੇਹਾ ਦਿੱਤਾ ਉਹ ਇਹ ਸੀ ਕਿ ਆਪਣਾ ਇਕ ਨਿਸ਼ਾਨਾ ਮਿਥੋ, ਉਸ ਤੇ ਧਿਆਨ ਕੇਂਦਰਿਤ ਕਰ ਲਵੋ ਤੇ ਜਦੋਂ ਤੁਸੀਂ ਉਸ ਨੂੰ ਹਾਸਲ ਕਰ ਲਵੋ ਤਾਂ ਹੋਰ ਵੀ ਨਿਮਰ ਹੋ ਜਾਓ। ਕਿਉਂਕਿ ਇਹੋ ਜਿਹੀ ਕਾਮਯਾਬੀ ਕਦੇ ਵੀ ਆਲ਼ੇ ਦੁਆਲ਼ੇ ਦੇ ਸਹਿਯੋਗ ਬਿਨਾ ਨਹੀਂ ਮਿਲ ਸਕਦੀ। ਸੋ ਵਾਹਿਗੁਰੂ ਸਮੇਤ ਸਭ ਦਾ ਸ਼ੁਕਰਗੁਜ਼ਾਰ ਹੋਣਾ ਹੀ ਕਾਮਯਾਬੀ ਦਾ ਅਸਲ ਸ਼ਿਖਰ ਹੈ। ਸੋ ਇਹ ਸੀ ਪ੍ਰੋ ਪਰਵਿੰਦਰ ਕੌਰ (ਡਾ.) ਦੀ ਵੱਡੀ ਕਾਮਯਾਬੀ ਦਾ ਸੰਖੇਪ ਵਰਣਨ।

# ਡਾ. ਸੁਰਿੰਦਰ ਕੁਮਾਰ ਸ਼ਰਮਾ 'ਅਜਨਾਤ' ਦੀ ਕਿਤਾਬ 'ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ' ਦੀ ਸਿੱਖ ਨਜ਼ਰੀਏ ਤੋਂ ਪੜਚੋਲ ਅਤੇ ਮੌਜੂਦਾ ਹਾਲਾਤਾਂ ਅਨੁਸਾਰ ਵਿਸ਼ਲੇਸ਼ਣ

**ਜਗਜੀਤ ਸਿੰਘ, ਯੂ.ਕੇ.**



ਲੇਖਕ 237 ਈਸਾ ਪੂਰਬ ਵਿੱਚ ਪੋਰਸ ਦੀ ਹਾਰ ਤੋਂ ਕਹਾਣੀ ਸ਼ੁਰੂ ਕਰਦਾ ਹੈ ਤੇ ਫੇਰ ਜ਼ਿਆਦਾ ਵਿਸ਼ਲੇਸ਼ਣ ਇਸਲਾਮੀ ਹਮਿਲਾਂ ਬਾਰੇ ਕਰਦਾ ਹੈ। ਜੇ ਆਪਾਂ ਮੁਸਲਮਾਨੀ ਸ਼ਾਸਕਾਂ ਦੀ ਗੱਲ ਕਰਨੀ ਹੋਵੇ ਤਾਂ 712 ਤੋਂ ਮੁਹੰਮਦ ਬਿਨ ਕਾਸਿਮ ਦੇ ਹਮਲਿਆਂ ਤੋਂ ਗੱਲ ਸ਼ੁਰੂ ਹੁੰਦੀਆਂ ਹੈ । ਕਾਸਿਮ ਨੇ ਸਿਰਫ 6000 ਸਿਪਾਹੀਆਂ ਨਾਲ ਰਾਜੇ ਦਾਹਿਰ, ਜਿਸ ਕੋਲ 10 ਹਜ਼ਾਰ ਦੀ ਸਵਾਰ ਫੌਜ ਸੀ ਤੇ 20 ਹਜ਼ਾਰ ਪੈਦਲ ਫੌਜ ਸੀ, ਨੂੰ ਹਰਾ ਦਿੱਤਾ। ਲੇਖਕ ਇਨ੍ਹਾਂ ਸਾਰੀਆਂ ਹਾਰਾਂ ਲਈ ਹਿੰਦੂ ਧਰਮ ਨੂੰ ਮੁੱਖ ਕਾਰਨ ਮੰਨਦਾ ਹੈ, ਖਾਸ ਕਰਕੇ ਉਸ ਵਰਣ ਵੰਡ ਨੂੰ, ਜਿਸ ਨੇ ਜਨਮ ਅਧਾਰਤ ਮਨੁੱਖਤਾ ਨੂੰ 4 ਹਿੱਸਿਆਂ 'ਚ ਵੰਡ ਦਿੱਤਾ।

ਸ਼ੂਦਰਾਂ ਨੂੰ ਗੁਲਾਮ ਬਣਾ ਦਿੱਤਾ ਤੇ ਲੜਨ ਦਾ ਸਾਰਾ ਜ਼ਿੰਮਾ ਖੱਤਰੀਆਂ ਦੇ ਸਿਰ 'ਤੇ ਪਾ ਦਿੱਤਾ, ਜਿਨ੍ਹਾਂ ਦੀ ਗਿਣਤੀ ਅਬਾਦੀ ਦਾ ਅੱਠਵਾਂ ਹਿੱਸਾ ਸੀ। ਧਾਰਮਿਕ ਯੱਗਾਂ ਦੇ ਅਨੁਸਾਰ ਯੁੱਧ ਸਮੱਗਰੀ ਬਣਾਉਣ ਵਾਲਿਆਂ ਦੀ ਬਲੀ ਦਿੱਤੀ ਜਾਂਦੀ ਰਹੀ, ਤਾਂ ਇਥੇ ਮੌਕੇ ਦੇ ਹਥਿਆਰ ਕਦੇ ਬਣੇ ਹੀ ਨਹੀਂ। (ਪੰਨਾ 19, ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ)

ਸ਼ੂਦਰਾਂ ਦੀ ਗਿਣਤੀ ਬਹੁਤ ਵੱਧ ਸੀ, ਉਨ੍ਹਾਂ ਨੇ ਵੀ ਕਿਸੇ ਤਰ੍ਹਾਂ ਦਾ ਕੋਈ ਵਿਰੋਧ ਨਹੀਂ ਕੀਤਾ ਤੇ ਬ੍ਰਾਹਮਣਵਾਦ ਦੀ ਇਸ ਗੁਲਾਮੀ ਨੂੰ ਸਦੀਆਂ ਤੱਕ ਪ੍ਰਵਾਨ ਕੀਤਾ।

ਬ੍ਰਾਹਮਣ ਦੀ ਜਨਮ ਅਧਾਰਤ ਵੰਡ ਨੇ ਇਸ ਖਿੱਤੇ ਦਾ ਵੱਡਾ ਨੁਕਸਾਨ ਕੀਤਾ।

ਇਹ ਕਿਤਾਬਚਾ ਪੜ੍ਹ ਕੇ ਇੱਕ ਗੱਲ ਦੀ ਸਮਝ ਤੇ ਆਉਂਦੀ ਹੈ ਕਿ ਹਿੰਦੂਆਂ ਦੇ ਇਤਿਹਾਸ ਵਿੱਚ ਵੱਡੀਆਂ ਹਾਰਾਂ ਦਾ ਸਾਹਮਣਾ ਕੀਤਾ ਹੈ ਤੇ ਉਹ ਆਪਣੇ ਇਸ ਇਤਿਹਾਸ ਨੂੰ ਲੁਕੋ ਕੇ ਅੱਗੇ ਵਧਣਾ ਚਾਹੁੰਦੇ ਹਨ। ਲੇਖਕ ਦੇ ਅਨੁਸਾਰ ਉਹ ਕਾਲੇ ਭੂਤਕਾਲ ਨੂੰ ਚੂਨੇ ਨਾਲ ਪੋਚ ਕੇ ਚਿੱਟੇ ਰੂਪ ਵਿੱਚ ਪੇਸ਼ ਕਰਦੇ ਹਨ ਅਤੇ ਆਸ ਕਰਦੇ ਹਨ ਕਿ ਇਸੇ ਤਰ੍ਹਾਂ ਹੀ ਸਵੀਕਾਰ ਕੀਤਾ ਜਾਵੇ। (ਪੰਨਾ 5, ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ)

ਜੇ ਅਜੋਕੇ ਸਮੇਂ ਦੇ ਨਾਲ ਜੋੜ ਕੇ ਦੇਖਣਾ ਹੋਵੇ ਤਾਂ ਵੱਡੇ ਪ੍ਰੋਜੈਕਟ ਅਧੀਨ ਨਕਲੀ ਇਤਿਹਾਸ ਨੂੰ ਅਸਲੀ ਕਰਕੇ ਪੇਸ਼ ਕੀਤਾ ਜਾ ਰਿਹਾ ਹੈ। ਪ੍ਰਿਥਵੀਰਾਜ ਚੌਹਾਨ, ਜੋ ਕਿ ਮੁਹੰਮਦ ਗੌਰੀ ਦੇ ਹੱਥੋਂ ਜੰਗ ਵਿੱਚ ਮਾਰਿਆ ਗਿਆ ਸੀ, ਉਸ ਨੂੰ ਇੱਕ ਕਾਲਪਨਿਕ ਕਾਵਿ ਸੰਗ੍ਰਹਿ 'ਪ੍ਰਿਥਵੀਰਾਜ ਰਾਸੋ' ਵਿੱਚ ਬਹੁਤ ਵੱਡਾ ਸੂਰਮਾ ਲਿਖਿਆ ਗਿਆ। ਅਜੋਕੇ ਸਮੇਂ ਵਿੱਚ ਵੀ ਇਸ 'ਤੇ ਅਧਾਰਤ ਬਾਲੀਵੁੱਡ ਦੀ ਫਿਲਮ ਅਕਸ਼ੈ ਕੁਮਾਰ ਨੂੰ ਮੁੱਖ ਭੂਮਿਕਾ ਵਿੱਚ ਰੱਖ ਕੇ ਬਣਾਈ ਗਈ ਤੇ ਉਸ ਵਿੱਚ ਇਹ ਦੱਸਿਆ ਗਿਆ ਕਿ ਪ੍ਰਿਥਵੀਰਾਜ ਨੇ ਮੁਹੰਮਦ ਗੌਰੀ ਨੂੰ ਮਾਰ ਦਿੱਤਾ ਸੀ। ਇਥੇ ਲੇਖਕ ਦੀ ਗੱਲ ਸਹੀ ਲੱਗਦੀ ਹੈ ਕਿ ਕਿਵੇਂ ਭੂਤਕਾਲ ਨੂੰ ਚੂਨੇ ਨਾਲ ਪੋਚ ਕੇ ਚਿੱਟੇ ਰੂਪ ਵਿੱਚ ਪੇਸ਼ ਕੀਤਾ ਗਿਆ।

ਤੈਮੂਰ ਨੇ 1398 ਵਿੱਚ ਇਸ ਖਿੱਤੇ 'ਤੇ ਹਮਲਾ ਕੀਤਾ ਤੇ ਬਹੁ-ਗਿਣਤੀ ਹਿੰਦੂ ਸੈਨਾ ਤੇ ਲੋਕ ਅੱਗੇ ਲੱਗ ਕੇ ਭੱਜ ਤੁਰੇ। ਭਗਵਤ ਸ਼ਰਨ ਉਪਾਧਿਆਏ ਲਿਖਦੇ ਹਨ ਕਿ "ਜੇਕਰ ਭੱਜ ਰਹੇ ਇੰਨੇ ਲੋਕ ਤੈਮੂਰ ਦੀ ਫੌਜ 'ਤੇ ਡਿੱਗ ਪੈਂਦੇ ਤਾਂ ਉਹ ਪੀਹ ਹੋ ਗਈ ਹੁੰਦੀ।" ਤੈਮੂਰ ਨੇ ਇੱਕ ਲੱਖ ਹਿੰਦੂਆਂ ਨੂੰ ਬੰਦੀ ਬਣਾਇਆ ਤੇ ਫਿਰ ਮਾਰ ਦਿੱਤਾ। ਲੇਖਕ ਉਨ੍ਹਾਂ ਨੂੰ 1 ਲੱਖ ਭਾਰਤੀ ਮੂਰਤੀਆਂ ਕਹਿ ਕੇ ਸੰਬੋਧਨ ਕਰਦਾ ਹੈ।

ਅਜੋਕੇ ਸਮੇਂ ਵਿੱਚ ਮੁਗਲਾਂ ਨੂੰ ਅਧਾਰ ਬਣਾ ਕੇ ਮੁਸਲਮਾਨਾਂ ਨੂੰ ਨਿਸ਼ਾਨੇ 'ਤੇ ਲਿਆ ਜਾਂਦਾ ਹੈ, ਪਰ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਪਹਿਲੇ ਮੁਗਲ ਬਾਦਸ਼ਾਹ ਬਾਬਰ ਨੂੰ ਰਾਣਾ ਸਾਂਘਾ ਨੇ ਆਪ ਸੱਦਾ ਦੇ ਕੇ ਦਿੱਲੀ 'ਤੇ ਹਮਲਾ ਕਰਨ ਲਈ ਬੁਲਾਇਆ ਤੇ ਫਿਰ ਇਸ ਖਿੱਤੇ ਵਿੱਚ ਮੁਗਲਾਂ ਦਾ ਰਾਜ ਸ਼ੁਰੂ ਹੋਇਆ, ਜਿਸ ਨੇ ਬੇ-ਇੰਤਿਹਾ ਜ਼ੁਲਮ ਕੀਤੇ। 1526 'ਚ ਇਬਰਾਹੀਮ ਲੋਧੀ ਨਾਲ ਪਾਣੀਪਤ ਦੀ ਪਹਿਲੀ ਲੜਾਈ ਹੋਈ, ਜਿਸ ਵਿੱਚ ਲੋਧੀ ਦੀ ਬੁਰੀ ਤਰ੍ਹਾਂ ਹਾਰ ਹੋਈ। (ਸਵਾਲ ਇਹ ਉੱਠਦਾ ਹੈ ਕਿ ਅਸਲ ਗੱਦਾਰ ਕੌਣ?)

ਲੇਖਕ ਪੰਨਾ 20-21 'ਤੇ ਅਸ਼ਮੇਧ ਯੱਗ ਅਤੇ ਮਹਾਭਾਰਤ 'ਤੇ ਵੀ ਸਖ਼ਤ ਟਿੱਪਣੀਆਂ ਕਰਦਾ ਹੈ ਕਿ ਕਿਵੇਂ ਯੱਗ ਕਰਕੇ ਆਪਸੀ ਦੁਸ਼ਮਣੀ ਵਧੀ ਤੇ ਮਹਾਭਾਰਤ ਵਿੱਚ ਕਲਪਿਤ ਹਥਿਆਰਾਂ ਨੂੰ ਪ੍ਰਚਾਰਿਆ ਗਿਆ। "ਵਿਆਲਾਸਤਰ ਦੇ ਬਾਰੇ ਇਹ ਪ੍ਰਚਲਿਤ ਹੈ ਕਿ ਇਸ ਦੇ ਚਲਾਏ ਜਾਣ ਨਾਲ ਦੁਸ਼ਮਣ ਦੀ ਫੌਜ 'ਤੇ ਸੱਪਾਂ ਦੀ ਬਰਸਾਤ ਹੋਣ ਲੱਗ ਜਾਂਦੀ ਸੀ।" ਪੰਨਾ 21

ਅੱਜਕੱਲ੍ਹ ਵੀ ਅਸੀਂ ਕਾਫੀ ਸਾਰੇ ਹਿੰਦੀ ਭਾਸ਼ਾ ਦੇ ਪੋਡਕਾਸਟਾਂ ਨੂੰ ਸੁਣਦੇ ਹਾਂ ਤੇ ਉਸ ਵਿੱਚ ਵੀ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਿਗਿਆਨ ਬਾਰੇ ਬਾਕੀ ਦੇ ਦੇਸ਼, ਜਿਹੜੇ ਸ਼ਸਤਰਾਂ ਜਾਂ ਆਧੁਨਿਕਤਾ ਬਾਰੇ ਅੱਜ ਖੋਜਾਂ ਕਰਦੇ ਹਨ, ਉਹ ਤਾਂ ਮਹਾਭਾਰਤ ਜਾਂ ਉਸ ਤੋਂ ਵੀ ਪਹਿਲਾਂ ਹੀ ਹੋ ਚੁੱਕੀਆਂ ਸਨ। ਸੁਣਨ ਨੂੰ ਇਹ ਗੱਲਾਂ ਬੜੀਆਂ ਵਧੀਆ ਲੱਗਦੀਆਂ ਹਨ, ਪਰ ਇਹ ਕਿਤਾਬ ਪੜ੍ਹ ਕੇ ਪਤਾ ਲੱਗਦਾ ਹੈ ਕਿ ਇਹ ਕਿਸੇ ਨੀਤੀ ਦੇ ਤਹਿਤ ਹੋ ਰਿਹਾ ਹੈ।

ਜਦੋਂ ਅਸੀਂ ਇਸ ਨੂੰ ਸਿੱਖ ਫ਼ਲਸਫ਼ੇ ਤੋਂ ਦੇਖਣਾ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਮੀਲਾਂ ਦੂਰ ਤੋਂ ਨਿਸ਼ਾਨਾ ਵਿੰਨ੍ਹ ਕੇ ਮੁਗਲ ਜਰਨੈਲਾਂ ਵੱਲ ਤੀਰ ਮਾਰਦੇ ਹਨ ਜੋ ਉਨ੍ਹਾਂ ਦੀ ਕੁਰਸੀ ਦੇ ਪਾਵਿਆਂ 'ਤੇ ਲੱਗਦਾ ਹੈ। ਗੁਰੂ ਸਾਹਿਬ ਏ ਸੁਨੇਹਾ ਦਿੰਦੇ ਹਨ, "ਇਹ ਕੋਈ ਕਰਾਮਾਤ ਨਹੀਂ, ਮੇਰਾ ਅਭਿਆਸ ਹੈ।"

ਲੇਖਕ ਹਿੰਦੂ ਧਰਮ ਨੂੰ ਹੀ ਬ੍ਰਾਹਮਣਵਾਦ ਦੱਸਦਾ ਹੈ ਤੇ ਇਹ ਵੀ ਦਾਅਵਾ ਕਰਦਾ ਹੈ ਕਿ ਇਨ੍ਹਾਂ ਨੇ ਦੇਸ਼ ਦੀ ਸੁਰੱਖਿਆ ਨੂੰ ਭਾਰੀ ਸੱਟ ਮਾਰੀ ਹੈ।

ਲੇਖਕ ਅੱਗੇ ਜਾ ਕੇ ਇਹ ਵੀ ਲਿਖਦਾ ਹੈ ਕਿ ਹਿੰਦੂ ਧਰਮ ਸੰਖੇਪ ਸਿੰਘ ਬ੍ਰਾਹਮਣਵਾਦ ਹੈ,




ਜੇ ਗੱਲ ਹੋਰ ਅੱਗੇ ਲੈ ਕੇ ਜਾਣੀ ਹੋਵੇ ਤਾਂ ਬ੍ਰਾਹਮਣਵਾਦ ਹੀ ਮੌਜੂਦਾ ਰਾਸ਼ਟਰਵਾਦ ਹੈ, ਜਿਸ ਵਿੱਚ ਸਿਰਫ ਬਹੁ-ਗਿਣਤੀ ਨੂੰ ਧਿਆਨ ਵਿੱਚ ਰੱਖ ਕੇ ਫੈਸਲੇ ਕੀਤੇ ਜਾਂਦੇ ਹਨ।

ਲੇਖਕ ਅੱਗੇ ਜਾ ਕੇ ਇਨ੍ਹਾਂ ਹਾਰਾਂ ਲਈ ਸ਼ਗਨਾਂ ਅਤੇ ਬਦਸ਼ਗਨਾਂ ਨੂੰ ਜ਼ਿੰਮੇਵਾਰ ਮੰਨਦਾ ਹੈ, ਜਿਵੇਂ ਮਹਾਭਾਰਤ ਅਨੁਸਾਰ ਯੁੱਧ ਖੇਤਰ ਵਿੱਚ ਪਹੁੰਚਣ ਤੋਂ ਪਹਿਲਾਂ ਜੇਕਰ ਘੋੜੇ-ਹਾਥੀ ਉਤੇਜਿਤ ਨਾ ਹੋਣ ਤਾਂ ਈਸ਼ਵਰ ਦੀ ਕਰੋਪੀ ਹੈ। (ਪੰਨਾ 24, ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ)

ਮਾਸਾਹਾਰੀ ਪੰਛੀਆਂ ਦਾ ਖ਼ਤਰਨਾਕ ਅਵਾਜ਼ਾਂ ਕੱਢਣਾ, ਯੋਧੇ ਦੀ ਖੱਬੀ ਬਾਂਹ ਦਾ ਫ਼ਰਕਣਾ ਬਦਸ਼ਗੁਣ ਹੈ।

ਦੂਜੇ ਬੰਨੇ ਸਿੱਖ ਇਤਿਹਾਸ ਦੇ ਕਿੱਸੇ ਸੁਣ ਕੇ ਦੋਨੋਂ ਫ਼ਲਸਫ਼ਿਆਂ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਲੱਗਦਾ ਹੈ, ਸਿੱਖ ਇਤਿਹਾਸ ਵਿੱਚ ਖਾਲਸੇ ਦੇ ਡੌਲੇ ਦੁਸ਼ਮਣਾਂ ਨਾਲ ਜੂਝਣ ਲਈ ਫ਼ੜਕਦੇ ਹਨ।

ਇੱਕ ਵਾਰ ਜਦੋਂ ਨਸ਼ਹਿਰੇ ਦੀ ਜੰਗ ਵੇਲੇ ਅਕਾਲੀ ਫੂਲਾ ਸਿੰਘ ਗੁਰੂ ਅੱਗੇ ਅਰਦਾਸ ਕਰ ਲੈਂਦੇ ਹਨ ਤੇ ਫਿਰ ਸ਼ੇਰੇ ਪੰਜਾਬ ਦੇ ਕਹਿਣ 'ਤੇ ਵੀ ਨਹੀਂ ਰੁਕਦੇ। ਸ਼ੇਰੇ ਪੰਜਾਬ ਦੀ ਨੀਤੀ ਦੁਨਿਆਵੀ ਨੀਤੀ 'ਤੇ ਅਧਾਰਿਤ ਸੀ ਕਿ ਦੁਸ਼ਮਣ ਉਚਾਈ ਤੇ ਹੈ ਅਤੇ ਬਿਨਾ ਤੋਪਖਾਨੇ ਅੱਗੇ ਜਾਣਾ ਸਹੀ ਨਹੀਂ। ਕਿਸੇ ਵਜ੍ਹਾ ਕਰਕੇ ਤੋਪਖਾਨੇ ਨੂੰ ਦੇਰ ਹੋ ਗਈ। ਦੂਜੇ ਬੰਨੇ ਅਕਾਲੀ ਫੂਲਾ ਸਿੰਘ ਲਈ ਗੁਰੂ ਦੀ ਅਰਦਾਸ ਸਭ ਤੋਂ ਉਪਰ ਹੈ, ਜਿਸ ਨੂੰ ਸੋਧ ਕੇ ਸ਼ਹੀਦੀ ਵੀ ਦਿੱਤੀ ਗਈ ਤੇ ਜੰਗ ਵੀ ਜਿੱਤੀ ਗਈ।

ਲਿਖਾਰੀ ਮੈਗਸਥਨੀਜ਼ ਲਿਖਦਾ ਹੈ ਕਿ ਜਦੋਂ ਸਿਕੰਦਰ ਦਾ ਹਮਲਾ ਹੁੰਦਾ ਹੈ ਤਾਂ ਖੱਤਰੀ ਤੇ ਲੜ ਰਹੇ ਹੁੰਦੇ ਹਨ, ਪਰ ਬਾਕੀ ਵਰਗਾਂ ਦੇ ਲੋਕ ਆਪਣੇ-ਆਪਣੇ ਕੰਮਾਂ (ਜਿਵੇਂ ਖੇਤੀ ਆਦਿ) ਵਿੱਚ ਮਸਰੂਫ ਸਨ।

ਹਿੰਦੂ ਧਰਮ ਦੇ ਮੁਤਾਬਕ ਗਿਆਨ ਦੀ ਗੱਠ ਬ੍ਰਾਹਮਣ ਦੇ ਕੋਲ ਸੀ, ਪਰ ਉਸ ਅੰਦਰ ਯੁੱਧ ਵਿੱਦਿਆ ਦਾ ਗਿਆਨ ਨਹੀਂ ਸੀ। ਖੱਤਰੀ ਨੂੰ ਥੋੜ੍ਹਾ-ਬਹੁਤ ਗਿਆਨ ਤਾਂ ਸੀ, ਪਰ ਮੁੱਢਲੇ ਕਦਮਾਂ ਕਰਕੇ ਰੁਕਿਆ ਰਿਹਾ।

ਹਿੰਦੂਆਂ ਦੀ ਰਣਨੀਤੀ ਹਮੇਸ਼ਾ ਇੱਕੋ ਜਿਹੀ ਤੇ ਗੈਰ-ਪ੍ਰਗਤੀਸ਼ੀਲ ਰਹੀ। ਗੁਆਂਢੀ ਦੇਸ਼ਾਂ ਦੇ ਲੋਕ ਕੀ ਕਰ ਰਹੇ ਸਨ, ਇਸ ਵਿਸ਼ੇ 'ਤੇ ਹਿੰਦੂ ਕੋਰੇ ਸਨ। (ਪੰਨਾ 30, ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ) ਇਸ ਗੱਲ ਤੋਂ ਅਜੋਕੇ ਪੰਜਾਬ ਦੇ ਸਿੱਖਾਂ ਦੇ ਹਾਲਾਤਾਂ 'ਤੇ ਵੀ ਪੂਰੀ ਢੁੱਕਦੀ ਹੈ, ਇੱਕ ਬੰਨੇ ਦੁਨੀਆ ਦੀ ਘਇਓਪੋਲਿਟਿਕਸ (ਜੀਓ-ਪਾਲਿਟਿਕਸ) ਵਿੱਚ ਵੱਡੇ ਬਦਲਾਅ ਆਉਣ ਦੀ ਸੰਭਾਵਨਾ ਹੈ। 2% ਹੋਣ ਦੇ ਬਾਵਜੂਦ ਵੀ ਭਾਰਤ ਦੀ ਵਿਦੇਸ਼ ਨੀਤੀ 'ਚ ਸਿੱਖ ਮਸਲਾ ਚਰਚਾ ਵਿੱਚ ਰਿਹਾ, ਪਰ ਸਿੱਖਾਂ ਦੇ ਆਪਣੇ ਘਰ ਪੰਜਾਬ ਦਾ ਸਿੱਖ ਇਸ ਤੋਂ ਜਾਣੂ ਨਹੀਂ ਤੇ ਆਪਣੇ ਛੋਟੇ-ਛੋਟੇ ਮਸਲਿਆਂ ਤੇ ਆਪਸੀ ਜਥੇਬੰਦਕ ਲੜਾਈਆਂ ਵਿੱਚ ਹੀ ਉਲਝ ਰਹੇ ਹਨ।

ਸਿੱਖਾਂ ਨੇ ਦੇਖਣਾ ਹੈ ਕਿ ਉਨ੍ਹਾਂ ਨੇ ਇਤਿਹਾਸ ਤੋਂ ਕੀ ਸੇਧ ਲੈਣੀ ਹੈ?

ਇਸ ਕਿਤਾਬਚੇ ਵਿੱਚ ਲੇਖਕ ਦਾ ਸਿੱਖਾਂ ਪ੍ਰਤੀ ਨਜ਼ਰੀਆ ਬਹੁਤ ਤੰਗਦਿਲੀ ਵਾਲਾ ਹੈ, ਉਹ ਪਿਛਲੇ 500 ਸਾਲਾਂ ਦੇ ਇਤਿਹਾਸ ਦੀਆਂ ਅਹਿਮ ਘਟਨਾਵਾਂ ਦਾ ਜ਼ਿਕਰ ਤਾਂ ਕਰਦਾ ਹੈ, ਪੰਨਾ 80 'ਤੇ ਮੇਜਰ ਗੌਤਮ ਸ਼ਰਮਾ ਦੇ ਹਵਾਲੇ ਨਾਲ ਇਹ ਵੀ ਲਿਖਦਾ ਹੈ ਕਿ "ਜੇ ਉੱਤਰੀ ਭਾਰਤ ਦੇ ਸ਼ਾਸਕਾਂ ਵਿੱਚ ਦੂਰ-ਅੰਦੇਸ਼ੀ ਹੁੰਦੀ ਤਾਂ ਉਨ੍ਹਾਂ ਹਮਲਾਵਰਾਂ ਨੂੰ ਸਿੰਧੂ ਨਦੀ ਦੇ ਕੋਲ ਪਹੁੰਚਣ ਤੋਂ ਬਹੁਤ ਪਿੱਛੇ ਰੋਕਿਆ ਜਾ ਸਕਦਾ ਸੀ।" ਅੱਗੇ ਇਹ ਵੀ ਲਿਖਦਾ ਹੈ ਕਿ ਜੇਕਰ ਚੀਨ ਦੀ ਮਹਾਨ ਕੰਧ ਵਰਗੀ ਕੋਈ ਕੰਧ ਨਹੀਂ ਸੀ ਬਣਾਈ ਜਾ ਸਕਦੀ ਤਾਂ ਘੱਟੋ-ਘੱਟ ਇੰਨੇ ਦਰਿਆਵਾਂ ਦੇ ਨਾਲ ਕਿਲਾਬੰਦੀ ਤਾਂ ਕੀਤੀ ਜਾ ਸਕਦੀ ਸੀ। ਪਰ ਬੜੀ ਹੈਰਾਨੀ ਹੁੰਦੀ ਹੈ ਕਿ ਜਿਹੜੇ ਖਾਲਸੇ ਨੇ ਇਹ ਰਾਹ ਰੋਕੇ, ਉਨ੍ਹਾਂ ਲਈ 2 ਸ਼ਬਦ ਵੀ ਨਹੀਂ ਲਿਖਦਾ। 18ਵੀਂ ਸਦੀ ਵਿੱਚ ਖਾਲਸੇ ਨੇ ਇਸ ਪਾਸਿਓਂ ਆਏ ਕਿਸੇ ਵੀ ਹਮਲਾਵਰ ਨੂੰ ਸੁੱਕਾ ਨਹੀਂ ਜਾਣ ਦਿੱਤਾ। ਜਿਹੜੇ ਗਜ਼ਨੀ ਦੇ ਬਜ਼ਾਰਾਂ 'ਚ ਹਿੰਦੂਆਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਨਿਲਾਮ ਹੁੰਦੀ ਸੀ, ਉਸ ਗਜ਼ਨੀ ਦੇ ਬਜ਼ਾਰਾਂ 'ਚ ਖਾਲਸੇ ਦੇ ਘੋੜਿਆਂ ਦੀਆਂ ਟਾਪਾਂ ਤੋਂ ਦੁਸ਼ਮਣ ਥਰ-ਥਰ ਕੰਬਦੇ ਸੀ। ਜਰਨੈਲ ਹਰੀ ਸਿੰਘ ਨਲਵੇ ਨੇ ਬਕਾਇਦਾ ਇਨ੍ਹਾਂ ਸਰਹੱਦਾਂ 'ਤੇ ਕਿਲ੍ਹੇ ਬਣਾਏ ਤੇ ਧਾੜਵੀਆਂ ਲਈ ਇਹ ਰਸਤਾ ਸਦਾ ਲਈ ਬੰਦ ਕਰ ਦਿੱਤਾ, ਉਸ ਦਾ ਕੋਈ ਜ਼ਿਕਰ ਨਹੀਂ, ਸ਼ਾਇਦ ਏ ਵਡਿਆਈ ਸਿੱਖਾਂ ਨੂੰ ਨਹੀਂ ਦੇਣਾ ਚਾਹੁੰਦਾ।

ਔਰੰਗਜ਼ੇਬ ਦੀ ਮੌਤ ਦਾ ਜ਼ਿਕਰ ਕਰਦਾ ਹੈ, ਪਰ ਉਸ ਸ਼ਿਕਸਤਨਮੇ ਦਾ ਜ਼ਿਕਰ ਨਹੀਂ ਕਰਦਾ, ਜਿਹੜਾ ਉਸ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਪੜ੍ਹੇ ਜ਼ਫਰਨਾਮੇ ਤੋਂ ਬਾਅਦ ਆਪਣੀਆਂ ਗਲਤੀਆਂ ਦਾ ਇਹਸਾਸ ਕਰਕੇ ਲਿਖਿਆ ਸੀ।

**ਬਾਕੀ ਹਿਸਾ ਸਫਾ 59 ਤੇ ਪੜ੍ਹੋ**

58 ਸਫੇ ਦੀ ਬਾਕੀ

ਉਹ ਬਾਰ-ਬਾਰ ਹਿੰਦੂਆਂ ਦੀ ਯੁੱਧ ਨੀਤੀ ਨੂੰ ਫਿਟਕਾਰ ਲਾਉਂਦਾ ਹੈ ਅਤੇ ਪੰਨਾ ਨੰਬਰ 71 'ਤੇ ਇਸਲਾਮ ਅਤੇ ਉਸ ਦੇ ਪੈਰੋਕਾਰਾਂ ਦੀਆਂ ਸਿਫਤਾਂ ਕਰਦਾ ਹੈ।

ਇੰਜ ਪ੍ਰਤੀਤ ਹੁੰਦਾ ਹੈ ਕਿ ਮੁਸਲਮਾਨਾਂ ਤੋਂ ਸਿੱਖਣ ਲਈ ਕਹਿੰਦਾ ਹੋਵੇ, ਪਰ ਸਿੱਖਾਂ ਦੀ ਯੁੱਧ ਨੀਤੀ ਬਾਰੇ ਕੋਈ ਗੱਲ ਨਹੀਂ ਕਰਦਾ, ਜਿਨ੍ਹਾਂ ਨੇ ਘੱਟ-ਗਿਣਤੀ ਹੋਣ ਦੇ ਬਾਵਜੂਦ ਵੀ ਪਹਿਲਾਂ ਮੁਗਲਾਂ ਤੇ ਫਿਰ ਅਫਗਾਨਾਂ ਦੀਆਂ ਗੋਟਣੀਆਂ ਲਗਵਾਈਆਂ।

ਬੜੀ ਛੋਟੀ ਅਤੇ ਸੌੜੀ ਸੋਚ ਨਾਲ ਗੁਰੂ ਗੋਬਿੰਦ ਸਿੰਘ ਨੂੰ ਸ਼ਿਵਾਜੀ ਦੇ ਬਰਾਬਰ ਰੱਖਦਾ ਹੈ, ਜੋ ਕਿ ਸਿਧਾਂਤਕ ਅਤੇ ਇਤਿਹਾਸਕ ਪੱਖ ਦੋਵਾਂ ਤੋਂ ਹੀ ਗ਼ਲਤ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੇ ਮਿਸ਼ਨ ਦੀ ਖਾਲਸੇ ਦੇ ਰੂਪ ਵਿੱਚ ਸਿਰਜਣਾ ਕੀਤੀ, ਜੋ ਇਸ ਜਾਤ-ਪਾਤ ਤੋਂ ਰਹਿਤ ਸੀ, ਤੇ ਦੂਜੇ ਬੰਨੇ ਸ਼ਿਵਾਜੀ ਨੇ ਆਪਣੇ ਛੋਟੇ ਜਿਹੇ ਰਾਜ ਦੀ ਸਥਾਪਨਾ ਲਈ ਬ੍ਰਾਹਮਣਾਂ ਅੱਗੇ ਗੋਡੇ ਟੇਕੇ। ਜਦੋਂ ਬ੍ਰਾਹਮਣਾਂ ਨੇ ਇਹ ਕਿਹਾ ਕਿ ਮੱਥੇ 'ਤੇ ਤਿਲਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਕਿ ਸ਼ਿਵਾਜੀ ਸ਼ੂਦਰ ਹਨ, ਫਿਰ ਉਨ੍ਹਾਂ ਨੂੰ ਕਿੰਨੀ ਦਕਸ਼ਿਣਾ ਦਿੱਤੀ ਗਈ, ਕਿੰਨੇ ਭੋਜ ਕਰਵਾਏ ਗਏ ਤੇ ਫਿਰ ਰਾਜ ਤਿਲਕ ਹੋਇਆ, ਉਹ ਬ੍ਰਾਹਮਣ ਦੇ ਪੈਰ ਦੇ ਅੰਗੂਠੇ ਨਾਲ।

ਇੱਕ ਮਾਇਨੇ 'ਚ ਹਿੰਦੂਆਂ ਦਾ ਇਤਿਹਾਸ ਹਾਰਾਂ ਦੀ ਲੰਮੀ ਦਾਸਤਾਨ ਹੈ। ਇਹ ਸੱਚ ਹੈ ਤੇ ਕੌੜਾ ਹੋਣ ਕਾਰਨ ਮੰਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। (ਪੰਨਾ 55, ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ)

ਯੂਰਪੀ ਲੋਕਾਂ ਦੀਆਂ ਗੱਲਾਂ ਨੂੰ ਸਦਗੁਣ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚ ਹਿੰਦੂਆਂ ਨੂੰ ਸ਼ਾਂਤੀ ਦੇ ਪੁਜਾਰੀ, ਅਹਿੰਸਾਵਾਦੀ ਅਤੇ ਵਿਸ਼ਵ ਸ਼ਾਂਤੀ ਦਾ ਸਮਰਥਕ ਦੱਸਿਆ ਜਾਂਦਾ ਹੈ।

20ਵੀਂ ਸਦੀ ਦੇ ਆਰੰਭ ਤੋਂ ਹੀ ਇਹ ਸਭ ਕੁਝ ਸ਼ੁਰੂ ਹੋ ਗਿਆ ਸੀ। ਸਿੱਖਾਂ ਨੂੰ ਜ਼ਰਾਇਮਪੇਸ਼ਾਂ ਭਾਵੇਂ ਆਜ਼ਾਦ ਭਾਰਤ ਵਿੱਚ ਕਿਹਾ ਗਿਆ ਹੋਵੇ, ਇਸ ਦਾ ਮੁੱਢ ਲੰਮਾ ਸਮਾਂ ਪਹਿਲਾਂ ਹੀ ਬੱਝ ਚੁੱਕਾ ਸੀ। ਬ੍ਰਾਹਮਣਾਂ ਦੀ ਤੇਜ਼-ਤਰਾਰ ਲੀਡਰਸ਼ਿਪ ਨੇ ਕਦੋਂ ਸਿੱਖਾਂ ਨੂੰ ਆਪਣੇ ਗਲੇਵੇ ਵਿੱਚ ਲਿਆ ਤੇ ਬਰਾਬਰ ਦੀ ਧਿਰ ਹੋਣ ਦੇ ਬਾਵਜੂਦ ਵੀ ਕੋਈ ਹੱਕ ਨਾ ਲੈਣ ਦਿੱਤੇ। ਇਸ ਲੀਡਰਸ਼ਿਪ ਨੇ ਸਿੱਖਾਂ ਅਤੇ ਅੰਗਰੇਜ਼ਾਂ ਦੇ ਵਿੱਚ ਕਦੇ ਕੂਟਨੀਤਕ ਸਬੰਧ (ਧੀਫਲ਼ੌਅਠੀਛ ੍ਉਲ਼ਅਠੌਂਸ਼) ਬਣਨ ਹੀ ਨਾ ਦਿੱਤੇ। ਸਿੱਖਾਂ ਦੇ ਜਿਹੜੇ ਮਸਲੇ ਅੰਗਰੇਜ਼ਾਂ ਨਾਲ ਗੱਲਬਾਤ ਰਾਹੀਂ ਹੱਲ ਹੋ ਸਕਦੇ ਸਨ, ਉਨ੍ਹਾਂ ਨੂੰ ਟਕਰਾਅ 'ਚ ਬਦਲਿਆ। ਸਿੱਟੇ ਵਜੋਂ ਸਿੱਖਾਂ ਦੇ ਨਾਲ ਜੋ ਆਜ਼ਾਦ ਭਾਰਤ ਵਿੱਚ ਵਾਪਰਿਆ, ਉਸ ਤੋਂ ਸਭ ਜਾਣੂ ਹਨ।

ਇਸ ਗੱਲ 'ਤੇ ਬੜੀ ਹੈਰਾਨੀ ਹੁੰਦੀ ਹੈ ਕਿ ਆਪਣੇ ਆਪ ਨੂੰ ਵਿਸ਼ਵ ਸ਼ਾਂਤੀ ਦਾ ਦੂਤ ਦੱਸਣ ਵਾਲਿਆਂ ਨੇ ਘੱਟ-ਗਿਣਤੀਆਂ ਨਾਲ ਆਪਣੇ ਹੀ ਦੇਸ਼ ਵਿੱਚ ਕਤਲੇਆਮ ਵੀ ਕੀਤੇ।

ਅੱਗੇ ਲੇਖਕ ਕੌਟਿਲਿਆ ਦੇ ਅਰਥ ਸ਼ਾਸਤਰ ਦੇ ਪ੍ਰਕਰਣ 171-172 ਵਿੱਚ ਲਿਖੇ ਛਲ-ਕਪਟ ਦੇ ਤਰੀਕਿਆਂ ਬਾਰੇ ਵੀ ਗੱਲ ਕਰਦਾ ਹੈ। ਜਦੋਂ ਤੁਸੀਂ ਕਮਜ਼ੋਰ ਹੋ ਤਾਂ ਸੰਧੀ ਕਰ ਲਵੋ, ਜਦੋਂ ਲੱਗੇ ਕਿ ਤਾਕਤਵਰ ਹੋ ਗਏ ਤਾਂ ਦੁਸ਼ਮਣ 'ਤੇ ਹਮਲਾ ਕਰ ਕੇ ਖਤਮ ਕਰ ਦਿਓ। ਅਸਲੀ ਉਦੇਸ਼ ਤਾਂ ਆਪਣਾ ਲਾਭ ਹੈ। ਜੇ ਯੁੱਧ ਨਾਲ ਨਾ ਪੂਰਾ ਹੁੰਦਾ ਦਿਸੇ ਤਾਂ ਉਪਰੋਂ-ਉਪਰੋਂ ਸੰਧੀ ਕਰਕੇ ਅੰਦਰੋਂ ਛੁਰੀ ਚਲਾਉਣ ਦੇ ਦਾਅ ਵਿੱਚ ਰਹੋ। (ਪੰਨਾ 60, ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ)

ਜਦੋਂ ਇਹ ਪੜ੍ਹਿਆ ਤਾਂ ਡੋਗਰਿਆਂ ਦੀ 'ਸਰਕਾਰ ਤੇ ਖਾਲਸਾ' ਦੇ ਰਾਜ ਨਾਲ ਗੱਦਾਰੀ ਦੀ ਸਮਝ ਪਈ। ਕਿਵੇਂ ਧਿਆਨ ਸਿੰਘ ਡੋਗਰੇ ਹੋਣੀ ਖਾਲਸੇ ਦੇ ਰਾਜ ਵਿੱਚ ਉੱਚ ਪਦਵੀਆਂ ਲੈਣ ਲਈ ਸਿੰਘ ਵੀ ਸੱਜੇ, ਖਾਲਸਾ ਰਾਜ ਦੇ ਅਹਿਮ ਕਿਰਦਾਰ ਜਿਵੇਂ ਕਿ ਸ਼ਾਮ ਸਿੰਘ ਅਟਾਰੀ ਤੇ ਹੋਰ ਜਰਨੈਲ, ਜਿਹੜੇ ਕਦੇ ਵੀ ਖਾਲਸਾ ਰਾਜ ਨੂੰ ਨਾ ਡਿੱਗਣ ਦਿੰਦੇ, ਉਨ੍ਹਾਂ ਨੂੰ ਨੀਤੀ ਤਹਿਤ ਪਾਸੇ ਕੀਤਾ ਗਿਆ। ਸਿਰਦਾਰ ਰਣਜੀਤ ਸਿੰਘ ਦੇ ਇਰਦ-ਗਿਰਦ ਕਿਵੇਂ ਕੂਟਨੀਤਕ ਘੇਰਾ ਬਣਾਇਆ ਤੇ ਫਿਰ ਲੋੜ ਪੈਣ 'ਤੇ ਕੀਤੀਆਂ ਗੱਦਾਰੀਆਂ। ਇਹੋ ਜਿਹੇ ਹੋਰ ਬਹੁਤ ਸਾਰੇ ਗੱਦਾਰ ਸਿੱਖ ਸਫ਼ਾ ਵਿੱਚ ਆਏ ਤੇ ਖਾਲਸਾ ਰਾਜ ਜਾਣ ਅਤੇ ਭਰਾ-ਮਾਰੂ ਜੰਗ ਦਾ ਕਾਰਨ ਬਣੇ ਤੇ ਫਿਰ ਰਾਜ ਖੁੱਸਣ ਤੋਂ ਬਾਅਦ ਮੁੜ ਹਿੰਦੂ ਸਫ਼ਾ ਵਿੱਚ ਵਾਪਸ ਚਲੇ ਗਏ।

ਅੱਗੇ ਲੇਖਕ ਲਿਖਦਾ ਹੈ ਕਿ 1008 ਵਿੱਚ ਮਹਿਮੂਦ ਗਜ਼ਨਾਵੀ ਨੇ ਮਥੁਰਾ 'ਤੇ ਹਮਲਾ ਕੀਤਾ, ਜੋ ਕਿ ਹਿੰਦੂਆਂ ਲਈ ਬਹੁਤ ਪਵਿੱਤਰ ਅਸਥਾਨ ਮੰਨਿਆ ਜਾਂਦਾ ਹੈ। ਇਸ ਨੂੰ ਸ਼੍ਰੀ ਕ੍ਰਿਸ਼ਨ ਦੀ ਜਨਮ ਭੂਮੀ ਦੇ ਕਰਕੇ ਵੀ ਜਾਣਿਆ ਜਾਂਦਾ ਹੈ। ਮਥੁਰਾ ਪੁੱਜਣ 'ਤੇ ਕੋਈ ਰੋਕਣ ਜਾਂ ਟਾਕਰਾ ਕਰਨ ਲਈ ਨਹੀਂ ਨਿਕਲਿਆ। ਉਹ ਸੋਨੇ-ਚਾਂਦੀ ਤੋਂ ਇਲਾਵਾ 200 ਮੂਰਤੀਆਂ, ਮਣੀਆਂ ਤੇ ਬਹੁਤ ਸਾਰੇ ਲੋਕਾਂ ਨੂੰ ਗੁਲਾਮ ਬਣਾ ਕੇ ਲੈ ਗਿਆ।

ਇਸ ਤੋਂ ਇਲਾਵਾ 1026 ਵਿੱਚ ਪ੍ਰਸਿੱਧ ਸੋਮਨਾਥ ਦੇ ਮੰਦਰ 'ਤੇ ਮਹਿਮੂਦ ਨੇ ਹਮਲਾ ਕੀਤਾ। ਇਸ ਮੰਦਰ ਦੀ ਮਹਿਮਾ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਇਸ ਵਿੱਚ 1000 ਤੋਂ ਵੱਧ ਬ੍ਰਾਹਮਣ ਪੁਜਾਰੀ ਸਨ। 10,000 ਪਿੰਡ ਮੰਦਰ ਦੀ ਜਗੀਰ ਵਿੱਚ ਸਨ। 350 ਗਾਇਕ-ਗਾਇਕਾਵਾਂ ਮੰਦਰ ਦੇ ਬੂਹੇ 'ਤੇ ਨੱਚਣ-ਗਾਉਣ ਲਈ ਸਨ। ਸਾਰਾ ਸ਼ਹਿਰ ਲੁੱਟਿਆ। ਹਜ਼ਾਰਾਂ ਹਿੰਦੂ ਕਤਲ ਕੀਤੇ ਗਏ। ਸਰਵੋਤਮ ਸ਼ਹਿਰ ਤੇ ਮੰਦਰ ਨਸ਼ਟ ਕਰ ਦਿੱਤਾ। ਉਸ ਸਮੇਂ ਦੀਆਂ ਹਿੰਦੂ ਫੌਜਾਂ ਮਿੱਟੀ ਦੀਆਂ ਮਾਧੋ ਬਣੀਆਂ ਰਹੀਆਂ। ਵਾਪਸੀ ਸਮੇਂ ਵੀ ਕੋਈ ਸਬਕ ਨਹੀਂ ਸਿਖਾਇਆ ਗਿਆ। ਹਿੰਦੂਆਂ ਨੇ ਸੋਮਨਾਥ ਦੇ ਮੰਦਰ ਨੂੰ ਮੁੜ ਸਥਾਪਿਤ ਕਰਨ ਲਈ ਕੋਈ ਧਿਆਨ ਨਹੀਂ ਦਿੱਤਾ। 1947 'ਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੀ ਇਸ ਮੰਦਰ ਦੀ ਹਾਲਤ ਸੁਧਾਰੀ ਗਈ। (ਪੰਨਾ 81-82-83, ਹਿੰਦੂ ਇਤਿਹਾਸ ਹਾਰਾਂ ਦੀ ਦਾਸਤਾਨ)

ਇਥੇ ਸਾਨੂੰ ਆਪਣੇ ਇਤਿਹਾਸ 'ਤੇ ਮਾਣ ਮਹਿਸੂਸ ਹੁੰਦਾ ਹੈ। ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ 'ਤੇ ਸਮੇਂ ਦੀਆਂ ਸਰਕਾਰਾਂ ਨੇ ਹਮਲੇ ਵੀ ਕੀਤੇ ਤੇ ਖਾਲਸੇ ਨੇ ਜੂਝ ਕੇ ਸ਼ਹਾਦਤ ਵੀ ਦਿੱਤੀ। ਦਰਬਾਰ ਸਾਹਿਬ, ਜੋ ਕਿ ਸਿੱਖਾਂ ਦਾ ਸਭ ਤੋਂ ਵੱਧ ਮੁਕੱਦਸ ਅਸਥਾਨ ਹੈ, ਉਸ 'ਤੇ ਵੀ ਮੱਸੇ ਰੰਘੜ ਤੋਂ ਲੈ ਕੇ ਅਬਦਾਲੀ ਤੱਕ ਨੇ ਹਮਲੇ ਕੀਤੇ। ਅਬਦਾਲੀ ਵੇਲੇ ਵੀ 30 ਸਿੰਘ ਬਾਬਾ ਗੁਰਬਖਸ਼ ਸਿੰਘ ਦੀ ਕਮਾਨ ਹੇਠ ਜੂਝ ਕੇ ਸ਼ਹੀਦ ਹੋਏ। ਜੇ ਚਾਹੁੰਦੇ ਤਾਂ ਉਥੋਂ ਚਲੇ ਜਾਂਦੇ, ਪਰ ਫਿਰ ਇਤਿਹਾਸ ਨੇ ਕਦੇ ਚੇਤੇ ਨਹੀਂ ਕਰਨਾ ਸੀ। 20ਵੀਂ ਸਦੀ ਦੇ ਅਖੀਰ 'ਤੇ ਹਿੰਦ ਹਕੂਮਤ ਵੱਲੋਂ ਵੀ ਦਰਬਾਰ ਸਾਹਿਬ ਸਮੇਤ 38 ਦੇ ਕਰੀਬ ਗੁਰਦੁਆਰਿਆਂ 'ਤੇ ਹਮਲੇ ਹੋਏ। ਖਾਲਸੇ ਨੇ ਹਮੇਸ਼ਾ ਹੀ ਹਮਲਾਵਰਾਂ ਦੀ ਪਾਈ ਭਾਜੀ, ਇੱਕਿਆਂ ਦੇ ਇੱਕੱਤੀ ਕਰਕੇ ਮੋੜੀ, ਤੇ ਇਹ ਗੱਲ ਮਾਣ ਨਾਲ ਕਹਿ ਸਕਦੇ ਹਾਂ ਕਿ ਜਦੋਂ ਵੀ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ, ਉਦੋਂ ਖਾਲਸੇ ਦਾ ਰਾਜ ਨਹੀਂ ਸੀ, ਬਸ ਗੁਰੂ ਦਾ ਥਾਪੜਾ ਸੀ, ਜਿਸ ਨੇ ਖਾਲਸੇ ਤੋਂ ਇਹ ਸੇਵਾ ਸਮੇਂ-ਸਮੇਂ 'ਤੇ ਲਈ।

ਦਾਸ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਕਿਤਾਬਚੇ ਬਾਰੇ ਜਿਥੇ ਵਿਸ਼ਲੇਸ਼ਣ ਕੀਤਾ ਗਿਆ ਹੈ, ਉਥੇ ਹੀ ਸਿੱਖਾਂ ਦੇ ਹਵਾਲੇ ਤੋਂ ਇਸ ਦੀ ਪੜਚੋਲ ਕਰਨ ਦਾ ਵੀ ਯਤਨ ਕੀਤਾ ਹੈ। ਸਾਨੂੰ ਇਸ ਤਰ੍ਹਾਂ ਦੇ ਕਿਤਾਬਚਿਆਂ ਤੋਂ ਇਹ ਸਿੱਖਣ ਦੀ ਲੋੜ ਹੈ ਕਿ ਅਸੀਂ ਇਸ ਤਰ੍ਹਾਂ ਦੀਆਂ ਅਲਾਮਤਾਂ ਤੋਂ ਸਾਵਧਾਨ ਰਹੀਏ। ਜਿਹੜੇ ਗੁਣ ਸਾਨੂੰ ਗੁਰੂ ਸਾਹਿਬ ਨੇ ਬਖ਼ਸ਼ੇ ਹਨ, ਉਨ੍ਹਾਂ ਦੇ ਧਾਰਨੀ ਹੋਈਏ ਤੇ ਬਿਪਰਨ ਕੀ ਰੀਤ ਤੋਂ ਬਚੀਏ।

********

# ਅੱਧੀ ਰਾਤ ਲਿਆਇਆ ਕੁੜੀ, ਸਵੇਰੇ ਛੱਡਣ ਗਏ ਨੂੰ ਕਰ'ਤਾ ਕਤਲ

**✪ ਮਾਮਲਾ ਪ੍ਰੇਮ ਸਬੰਧਾਂ ਦਾ**



ਨਕੋਦਰ-ਪਿੰਡ ਥਾਬਲਕੇ ਵਿੱਚ 50 ਸਾਲਾ ਬਿੰਦਰ ਸਿੰਘ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਹੋਇਆ। ਸਦਰ ਪੁਲਸ ਨੂੰ ਦਿੱਤੇ ਬਿਆਨ ਵਿਚ ਮ੍ਰਿਤਕ ਦੇ ਪੁੱਤਰ ਸਤਨਾਮ ਸਿੰਘ ਵਾਸੀ ਸੁੰਨੜ ਕਲਾ ਕਾਲੋਨੀ ਪਿੰਡ ਸਿੱਧਮ ਹਰੀ ਸਿੰਘ ਨੂਰਮਹਿਲ ਨੇ ਦੱਸਿਆ ਕਿ ਉਸ ਨੂੰ ਪਤਾ ਲੱਗਾ ਕਿ ਉਸ ਦੇ ਪਿਤਾ ਦੇ ਨੇੜਲੇ ਪਿੰਡ ਦੀ ਇਕ ਕੁੜੀ ਨਾਲ ਪ੍ਰੇਮ ਸੰਬੰਧ ਸਨ ਅਤੇ ਇਕ ਹੋਰ ਮੁੰਡੇ ਰਵੀ ਕੁਮਾਰ ਪੁੱਤਰ ਮੁਲਖ ਰਾਜ ਵਾਸੀ ਪਿੰਡ ਥਾਬਲਕੇ ਦੀ ਵੀ ਉਸ ਕੁੜੀ ਨਾਲ ਗੱਲਬਾਤ ਸੀ। ਰਵੀ ਕੁਮਾਰ, ਇਸ ਗੱਲ ਨੂੰ ਲੈ ਕੇ ਮੇਰੇ ਪਿਤਾ ਨਾਲ ਰੰਜਿਸ਼ ਰੱਖਦਾ ਸੀ। ਘਟਨਾ ਤੋਂ ਇਕ ਦਿਨ ਪਹਿਲੇ ਉਸ ਦਾ ਪਿਤਾ ਉਕਤ ਕੁੜੀ ਨੂੰ ਘਰ ਲੈ ਕੇ ਆਇਆ ਸੀ। ਜਦੋਂ ਬੀਤੀ ਸਵੇਰੇ ਕੁੜੀ ਨੂੰ ਉਸ ਦੇ ਪਿੰਡ ਛੱਡ ਕੇ ਵਾਪਸ ਆ ਰਿਹਾ ਸੀ ਤਾਂ ਪਿੰਡ ਬਾਬਲਕੇ ਡੇਰੇ ਨੇੜੇ ਉਸ ਦੇ ਪਿਤਾ ਦਾ ਸੱਟਾਂ ਮਾਰ ਕੇ ਕਤਲ ਕਰ ਦਿੱਤਾ। ਉਸ ਨੇ ਦੱਸਿਆ ਕਿ ਮੈਨੂੰ ਪੂਰਾ ਯਕੀਨ ਹੈ ਕਿ ਉਸ ਦੇ ਪਿਤਾ ਦਾ ਕਤਲ ਰਵੀ ਕੁਮਾਰ ਪੁੱਤਰ ਮੁਲਖ ਰਾਜ ਵਾਸੀ ਪਿੰਡ ਥਾਬਲਕੇ ਨੇ ਹੀ ਕੀਤਾ ਹੈ ਕਿਉਂਕਿ ਉਕਤ ਕੁੜੀ ਨੂੰ ਲੈ ਕੇ ਉਸ ਨੂੰ ਰਸਤੇ ਵਿਚੋਂ ਹਟਾਉਣਾ ਚਾਹੁੰਦਾ ਸੀ। ਪੁਲੀਸ ਨੇ ਮੁਲਜ਼ਮ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕੀਤੀ।

# ਹਿਰਨ ਅਤੇ ਭਾਲੂ





ਬਹੁਤ ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਬਹੁਤ ਉੱਚੀ ਪਹਾੜੀ ਸੀ। ਉੱਥੇ ਬਹੁਤ ਭਿਆਨਕ ਜਾਨਵਰ ਰਹਿੰਦੇ ਸਨ। ਉੱਥੇ ਇੱਕ ਨਦੀ ਸੀ। ਨਦੀ ਕਿਨਾਰੇ ਇੱਕ ਬਹੁਤ ਵੱਡਾ ਭਾਲੂ ਰਹਿੰਦਾ ਸੀ। ਇੱਕ ਦਿਨ ਉੱਥੇ ਇੱਕ ਹਿਰਨ ਪਾਣੀ ਪੀਣ ਆਇਆ। ਫਿਰ ਉੱਧਰੋਂ ਭਾਲੂ ਉਸਦੇ ਕੋਲ ਆ ਗਿਆ। ਭਾਲੂ ਨੇ ਕਿਹਾ ਕਿ ਇਹ ਮੇਰਾ ਦਰਿਆ ਹੈ , ਤੂੰ ਇੱਥੇ ਪਾਣੀ ਨਹੀਂ ਪੀ ਸਕਦਾ। ਹਿਰਨ ਨੇ ਉਸਦੀਆਂ ਬਹੁਤ ਮਿਹਨਤਾਂ ਕੀਤੀਆਂ , ਪਰ ਭਾਲੂ ਨੇ ਉਸਨੂੰ ਪਾਣੀ ਨਹੀਂ ਪੀਣ ਦਿੱਤਾ। ਹਿਰਨ ਨੇ ਦੂਰ ਜਾ ਕੇ ਇੱਕ ਛੱਪੜ ਦਾ ਪਾਣੀ ਪੀ ਕੇ ਆਪਣੀ ਪਿਆਸ ਬੁਝਾਈ। ਪਰ ਭਾਲੂ ਦਾ ਬੁਰਾ ਵਿਵਹਾਰ ਉਸ ਨੂੰ ਚੰਗਾ ਨਹੀਂ ਲੱਗਿਆ। ਭਾਲੂ ਹਿਰਨ ਨੂੰ ਉੱਥੋਂ ਭਜਾ ਕੇ ਬਹੁਤ ਖੁਸ਼ ਹੋਇਆ। ਸਮਾਂ ਬਤੀਤ ਹੁੰਦਾ ਰਿਹਾ। ਇੱਕ ਵਾਰ ਬਹੁਤ ਤੇਜ਼ ਵਰਖਾ ਹੋਈ। ਉਸ ਦਰਿਆ ਵਿੱਚ ਹੜ ਆ ਗਿਆ। ਪਾਣੀ ਤੇਜ - ਤੇਜ ਵਗਣ ਲੱਗ ਪਿਆ। ਕੁਝ ਸਮੇਂ ਵਿੱਚ ਹੀ ਭਾਲੂ ਉਸ ਪਾਣੀ ਵਿੱਚ ਰੁੜਨ ਲੱਗ ਪਿਆ। ਦੇਖਦੇ ਹੀ ਦੇਖਦੇ ਭਾਲੂ ਪਾਣੀ ਦੇ ਤੇਜ ਵਹਾਅ ਵਿੱਚ ਦੂਰ ਤੱਕ ਰੁੜ੍ਹਨ ਲੱਗਿਆ। ਅਚਾਨਕ ਉਸ ਹਿਰਨ ਦੀ ਨਜ਼ਰ ਤੇਜ ਪਾਣੀ ਵਿੱਚ ਰੁੜ੍ਹਦੇ ਜਾ ਰਹੇ ਭਾਲੂ 'ਤੇ ਪੈ ਗਈ। ਹਿਰਨ ਦਾ ਇੱਕ ਦੋਸਤ ਸੀ - ਹਾਥੀ। ਹਿਰਨ ਨੇ ਤੁਰੰਤ ਹਾਥੀ ਨੂੰ ਸਾਰੀ ਗੱਲ ਦੱਸੀ। ਹਾਥੀ ਨੇ ਤੁਰੰਤ ਪਾਣੀ ਵਿੱਚ ਵੜ ਕੇ ਆਪਣੀ ਸੁੰਡ ਨਾਲ਼ ਭਾਲੂ ਨੂੰ ਪਾਣੀ ਤੋਂ ਬਾਹਰ ਕੱਢ ਲਿਆ। ਫਿਰ ਭਾਲੂ ਦੀ ਜਾਨ ਬਚ ਗਈ। ਭਾਲੂ ਨੇ ਹਾਥੀ ਤੇ ਹਿਰਨ ਦਾ ਧੰਨਵਾਦ ਕੀਤਾ ਅਤੇ ਆਪਣੇ ਗਲਤ ਵਿਵਹਾਰ ਲਈ ਹਿਰਨ ਕੋਲੋਂ ਮਾਫੀ ਮੰਗੀ। ਹੁਣ ਭਾਲੂ ਆਪਣੇ ਕੀਤੇ ਵਿਵਹਾਰ ਲਈ ਬਹੁਤ ਸ਼ਰਮਿੰਦਾ ਵੀ ਸੀ। ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਦੂਸਰਿਆਂ ਪ੍ਰਤੀ ਚੰਗਾ ਵਿਹਾਰ ਕਰਨਾ ਚਾਹੀਦਾ ਹੈ ਅਤੇ ਸਭ ਦੇ ਭਲੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ 9478561356



# ਪੋਲ ਵਾਲਟ ਦਾ ਰੌਕਿਟ ਆਰਮੰਡ ਡੁਪਲਾਂਟਿਸ

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ



ਆਰਮੰਡ ਡੁਪਲਾਂਟਿਸ ਪੋਲ ਵਾਲਟ ਦਾ ਮੌਜੂਦਾ ਓਲੰਪਿਕ ਚੈਂਪੀਅਨ ਤੇ ਵਿਸ਼ਵ ਚੈਂਪੀਅਨ ਹੈ। ਓਲੰਪਿਕ ਖੇਡਾਂ ਤੇ ਵਰਲਡ ਚੈਂਪੀਅਨਸ਼ਿਪਸ ਦੇ ਵਿਸ਼ਵ ਰਿਕਾਰਡ ਵੀ ਉਹਦੇ ਨਾਂ ਹਨ। ਉਸ ਨੂੰ 2025ਵੇਂ ਸਾਲ ਦਾ ਬਿਹਤਰੀਨ ਖਿਡਾਰੀ ਤੇ ਲੌਰੀਅਸ ਅਥਲੀਟ ਮੰਨਿਆ ਗਿਐ। ਉਸ ਤੋਂ ਪਹਿਲਾਂ ਪੋਲ ਵਾਲਟ ਦੀ ਝੰਡੀ ਸਰਗੀ ਬੁਬਕਾ ਦੇ ਹੱਥ ਸੀ। ਵੀਹਵੀਂ ਸਦੀ 'ਚ ਉਹਦੀ ਗੁੱਡੀ ਅਸਮਾਨੀਂ ਚੜ੍ਹੀ ਰਹੀ। ਉਸ ਨੂੰ 'ਫਲਾਈਂਗ ਬਰਡ ਕਿਹਾ ਜਾਂਦਾ ਰਿਹਾ। ਉਹ ਦੁਨੀਆ ਦਾ ਪਹਿਲਾ ਪੋਲ ਵਾਲਟਰ ਹੋਇਆ ਜਿਸ ਨੇ 6 ਮੀਟਰ ਤੋਂ ਉੱਚਾ ਟੱਪਣ ਦੀ ਹੱਦ ਪਹਿਲੀ ਵਾਰ ਤੋੜੀ। ਉਸ ਨੇ ਪੋਲ ਵਾਲਟ ਦੇ ਵਿਸ਼ਵ ਰਿਕਾਰਡ 17 ਵਾਰ ਨਵਿਆਏ ਤੇ ਆਪਣੇ ਖੇਡ ਕੈਰੀਅਰ ਦੌਰਾਨ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿੱਚੋਂ 6 ਗੋਲਡ ਮੈਡਲ ਜਿੱਤੇ ਸਨ ਜੋ ਆਪਣੇ ਆਪ 'ਚ ਅਨੋਖਾ ਰਿਕਾਰਡ ਹੈ। ਉਹਦਾ ਜਨਮ 4 ਦਸੰਬਰ 1963 ਨੂੰ ਸੋਵੀਅਤ ਰੂਸ ਵਿਚ ਹੋਇਆ ਸੀ। ਉਸ ਦਾ 31 ਜੁਲਾਈ 1991 ਨੂੰ ਰੱਖਿਆ 6.14 ਮੀਟਰ ਦਾ ਵਿਸ਼ਵ ਰਿਕਾਰਡ 2015 ਤਕ ਕਾਇਮ ਰਿਹਾ। ਆਖ਼ਰ ਉਹ ਰਿਕਾਰਡ ਸਵੀਡਨ ਦੇ ਆਰਮੰਡ ਡੁਪਲਾਂਟਿਸ ਉਰਫ਼ 'ਮੋਂਡੋ ਨੇ 24 ਸਾਲਾਂ ਬਾਅਦ 6.15 ਮੀਟਰ ਉੱਚੀ ਛਾਲ ਲਾ ਕੇ ਤੋੜਿਆ।

ਸਵੀਡਸ਼-ਅਮਰੀਕਨ ਅਥਲੀਟ, ਆਰਮਡ ਗੁਸਤਾਵ ਡੁਪਲਾਂਟਿਸ ਦਾ ਜਨਮ 10 ਨਵੰਬਰ 1999 ਨੂੰ ਅਮਰੀਕਾ ਵਿਚ ਹੋਇਆ ਸੀ ਪਰ ਉਹ ਸਵੀਡਨ ਦੀ ਪ੍ਰਤੀਨਿਧਤਾ ਕਰਦਾ ਹੈ। ਹੁਣ ਉਸ ਨੂੰ ਸਰਬ ਸਮਿਆਂ ਦਾ ਸਭ ਤੋਂ ਮਹਾਨ ਪੋਲ ਵਾਲਟਰ ਕਿਹਾ ਜਾ ਰਿਹੈ। ਉਸ ਨੇ 6.27 ਮੀਟਰ ਯਾਨੀ 20 ਫੁੱਟ 7 ਇੰਚ ਉੱਚੀ ਛਾਲ ਲਾਉਣ ਦਾ ਵਿਸ਼ਵ ਰਿਕਾਰਡ ਰੱਖਿਆ ਤੇ ਗਲੋਬ ਦੇ 7 ਸੀਨੀਅਰ ਟਾਈਟਲ ਜਿੱਤੇ ਹਨ। ਓਲੰਪਿਕ ਖੇਡਾਂ ਦੇ 2 ਗੋਲਡ ਮੈਡਲ, ਆਊਟਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਦੇ ਵੀ 2 ਗੋਲਡ ਮੈਡਲ ਤੇ ਤਿੰਨ ਵਾਰ ਇਨਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਜਿੱਤੀਆਂ ਹਨ। ਯੂਰਪੀਨ ਤੇ ਹੋਰ ਚੈਂਪੀਅਨਸ਼ਿਪਾਂ ਜਿੱਤਣੀਆਂ ਤਾਂ ਮਾਮੂਲੀ ਗੱਲ ਸਨ। ਅਜੇ ਉਹ ਭਰ ਜੁਆਨ ਹੈ। ਕੀ ਪਤਾ ਪੋਲ ਵਾਲਟ ਦੀ ਬਾਰ ਹੋਰ ਕਿੰਨੀ ਉੱਚੀ ਕਰਾ ਜਾਵੇ ?

'ਮੋਂਡੋ ਡੁਪਲਾਂਟਿਸ ਲਈ 5 ਅਗੱਸਤ 2024 ਦਾ ਦਿਨ ਸਭ ਤੋਂ ਵੱਧ ਕਰਮਾਂ ਵਾਲਾ ਸਿੱਧ ਹੋਇਆ। ਉਦਣ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਪੋਲ ਵਾਲਟ ਦਾ ਫਾਈਨਲ ਮੁਕਾਬਲਾ ਹੋਣਾ ਸੀ। 2020 ਦੀਆਂ ਓਲੰਪਿਕ ਖੇਡਾਂ ਜੋ ਕੋਵਿਡ ਕਾਰਨ 2021 'ਚ ਟੋਕੀਓ ਵਿਖੇ ਹੋਈਆਂ, ਉਨ੍ਹਾਂ 'ਚੋਂ ਡੁਪਲਾਂਟਿਸ ਪੋਲ ਵਾਲਟ ਦਾ ਗੋਲਡ ਮੈਡਲ ਜਿੱਤ ਚੁੱਕਾ ਸੀ। ਜੇਕਰ ਉਹ ਪੈਰਿਸ ਤੋਂ ਵੀ ਗੋਲਡ ਮੈਡਲ ਜਿੱਤਦਾ ਤਾਂ ਅਨੋਖੀ ਗੱਲ ਹੋਣੀ ਸੀ ਕਿਉਂਕਿ 1896 ਤੋਂ ਸਿਵਾਏ ਇਕ ਪੋਲ ਵਾਲਟਰ ਦੇ ਕੋਈ ਹੋਰ ਪੋਲ ਵਾਲਟਰ ਦੂਜੀ ਵਾਰ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਨਹੀਂ ਸੀ ਜਿੱਤ ਸਕਿਆ। ਇਥੋਂ ਤਕ ਕਿ ਯੂਕਰੇਨ ਦਾ




'ਫਲਾਈਂਗ ਬਰਡ ਸਰਗੀ ਬੁਬਕਾ ਵੀ ਨਹੀਂ ਜਿੱਤਿਆ।

ਪੈਰਿਸ ਦੇ ਫਾਈਨਲ ਮੁਕਾਬਲੇ ਸਮੇਂ ਸਥਿਤੀ ਇਹ ਬਣੀ ਕਿ 5.95 ਮੀਟਰ ਦੀ ਉਚਾਈ ਕਿਸੇ ਪੋਲ ਵਾਲਟਰ ਤੋਂ ਪਾਰ ਨਾ ਹੋਈ। ਰਹਿ ਗਿਆ 'ਕੱਲਾ ਡੁਪਲਾਂਟਿਸ ਜੋ ਪਹਿਲੇ ਹੱਲੇ ਹੀ 6 ਮੀਟਰ ਦੀ ਉਚਾਈ ਪਾਰ ਗਿਆ। ਇੰਜ ਗੋਲਡ ਮੈਡਲ ਤਾਂ ਉਸ ਦਾ ਬਣ ਗਿਆ ਪਰ ਓਲੰਪਿਕ ਖੇਡਾਂ ਦਾ ਰਿਕਾਰਡ ਨਾ ਟੁੱਟਿਆ ਜੋ 2016 ਦੀਆਂ ਓਲੰਪਿਕ ਖੇਡਾਂ ਦੇ ਪੋਲ ਵਾਲਟ ਜੇਤੂ ਠਿਆਗੋ ਬਰਾਜ਼ ਦੇ ਨਾਂ ਸੀ। ਉਹਦਾ ਰਿਕਾਰਡ ਤੋੜਨ ਲਈ ਉਸ ਨੇ ਬਾਰ 6.10 ਮੀਟਰ ਉੱਚੀ ਕਰਵਾਈ ਤੇ ਸਫਲ ਛਾਲ ਲਾ ਕੇ ਗੋਲਡ ਮੈਡਲ ਨਾਲ ਓਲੰਪਿਕ ਖੇਡਾਂ ਦਾ ਨਵਾਂ ਰਿਕਾਰਡ ਵੀ ਆਪਣੇ ਨਾਂ ਕਰ ਲਿਆ। ਫਿਰ ਉਸ ਨੇ ਬਾਰ 5 ਜਾਂ 10 ਸੈਂਟੀਮੀਟਰ ਉੱਚੀ ਕਰਵਾਉਣ ਦੀ ਥਾਂ 'ਕੱਠੀ 15 ਸੈਂਟੀਮੀਟਰ ਉੱਚੀ ਕਰਵਾ ਕੇ 6.24 ਮੀਟਰ ਦਾ ਆਪਣਾ ਹੀ ਰੱਖਿਆ ਵਿਸ਼ਵ ਰਿਕਾਰਡ ਨਵਿਆਉਣ ਦਾ ਫੈਸਲਾ ਕੀਤਾ।

ਉਹਦੇ ਕਹਿਣ 'ਤੇ ਬਾਰ 6.25 ਮੀਟਰ ਉੱਚੀ ਕਰ ਦਿੱਤੀ ਗਈ। ਅਨਾਊਂਸਮੈਂਟ ਹੋਈ ਤਾਂ ਸਟੇਡੀਅਮ 'ਚ ਮੌਜੂਦ ਸਾਰੇ ਦਰਸ਼ਕਾਂ ਦੀਆਂ ਨਜ਼ਰਾਂ ਪੋਲ ਵਾਲਟ ਦੇ ਸਟੈਂਡ ਵੱਲ ਮੁੜ ਗਈਆਂ। ਗੋਰੇ ਨਿਛੋਹ ਰੰਗ, ਭੂਰੇ ਵਾਲ ਤੇ ਬਿੱਲੀਆਂ ਅੱਖਾਂ ਵਾਲੇ ਛੇ ਫੁੱਟੇ ਸਵੀਡਨੀਏਂ ਨੇ ਫਾਈਬਰ ਗਲਾਸ ਦਾ ਪੋਲ ਹੱਥਾਂ 'ਚ ਫੜ ਕੇ ਜੋਹਿਆ ਤੇ ਤੇਜ਼ ਦੌੜਨਾ ਸ਼ੁਰੂ ਕੀਤਾ। ਦੌੜ ਕੇ ਛਾਲ ਲਾਈ ਤਾਂ ਬਾਰ ਉਹਦੇ ਨਾਲ ਹੀ ਹੇਠਾਂ ਜਾ ਡਿੱਗੀ। ਸਾਹਮਣੇ ਬੈਠੀ ਉਹਦੀ ਗਰਲ ਫ੍ਰੈਂਡ ਨੇ ਲੰਮਾ ਹਉਕਾ ਭਰਿਆ। ਫਿਰ ਉਸ ਨੇ ਦੁਬਾਰਾ ਛਾਲ ਲਾਈ ਜੋ ਸਫਲ ਨਾ ਹੋ ਸਕੀ। ਸਭ ਨੂੰ ਨਿਰਾਸ਼ਾ ਹੋਈ। ਤੀਜੀ ਛਾਲ ਉਹਦਾ ਆਖ਼ਰੀ ਮੌਕਾ ਸੀ। ਉਸ ਨੇ ਪ੍ਰਸੰਸਕਾਂ 'ਚ ਬੈਠੀ ਆਪਣੀ ਪ੍ਰੇਮਕਾ ਵੱਲ ਫਿਰ ਵੇਖਿਆ ਜਿਸ ਨੇ ਹੌਸਲਾ ਵਧਾਊ ਚੁੰਮਣ ਹਵਾ 'ਚ ਸੁੱਟਿਆ ਜੋ ਪ੍ਰੇਮੀ ਨੇ ਬੋਚਣ ਦਾ ਸੰਕੇਤ ਦਿੱਤਾ। ਮੋਂਡੋ ਮੁੜ ਰਨ ਵੇਅ ਵੱਲ ਵਧਿਆ। ਆਰ ਜਾਂ ਪਾਰ ਚਿਤਵ ਕੇ ਰਨ ਵੇਅ 'ਤੇ ਸਿਰ ਮੈਦਾਨ ਦੌੜਿਆ। ਬਕਸੇ ਵਿਚ ਪੋਲ ਠੀਕ ਲੱਗਾ, ਫਾਈਬਰ ਗਲਾਸ ਪੋਲ ਦਾ ਪੂਰਾ ਹੁਲ੍ਹਾਰਾ ਮਿਲਿਆ, ਬਾਰ ਕਰਾਸ ਕਰਦਿਆਂ ਮੋਂਡੋ ਨੇ ਐਸੀ ਟਪੂਸੀ ਮਾਰੀ ਕਿ ਬਾਰੇ ਥਾਏਂ ਖੜ੍ਹੀ ਰਹੀ। ਸਫਲ ਛਾਲ ਦੀ ਝੰਡੀ ਵੇਖੇ ਬਿਨਾਂ ਉਹ ਪਿੱਚ ਤੋਂ ਸਟੈਂਡਾਂ ਵੱਲ ਦੌੜਿਆ ਤੇ ਆਪਣੀ ਪ੍ਰੇਮਕਾ ਦੇ ਚੁੰਮਣਾਂ ਵਿਚ ਲਿਪਤ ਹੋ ਗਿਆ। ਕੈਮਰਿਆਂ ਨੇ ਉਹ ਦ੍ਰਿਸ਼ ਸਦਾ ਲਈ ਸੰਭਾਲ ਲਿਆ। ਓਲੰਪਿਕ ਖੇਡਾਂ ਦੇ ਰਿਕਾਰਡ ਨਾਲ ਨਵਾਂ ਵਿਸ਼ਵ ਰਿਕਾਰਡ ਵੀ ਰੱਖਿਆ ਗਿਆ: 6.25 ਮੀਟਰ ! ਮੋਂਡੋ ਨੇ ਟ੍ਰੈਕ 'ਤੇ ਜੇਤੂ ਗੇੜੀ ਦਿੱਤੀ ਤਾਂ ਤਾੜੀਆਂ ਦਾ ਸ਼ੋਰ ਲਗਾਤਾਰ ਗੂੰਜਦਾ ਰਿਹਾ।

ਮੋਂਡੋ ਦੀ ਇਸ ਜਿੱਤ ਤੋਂ ਪਹਿਲਾਂ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਕੇਵਲ ਬੌਬ ਰਿਚਰਡ ਹੀ ਸੀ ਜਿਸ ਨੇ 1952 ਵਿਚ ਹੈਲਸਿੰਕੀ ਤੇ 1956 ਵਿਚ ਮੈਲਬਰਨ ਦੀਆਂ ਓਲੰਪਿਕ ਖੇਡਾਂ 'ਚੋਂ ਪੋਲ ਵਾਲਟ ਦੇ ਦੋ ਗੋਲਡ ਮੈਡਲ ਜਿੱਤੇ ਸਨ। 68 ਸਾਲਾਂ ਬਾਅਦ ਮੋਂਡੋ ਡੁਪਲਾਂਟਿਸ ਦੀ ਜਿੱਤ ਨਾਲ ਸਾਰੀ ਦੁਨੀਆ ਵਿਚ ਉਹਦੀ ਜੈ ਜੈ ਕਾਰ ਹੋ ਗਈ। ਉਹ ਐਸਾ ਪੋਲ ਵਾਲਟਰ ਹੈ ਜਿਸ ਨੇ ਯੂਥ, ਜੂਨੀਅਰ ਤੇ ਸੀਨੀਅਰ ਵਿਸ਼ਵ ਚੈਂਪੀਅਨਸ਼ਿਪਾਂ ਦੇ ਤਿੰਨੇ ਵਿਸ਼ਵ ਰਿਕਾਰਡ ਆਪਣੇ ਨਾਂ ਕੀਤੇ।

'ਆਰਮੰਡ ਡੁਪਲਾਂਟਿਸ ਪੋਲ ਵਾਲਟਰ ਪਿਓ ਦਾ ਪੁੱਤਰ ਹੈ ਜੋ ਚਾਰ ਸਾਲਾਂ ਦੀ ਉਮਰ ਤੋਂ ਹੀ ਪੋਲ ਵਾਲਟ ਨਾਲ ਪੰਗੇ ਲੈਣ ਲੱਗ ਪਿਆ ਸੀ। ਇਹ ਸਮਝ ਲਓ ਕਿ ਉਹ ਤੁਰਨ ਹੀ ਨਿੱਕੇ ਜਿਹੇ ਪੋਲ ਨਾਲ ਲੱਗਾ ਸੀ। ਉਸ ਨੇ 15 ਸਾਲ ਦੀ ਉਮਰ ਤੋਂ ਵੱਖ ਵੱਖ ਉਮਰ ਵਰਗਾਂ ਦੇ ਨਵੇਂ ਵਿਸ਼ਵ ਰਿਕਾਰਡ ਰੱਖਣੇ ਸ਼ੁਰੂ ਕਰ ਲਏ ਤੇ ਆਪਣੇ ਕੋਚ ਬਾਪ ਦੇ ਸੁਪਨੇ ਸਾਕਾਰ ਕਰਨ ਲੱਗ ਪਿਆ ਸੀ। ਮੋਂਡੋ ਨੇ 2015 ਵਿਚ ਹੀ 5.30 ਮੀਟਰ ਦੀ ਉਚਾਈ ਪਾਰ ਕਰ ਲਈ। 2016 ਵਿਚ 5.51 ਮੀਟਰ, 2017 'ਚ 5.90, 2018 'ਚ 6.05, 2020 'ਚ 6.15, 2022 ਵਿਚ 6.21, 2023 'ਚ 6.23, 2024 'ਚ 6.25 ਅਤੇ 2025 ਵਿਚ 6.27 ਮੀਟਰ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ। ਉਹ ਵਿਸ਼ਵ ਦਾ ਪਹਿਲਾ ਪੋਲ ਵਾਲਟਰ ਹੈ ਜਿਸ ਨੇ 6.20 ਮੀਟਰ ਦੀ ਹੱਦ ਪਹਿਲੀ ਵਾਰ ਤੋੜੀ। ਉਹ ਹੁਣ 26ਵੇਂ ਸਾਲ ਵਿਚ ਹੈ ਤੇ ਉਹਦਾ ਨਿਸ਼ਾਨਾ 6.30 ਮੀਟਰ ਦੀ ਹੱਦ ਪਾਰ ਕਰਨਾ ਹੈ।

ਪੋਲ ਵਾਲਟ ਅਥਲੈਟਿਕਸ ਦਾ ਸਭ ਤੋਂ ਖ਼ਤਰਨਾਕ ਈਵੈਂਟ ਮੰਨਿਆ ਜਾਂਦਾ ਹੈ। ਵੀਹ-ਵੀਹ ਫੁੱਟ ਉੱਚੀਆਂ ਛਾਲਾਂ ਲਾਉਂਦਿਆਂ ਅਕਸਰ ਮਾਰੂ ਸੱਟਾਂ ਲੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਪੋਲ ਵਾਲਟ ਦਾ ਜਨਮ ਸੋਟੀ ਜਾਂ ਵੰਝ ਦੇ ਸਹਾਰੇ ਕੰਧਾਂ, ਖਾਈਆਂ ਤੇ ਹੋਰ ਰੁਕਾਵਟਾਂ ਟੱਪਣ ਤੋਂ ਸ਼ੁਰੂ ਹੋਇਆ ਸੀ। ਪਹਿਲਾਂ ਪਹਿਲ ਜਿਹੜੀ ਰੋਕ ਉਂਜ ਨਹੀਂ ਸੀ ਟੱਪੀ ਜਾਂਦੀ, ਡਾਂਗ ਜਾਂ ਵੰਝ ਦੇ ਸਹਾਰੇ ਨਾਲ ਟੱਪਣੀ ਸ਼ੁਰੂ ਹੋਈ। ਸਮੇਂ ਨਾਲ ਵਿਕਸਤ ਹੁੰਦੀ ਇਹ ਤਕਨੀਕ ਖੇਡ ਕਰਤਬ ਬਣ ਗਈ ਜੋ ਓਲੰਪਿਕ ਖੇਡਾਂ ਤਕ ਜਾ ਪੁੱਜੀ। ਪਹਿਲੀਆਂ ਓਲੰਪਿਕ ਖੇਡਾਂ 'ਚ ਅਮਰੀਕਾ ਦਾ ਵਿਲੀਅਮ ਹੋਅਟ ਸਿਰਫ 3.30 ਮੀਟਰ ਉੱਚਾ ਟੱਪ ਕੇ ਓਲੰਪਿਕ ਚੈਂਪੀਅਨ ਬਣ ਗਿਆ ਸੀ ਜਦ ਕਿ ਪੈਰਿਸ ਵਿਖੇ 2024 ਦੀਆਂ ਓਲੰਪਿਕ ਖੇਡਾਂ 'ਚ ਸਵੀਡਨ ਦਾ ਡੁਪਲਾਂਟਿਸ 6.25 ਮੀਟਰ ਉੱਚਾ ਟੱਪ ਕੇ ਗੋਲਡ ਮੈਡਲ ਜਿੱਤ ਸਕਿਆ।

ਮੋਂਡੋ ਡੁਪਲਾਂਟਿਸ ਦਾ ਜਨਮ ਖਿਡਾਰੀਆਂ ਦੇ ਪਰਿਵਾਰ 'ਚ ਅਮਰੀਕਾ ਦੀ ਸਟੇਟ ਲੁਸਿਆਨਾ ਦੇ ਸ਼ਹਿਰ ਲਾਫਾਯੈੱਟ ਵਿਚ ਹੋਇਆ। ਉਹਦਾ ਪਿਉ ਗ੍ਰੈੱਗ ਡੁਪਲਾਂਟਿਸ ਅਮਰੀਕਨ ਹੈ ਤੇ ਮਾਂ ਹਲੇਨਾ ਡੁਪਲਾਂਟਿਸ ਸਵੀਡਸ਼ ਮੂਲ ਦੀ ਹੈ। ਗ੍ਰੈੱਗ ਡੁਪਲਾਂਟਿਸ ਖ਼ੁਦ ਅੰਤਰਰਾਸ਼ਟਰੀ ਪੱਧਰ ਦਾ ਪੋਲ ਵਾਲਟਰ ਰਿਹਾ। ਉਸ ਨੇ 5.80 ਮੀਟਰ ਯਾਨੀ 19 ਫੁੱਟ ਅੱਧਾ ਇੰਚ ਉੱਚੀ ਛਾਲ ਲਾਈ ਹੋਈ ਹੈ। ਮੋਂਡੋ ਦੀ ਮਾਂ ਹੈਪਟੈਥਲੀਟ ਤੇ ਵਾਲੀਬਾਲ ਦੀ ਵਧੀਆ ਖਿਡਾਰਨ ਰਹੀ ਹੈ। ਮੋਂਡੋ ਅਮਰੀਕਾ 'ਚ ਜੰਮਿਆ ਹੋਣ ਕਰਕੇ ਅੰਗਰੇਜ਼ੀ ਉਸ ਦੀ ਪਹਿਲੀ ਭਾਸ਼ਾ ਹੈ ਤੇ ਸਵੀਡਸ਼ ਦੂਜੀ ਭਾਸ਼ਾ। ਉਹ ਛੁੱਟੀਆਂ ਵਿਚ ਆਪਣੀ ਮਾਂ ਨਾਲ ਤੇ ਫਿਰ ਇਕੱਲਾ ਸਵੀਡਨ ਆਪਣੇ ਨਾਨਕੀਂ ਚਲਾ ਜਾਂਦਾ ਜਿਥੇ ਉਹਦੇ ਨਾਨੇ ਨਾਨੀ ਦਾ ਪਰਿਵਾਰ ਸੀ। ਇੰਜ ਉਹ ਅਮਰੀਕਾ ਦਾ ਵੀ ਸਿਟੀਜ਼ਨ ਹੈ ਤੇ ਸਵੀਡਨ ਦਾ ਵੀ।

ਬਾਕੀ ਹਿਸਾ ਸਫਾ ਤੇ ਪੜ੍ਹੋ

### ਸਫ਼ੇ ਦੀ ਬਾਕੀ

ਜਦੋਂ ਉਹ ਪੋਲ ਵਾਲਟ ਦੇ ਅੰਤਰਰਾਸ਼ਟਰੀ ਮੁਕਾਬਲਿਆਂ ’ਚ ਭਾਗ ਲੈਣ ਲੱਗਾ ਤਾਂ ਉਸ ਨੂੰ ਨਾਨਕਿਆਂ ਦੇ ਦੇਸ਼ ਸਵੀਡਨ ਤੇ ਦਾਦਕਿਆਂ ਦੇ ਦੇਸ਼ ਅਮਰੀਕਾ ’ਚੋਂ ਇਕ ਚੁਣਨਾ ਪੈਣਾ ਸੀ। ਸਵੀਡਨ ਨੇ ਉਸ ਦੇ ਪਿਉ ਗ੍ਰੈੱਗ ਡੁਪਲਾਂਟਿਸ ਨੂੰ ਪੋਲ ਵਾਲਟ ਦਾ ਕੋਚ ਰੱਖ ਲਿਆ ਸੀ। ਪਿਉ ਦੇ ਕਹਿਣ ’ਤੇ ਮੋਂਡੋ ਵੀ ਸਵੀਡਨ ਵੱਲੋਂ ਖੇਡ ਮੁਕਾਬਲਿਆਂ ’ਚ ਭਾਗ ਲੈਣ ਲੱਗਾ। ਇਸ ਦਾ ਦੂਜਾ ਕਾਰਨ ਸੀ ਕਿ ਅਮਰੀਕਾ ਦੇ ਖਿਡਾਰੀ ਖੇਡਾਂ ਮੌਕੇ ਟ੍ਰਾਇਲ ਲੈ ਕੇ ਚੁਣੇ ਜਾਂਦੇ ਹਨ ਜਦ ਕਿ ਸਵੀਡਨ ਦੇ ਖਿਡਾਰੀ ਅਹਿਮ ਮੁਕਾਬਲਿਆਂ ਦੇ ਆਧਾਰ ’ਤੇ ਚੁਣੇ ਜਾਂਦੇ ਹਨ। ਸਵੀਡਨ ਵਾਲਾ ਢੰਗ ਮੋਂਡੋ ਨੂੰ ਵਧੇਰੇ ਚੰਗਾ ਲੱਗਾ। ਉਂਜ ਵੀ ਨਾਨਕਿਆਂ ਦਾ ਪੱਖ ਭਾਰੂ ਸੀ ਤੇ ਮੋਂਡੋ ਨੂੰ ਅੰਗਰੇਜ਼ੀ ਭਾਸ਼ਾ ਦੇ ਨਾਲ ਸਵੀਡਸ਼ ਭਾਸ਼ਾ ਵੀ ਚੰਗੀ ਆਉਂਦੀ ਸੀ। ਮੋਂਡੋ ਦੇ ਦੋਵੇਂ ਵੱਡੇ ਭਰਾ ਐਂਡਰੀਜ਼ ਅਤੇ ਐਨਟੋਨੀ ਤੇ ਛੋਟੀ ਭੈਣ ਜੋਹਾਨਾ ਸਭ ਸਵੀਡਨ ਵੱਲੋਂ ਖੇਡਦੇ ਸਨ ਭਾਵੇਂ ਕਿ ਉਨ੍ਹਾਂ ਦੀ ਪੜ੍ਹਾਈ ਅਮਰੀਕਨ ਸਕੂਲਾਂ ਵਿਚ ਹੁੰਦੀ ਸੀ। ਫਿਰ ਉਹ ਲੂਸਿਆਨਾ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀ ਬਣਦੇ। ਮੋਂਡੋ ਨੇ 2018 ਵਿਚ ਲਾਫਾਯੈੱਟ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕਰ ਕੇ ਲੂਸੀਆਨਾ ਸਟੇਟ ਯੂਨੀਵਰਸਿਟੀ ਵਿਚ ਦਾਖਲਾ ਲਿਆ ਸੀ ਪਰ ਇਕ ਸਾਲ ਬਾਅਦ ਪੜ੍ਹਾਈ ਵਿਚੇ ਛੱਡ ਕੇ ਪ੍ਰੋਫੈਸ਼ਨਲ ਪੋਲ ਵਾਲਟਰ ਬਣ ਗਿਆ।

ਉਹਦੀ ਪਹਿਲੀ ਵੱਡੀ ਜਿੱਤ 2015 ਦੀ ਵਰਲਡ ਯੂਥ ਚੈਂਪੀਅਨਸ਼ਿਪ ’ਚ ਹੋਈ। 2016 ਵਿਚ ਉਸ ਨੇ ਅੰਡਰ-20 ਵਰਲਡ ਚੈਂਪੀਅਨਸ਼ਿਪ ’ਚੋਂ ਕਾਂਸੀ ਦਾ ਤਗਮਾ ਜਿੱਤਿਆ। 2017 ਵਿਚ ਉਸ ਨੇ ਅੰਡਰ-20 ਦਾ ਯੂਰਪੀ ਟਾਈਟਲ ਜਿੱਤਿਆ ਤੇ 2018 ਵਿਚ ਵਰਲਡ ਅੰਡਰ-20 ਦਾ ਚੈਂਪੀਅਨ ਟਾਈਟਲ। ਜਿਵੇਂ ਤੇਜ਼ਤਰਾਰ ਦੌੜਾਕ ਉਸੈਨ ਬੋਲਟ ਨੇ ਯੂਥ, ਜੂਨੀਅਰ ਤੇ ਸੀਨੀਅਰ ਵਿਸ਼ਵ ਚੈਂਪੀਅਨਸ਼ਿਪਾਂ ਦੇ ਟਾਈਟਲ ਜਿੱਤੇ ਉਵੇਂ ਮੋਂਡੋ ਨੇ ਵੀ ਤਿੰਨੇ ਟਾਈਟਲ ਜਿੱਤੇ। 2020 ਵਿਚ ਉਸ ਨੂੰ ਵਰਲਡ ਅਥਲੀਟ ਆਫ਼ ਦਾ ਯੀਅਰ ਐਲਾਨਿਆ ਗਿਆ। 2021 ਤੋਂ 2024 ਤਕ ਉਹ ਡਾਇਮੰਡ ਲੀਗਾਂ ਦਾ ਵੀ ਚੈਂਪਅਨ ਬਣਦਾ ਰਿਹਾ। ਫੋਲ ਵਾਲਟ ਦੇ ਇਤਿਹਾਸ ਵਿਚ 6 ਮੀਟਰ ਦੀ ਉਚਾਈ ਉਸ ਨੇ ਸਭ ਤੋਂ ਵੱਧ ਵਾਰ ਟੱਪੀ ਹੈ। ਸਰਗੀ ਬੁਬਕਾ ਨੇ 6 ਮੀਟਰ ਦੀ ਉਚਾਈ 46 ਵਾਰ ਟੱਪੀ ਜੋ ਮੋਂਡੋ ਡੁਪਲਾਂਟਿਸ 102 ਵਾਰ ਟੱਪ ਚੁੱਕੈ। ਉਹ 6.16 ਮੀਟਰ ਦੇ ਵਿਸ਼ਵ ਰਿਕਾਰਡ ਨੂੰ 6.27 ਮੀਟਰ ਤਕ ਲੈ ਗਿਆ ਹੈ। ਉਹ ਕੇਵਲ 7 ਸਾਲਾਂ ਦਾ ਸੀ ਜਦੋਂ 3.86 ਮੀਟਰ ਭਾਵ 12 ਫੁੱਟ 8 ਇੰਚ ਉੱਚੀ ਛਲਾਂਗ ਲਾ ਗਿਆ ਸੀ। ਡੁਪਲਾਂਟਿਸ ਦਾ ਨਿੱਕਾ ਨਾਂ ‘ਮੋਂਡੋ ਉਹਦੇ ਬਾਪ ਦੇ ਇਤਾਲਵੀ ਦੋਸਤ ਨੇ ਰੱਖਿਆ ਸੀ ਜੋ ਇਟਲੀ ਤੋਂ ਸੀ। ਇਤਾਲਵੀ ਵਿਚ ਇਸ ਦਾ ਅਰਥ ਹੈ ‘ਦੁਨੀਆ। ਉਹ ਸੱਚਮੁੱਚ ਦੁਨੀਆ ਦਾ ਚੈਂਪੀਅਨ ਬਣਿਆ। 2020, 2022 ਤੇ 2023 ਦਾ ਉਹ ਵਰਲਡ ਅਥਲੀਟ ਆਫ਼ ਦਾ ਯੀਅਰ ਅਵਾਰਡ ਹਾਸਲ ਕਰਦਾ ਰਿਹਾ। 2024 ਦਾ ਸਾਲ ਉਹਦੇ ਲਈ ਸਭ ਤੋਂ ਵੱਡੀਆਂ ਜਿੱਤਾਂ ਵਾਲਾ ਰਿਹਾ। ਉਸ ਨੇ ਓਲੰਪਿਕ ਖੇਡਾਂ ਦਾ ਦੂਜਾ ਟਾਈਟਲ, ਦੂਜਾ ਵਰਲਡ ਇਨਡੋਰ ਟਾਈਟਲ, ਤੀਜਾ ਯੂਰਪੀਨ ਟਾਈਟਲ ਤੇ ਕਈ ਹੋਰ ਮਹੱਤਵ ਪੂਰਨ ਟਾਈਟਲ ਜਿੱਤੇ।

2024 ਦੀ ਡਾਇਮੰਡ ਲੀਗ ਵਿਚ ਭਾਗ ਲੈਂਦਿਆਂ ਮੋਂਡੋ ਨੇ 6.26 ਮੀਟਰ ਉੱਚਾ ਟੱਪ ਕੇ ਆਪਣਾ ਹੀ ਵਿਸ਼ਵ ਰਿਕਾਰਡ ਦਸਵੀਂ ਵਾਰ ਨਵਿਆਇਆ। ਉਸ ਸਾਲ ਉਸ ਨੂੰ ਵਿਸ਼ਵ ਦਾ ਅਨਮੋਲ ਅਥਲੀਟ ਹੋਣ ਦਾ ਅਵਾਰਡ ਮਿਲਿਆ। ਜਿਊਰਿਖ ਡਾਇਮੰਡ ਲੀਗ ਦੇ ਮੁਕਾਬਲਿਆਂ ਤੋਂ ਪਹਿਲਾਂ 4 ਸਤੰਬਰ 2024 ਨੂੰ ਮੋਂਡੋ ਦੀ 400 ਮੀਟਰ ਹਰਡਲਜ਼ ਦੇ ਵਿਸ਼ਵ ਰਿਕਾਰਡੀ ਕਰਸਟਨ ਵਾਰਹੋਲਮ ਨਾਲ 100 ਮੀਟਰ ਦੀ ਦੌੜ ਲਗਵਾਈ ਗਈ। ਉਹ ਦੌੜ ਮੋਂਡੋ ਨੇ 10.37 ਸੈਕੰਡ ’ਚ ਲਾਈ ਜਦ ਕਿ ਵਾਰਹੋਲਮ 10.47 ਸੈਕੰਡ ਨਾਲ ਦੋਮ ਰਿਹਾ। 2025 ਵਿਚ ਉਸ ਨੇ 11ਵਾਂ ਵਰਲਡ ਰਿਕਾਰਡ ਰੱਖਿਆ ਤਾਂ ਉਸ ਨੂੰ ਸੈਂਚਰੀ ਦੇ ਲੌਰੀਅਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

28 ਫਰਵਰੀ 2025 ਦਾ ਦਿਨ ਪੋਲ ਵਾਲਟ ਦੇ ਇਤਿਹਾਸ ਦਾ ਯਾਦਗਾਰੀ ਦਿਵਸ ਹੋ ਨਿਬੜਿਆ। ਫਰਾਂਸ ਦੀ ਧਰਤੀ ’ਤੇ ਹੋਈ ਆਲ ਸਟਾਰ ਮੀਟ ਵਿਚ ਮੋਂਡੋ ਨੇ 6.27 ਮੀਟਰ ਉੱਚੀ ਛਾਲ ਲਾ ਕੇ 11ਵੀਂ ਵਾਰ ਵਿਸ਼ਵ ਰਿਕਾਰਡ ਨਵਿਆਇਆ। ਉੱਦਣ ਖ਼ੁਸ਼ੀ ਵਿਚ ਉਹਦਾ ਗੀਤ ‘ਬੌਪ ਰਿਲੀਜ਼ ਕੀਤਾ ਗਿਆ। ਕਈਆਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮੋਂਡੋ ਗੀਤਕਾਰ ਵੀ ਹੈ। ਪੌਮਾ ਕੰਪਨੀ ਦੇ ਸੀਓਓ ਆਰਨੇ ਫਰੂਡੈਂਟ ਨਾਲ ਗੱਲ ਬਾਤ ਕਰਦਿਆਂ ਮੋਂਡੋ ਨੇ ਇਥੋਂ ਤਕ ਕਹਿ ਦਿੱਤਾ ਕਿ 6.30 ਮੀਟਰ ਟੱਪਣਾ ਤਾਂ ਮੇਰੀ ਪਹੁੰਚ ਵਿਚ ਹੀ ਹੈ, ਹੋ ਸਕਦੈ ਮੈਂ ਵਿਸ਼ਵ ਰਿਕਾਰਡ 6.40 ਮੀਟਰ ਤੱਕ ਲੈ ਜਾਵਾਂ! ਜੁਲਾਈ 2020 ਵਿਚ ਮੋਂਡੋ ਨੂੰ ਖਿਡਾਰੀਆਂ ਲਈ ਸਭ ਤੋਂ ਵੱਡਾ ਸਨਮਾਨ ਵਿਕਟੋਰੀਆ ਅਵਾਰਡ ਮਿਲਿਆ। 2025 ਤਕ ਸਪੋਰਟਸ ਦਾ ਸ਼ਾਇਦ ਹੀ ਕੋਈ ਅਵਾਰਡ ਹੋਵੇ ਜੋ ਉਸ ਨੂੰ ਨਾ ਮਿਲਿਆ ਹੋਵੇ। ਸਣੇ ਵਰਲਡ ਅਥਲੈਟਿਕਸ ਅਵਾਰਡ ਦੇ ਤੇ ਬੀਬੀਸੀ ਸਪੋਰਟਸ ਪਰਸਨੈਲਟੀ ਵਰਲਡ ਸਪੋਰਟ ਸਟਾਰ ਦੇ। ਮੋਂਡੋ ਜਿਹੇ ਸਪੋਰਟਸ ਸਟਾਰ ਨਿੱਤ ਨਿੱਤ ਨਹੀਂ ਜੰਮਦੇ। ਯੂਸਫ ਵਰਗਾ ਸੋਹਣਾ ਸੁਨੱਖਾ ਮੋਂਡੋ ਅੱਜਕੱਲ੍ਹ ਜ਼ੁਲੈਖਾਂ ਵਰਗੀ ਸੋਹਣੀ ਸੁਨੱਖੀ ਸਵੀਡਸ਼ ਮਾਡਲ ਡੀਜ਼ਾਇਰ ਇੰਗਲੈਂਡਰ ਨਾਲ ਡੇਟਿੰਗ ਕਰ ਰਿਹੈ। ਉਹ ਉਸ ਨੂੰ 2020 ਵਿਚ ਮਿਡ ਸਮਰ ਦੀ ਪਾਰਟੀ ਵਿਚ ਮਿਲੀ ਸੀ। 11 ਅਕਤੂਬਰ 2024 ਨੂੰ ਉਨ੍ਹਾਂ ਦੀ ਮੰਗਣੀ ਹੋਈ ਹੈ ਤੇ ਜਿੱਦਣ ਵਿਆਹ ਹੋਇਆ ਉਹਦੇ ਬੈਂਡ ਵਾਜੇ ਕੁਲ ਦੁਨੀਆ ਨੂੰ ਸੁਣ ਜਾਣੇ ਹਨ। ਸੁਭਾਗ ਜੋੜੀ ਲਈ ਸਾਡੇ ਵੱਲੋਂ ਅਗਾਂਊਂ ਸ਼ੁਭ ਇਛਾਵਾਂ!

*principalsarwansingh@gmail.com*


**ਜ਼ਰੂਰੀ ਸੂਚਨਾ**

ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ।

ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ


# Two out of five members from a family be in proper employment

**TAIL PIECE**

**Advocate Dalip Singh Wasan,**
**dalipsinghwassan@yahoo.co.in**

It is an accepted fact that most of the Indians are dependant upon employment and live life on wages or it maybe called salary.

Therefore, it is the duty of the government specially in a democracdy to ensure that at least two members from each family be in proper employment and earn proper income for maintaining family of five members.

We have established Pay Commission and its reports are before us. When we had prescribed salaries for each category of government employees, let ithis strucdture be applicable to all employees even in private sector and to individual employers and let the state may ensure at least two people from each family are in proper employment and bring proper



income. Some developed countries have already started working on their plans and they could ensure proper income in each family and are in line of developed countries. And who could not get employment are getting proper maintenance and old and infirm people are given pensions to live a proper life.

When we study the cause of growing poverty in India, we ourselves come to th4e conclusion that this unemployment and low wages are the two main causes of groring poverty in India and all our efforts on this direction are just futile exercises and two-third population of our country is living on free ration. Family means five members two parents and three children who are in education and training upto 18 years age and all higher studies and training must be three days in a week and the remaining period the students must be in employment and earning properly for living and continuing study and training.

Competent people must come in Parliament and in State level Legislative assemblies nad must work on schemes, projects and policies to solve these problems because times are gone when some bloody revolutions had been their who too could not bring the desired results. Only proper planning shall work and it must work now because science nd technology too has come for aid of the planners. The contesting groups must work here only as Public Servants and Representatives of the people and fights between contesting groups must end because these Houses are not the proper place to continue fights.

# • ਪੰਜਾਬੀ ਫ਼ਿਲਮ ਦਰਪਣ •

## ਮਨਵੀਰ ਰਾਣਾ ਨੇ ਜਸਮੀਨ ਨੂੰ ਕਿਹਾ ਦੇਖ 32 ਬੋਰ




ਆਰ ਜੇ ਬੀਟਸ ਨੇ ਰਾਮ ਭੋਗਪੁਰ ਦੇ ਪੇਸ਼ਕਾਰੀ ਪ੍ਰਬੰਧ ਨਾਲ ਗਾਇਕ ਮਨਵੀਰ ਰਾਣਾ ਤੇ ਜਸਮੀਨ ਖਾਨ ਦਾ ਡਿਊਟ “32 ਬੋਰ” ਦੇ ਟਾਈਟਲ ਨਾਲ ਲਿਆਂਦਾ ਹੈ। ਬੰਨੀ ਸ਼ਰਮਾ ਤੇ ਮਨੀਸ਼ ਸ਼ਰਮਾ ਨੇ ਪਰਦੇ ਪਿੱਛੇ ਇਸ ਰੋਮਾਂਟਿਕ ਡਿਊਟ ਲਈ ਮਿਹਨਤ ਕੀਤੀ ਹੈ। ਇਟਲੀ ਰਹਿੰਦੀ ਰਾਜਕੁਮਾਰੀ ਰਜਨੀਸ਼ ਕੁਮਾਰੀ ਨੇ ਇਹ ਗੀਤ ਲਿਖਿਆ ਹੈ ਤੇ ਸੰਗੀਤ ਪਤਰਸ ਚੀਮਾ ਤੇ ਬੀ ਮਾਸਟਰ ਦਾ ਹੈ। ਇਸ ਦਾ ਵੀਡਿਉ ਕਸ਼ਯਪ ਨੇ ਤਿਆਰ ਕੀਤਾ ਹੈ ਤੇ ਰੂਪ ਸੱਜਾ ਪੂਜਾ ਕੌਸ਼ਲ ਦੀ ਹੈ। ਸੁੱਖ ਵਾਲੀਆ “32 ਬੋਰ” ਦੇ ਸਹਾਇਕ ਨਿਰਮਾਤਾ ਹਨ। ਮਨਵੀਰ ਰਾਣਾ ਤੇ ਜਸਮੀਨ ਨੂੰ ਉਮੀਦ ਹੈ ਕਿ ਇਹ ਦੋਗਾਣਾ ਖ਼ੂਬ ਚਲੇਗਾ।

## ਅਸ਼ੋਕ ਕਹੇ ਹੋਮ ਸਵੀਟ ਹੋਮ ਮੁੰਬਈ ਜਾਂ ਰੋਮ



ਆਸ਼ਿਕ ਏ ਅਦਾਕਾਰੀ ਤੇ ਨਿਰਦੇਸ਼ਨ ਅਸ਼ੋਕ ਮਲਹੋਤਰਾ ਹਨ ਤੇ ਸਰਕਾਰੀ ਸਰਵਿਸ ਵੀ ਕੀਤੀ ਤੇ ਆਪਣਾ ਐਕਟਿੰਗ ਤੇ ਲਿਖਣ ਨਿਰਦੇਸ਼ਨ ਦਾ ਕੰਮ ਵੀ ਜ਼ਾਰੀ ਰੱਖਿਆ। ਆਖਦੇ ਨੇ ਅਸ਼ੋਕ ਕਿ ਓਹਨਾਂ ਦੇ ਪਰਿਵਾਰ ਨੇ ਬਹੁਤ ਸਾਥ ਦਿੱਤਾ, ਛੁੱਟੀਆਂ ਦੌਰਾਨ ਬਾਲੀਵੁੱਡ ਲਈ ਕੰਮ ਕੀਤਾ। ਸੰਗੀਤ ਕੰਪਨੀਆਂ ਲਈ ਵੀਡਿਓ ਕੀਤੇ ਤੇ ਸਾਰਾ ਕੁੱਝ ਪਰਿਵਾਰ ਦੇ ਸਾਥ ਨਾਲ ਹੋਇਆ। ਸੇਵਾ ਮੁਕਤੀ ਬਾਅਦ ਚੌਪਾਲ ਟੀਵੀ ਤੇ ਅਸ਼ੋਕ ਨੇ ਫ਼ਿਲਮਾਂ ਕੀਤੀਆਂ ਹਨ। ਨਾਲ ਹੀ ਫ਼ਿਲਮ ਟੀਵੀ ਕਲਾਕਾਰ ਸੰਸਥਾ ਮਾਝਾ ਦੇ ਮੁੱਖੀ ਹਨ। ਅਸ਼ੋਕ ਮਲਹੋਤਰਾ ਰੇਡੀਓ ਸਟੇਸ਼ਨ ਜਲੰਧਰ ਤੇ ਦੂਰਦਰਸ਼ਨ ਜਲੰਧਰ ਦੇ ਪ੍ਰਵਾਣਿਤ ਕਲਾਕਾਰ ਵੀ ਹਨ। ਅਸ਼ੋਕ ਨੇ ਖੂਬਸੂਰਤ ਭਾਰਤੀ ਰੇਲਵੇ ਲਈ ਛੋਟੇ ਵਿਗਿਆਪਨ ਵੀ ਬਣਾਏ ਹਨ। ਅਸ਼ੋਕ ਮਲਹੋਤਰਾ ਨੇ ਵਿਨੋਦ ਖੰਨਾ ਨੂੰ ਲੈਣ ਦੀ ਗੱਲ ਕਰ ਲਈ ਸੀ ਵੱਡੀ ਪੰਜਾਬੀ ਫ਼ਿਲਮ ਬਣ ਜਾਣੀ ਸੀ ਪਰ ਵਿਨੋਦ ਖੰਨਾ ਨਹੀਂ ਰਹੇ। ਖੈਰ ਗੱਲ ਗੱਲ ਤੇ ਪਰਿਵਾਰ ਨੂੰ ਬੱਲੇ ਸ਼ਾਬਾਸ਼ ਦੇਣ ਵਾਲੇ ਅਸ਼ੋਕ ਮਲਹੋਤਰਾ ਨਾਲ ਸਹਾਇਕਾ ਤਨੂ ਵੀ ਕੀ ਘਰਦਿਆਂ ਦੇ ਸਹਿਯੋਗ ਨਾਲ ਹੈ ਜੈ ਹੋ।

## ਸ਼ਰਮਾ ਤੇ ਘੁਮਾਣ, ਇੱਕ ਦੂਜੇ ਦੀ ਜਿੰਦ ਜਾਨ



ਟੀਵੀ ਦੁਨੀਆਂ ਦੇ ਸਟਾਰ ਮੇਕਰ ਤੇ ਪੰਜਾਬੀ ਸੰਗੀਤ ਦੇ ਖਾਸ ਸਲਾਹਕਾਰ ਨੇ ਬੰਨੀ ਸ਼ਰਮਾ ਤੇ ਜਰਨੈਲ ਘੁਮਾਣ ਨਾਮ ਯਾਦ ਗੁਰਦਾਸ ਮਾਨ ਨੂੰ, ਹੰਸ ਜੀ ਨੂੰ, ਦੇਬੀ ਮਖਸੂਸਪੁਰੀ ਨੂੰ ਤੇ ਦੋਵਾਂ ਦਾ ਪਿਆਰ ਬੇਸ਼ੁਮਾਰ ਹੈ। ਜਰਨੈਲ ਘੁਮਾਣ ਤੇ ਬੰਨੀ ਸ਼ਰਮਾ ਪੰਜਾਬੀ ਮਿਊਜ਼ਿਕ ਤੇ ਫ਼ਿਲਮਜ਼ ਦੇ ਗ੍ਰੈਂਡ ਸ਼ੋ ਵਿਦੇਸ਼ਾਂ ਤੇ ਦੇਸ਼ ਵਿੱਚ ਚੋਟੀ ਦੇ ਪ੍ਰਬੰਧਾਂ ਨਾਲ ਕਰਵਾਉਣ ਵਾਲੇ ਹਨ। ਦੁਬਈ ਵਿੱਚ ਦੋਵੇਂ ਇਸ ਦੀ ਯੋਜਨਾ ਨੂੰ ਅੰਤਿਮ ਛੋਹਾਂ ਦੇ ਰਹੇ ਹਨ। ਜਰਨੈਲ ਘੁਮਾਣ ਨੂੰ ਰਿਕਾਰਡਿੰਗ ਤੇ ਰਲਿਜ਼ਿੰਗ ਦਾ ਤੇ ਬੰਨੀ ਸ਼ਰਮਾ ਨੂੰ ਪ੍ਰਚਾਰ ਪਸਾਰ ਤੇ ਵਪਾਰ ਦਾ ਤਜ਼ਰਬਾ ਹੈ। ਬੰਨੀ ਸ਼ਰਮਾ ਨੇ ਤੇ ਗੁਲਸ਼ਨ ਕੁਮਾਰ ਟੀ ਸੀਰੀਜ਼ ਨਾਲ ਕੰਮ ਕੀਤਾ ਹੈ ਤੇ ਘੁਮਾਣ ਨੂੰ ਮਿਲਣ ਲਈ ਕਲਾਕਾਰ ਤਰਸਦੇ ਰਹੇ ਹਨ। ਜਦ ਬੰਨੀ ਤੇ ਘੁਮਾਣ ਇੱਕਠੇ ਹੋਏ ਨੇ ਤਦ ਕੋਈ ਵੱਡਾ ਮਨੋਰੰਜਕ ਸ਼ੋ ਹੀ ਅੱਗੇ ਆਏਗਾ।

## ਕਰਮ ਕੌਰ ਆਖੀ ਜਾਏ ਘੁੱਗੀ ਜੈਸਾ ਕੋਈ ਨਹੀਂ



ਕਰਮ ਕੌਰ ਕਦੇ ਜਲੰਧਰ ਦੂਰਦਰਸ਼ਨ ਦੀ ਐਂਕਰ ਸੀ ਤੇ ਫਿਰ ਓਹ ਦੂਜੇ ਚੈਨਲਾਂ ਤੇ ਸੀਰੀਅਲ ਕਰਦੀ ਕਰਦੀ ਵੀਡਿਓ ਗਾਣੇ ਕਰਨ ਲੱਗ ਪਈ ਐਸੀ ਫਿਲਮੀ ਲਾਟਰੀ ਲੱਗੀ ਕਿ ਯੋਗਰਾਜ ਸਿੰਘ ਨਾਲ ਪੰਜਾਬੀ ਤੇ ਸ਼ਾਹਬਾਜ਼ ਨਾਲ ਹਿੰਦੀ ਫਿਲਮ ਕਰ ਗਈ। ਹੁਣ ਇੱਕ ਫ਼ਿਲਮ ਓਸ ਨੇ ਗੁਰਪ੍ਰੀਤ ਘੁੱਗੀ ਨਾਲ ਕੀਤੀ ਤਾਂ ਤਰੀਫ ਤੇ ਤਰੀਫ ਘੁੱਗੀ ਦੀ ਕਰੀ ਜਾ ਰਹੀ ਹੈ। ਆਖ ਰਹੀ ਹੈ ਕਿ ਗੁਰਪ੍ਰੀਤ ਘੁੱਗੀ ਆਪ ਤਾਂ ਵਿਭਿੰਨ ਤਰਾਂ ਦੇ ਅਭਿਨੇਤਾ ਨੇ ਸਾਥੀ ਕਲਾਕਾਰ ਦੀ ਬਹੁਤ ਹੈਲਪ ਕੈਮਰੇ ਅੱਗੇ ਕਰਦੇ ਹਨ। ਕਰਮ ਕੌਰ ਨੇ ਤਾਂ ਘੁੱਗੀ ਕੋਲੋਂ ਬਹੁਤ ਕੁੱਝ ਸਿੱਖਿਆ ਹੈ ਆਖਦੀ ਹੈ ਕਰਮ ਕੌਰ ਕਿ ਇੱਕ ਐਸੀ ਫ਼ਿਲਮ ਹੋਏ ਕਿ ਗੁਰਪ੍ਰੀਤ ਘੁੱਗੀ ਨਾਲ ਓਹ ਰੋਮਾਂਟਿਕ ਲੀਡ ਕਰੇ,ਨੱਚੇ ਤੇ ਪਰਦੇ ਤੇ ਰੋਮਾਂਸ ਕਰੇ। ਕਰਮ ਕੌਰ ਵੱਲੋਂ ਤਰੀਫ ਤੇ ਘੁੱਗੀ ਜੀ ਨੇ ਕਿਹਾ ਚਲੀਏ ਆਪਣੀ ਵੀ ਕੋਈ ਸ਼ਲਾਘਾ ਕਰਦਾ ਹੈ ਤੇ ਕਰਮ ਕੌਰ ਗ੍ਰੇਟ ਐਕਟ੍ਰੈਸ ਹੈ ਡਾਇਰੈਕਟਰ ਨੂੰ ਲੱਗਿਆ ਤਾਂ ਕਾਸਟ ਕਰਨਗੇ।

## ਸੰਧੂ ਦੀ “ਜੱਟ ਲਾਈਫ” ਸ਼ੰਮੀ ਨੇ ਗਾ ਕਿ ਦੱਸੀ



ਸ਼ੰਮੀ ਖਾਨ ਦਿਨਾਂ ਵਿੱਚ ਲੋਕ ਪ੍ਰਿਅ ਕਲਾਕਾਰ ਬਣ ਰਿਹਾ ਹੈ ਤੇ ਆਮ ਜਨ ਜੀਵਨ ਨਾਲ ਓਹ ਜੁੜ ਗੀਤ ਗਾ ਰਿਹਾ ਹੈ। ਜਿੰਦ ਸੁਰ ਸਿੰਘ ਨੇ ਜੱਟ ਦੀ ਅਸਲ ਜ਼ਿੰਦਗੀ ਦਾ ਵਰਣਨ ਆਪਣੇ ਗੀਤ ਰਾਹੀਂ ਕੀਤਾ ਜਿਸ ਨੂੰ ਸ਼ੰਮੀ ਖਾਨ ਨੇ ਗਾਇਆ ਤਾਂ ਮੁੱਖ ਹੀਰੋ ਵੀਡਿਓ ਦੇ ਗੁਰਦੀਪ ਸੰਧੂ ਬਣੇ। ਸੰਧੂ ਪੰਜਾਬੀ ਫ਼ਿਲਮਾਂ ਦੇ ਕਲਾਕਾਰ ਨੇ ਟੀਵੀ ਹਸਤੀ ਨੇ ਤੇ ਹਰਫਨ ਮੌਲਾ ਅਦਾਕਾਰ ਹਨ। “ਜੱਟ ਲਾਈਫ” ਲਈ ਮੁੱਖ ਭੂਮਿਕਾ ਓਹਨਾਂ ਅਦਾ ਕੀਤੀ ਹੈ। ਜਸਮੀਨ ਨਾਲ ਹੈ ਜਿਹੜੀ ਆਖਦੀ ਹੈ ਐਕਟਰ ਅੱਛਾ ਸੰਧੂ, ਇਨਸਾਨ ਵਧੀਆ ਗੁਰਦੀਪ ਤੇ ਮਰਦ ਵਾਅਦੇ ਦਾ ਪੱਕਾ ਗੁਰਦੀਪ ਸੰਧੂ ਜਿਸ ਤਰਾਂ ਦਾ ਦ੍ਰਿਸ਼ ਹੋਏ ਓਸ ਜਿਹੀ ਐਕਟਿੰਗ ਕਰ ਨਾਲ ਦੀ ਮਾਡਲ ਵੀ ਖੁਸ਼ ਕਰੇਂਦਾ ਹੈ। “ਜੱਟ ਲਾਈਫ” ਸੰਧੂ ਦੀ ਅਮਰਪਾਲ ਦੇ ਨਿਰਦੇਸ਼ਨ ਨੇ ਪਰਦੇ ਤੇ ਦਿਖਾਈ ਹੈ।

## ਸੁਨੀਤਾ ਸਿੰਘ ਸ਼ੇਰਨੀ ਮਰਦਾਨੀ ਪਾਲੀਵੁੱਡ ਦੀ

ਸੁਨੀਤਾ ਸਿੰਘ ਬੇਬਾਕ ਐਕਟ੍ਰੈਸ ਹੈ,



ਸੁਨੀਤਾ ਸਿੰਘ ਨੇ ਟੀਵੀ ਤੇ ਨੈਸ਼ਨਲ ਪੱਧਰ ਤੇ ਬਹੁਤ ਕੰਮ ਕੀਤਾ ਹੈ, ਵੀਡਿਉ ਕੀਤੇ ਨੇ, ਮਾਡਲਿੰਗ ਤੇ ਅਭਿਨੈ ਵੀ ਕੀਤਾ ਹੈ। ਹੁਣ ਓਸਨੂੰ ਭਗਵੰਤ ਸਿੰਘ ਕੰਗ ਨੇ ਆਪਣੀ ਵੈੱਬ ਸੀਰੀਜ਼ “ਪੁੱਤਾਂ ਦੇ ਵਪਾਰੀ” ਵਿੱਚ ਸ਼ਾਨਦਾਰ ਭੂਮਿਕਾ ਦਿੱਤੀ ਹੈ। ਕਿਰਦਾਰ ਵਿੱਚ ਜਾਨ ਭਰ ਦਿੰਦੀਂ ਹੈ। ਸੁਨੀਤਾ ਸਿੰਘ ਨਾਲ ਕਈ ਲੋਕ ਆਪਣੇ ਬਣ ਮੁੜ ਡੰਗ ਮਾਰਨ ਵਾਲੀ ਗੱਲ ਕਰਦੇ ਨੇ ਪਰ ਓਹ ਡਰਦੀ ਨਹੀਂ ਤੇ ਅਜਿਹੇ ਲੋਕਾਂ ਨਾਲ ਓਸ ਤਰਾਂ ਦਾ ਜਵਾਬ ਦਿੰਦੀ ਹੈ। ਅਕਸਰ ਸੋਸ਼ਲ ਮੀਡੀਆ ਤੇ ਸੁਨੀਤਾ ਸਿੰਘ ਇਹਨਾਂ ਲੋਕਾਂ ਦਾ ਮੂੰਹ ਪੋਸਟ ਨਾਲ ਭੰਨਦੀ ਵੀ ਹੈ ਖ਼ੈਰ ਟਵਿੰਕਲ ਭੱਟੀ ਨਾਲ ਸੁਨੀਤਾ ਸਿੰਘ ਨੇ ਜ਼ਬਰਦਸਤ ਅਭਿਨੈ ਕੀਤਾ ਹੈ। ਸੁਨੀਤਾ ਸਿੰਘ ਤੇ ਟਵਿੰਕਲ ਭੱਟੀ ਨਾਲ “ਪੁੱਤਾਂ ਦੇ ਵਪਾਰੀ” ਵਿੱਚ ਰਾਣਾ ਸਿੰਘ ਦਰਾਜ, ਪ੍ਰਭਜੋਤ ਰੰਧਾਵਾ, ਹਰਮੀਤ ਜੱਸੀ, ਕੁਲਵਿੰਦਰ ਕਸ਼ਯਪ, ਜਸਮੀਨ ਕੌਰ ਉਰਫ ਰਸ਼ਮਿਕਾ ਮੰਦਾਨਾ ਤੇ ਪ੍ਰਭਜੋਤ ਰੰਧਾਵਾ ਮੁੱਖ ਦੂਸਰੇ ਕਲਾਕਾਰ ਹਨ। ਕੰਗ ਨੇ ਇੱਕੋ ਗੱਲ ਕਹੀ ਸੁਨੀਤਾ ਸਿੰਘ ਨਾਮ ਸਾਲ ਤੱਕ ਹਰੇਕ ਜਾਣਦਾ ਹੋਊ।

-ਅੰਮ੍ਰਿਤ ਪਵਾਰ

## ਨਿਊ ਜਰਸੀ ਵਿਚ ਇਕ ਜੋੜਾ ਨਬਾਲਗ ਲੜਕੀ ਨੂੰ ਕਈ ਸਾਲ ਕੈਦ ਵਿਚ ਰਖ ਕੇ ਤਸ਼ੱਦਦ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਿਊ ਜਰਸੀ ਦੇ ਇਕ ਘਰ ਵਿਚ ਇਕ ਜੋੜੇ ਵੱਲੋਂ ਇਕ ਨਬਾਲਗ ਲੜਕੀ ਨੂੰ ਉਸ ਦੀ ਛੋਟੀ ਭੈਣ ਸਮੇਤ ਕਈ ਸਾਲ ਕੁੱਤੇ ਵਾਲੇ ਖੁੱਡੇ ਵਿਚ ਕੈਦ ਕਰਕੇ ਰੱਖਣ ਦੀ ਖਬਰ ਹੈ ਜਿਸ ਦੌਰਾਨ ਉਸ ਉਪਰ ਤਸ਼ੱਦਦ ਵੀ ਕੀਤਾ ਗਿਆ। ਇਹ ਪ੍ਰਗਟਾਵਾ ਵਕੀਲਾਂ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ। ਪੁਲਿਸ ਨੇ ਜੋੜੇ ਨੂੰ ਗ੍ਰਿਫਤਾਰ ਕਰ ਲਿਆ ਹੈ। ਬਿਆਨ ਅਨੁਸਾਰ ਇਹ ਮਾਮਲਾ ਉਸ ਸਮੇ ਸਾਹਮਣੇ ਆਇਆ ਜਦੋਂ ਲੜਕੀ ਜੋ ਹੁਣ 18 ਸਾਲਾਂ ਦੀ ਹੋ ਚੁੱਕੀ ਹੈ, ਇਕ ਗਵਾਂਢੀ ਦੀ ਮੱਦਦ ਨਾਲ ਕੈਦ ਵਿਚੋਂ ਫਰਾਰ ਹੋਣ ਵਿੱਚ ਸਫਲ ਹੋ ਗਈ। ਗਲੂਸੈਸਟਰ ਟਾਊਨਸ਼ਿੱਪ ਪੁਲਿਸ ਮੁਖੀ ਡੇਵਿਡ ਹਾਰਕਿਨਸ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਘਿਣਾਉਣਾ ਮਾਮਲਾ ਹੈ ਜਿਸ ਦੀ ਕਲਪਨਾ ਕਰਨੀ ਵੀ ਮੁਸ਼ਕਿਲ ਹੈ। ਹਾਰਕਿਨਸ ਨੇ ਕਿਹਾ ਕਿ ਸੂਚਨਾ ਮਿਲਣ ’ਤੇ ਪੁਲਿਸ ਨੇ ਲੜਕੀ ਨੂੰ ਇਕ ਗਰੌਸਰੀ ਸਟੋਰ ਵਿਚੋਂ ਬਰਾਮਦ ਕਰ ਲਿਆ ਜਿਥੇ ਗਵਾਂਢੀ ਵੀ ਉਸ ਦੇ ਨਾਲ ਸੀ। ਪੁਲਿਸ ਨੇ ਕਿਹਾ ਹੈ ਕਿ ਬਰੈਂਡਾ ਸਪੈਨਸਰ (38) ਤੇ ਉਸ ਦੇ ਪਤੀ ਬਰੈਂਡਾ ਮੋਸਲੀ (41) ਨੂੰ ਗਲੂਸੈਸਟਰ ਟਾਊਨਸ਼ਿੱਪ ਵਿਚ ਉਨਾਂ ਦੇ ਘਰ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨਾਂ ਵਿਰੁੱਧ ਅਗਵਾ ਕਰਨ ਸਮੇਤ ਅਣਮਨੁੱਖੀ ਤਸ਼ੱਦਦ ਦੇ ਦੋਸ਼ ਲਾਏ ਗਏ ਹਨ। ਲੜਕੀ ਨੇ ਪੁਲਿਸ ਨੂੰ ਦੱਸਿਆ ਕਿ 2018 ਵਿਚ ਸਕੂਲ ਵਿਚੋਂ ਹਟਾਉਣ ਉਪਰੰਤ ਉਸ ਉਪਰ ਤਸ਼ੱਦਦ ਸ਼ੁਰੂ ਹੋ ਗਿਆ ਸੀ। ਉਸ ਨੂੰ ਅੰਦਾਜਨ ਇਕ ਸਾਲ ਕੁੱਤੇ ਵਾਲੇ ਖੁੱਡੇ ਵਿਚ ਰਖਿਆ ਗਿਆ ਤੇ ਉਪਰੰਤ ਤਾਲਾਬੰਦ ਬਾਥਰੂਮ ਵਿਚ ਰਹਿਣ ਲਈ ਮਜ਼ਬੂਰ ਕੀਤਾ ਗਿਆ।